SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

11ਵਾਂ ਸਾਲ

# ਦੇਸ਼ ਦੁਆਬਾ

ਹਫ਼ਤਾਵਾਰੀ

VOL -11 ISSUE -35
December 7, 2022

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ

# ਡਾ. ਅੰਬੇਦਕਰ ਦੇ 66ਵੇਂ ਪ੍ਰੀਨਿਰਵਾਣ ਦਿਵਸ ਮੌਕੇ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਤੇ ਹੋਰ ਪਤਵੰਤਿਆਂ ਨੇ ਦਿੱਤੀ ਸ਼ਰਧਾਂਜਲੀ






**ਨਵੀਂ ਦਿੱਲੀ (ਬਿਊਰੋ)–** ਦੇਸ਼ ਦੇ ਸੰਵਿਧਾਨ ਦੇ ਨਿਰਮਾਤਾ ਡਾ: ਭੀਮ ਰਾਓ ਅੰਬੇਡਕਰ ਦੀ ਅੱਜ 67ਵੀਂ ਬਰਸੀ ਮਨਾਈ ਗਈ। ਬਾਬਾ ਸਾਹਿਬ ਨੂੰ ਭਾਰਤੀ ਸੰਵਿਧਾਨ ਦਾ ਥੰਮ੍ਹ ਮੰਨਿਆ ਜਾਂਦਾ ਹੈ। 14 ਅਪ੍ਰੈਲ 1891 ਨੂੰ ਜਨਮੇ ਅੰਬੇਡਕਰ ਨੇ ਸਾਰੀ ਉਮਰ ਦਲਿਤਾਂ ਦੇ ਉਥਾਨ ਲਈ ਸੰਘਰਸ਼ ਕੀਤਾ ਅਤੇ ਸੰਘਰਸ਼ ਕੀਤਾ। ਅੱਜ ਰਾਸ਼ਟਰਪਤੀ ਦ੍ਰੋਪਦੀ ਮੁਰਮੂ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਹੋਰ ਮੰਤਰੀਆਂ ਅਤੇ ਪਤਵੰਤਿਆਂ ਨੇ ਸੰਸਦ ਵਿੱਚ ਡਾ. ਬੀ.ਆਰ. ਅੰਬੇਡਕਰ ਨੂੰ ਉਨ੍ਹਾਂ ਦੀ ਬਰਸੀ 'ਤੇ ਸ਼ਰਧਾਂਜਲੀ ਭੇਟ ਕੀਤੀ। ਇਸ ਦੇ ਨਾਲ ਹੀ ਅੰਬੇਡਕਰ ਦੀ ਬਰਸੀ 'ਤੇ ਅੱਜ ਸੰਸਦ 'ਚ ਯੂ.ਪੀ.ਏ. ਦੀ ਚੇਅਰਪਰਸਨ ਸੋਨੀਆ ਗਾਂਧੀ ਅਤੇ ਪਾਰਟੀ ਮੁਖੀ ਮਲਿਕਾਰਜੁਨ ਖੜਗੇ ਸਮੇਤ ਕਾਂਗਰਸ ਦੇ ਸੰਸਦ ਮੈਂਬਰਾਂ ਨੇ ਡਾ.ਬੀ.ਆਰ.ਅੰਬੇਦਕਰ ਨੂੰ ਉਨ੍ਹਾਂ ਦੀ ਬਰਸੀ 'ਤੇ ਸ਼ਰਧਾਂਜਲੀ ਭੇਟ ਕੀਤੀ।

# ਲੰਡਨ 'ਚ ਕਿੰਗ ਚਾਰਲਸ ਨੇ ਨਵੇਂ ਬਣੇ ਗੁਰਦੁਆਰੇ ਦਾ ਕੀਤਾ ਦੌਰਾ

**ਲੰਡਨ (ਬਿਊਰੋ)–** ਬਰਤਾਨੀਆ ਦੇ ਕਿੰਗ ਚਾਰਲਸ ਲੰਡਨ ਨੇੜੇ ਲੂਟਨ ਕਸਬੇ 'ਚ ਇੱਕ ਨਵੇਂ ਬਣੇ ਗੁਰਦੁਆਰੇ ਵਿੱਚ ਨਤਮਸਤਕ ਹੋਏ। ਇਸ ਮੌਕੇ ਉਨ੍ਹਾਂ ਨਾਲ ਹੋਰ ਵੀ ਸ਼ਰਧਾਲੂ ਸਨ। ਇਸ ਮੌਕੇ ਵੱਖ-ਵੱਖ ਧਰਮਾਂ ਦੇ ਬੱਚਿਆਂ ਨੇ ਇੰਗਲੈਂਡ ਦਾ ਝੰਡਾ ਅਤੇ 'ਨਿਸ਼ਾਨ ਸਾਹਿਬ' ਫੜ ਕੇ ਉਨ੍ਹਾਂ ਦਾ ਸਵਾਗਤ ਕੀਤਾ।

ਫੋਟੋਆਂ ਅਤੇ ਵੀਡੀਓਜ਼ ਦੇ ਨਾਲ, ਸ਼ਾਹੀ ਪਰਿਵਾਰ ਦੇ ਅਧਿਕਾਰੀਆਂ ਦੁਆਰਾ ਹੈਂਡਲਜ਼ ਦੁਆਰਾ ਸੋਸ਼ਲ ਮੀਡੀਆ ਪੋਸਟਾਂ ਵਿੱਚ ਕਿਹਾ ਗਿਆ ਹੈ ਕਿ ਬਾਦਸ਼ਾਹ ਨੇ ਲੂਟਨ ਸਿੱਖ ਸੂਪ ਕਿਚਨ ਸਟੈਂਡ ਚਲਾਉਣ ਵਾਲੇ ਵਲੰਟੀਅਰਾਂ ਨਾਲ ਵੀ ਮੁਲਾਕਾਤ ਕੀਤੀ, "ਜੋ ਗੁਰਦੁਆਰੇ ਵਿੱਚ ਹਫ਼ਤੇ ਵਿੱਚ



ਸੱਤ ਦਿਨ, ਸਾਲ ਵਿੱਚ 365 ਦਿਨ ਸ਼ਾਕਾਹਾਰੀ ਗਰਮ ਭੋਜਨ ਪ੍ਰਦਾਨ ਕਰਦਾ ਹੈ"। ਉਨ੍ਹਾਂ ਨੇ ਪਿਛਲੇ ਲਗਭਗ ਤਿੰਨ ਸਾਲਾਂ ਤੋਂ ਕੋਵਿਡ ਮਹਾਮਾਰੀ ਦੌਰਾਨ ਸਿੱਖ ਭਾਈਚਾਰੇ ਵੱਲੋਂ ਕੀਤੀਆਂ ਸੇਵਾਵਾਂ ਦੀ ਵੀ ਸ਼ਲਾਘਾ ਕੀਤੀ। ਸ਼ਾਹੀ ਪਰਿਵਾਰ ਦੀ ਇੰਸਟਾਗ੍ਰਾਮ ਪੋਸਟ ਵਿੱਚ ਕਿਹਾ ਗਿਆ ਹੈ ਕਿ ਇਹ ਇੱਕ ਪੌਪ-ਅਪ ਕੋਵਿਡ ਵੈਕਸੀਨ ਕਲੀਨਿਕ ਚਲਾਉਂਦਾ ਹੈ, ਜੋ ਕਿ ਯੂਕੇ ਵਿੱਚ ਆਪਣੀ ਕਿਸਮ ਦਾ ਪਹਿਲਾ ਸੀ। ਉਨ੍ਹਾਂ ਕਿਹਾ ਕਿਗੁਰਦੁਆਰੇ ਨੇ ਵੈਕਸੀਨ ਦੀ ਹਿਚਕਚਾਹਟ ਬਾਰੇ ਗਲਤ ਜਾਣਕਾਰੀ ਨਾਲ ਨਜਿੱਠਣ ਲਈ ਹੋਰ ਧਾਰਮਿਕ ਸਥਾਨਾਂ ਨੂੰ ਉਤਸ਼ਾਹਿਤ ਕੀਤਾ।

SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
WE OPEN 7-DAYS A WEEK
MANDEEP SANDHU
ਵੀਜ਼ਾ
3222 PENELOPE DR. STOCKTON, CA- 95212 (NEAR HWY 99 ON MORADA LANE)
Note: I am not an Immigration Attorney.
(209-373-3562) msandhu2014@gmail.com

DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

MAJESTIC HOMES
RAMESH SUMAN
Broker Realtor
RCS-D ™
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation (Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

# SRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

ਸਗਲ ਭਵਨ ਕੇ ਨਾਇਕਾ ਇਕੁ ਛਿਨੁ ਦਰਸੁ ਦਿਖਾਇ ਜੀ



## Guru Piari Sadh Sangat Ji, December 31, 2022

## Rain Sabai New Year's celebrations

We will be celebrating New Year's Eve at Gurughar in welcoming the New Year 2023. Let us start the New Year with a prayer for love, happiness and prosperity of our Sangat. Gurughar Jatha of Giani Balwinder Singh ji will do the Shabad Kirtan.

## February 3-4-5, 2023 Gurupurb Sri Guru Ravidass Ji

Sri Guru Ravidass Sabha CA, Pittsburg is celebrating the 646th Parkash Utsav of SATGURU RAVIDASS JI on Sunday, February 5, 2023 at the temple as per program noted below:

**ARAMBH SHRI AKHAND PATH - February 3, 2023 (Friday) 9:30 AM,**
**Nishan Sahib Hoisting Ceremony - February 4, 2023(Saturday) at 11:00 AM.**
**BHOG SHRI AKHAND PATH - February 5, 2023 (Sunday) 9:30 A,**
**KIRTAN DIWAN - After Bhog Ceremony until 2:00 PM**

Sangat will perform Langer and Path Sewa for this program. Jatha of Giani Balwinder Singh ji's and other Kirtankars will enhance this Kirtan Diwan along with distinguished Speakers and community leaders well versed with life and teachings of Satguru Ravidass ji.

We need volunteers to help with this event.

**For STALLS or any SEWA, please contact**
**President Vinod Kumar at (408)718-2506 or Chair Person Kulwant Banga at (925) 698-3059.**
**We need your help and support.**

**"NANAK NAM CHARDI KALA TERE BHANE SARBAT DA BHALA"**

**www.sriguruavidasstemple.com**

## Sangat Sewadars

| Chairperson | President | General Secretary | Treasurer |
|---|---|---|---|
| Kulwant Kaur Banga | Vinod Kumar | Dharam Pal Chonkria | Sunita Bangar |

# ਟਰੰਪ ਦੇ ਸੰਵਿਧਾਨ ਨੂੰ ਮੁਅੱਤਲ ਕਰਨ ਦੇ ਸੱਦੇ 'ਤੇ ਜਿਆਦਾਤਰ ਰਿਪਬਲੀਕਨ ਆਗੂ ਚੁੱਪ, ਕੁਝ ਨੇ ਕੀਤਾ ਵਿਰੋਧ

**ਸੈਕਰਾਮੈਂਟੋ 5 ਦਸੰਬਰ (ਹੁਸਨ ਲੜੋਆ ਬੰਗਾ)** – ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਦੁਆਰਾ ਸਵਿਧਾਨ ਨੂੰ ਮੁਅੱਤਲ ਕਰਨ ਦੇ ਦਿੱਤੇ ਗਏ ਸਿਰੇ ਦੇ ਸੁਝਾਅ 'ਤੇ ਉਨਾਂ ਦੀ ਪਾਰਟੀ ਰਿਪਬਲੀਕਨ ਦੇ ਉਪਰਲੀਆਂ ਸਫਾਂ ਦੇ ਜਿਆਦਾਤਰ ਆਗੂ ਚੁੱਪ ਹਨ ਤੇ ਕੁਝ ਨੇ ਸਾਬਕਾ ਰਾਸ਼ਟਰਪਤੀ ਦੀ ਅਲੋਚਨਾ ਕੀਤੀ ਹੈ ਤੇ ਕਿਹਾ ਹੈ ਕਿ ਉਨਾਂ ਨੂੰ ਇਧਰ – ਉਧਰ ਦੀਆਂ ਗੱਲਾਂ ਕਰਨ ਦੀ ਬਜਾਏ ਆਪਣਾ ਧਿਆਨ ਆਪਣੇ ਭਵਿੱਖ ਉਪਰ ਕੇਂਦ੍ਰਿਤ ਕਰਨਾ ਚਾਹੀਦਾ ਹੈ। ਰਿਪਬਲੀਕਨ ਆਗੂ ਨਿਊ ਜਰਸੀ ਦੇ ਸਾਬਕਾ ਗਵਰਨਰ ਕ੍ਰਿਸ ਕ੍ਰਿਸਟੀ ਨੇ ਕਿਹਾ ਹੈ ਕਿ ਸਾਬਕਾ ਰਾਸ਼ਟਰਪਤੀ ਜੋ ਕਰ ਰਹੇ ਹਨ ਅਸਲ ਵਿਚ ਇਹ ਗੱਲ ਹੀ ਪਾਰਟੀ ਦੇ ਭਵਿੱਖ ਉਪਰ ਸਵਾਲੀਆ ਚਿੰਨ ਲਾ ਰਹੀ ਹੈ। ਇਕ ਹੋਰ ਅਹਿਮ ਰਿਪਬਲੀਕਨ ਮਾਈਕ ਲਾਲਰ, ਨਿਊਯਾਰਕ ਨੇ ਕਿਹਾ ਹੈ ਕਿ ਮੈ ਸਪਸ਼ਟ ਤੌਰ 'ਤੇ ਟਰੰਪ ਦੀ ਮੰਗ ਦਾ ਸਮਰਥਨ ਨਹੀਂ ਕਰਦਾ ਕਿਉਂਕਿ ਸਵਿਧਾਨ ਸਦਕਾ ਹੀ ਹਰ ਅਮਰੀਕੀ ਦੇ ਅਧਿਕਾਰ ਸੁਰੱਖਿਅਤ ਹਨ। ਲਾਲਰ ਤੇ ਹੋਰ ਪਾਰਟੀ ਆਗੂਆਂ ਨੇ ਸੁਝਾਅ ਦਿੱਤਾ ਹੈ ਕਿ ਸਾਬਕਾ ਰਾਸ਼ਟਰਪਤੀ 2020 ਦੀਆਂ ਚੋਣਾਂ ਵਿਚ ਜੋ ਬਾਈਡਨ ਹਥੋਂ ਹੋਈ ਹਾਰ ਨੂੰ ਭੁਲ ਜਾਣ ਤੇ ਜੇਕਰ ਉਹ 2024 ਵਿਚ ਦੁਬਾਰਾ ਚੋਣਾਂ ਲੜਨੀਆਂ ਚਹੁੰਦੇ ਹਨ ਤਾਂ ਆਪਣਾ ਧਿਆਨ ਭਵਿੱਖ ਉਪਰ ਕੇਂਦ੍ਰਿਤ ਕਰਨ।



ਰਿਪਬਲੀਕਨ ਆਗੂ ਡੇਵ ਜੋਇਸ, ਉਹੀਓ ਨੇ ਕਿਹਾ ਹੈ ਕਿ ਉਹ ਨਹੀਂ ਸੋਚਦੇ ਕਿ ਟਰੰਪ ਨੂੰ ਦੁਬਾਰਾ ਚੋਣ ਲੜਾਈ ਜਾਵੇਗੀ ਤੇ ਸਾਬਕਾ ਰਾਸ਼ਟਰਪਤੀ ਕਿਸੇ ਵੀ ਹਾਲਤ ਵਿਚ ਸਵਿਧਾਨ ਦਾ ਕੁਝ ਨਹੀਂ ਵਿਗਾੜ ਸਕਦਾ। ਦੂਸਰੇ ਪਾਸੇ ਡੈਮੋਕਰੈਟਿਕ ਆਗੂਆਂ ਨੇ ਟਰੰਪ ਦੀ ਸਖਤ ਸ਼ਬਦਾਂ ਵਿਚ ਅਲੋਚਨਾ ਕੀਤੀ ਹੈ ਤੇ ਕੁਝ ਨੇ ਕਿਹਾ ਹੈ ਕਿ ਸਾਬਕਾ ਰਾਸ਼ਟਰਪਤੀ ਦਾ ਸੁਝਾਅ ਅਸਲ ਵਿਚ ਤਾਨਾਸ਼ਾਹੀ ਦਾ ਸੱਦਾ ਹੈ। ਇਥੇ ਜਿਰਕਯੋਗ ਹੈ ਕਿ ਲੰਘੇ ਸ਼ਨੀਵਾਰ ਟਰੰਪ ਨੇ ਆਪਣੇ ਵੋਟਰ ਫਰਾਡ ਦੇ ਦਾਅਵੇ ਦੇ ਸੰਦਰਭ ਵਿਚ ਸੋਸਲ ਮੀਡੀਆ ਉਪਰ ਪਾਏ ਇਕ ਬਿਆਨ ਵਿਚ ਪਾਰਟੀ ਸਮਰਥਕਾਂ ਨੂੰ ਸਵਾਲ ਕੀਤਾ ਹੈ ਕਿ ਕੀ ਤੁਸੀਂ 2020 ਦੇ ਚੋਣ ਨਤੀਜੇ ਨੂੰ ਭੁੱਲ ਗਏ ਹੋ ਤੇ ਸਹੀ ਉਮੀਦਵਾਰ ਦੀ ਜਿੱਤ ਨੂੰ ਸਵਿਕਾਰ ਕਰ ਲਿਆ ਹੈ ਜਾਂ ਨਵੀਆਂ ਚੋਣਾਂ ਕਰਵਾਉਣ ਦੇ ਹੱਕ ਵਿਚ ਹੋ? ਉਨਾਂ ਅਗੇ ਕਿਹਾ ਹੈ ਕਿ ਇਸ ਕਿਸਮ ਦੇ ਵਿਆਪਕ ਧੋਖੇ ਦੇ ਮੱਦੇਨਜਰ ਸਾਨੂੰ ਸਾਰੇ ਨਿਯਮ ,ਅਧਿਨਿਯਮ ਤੇ ਆਰਟੀਕਲ ਭਾਵੇਂ ਉਹ ਸਵਿਧਾਨ ਵਿਚ ਹੋਣ, ਖਤਮ ਕਰ ਦੇਣੇ ਚਾਹੀਦੇ ਹਨ।

# ਟੈਲੈਂਟ ਸ਼ੋਅ ਆਫ ਪੰਜਾਬੀ ਕਲਚਰ ਦੌਰਾਨ ਫਰਿਜ਼ਨੋ 'ਚ ਪੰਜਾਬੀ ਮੁੰਡੇ ਕੁੜੀਆਂ ਨੇ ਵਿਖਾਏ ਜੌਹਰ






















**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ ਫਰਿਜ਼ਨੋ (ਕੈਲੀਫੋਰਨੀਆਂ)** ਫਰਿਜ਼ਨੋ ਦੇ ਟਾਵਰ ਥੇਇਟਰ ਵਿੱਚ ਪੰਜਾਬੀ ਫਿਲਮਾਂ ਦੀ ਮਸ਼ਹੂਰ ਹੀਰੋਇਨ ਕਿਮੀ ਵਰਮਾ ਵੱਲੋ ਪੰਜਾਬੀ ਸੱਭਿਆਚਾਰ ਅਤੇ ਵਿਰਸੇ ਨੂੰ ਪ੍ਰਮੋਟ ਕਰਨ ਲਈ ਟੇਲੈਂਟ ਸ਼ੋਅ ਆਫ ਪੰਜਾਬੀ ਕਲਚਰ ਨਾਮੀ ਸ਼ੋਅ ਕਰਵਾਇਆ ਗਿਆ। ਇਸ ਦੌਰਾਨ ਪੰਜਾਬੀਆ ਨਾਲ ਖਚਾ ਖੱਚ ਭਰੇ ਹਾਲ ਦੌਰਾਨ ਪੰਜਾਬੀਆ ਨੇ ਆਪਣੇ ਫ਼ਨ ਦਾ ਮੁਜ਼ਾਹਰਾ ਕਰਦਿਆਂ ਹਰਇੱਕ ਨੂੰ ਪੰਜਾਬੀਅਤ ਦੇ ਰੰਗ ਵਿੱਚ ਰੰਗਿਆ। ਸਟੇਜ ਦੀ ਸ਼ੁਰੂਆਤ ਭਾਵੁਕ ਹੁੰਦਿਆਂ ਕਿਮੀ ਵਰਮਾਂ ਨੇ ਛੋਟੇ ਸਹਿਬਜਾਇਆ ਨੂੰ ਯਾਦ ਕਰਦਿਆਂ ਸਭਨਾਂ ਨੂੰ ਨਿੱਘੀ ਜੀ ਆਇਆ ਆਖਕੇ ਕੀਤੀ। ਉਪਰੰਤ ਛੋਟੇ ਸਾਹਿਬਜ਼ਾਦੇ ਫ਼ਿਲਮ ਦੇ ਗੀਤ ਨੇ ਹਰ ਇੱਕ ਅੱਖ ਨਮ ਕਰ ਦਿੱਤੀ, ਇਸ ਗੀਤ ਨੂੰ ਤਰਿਪਤਜੀਤ ਕੌਰ ਨੇ ਰੂਹ ਨਾਲ ਗਾਇਆ। ਰੋਇਲ ਟਰਬਨ ਵਾਲੇ ਵੀਰ ਨੇ ਪੱਗ ਦੀ ਮਹਾਨਤਾ ਬਾਰੇ ਦੱਸਦਿਆਂ ਸਟੇਜ ਤੋ ਪੱਗ ਬੰਨ੍ਹਣੀ ਸਿਖਾਈ। ਉਪਰੰਤ ਛੋਟੇ ਬੱਚਿਆ ਦੀ ਮਨ ਮੋਹਿਕ ਪ੍ਰ-ਫੌਰਮਿੰਸਾਂ ਨੇ ਸਭਨਾਂ ਦੇ ਮਨ ਮੋਹ ਲਏ। ਬਰਾਇਡਲ ਸ਼ੋਅ ਦੌਰਾਨ ਸਜ-ਧਜਕੇ ਆਈਆ ਮੁਟਿਆਰਾਂ ਨੇ ਸਟੇਜ ਨੂੰ ਹੋਰ ਵੀ ਚਾਰ ਚੰਨ ਲਾ ਦਿੱਤੇ। ਇਕੱਲੀ ਇਕੱਲੀ ਮੁਟਿਆਰ ਨੇ ਪੂਰਾ ਤਾਣਕੇ ਲਾਕੇ ਆਪੋ ਆਪਣੀ ਆਈਟਮ ਨੂੰ ਬਾਖੂਬੀ ਨਿਭਾਇਆ। ਤਰਨਜੀਤ ਕੌਰ ਕਲੇਰ ਨੇ ਆਪਣੀ ਟੀਮ ਨਾਲ ਸਿੰਮੀ ਨਾਚ ਨੱਚਕੇ ਸਭਨਾਂ ਨੂੰ ਝੂਮਣ ਲਾ ਦਿੱਤਾ। ਜੀ. ਐਚ. ਜੀ. ਡਾਂਸ ਐਂਡ ਸੰਗੀਤ ਅਕੈਡਮੀ ਦੇ ਬੱਚਿਆ ਨੇ ਭੰਗੜੇ ਅਤੇ ਗਿੱਧੇ ਦੇ ਖ਼ੂਬ ਜੌਹਰ ਵਿਖਾਏ। ਪੱਪੀ ਭਦੌੜ ਨੇ ਇੱਕ ਗੀਤ ਰਾਹੀ ਹਾਜ਼ਰੀ ਲਵਾਈ। ਕਿਮੀ ਵਰਮਾ ਨੇ ਜੀ. ਐਚ. ਜੀ. ਭੰਗੜੇ ਦੀ ਟੀਮ ਨਾਲ ਆਪਣੀ ਬਾਕਾਮ ਪੇਸ਼ਕਾਰੀ ਕਰਕੇ ਹਾਲ ਤਾੜੀਆਂ ਨਾਲ ਗੂੰਜਣ ਲਾ ਦਿੱਤਾ। ਭੰਗੜਾ ਕੋਚ ਜਸਪ੍ਰੀਤ ਸਿੱਧੂ ਦੀ ਅਦਾਕਾਰੀ ਦੀ ਹਰ ਕੋਈ ਤਰੀਫ਼ ਕਰਦਾ ਨਜ਼ਰ ਆਇਆ। ਅਖੀਰ ਵਿੱਚ ਭੰਗੜਾ ਕਿੰਗ ਸਰਬਜੀਤ ਚੀਮਾ ਨੇ ਆਪਣੇ ਨਵੇਂ ਪੁਰਾਣੇ ਗੀਤਾ ਦੀ ਐਸੀ ਛਹਿਬਰ ਲਾਈ ਕਿ ਪੰਜਾਬੀਆ ਨੇ ਨੱਚ ਨੱਚ ਅੰਬਰੀ ਧੂੜ੍ਹ ਚੜਾ ਦਿੱਤੀ। ਢੇਸੀ ਪਰਿਵਾਰ ਦੀਆ ਸਕਿੰਟਾਂ ਨੇ ਦਰਸ਼ਕਾਂ ਦਾ ਖ਼ੂਬ ਧਿਆਨ ਖਿੱਚਿਆ । ਅਖੀਰ ਵਿੱਚ ਸਭਨਾਂ ਨੂੰ ਸਪਾਂਸਰਾਂ ਵੱਲੋ ਇਨਾਮ ਦੇਕੇ ਸਨਮਾਨਿਤ ਕੀਤਾ ਗਿਆ। ਪੱਪੀ ਭਦੌੜ, ਬਿੱਟੂ ਦੇਵਗਨ ਅਤੇ ਜ਼ੋਰੇ ਢੋਲੀ ਦੇ ਮਿਊਜੀਕਲ ਗਰੁੱਪ ਦੀ ਹਰਕੋਈ ਤਰੀਫ਼ ਕਰਦਾ ਨਜ਼ਰ ਆਇਆ। ਸਟੇਜ ਸੰਚਾਲਨ ਜੋਤ ਰਣਜੀਤ ਕੌਰ ਅਤੇ ਸਨੀ ਬੱਬਰ ਨੇ ਬਾਖ਼ੂਬੀ ਕੀਤਾ। ਅਖੀਰ ਅਮਿੱਟ ਪੈੜਾਂ ਛੱਡਦਾ ਇਹ ਪ੍ਰੋਗਰਾਮ ਯਾਦਗਾਰੀ ਹੋ ਨਿਬੜਿਆ।

SKY TRANSPORT SOLUTIONS

STRIVE FOR MORE

WE PROVIDE ALL TRUCKING RELATED PERMITS AND SERVICES

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

# ਸਹਾਇਤਾ ਸੰਸਥਾ ਲਈ ਫੰਡ ਇਕੱਤਰਤਾ ਤੇ ਮਡਿਸਟੋ ਏਰੀਏ ਦੇ ਸਮੂਹ ਪੰਜਾਬੀਆਂ ਵੱਲੋਂ ਬੇਮਿਸਾਲ ਹੁੰਗਾਰਾ

**ਮਡਿਸਟੋ (ਕੈਲੀਫੋਰਨੀਆਂ) ਨੀਟਾ ਮਾਛੀਕੇ / ਕੁਲਵੰਤ ਧਾਲੀਆਂ–** ਮਡਿਸਟੋ ਦੇ ਲਾਗਲੇ ਸ਼ਹਿਰ ਰਿਪਨ ਦੇ ਕਮਿਊਂਨਟੀ ਸੈਂਟਰ ਵਿਖੇ ਮਡਿਸਟੋ ਸਹਾਇਤਾ ਟੀਮ ਦੇ ਉਦਮ ਸਦਕਾ ਇੱਕ ਵਿਸ਼ੇਸ਼ ਫੰਡ ਰੇਜਰ ਦਾ ਉਪਰਾਲਾ ਸਹਾਇਤਾ ਸੰਸਥਾ ਲਈ ਕੀਤਾ ਗਿਆ। ਇਸ ਮੌਕੇ ਵੱਡੀ ਗਿਣਤੀ ਵਿਚ ਪੰਜਾਬੀਆਂ ਨੇ ਪਹੁੰਚਕੇ ਆਪਣਾ ਦਸਵੰਧ ਕੱਢਿਆ ਅਤੇ ਹਜ਼ਾਰਾਂ ਡਾਲਰ ਇਕੱਤਰ ਕਰਕੇ ਸਹਾਇਤਾ ਸੰਸਥਾ ਦੀ ਝੋਲ਼ੀ ਪਾਏ। ਇਥੇ ਇਹ ਗੱਲ ਜਿਕਰਯੋਗ ਹੈ ਕਿ ਸਹਾਇਤਾ ਸੰਸਥਾ 2005 ਵਿੱਚ ਡਾ. ਹਰਕੇਸ਼ ਸਿੰਘ ਸੰਧੂ ਦੇ ਯਤਨਾਂ ਸਦਕੇ ਹੋਂਦ ਵਿੱਚ ਆਈ ਸੀ ਅਤੇ ਉਦੋਂ ਤੋਂ ਹੀ ਦੇਸ਼ਾਂ ਵਿਦੇਸ਼ਾਂ ਵਿੱਚ ਲੌੜਵੰਦ ਲੋਕਾਂ ਅਤੇ ਬੱਚਿਆਂ ਦੀ ਪੜ੍ਹਾਈ ਲਈ ਉਪਰਾਲੇ ਕਰ ਰਹੀ ਹੈ। ਇਸ ਸਮਾਗਮ ਦੀ ਸ਼ੁਰੂਆਤ ਹਰਸਿਮਰਨ ਸੰਗਰਾਮ ਸਿੰਘ ਨੇ ਸਭਨਾਂ ਨੂੰ ਨਿੱਘੀ ਜੀ ਆਖਦਿਆ,ਸਹਾਇਤਾ ਸੰਸਥਾ ਦੇ ਕੰਮਾ ਤੋ ਸੰਗਤ ਨੂੰ ਜਾਣੂ ਕਰਾਉਂਦਿਆਂ ਕੀਤੀ। ਸਪਾਂਸਰਾ ਨੇ ਇਸ ਮੌਕੇ ਸੰਸਥਾ ਦੀ ਹਰ ਤਰਾਂ ਦੀ ਮੱਦਦ ਕਰਨ ਲਈ ਵਚਨ-ਬੱਧਤਾ ਪ੍ਰਗਟਾਈ।




ਹਰਸਿਮਰਨ ਸੰਗਰਾਮ ਸਿੰਘ ਨੇਂ ਸੰਸਥਾ ਦੀਆਂ ਉਪਲੱਭਦੀਆਂ ਤੋਂ ਆਏ ਮਹਿਮਾਨਾਂ ਨੂੰ ਜਾਣੂ ਕਰਵਾਇਆ। ਇਸ ਮੌਕੇ ਦਲਜੀਤ ਸਿੰਘ ਖਹਿਰਾ, ਅੰਮ੍ਰਿਤ ਧਾਲੀਵਾਲ, ਰੂਬੀ ਵੜੈਂਚ ਦੀ ਜੁਬਾਨੀਂ ਗੁੰਗੇ-ਬਹਿਰੇ ਅਤੇ ਬੇਘਰੇ ਬੱਚੇ ਬੱਚੀਆਂ ਦੀਆ ਦਰਦਨਾਕ ਕਹਾਣੀਆਂ ਸੁਣਕੇ ਹਰ ਅੱਖ ਨੰਮ ਹੋ ਗਈ। ਜਗਦੀਪ ਸਿੰਘ ਸਹੋਤਾ ਨੇ ਵੀਡੀਓ ਚਲਾਕੇ ਸਹਾਇਤਾ ਦੇ ਕੰਮਾਂ ਤੇ ਪੰਛੀ ਝਾਤ ਪਵਾਈ। ਕਸ਼ਮੀਰ ਸਿੰਘ ਗਿੱਲ ਨੇ ਦੱਸਿਆ ਕਿ ਸਹਾਇਤਾ ਸੰਸਥਾ ਜਿਹੜੀ ਕਿ 2005 ਤੋਂ ਮਨੁੱਖਤਾ ਦੀ ਸੇਵਾ ਲਈ ਨਿਰਸਵਾਰਥ ਕਾਰਜ ਕਰਕੇ ਚਰਚਾ ਵਿੱਚ ਰਹੀ ਹੈ। ਇਹ ਸੰਸਥਾ ਦਾਨੀ ਸੱਜਣਾਂ ਦੇ ਸਾਥ ਨਾਲ ਦੀਨ-ਦੁੱਖੀ ਦੀ ਮੱਦਦ ਕਰਦੀ ਆ ਰਹੀ ਹੈ, ਅਤੇ ਇਸ ਸ਼ੁੱਭ-ਕਾਰਜ ਲਈ ਮਡਿਸਟੋ ਏਰੀਏ ਦੇ ਸਮੂਹ ਸਪਾਂਸਰ ਸੱਜਣਾਂ ਨੂੰ ਵਧਾਈ ਦਿੱਤੀ. ਅਤੇ ਆਏ ਉਹਨਾਂ ਸਮੂੰਹ ਦਾਨੀ ਸੱਜਣਾਂ ਦਾ ਧੰਨਵਾਦ ਕੀਤਾ। ਇਸ ਮੌਕੇ ਜਿੱਥੇ ਸਹਾਇਤਾ ਨੇ ਆਪਣੇ ਕੰਮਾਂ ਤੋਂ ਦਾਨੀ ਸੱਜਣਾਂ ਨੂੰ ਜਾਣੂ ਕਰਵਾਇਆ, ਓਥੇ ਇਸ ਸਮਾਗਮ ਦੌਰਾਨ ਡੀਜੇ ਰੂਬੀ, ਰਾਇਲ ਡੀਕੋਰ ਅਤੇ ਅਮਰ ਇੰਡੀਆ ਕੋਜ਼ੀਨ ਅਤੇ ਬਿੰਕਟਹਾਲ ਫੇਅਰਫੀਲਡ ਦਾ ਵਿਸ਼ੇਸ਼ ਯੋਗਦਾਨ ਰਿਹਾ। ਇਸ ਮੌਕੇ ਕਰੀਬ 41701 ਡਾਲਰ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਇਕੱਤਰ ਹੋਏ।

# 35ਵੀਆਂ ਮਾਡਰਨ ਪੇਂਡੂ ਮਿੰਨੀ ਓਲੰਪਿਕ ਜਰਖੜ ਖੇਡਾਂ 27-28-29 ਜਨਵਰੀ 2023 ਨੂੰ ਹੋਣਗੀਆਂ

ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟਰੱਸਟ ਪਿੰਡ ਜਰਖੜ ਦੀ ਜਰੂਰੀ ਮੀਟਿੰਗ ਅੱਜ ਜਰਖੜ ਖੇਡ ਸਟੇਡੀਅਮ ਵਿਖੇ ਚੈਅਰਮੈਨ ਨਰਿੰਦਰਪਾਲ ਸਿੰਘ ਸਿੱਧੂ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ 35ਵੀਆਂ ਮਾਡਰਨ ਪੇਂਡੂ ਮਿੰਨੀ ਓਲੰਪਿਕ ਜਰਖੜ ਖੇਡਾਂ ਨਵੇਂ ਸਾਲ 27-28-29 ਜਨਵਰੀ 2023 ਨੂੰ ਕਰਵਾਉਣ ਦਾ ਫੈਸਲਾ ਕੀਤਾ ਹੈ।

ਟਰੱਸਟ ਦੇ ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ , ਪ੍ਰਧਾਨ ਐਡਵੋਕੇਟ ਹਰਕਮਲ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇੰਨਾ ਖੇਡਾਂ ਵਿੱਚ ਹਾਕੀ , ਕਬੱਡੀ , ਵਾਲੀਵਾਲ ਸ਼ੂਟਿੰਗ, ਮੁੱਕੇਬਾਜ਼ੀ, ਕੁਸ਼ਤੀਆਂ ਆਦਿ ਖੇਡਾਂ ਦੇ ਮੁਕਾਬਲੇ ਕਰਵਾਏ ਜਾਣਗੇ। ਜਿਸ ਵਿੱਚ ਮਹਿੰਦਰਪ੍ਰਤਾਪ ਗਰੇਵਾਲ ਗੋਲਡ ਕੱਪ ਹਾਕੀ , ਨਾਇਬ ਸਿੰਘ ਗਰੇਵਾਲ ਜੋਧਾ ਓਪਨ ਕਬੱਡੀ ਕੱਪ, ਅਮਰਜੀਤ ਗਰੇਵਾਲ ਵਾਲੀਬਾਲ ਕੱਪ ਖੇਡਾਂ ਦਾ ਮੁੱਖ ਆਕਰਸ਼ਨ ਹੋਣਗੇ। ਜਰਖੜ ਖੇਡਾਂ ਦਾ ਉਦਘਾਟਨੀ ਅਤੇ ਸਮਾਪਤੀ ਸਮਾਰੋਹ ਬੇਹੱਦ ਲਾਜਵਾਬ ਹੋਵੇਗਾ। ਫਾਈਨਲ ਸਮਾਰੋਹ ਤੇ ਖੇਡਾਂ ਅਤੇ ਸਮਾਜ ਸੇਵੀ ਕੰਮਾਂ ਨੂੰ ਸਮਰਪਿਤ 6 ਸਖਸ਼ੀਅਤ ਦਾ ਵਿਸ਼ੇਸ਼ ਐਵਾਰਡਾ ਨਾਲ ਸਨਮਾਨ ਹੋਵੇਗਾ ਅਤੇ ਨਾਮੀ ਗਾਇਕ ਦਾ ਫਾਈਨਲ ਸਮਾਰੋਹ ਤੇ ਖੁੱਲ੍ਹਾ ਅਖਾੜਾ ਲੱਗੇਗਾ। ਅੱਜ ਦੀ ਮੀਟਿੰਗ ਵਿੱਚ ਚੈਅਰਮੈਨ ਨਰਿੰਦਰਪਾਲ ਸਿੰਘ ਸਿੱਧੂ , ਜਗਰੂਪ ਸਿੰਘ ਜਰਖੜ , ਮੋਹਨਾ ਜੋਧਾ ਸਿਆਟਲ , ਇੰਸਪੈਕਟਰ ਬਲਬੀਰ ਸਿੰਘ , ਪ੍ਰਧਾਨ ਹਰਕਮਲ ਸਿੰਘ ਮੇਘੋਵਾਲ, ਕੁਲਦੀਪ ਸਿੰਘ ਘਵੱਦੀ, ਪਹਿਲਵਾਨ ਹਰਮੇਲ ਸਿੰਘ ਕਾਲਾ, ਸਰਪੰਚ ਬਲਵਿੰਦਰ ਸਿੰਘ ਮਹਿਮੂਦਪੁਰਾ, ਲਕਸੇ ਭਾਰਤੀ ਸਹਾਇਕ ਮਲਹੋਤਰਾ ਗਰੁੱਪ , ਸੰਦੀਪ ਸਿੰਘ ਪੰਧੇਰ, ਸਾਹਿਬਜੀਤ ਸਿੰਘ ਸਾਬੀ ਜਰਖੜ, ਮਨਜਿੰਦਰ ਸਿੰਘ ਇਯਾਲੀ, ਰਜਿੰਦਰ ਸਿੰਘ ਜਰਖੜ, ਲਖਬੀਰ ਸਿੰਘ ਜਰਖੜ, ਦਲਵੀਰ ਸਿੰਘ ਜਰਖੜ ਫੋਟੋ ਕਲਾਕਾਰ, ਗੁਰਤੇਜ ਸਿੰਘ ਬੋੜਾਹਾਈ, ਕੋਚ ਗੁਰਸਤਿੰਦਰ ਸਿੰਘ ਪਰਗਟ, ਪਰਮਜੀਤ ਸਿੰਘ ਪੰਮਾ ਗਰੇਵਾਲ , ਗੁਰਮੀਤ ਸਿੰਘ ਚੁੱਬਕੀ, ਬੂਟਾ ਸਿੰਘ ਗਿੱਲ, ਰਜਿੰਦਰ ਸਿੰਘ ਗਿੱਲ, ਪਹਿਲਵਾਨ ਪਰਮਦੀਪ ਬੀਲਾ ਅਮਰੀਕਾ ਆਦਿ ਹੋਰ ਪ੍ਰਬੰਧਕ ਵਿਸ਼ੇਸ਼ ਤੌਰ ਤੇ ਹਾਜ਼ਰ ਸਨ। ਜਰਖੜ ਖੇਡਾਂ ਦੇ ਅੰਤਿਮ ਫੈਸਲਿਆ ਲਈ ਅਗਲੀ ਮੀਟਿੰਗ 18 ਦਸੰਬਰ ਨੂੰ ਹੀ ਜਰਖੜ ਖੇਡ ਸਟੇਡੀਅਮ ਵਿਖੇ ਹੋਵੇਗੀ। ਜਿਸ ਵਿੱਚ ਸਨਮਾਨਿਤ ਸਖਸ਼ੀਅਤ ਅਤੇ ਰਾਜਸੀ ਪ੍ਰਬੰਧਾ ਅਤੇ ਹੋਰ ਫੈਸਲਿਆ ਬਾਰੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ।





**– ਜਗਰੂਪ ਸਿੰਘ ਜਰਖੜ**


SUNSHINE AUTO CARE INC.

WE REPAIR ALL MAKES & MODELS. AUTO, DIESEL TRUCK & TRAILERS

- DPF Filter Cleaning
- Clutch
- Transmission
- New/Used Tires
- Oil Changes
- Wheel Balancing
- Truck & Trailer Repair
- All Major & Minor Repairs
- We Do Aluminum Welding
- Computer Check
- Differential
- Inspections
- Van/Reefer Work

WE PROVIDE SHUTLE SERVICE FOR ALL CUSTOMERS

hablamos español

We Speak English, Spanish & Punjabi

We Provide Towing & 24/7 Mobile Road Services For All Autos, Trucks & Trailers

Open Monday to Saturday

Com-Check
T-Check
EFS Check

ACCEPTED HERE

VISA | MasterCard | AMERICAN EXPRESS | DISCOVER NETWORK





1003 Moffat Blvd,
Manteca CA 95336

209-239-1551

# ਅਫ਼ਗਾਨਿਸਤਾਨ ’ਚੋਂ ਅਤਿਵਾਦੀ ਗਤੀਵਿਧੀਆਂ ਉਤੇ ਕੰਟਰੋਲ ਕਰੇਗਾ ਅਮਰੀਕਾ: ਬਲਿੰਕਨ

**ਵਾਸ਼ਿੰਗਟਨ–** ਅਮਰੀਕਾ ਨੇ ਅਲਕਾਇਦਾ ਅਤੇ ਪਾਕਿਸਤਾਨੀ ਤਾਲਿਬਾਨ ਜਥੇਬੰਦੀਆਂ ਦੇ ਚਾਰ ਮੈਂਬਰਾਂ ਨੂੰ ਕੌਮਾਂਤਰੀ ਅਤਿਵਾਦੀ ਐਲਾਨਿਆ ਹੈ। ਅਮਰੀਕਾ ਦੇ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਇਹ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਬਾਇਡਨ ਪ੍ਰਸ਼ਾਸਨ ਇਹ ਯਕੀਨੀ ਬਣਾਏਗਾ ਕਿ ਕੋਈ ਵੀ ਅਤਿਵਾਦੀ ਅਫ਼ਗਾਨਿਸਤਾਨ ਵਿੱਚ ਪੈਰ ਨਾ ਜਮਾ ਸਕੇ। ਜਿਨ੍ਹਾਂ ਨੂੰ ਆਲਮੀ ਅਤਿਵਾਦੀ ਵਜੋਂ ਨਾਮਜ਼ਦ ਕੀਤਾ ਗਿਆ ਹੈ ਉਨ੍ਹਾਂ ਵਿੱਚ ਭਾਰਤੀ ਉਪ ਮਹਾਦੀਪ ਵਿੱਚ ਅਲ ਕਾਇਦਾ (ਏਕਿਊਆਈਐੱਸ) ਦਾ ਅਮੀਰ ਓਸਾਮਾ ਮਹਿਮੂਦ, ਏਕਿਊਆਈਐੱਸ ਦਾ ਡਿਪਟੀ ਅਮੀਰ ਆਤਿਫ ਯਾਹੀਆ ਗੌਰੀ ਅਤੇ ਜਥੇਬੰਦੀ ਵਿੱਚ ਭਰਤੀ ਕਰਨ ਵਾਲਾ ਮੁਹੰਮਦ ਮਾਰੂਫ ਸ਼ਾਮਲ ਹਨ। ਇਸੇ ਤਰ੍ਹਾਂ



ਪਾਕਿਸਤਾਨ ਦੇ ਖੈਬਰ ਪਖ਼ਤੂਨਖਵਾ ਵਿੱਚ ਅਤਿਵਾਦੀਆਂ ਨੂੰ ਪਨਾਹ ਦੇਣ ਵਾਲੇ ਤਹਿਰੀਕ-ਏ-ਤਾਲਿਬਾਨ ਪਾਕਿਸਤਾਨ (ਟੀਟੀਪੀ) ਦੇ ਡਿਪਟੀ ਅਮੀਰ ਕਾਰੀ ਅਮਜਦ ’ਤੇ ਵੀ ਰੋਕ ਲਾ ਦਿੱਤੀ ਗਈ ਹੈ।

ਇਸ ਕਦਮ ਤੋਂ ਬਾਅਦ ਇਨ੍ਹਾਂ ਮੈਂਬਰਾਂ ਦੀ ਉਹ ਸਾਰੀ ਜਾਇਦਾਦ ਤੇ ਹੋਰ ਹਿੱਤ ਜੋ ਅਮਰੀਕਾ ਦੇ ਅਧਿਕਾਰ ਖੇਤਰ ਵਿਚ ਹੋਣਗੇ, ਉਤੇ ਰੋਕ ਲਾ ਦਿੱਤੀ ਜਾਵੇਗੀ। ਅਮਰੀਕਾ ਦਾ ਕੋਈ ਵੀ ਵਿਅਕਤੀ ਇਨ੍ਹਾਂ ਨਾਲ ਲੈਣ-ਦੇਣ ਨਹੀਂ ਕਰ ਸਕੇਗਾ। ਇਕ ਬਿਆਨ ਵਿਚ ਬਲਿੰਕਨ ਨੇ ਕਿਹਾ ਕਿ ਅਮਰੀਕਾ, ਅਫ਼ਗਾਨਿਸਤਾਨ ਵਿਚੋਂ ਕਾਰਵਾਈਆਂ ਕਰ ਰਹੇ ਟੀਟੀਪੀ ਤੇ ਏਕਿਊਆਈਐੱਸ ਜਿਹੇ ਗਰੁੱਪਾਂ ਉਤੇ ਲਗਾਮ ਕੱਸਣ ਲਈ ਵਚਨਬੱਧ ਹੈ।

# ਮੰਜੇ ’ਤੇ ਪਏ ਸ਼ਖਸ ਨੇ .ਗਜ਼ਲਾਂ ਲਿਖ ਕੌਮਾਂਤਰੀ ਪੱਧਰ ’ਤੇ ਖੱਟੀ ਪ੍ਰਸਿੱਧੀ

**ਊਨਾ–** ਪਿਛਲੇ 28 ਸਾਲਾਂ ਤੋਂ ਲਗਾਤਾਰ ਮੰਜੇ ’ਤੇ ਪਏ ਸੁਭਾਸ਼ ਦੀ ਸੇਵਾ ਉਸ ਦੇ ਬਜ਼ੁਰਗ ਮਾਪੇ ਕਰ ਰਹੇ ਹਨ। ਸੁਭਾਸ਼ ਦਾ ਕਹਿਣਾ ਹੈ ਕਿ ਪੁੱਤਰ ਹੋਣ ਦੇ ਨਾਤੇ ਉਸ ਨੂੰ ਆਪਣੇ ਬਜ਼ੁਰਗ ਮਾਤਾ-ਪਿਤਾ ਦੀ ਸੇਵਾ ਕਰਨੀ ਚਾਹੀਦੀ ਸੀ ਪਰ ਉਸ ਦੇ ਹਾਲਾਤ ਇਸ ਦੇ ਉਲਟ ਹਨ। ‘ਲੱਖਾਂ ਤੀਰਥਾਂ ਤੋਂ ਵੱਧ ਕੇ, ਫ਼ਲ ਮਾਂ ਦੇ ਇਕ ਦੀਦਾਰ ਦਾ, ਦੱਸ ਕਿਵੇਂ ਮੈਂ ਉਤਾਰਾਂ ਮਾਏ ਕਰਜ਼ ਤੇਰੇ ਪਿਆਰ ਦਾ’। ਇਹ ਭਾਵਨਾਤਮਕ ਲਾਈਨਾਂ ਉਸ ਸ਼ਖ਼ਸ ਦੀ ਕਲਮ ਨੇ ਲਿਖੀਆਂ ਹਨ, ਜੋ ਕਿਸੇ ਗੰਭੀਰ ਬੀਮਾਰੀ ਕਾਰਨ ਪਿਛਲੇ 28 ਸਾਲਾਂ ਤੋਂ ਕਾਗਜ਼ ਅਤੇ ਪੈੱਨ ਫੜ ਕੇ ਮੰਜੇ ’ਤੇ ਪਿਆ ਹੈ। ਉਸ ਦੀ ਸੋਚ ਦੇ ਸਾਹਮਣੇ ਅਪੰਗਤਾ ਵੀ ਰੁਕਾਵਟ ਨਹੀਂ ਬਣ ਸਕੀ ਅਤੇ ਉਹ ਦੇਸ਼ ਹੀ ਨਹੀਂ ਸਗੋਂ ਕੌਮਾਂਤਰੀ ਪੱਧਰ ’ਤੇ ਵੀ ਪ੍ਰਸਿੱਧੀ ਹਾਸਲ ਕਰ ਰਿਹਾ ਹੈ। ਇਹ ਕਹਾਣੀ ਹੈ ਵਿਧਾਨ ਸਭਾ ਹਲਕੇ ਹਰੋਲੀ ਦੇ ਪਿੰਡ ਸਲੋਹ ਦੇ ਰਹਿਣ ਵਾਲੇ 45 ਸਾਲਾ ਸੁਭਾਸ਼ ਪਾਰਸ ਦੀ। ਸੁਭਾਸ਼ ਪਾਰਸ ਦਾ ਜਨਮ 6 ਫਰਵਰੀ 1977 ਨੂੰ ਮਾਂ ਰਾਮਾਸਰੀ ਅਤੇ ਪਿਤਾ ਪਿਆਰਾ ਲਾਲ ਦੇ ਘਰ ਹੋਇਆ ਸੀ। ਸੁਭਾਸ਼ ਨੇ ਮੁੱਢਲੀ ਸਿੱਖਿਆ ਪਿੰਡ ਦੇ ਸਕੂਲ ’ਚ



ਪ੍ਰਾਪਤ ਕੀਤੀ। ਪੈਰ ਦੀ ਉਂਗਲੀ ’ਚ ਹੋਈ ਸਮੱਸਿਆ ਬਣ ਗਈ ਗੰਭੀਰ 7ਵੀਂ ਜਮਾਤ ਤੱਕ ਸਭ ਕੁਝ ਠੀਕ ਚੱਲ ਰਿਹਾ ਸੀ ਪਰ 13 ਸਾਲ ਦੀ ਉਮਰ ’ਚ 8ਵੀਂ ਜਮਾਤ ’ਚ ਪੜ੍ਹਦਿਆਂ ਅਚਾਨਕ ਸੁਭਾਸ਼ ਦੇ ਪੈਰ ਦੇ ਅੰਗੂਠੇ ’ਚ ਕੁਝ ਸਮੱਸਿਆ ਸ਼ੁਰੂ ਹੋ ਗਈ, ਜੋ ਲਗਾਤਾਰ ਵਧਦੀ ਗਈ। 9ਵੀਂ ਜਮਾਤ ’ਚ ਦਾਖ਼ਲਾ ਹੋਇਆ ਤਾਂ ਪੈਰ ਦੀ ਸਮੱਸਿਆ ਵਧਦੀ ਚਲੀ ਗਈ। ਸਮੱਸਿਆ ਲੱਤ ਤੋਂ ਲੈ ਕੇ ਸਰੀਰ ਦੇ ਉਪਰਲੇ ਹਿੱਸੇ ਤੱਕ ਪਹੁੰਚਣੀ ਸ਼ੁਰੂ ਹੋ ਗਈ, ਜਿਸ ਕਾਰਨ ਉਸ ਨੂੰ ਆਪਣੀ ਪੜ੍ਹਾਈ ਅੱਧ ਵਿਚਾਲੇ ਛੱਡ ਕੇ ਸਕੂਲ ਛੱਡਣਾ ਪਿਆ। ਸੁਭਾਸ਼ ਪਿਛਲੇ 28 ਸਾਲਾਂ ਤੋਂ ਮੰਜੇ ’ਤੇ ਹੈ। ਹੌਲੀ-ਹੌਲੀ ਉਸ ਦੀ ਸਮੱਸਿਆ ਇਸ ਹੱਦ ਤੱਕ ਵਧ ਗਈ ਕਿ ਉਹ ਨਾ ਤਾਂ ਬੈਠ ਸਕਦਾ ਸੀ ਅਤੇ ਨਾ ਹੀ ਤੁਰ ਸਕਦਾ ਸੀ। ਉਸ ਦਾ ਖਾਣਾ-ਪੀਣਾ ਵੀ ਮੰਜੇ ’ਤੇ ਹੀ ਹੁੰਦਾ ਹੈ।

ਇੰਗਲੈਂਡ, ਕੈਨੇਡਾ, ਅਮਰੀਕਾ ਅਤੇ ਪਾਕਿਸਤਾਨ ’ਚ ਛਪੇ ਹਨ ਲੇਖ ਸੁਭਾਸ਼ ਪਾਰਸ ਨੂੰ ਉਨ੍ਹਾਂ ਦੀ ਲੇਖਣੀ ਕਾਰਨ ਵੱਖ-ਵੱਖ ਸੰਸਥਾਵਾਂ ਵੱਲੋਂ ਸਨਮਾਨਿਤ ਵੀ ਕੀਤਾ ਜਾ ਰਿਹਾ ਹੈ। ਪੰਜਾਬ ਦੇ ਕਪੂਰਥਲਾ ਦੇ ‘ਸਿਰਜਨਾ ਕੇਂਦਰ’ ਅਤੇ ‘ਨਵੀ ਚੇਤਨਾ ਪੰਜਾਬੀ’ ਲੇਖਕ ਮੰਚ ਪੰਜਾਬ ਵੱਲੋਂ ਖੁਦ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ ਹੈ, ਜਦਕਿ ਹੋਰ ਵੀ ਕਈ ਸੰਸਥਾਵਾਂ ਜਲਦ ਹੀ ਉਨ੍ਹਾਂ ਦਾ ਸਨਮਾਨ ਕਰਨ ਜਾ ਰਹੀਆਂ ਹਨ।

# ਸਰਕਾਰ ਦੀ ਨਾਲਾਇਕੀ ਕਰਕੇ ਹੋਇਆ ਮੂਸੇਵਾਲ ਦਾ ਕਤਲ-ਦਿਲਜੀਤ ਦੁਸਾਂਝ

**ਚੰਡੀਗੜ੍ਹ–** ਪੰਜਾਬੀ ਗਾਇਕ-ਅਦਾਕਾਰ ਦਿਲਜੀਤ ਦੋਸਾਂਝ ਨੇ ਪਿਛਲੇ ਦਿਨੀਂ ਕਲਾਕਾਰਾਂ ਦੀਆਂ ਹੱਤਿਆਵਾਂ ‘ਤੇ ਆਪਣੀ ਚੁੱਪ ਤੋੜੀ ਅਤੇ ਇਸ ਨੂੰ ਸਰਕਾਰ ਦੀ ਨਲਾਇਕੀ ਦੱਸਿਆ। ਦਿਲਜੀਤ ਨੇ ਦੱਸਿਆ ਕਿ ਇਨ੍ਹਾਂ ਸਾਰਿਆਂ ਨੇ ਬਹੁਤ ਮਿਹਨਤ ਕੀਤੀ ਸੀ। ਮੈਨੂੰ ਨਹੀਂ ਲੱਗਦਾ ਕਿ ਕੋਈ ਕਲਾਕਾਰ ਕਿਸੇ ਨਾਲ ਕੁਝ ਗਲਤ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਮੈਂ ਆਪਣੇ ਅਨੁਭਵ ਦੀ ਗੱਲ ਕਰ ਰਿਹਾ ਹਾਂ।



ਮੂਸੇਵਾਲਾ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਅਤੇ ਕਿਸੇ ਹੋਰ ਦੇ ਵਿਚਕਾਰ ਕੁਝ ਵੀ ਨਹੀਂ ਹੋ ਸਕਦਾ ਹੈ, ਇਸ ਲਈ ਕੋਈ ਕਿਸੇ ਨੂੰ ਕਿਉਂ ਮਾਰੇਗਾ? ਬਹੁਤ ਦੁੱਖ ਦੀ ਗੱਲ ਹੈ, ਇਸ ਬਾਰੇ ਗੱਲ ਕਰਨਾ ਵੀ ਔਖਾ ਹੈ। ਮੂਸੇਵਾਲਾ ਦੇ ਮਾਤਾ-ਪਿਤਾ ਦੇ ਦਰਦ ਬਾਰੇ ਦਿਲਜੀਤ ਕਹਿੰਦੇ ਹਨ ਕਿ ਸੋਚੋ, ਤੁਹਾਡਾ ਇੱਕ ਹੀ ਬੱਚਾ ਹੈ ਅਤੇ ਉਹ ਮਰ ਜਾਂਦਾ ਹੈ। ਉਨ੍ਹਾਂ ਦੇ ਮਾਤਾ-ਪਿਤਾ ਇਸ ਦੁੱਖ ਨਾਲ ਕਿਵੇਂ ਰਹਿ ਰਹੇ ਹੋਣਗੇ। ਤੁਸੀਂ ਕਲਪਨਾ ਨਹੀਂ ਕਰ ਸਕਦੇ ਕਿ ਉਹ ਇਸ ਦੁੱਖ ਵਿੱਚੋਂ ਲੰਘ ਰਹੇ ਹਨ, ਸਿਰਫ ਉਹ ਹੀ ਜਾਣਦੇ ਹਨ।

ਮੂਸੇਵਾਲਾ ਦੀ ਹੱਤਿਆ ਤੋਂ ਕੁਝ ਦਿਨ ਪਹਿਲਾਂ ਉਨ੍ਹਾਂ ਦੀ ਸੁਰੱਖਿਆ ਵਾਪਸ ਲੈਣ ਦੀ ਗੱਲ ਕਰਦਿਆਂ ਦਿਲਜੀਤ ਦੁਸਾਂਝ ਨੇ ਕਿਹਾ ਕਿ ਇਹ ਸਰਕਾਰ ਦੀ 100 ਫੀਸਦੀ ਨਾਕਾਮੀ ਹੈ। ਇਹ ਰਾਜਨੀਤੀ ਹੈ ਅਤੇ ਰਾਜਨੀਤੀ ਬਹੁਤ ਗੰਦੀ ਹੈ। ਅਸੀਂ ਪ੍ਰਮਾਤਮਾ ਅੱਗੇ ਅਰਦਾਸ ਕਰ ਸਕਦੇ ਹਾਂ ਕਿ ਉਨ੍ਹਾਂ ਨੂੰ ਇਨਸਾਫ਼ ਮਿਲੇ ਅਤੇ ਅਜਿਹੀਆਂ ਘਟਨਾਵਾਂ ਮੁੜ ਨਾ ਵਾਪਰਨ। ਦੁਸਾਂਝ ਨੇ ਕਿਹਾ ਕਿ ਅਸੀਂ ਇੱਕ ਦੂਜੇ ਨੂੰ ਮਾਰਨ ਲਈ ਇਸ ਦੁਨੀਆਂ ਵਿੱਚ ਨਹੀਂ ਹਾਂ ਪਰ ਇਹ ਸ਼ੁਰੂ ਤੋਂ ਹੀ ਹੁੰਦਾ ਆ ਰਿਹਾ ਹੈ। ਕਲਾਕਾਰਾਂ ਨੂੰ ਪਹਿਲਾਂ ਵੀ ਮਾਰਿਆ ਗਿਆ ਹੈ।

ਉਨ੍ਹਾਂ ਕਿਹਾ, ਮੈਨੂੰ ਯਾਦ ਹੈ ਜਦੋਂ ਮੈਂ ਆਪਣਾ ਕਰੀਅਰ ਸ਼ੁਰੂ ਕੀਤਾ ਸੀ, ਮੁਸ਼ਕਲਾਂ ਆਈਆਂ ਸਨ। ਲੋਕ ਹੈਰਾਨ ਹੋਣਗੇ ਕਿ ਇਹ ਵਿਅਕਤੀ ਇੰਨਾ ਸਫਲ ਕਿਉਂ ਹੋ ਰਿਹਾ ਹੈ। ਪਰ ਕਿਸੇ ਨੂੰ ਮਾਰਨਾ ਇਨਸਾਫ਼ ਨਹੀਂ ਹੈ। ਉਨ੍ਹਾਂ ਕਿਹਾ ਕਿ ਇਹ 100 ਫੀਸਦੀ ਸਰਕਾਰ ਦਾ ਕਸੂਰ ਹੈ ਅਤੇ ਮੇਰੇ ਹਿਸਾਬ ਨਾਲ ਇਹ ਰਾਜਨੀਤੀ ਹੈ। ਜ਼ਿਕਰਯੋਗ ਹੈ ਕਿ ਇਸ ਸਾਲ 29 ਮਈ ਨੂੰ ਪੰਜਾਬ ਦੇ ਮਾਨਸਾ ਜ਼ਿਲ੍ਹੇ ‘ਚ ਸਿੱਧੂ ਮੂਸੇਵਾਲਾ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਇਸ ਪੰਜਾਬੀ ਗਾਇਕ ਨੇ 29 ਸਾਲ ਦੀ ਛੋਟੀ ਉਮਰ ਵਿੱਚ ਅੰਤਰਰਾਸ਼ਟਰੀ ਪ੍ਰਸਿੱਧੀ ਹਾਸਲ ਕੀਤੀ ਸੀ।


# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ

## 31252 Veasy street Union City (CA)

## ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਜੀ ਦਾ ਪ੍ਰੀਨਿਰਵਾਣ ਦਿਵਸ 18 ਦਸੰਬਰ 2022 ਨੂੰ ਮਨਾਇਆ ਜਾਵੇਗਾ



ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਵੱਲੋਂ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਜੀ ਦਾ ਪ੍ਰੀਨਿਰਵਾਣ ਦਿਵਸ 18 ਦਸੰਬਰ 2022 ਦਿਨ ਐਤਵਾਰ ਨੂੰ ਪ੍ਰਬੰਧਕ ਕਮੇਟੀ ਅਤੇ ਸਾਧ ਸੰਗਤ ਦੇ ਸਹਿਯੋਗ ਨਾਲ ਸਵੇਰੇ 10 ਵਜੇ ਤੋਂ ਬਾਅਦ ਦੁਪਹਿਰ ਤੱਕ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਮੌਕੇ ਰਾਗੀ/ਢਾਡੀ ਜਥੇ ਸ਼ਬਦ ਗਾਇਨ ਨਾਲ ਸੰਗਤ ਨੂੰ ਨਿਹਾਲ ਕਰਨਗੇ ਅਤੇ ਵਿਦਵਾਨ ਬੁਲਾਰੇ ਬਾਬਾ ਸਾਹਿਬ ਦੇ ਜੀਵਨ ਅਤੇ ਸੰਕਲਪਾਂ ਬਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਸਮੂਹ ਸਾਧ ਸੰਗਤ ਨੂੰ ਪ੍ਰਬੰਧਕ ਕਮੇਟੀ ਵੱਲੋਂ ਬੇਨਤੀ ਹੈ ਕਿ ਇਸ ਦਿਨ ਗੁਰੂ ਘਰ ਵਿਖੇ ਹਾਜ਼ਰੀਆਂ ਭਰ ਕੇ ਬਾਬਾ ਸਾਹਿਬ ਜੀ ਨੂੰ ਭਾਵ ਭਿੰਨੀ ਸ਼ਰਧਾਂਜਲੀ ਭੇਂਟ ਕਰੀਏ ਜੀ।

**For Langar Sewa please contact any of the committee members**

**ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:**

ਵਿਨੋਦ ਕੁਮਾਰ (ਚੇਅਰਮੈਨ) 510-953-9800, ਰਾਮ ਲੁਬਾਇਆ (ਪ੍ਰਧਾਨ) 408-449-1105

ਨਰੇਸ਼ ਕੁਮਾਰ ਗੱਡੂ (ਜਨਰਲ ਸਕੱਤਰ) 510-857-4551, ਸੋਹਣ ਸਿੰਘ ਢੰਡਾ (ਕੈਸ਼ੀਅਰ) 510-200-6649

# ਭਾਰਤ ਰਤਨ ਬਾਬਾ ਸਾਹਿਬ ਅੰਬੇਦਕਰ ਨੂੰ ਯਾਦ ਕਰਦਿਆਂ

6 ਦਸੰਬਰ ਨੂੰ ਹਰ ਸਾਲ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਜੀ ਦੇ ਪ੍ਰੀਨਿਰਵਾਣ ਦਿਵਸ ਵਜੋਂ ਦੁਨੀਆਂ ਭਰ ਵਿਚ ਵੱਸੇ ਉਹਨਾਂ ਦੇ ਪ੍ਰਸੰਸਕ ਮਨਾਉਂਦੇ ਹਨ। ਇਸ ਦਿਨ ਨੂੰ ਇਸ ਕਰਕੇ ਵੀ ਵਿਸ਼ੇਸ਼ ਤੌਰ ਤੇ ਯਾਦ ਕੀਤਾ ਜਾਂਦਾ ਹੈ ਕਿਉਂਕਿ ਇਸ ਦਿਨ ਸਾਡੇ ਕੋਲੋਂ ਦੁਨੀਆਂ ਦੇ ਮਹਾਨ ਵਿਦਵਾਨ, ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰੀ ਮੁਲਕ ਦੇ ਸੰਵਿਧਾਨ ਦੇ ਰਚੇਤਾ ਅਤੇ ਸਮਾਜਿਕ ਕ੍ਰਾਂਤੀ ਲਿਆਉਣ ਵਾਲੇ ਡਾ. ਅੰਬੇਡਕਰ ਸਾਡੇ ਕੋਲੋਂ ਵਿੱਛੜ ਗਏ। ਭਾਰਤੀ ਸੰਵਿਧਾਨ ਦੇ ਨਿਰਮਾਣ ਤੋਂ ਪਹਿਲਾਂ ਬਾਬਾ ਸਾਹਿਬ ਡਾ. ਅੰਬੇਡਕਰ ਨੇ ਇਕ ਵੱਡਾ ਸਮਾਜਿਕ ਸੰਘਰਸ਼ ਵਿੱਢਿਆ ਅਤੇ ਭਾਰਤ ਵਿਚ ਨਸਲਵਾਦ ਵਾਂਗ ਪਾਈ ਜਾਂਦੀ ਸਦੀਆਂ ਪੁਰਾਣੀ ਜਾਤ-ਪਾਤੀ, ਛੂਤ-ਛਾਤ ਦੀ ਮਾੜੀ ਸਮਾਜਿਕ ਪ੍ਰਵਿਰਤੀ ਦੇ ਖਿਲਾਫ ਇਕ ਲੰਮਾ ਸੰਘਰਸ਼ ਕੀਤਾ, ਦੱਬੇ-ਕੁਚਲੇ ਲੋਕਾਂ ਨੂੰ ਜਾਗਰਿਤ ਕੀਤਾ ਅਤੇ ਉਹਨਾਂ ਨੂੰ ਬਰਾਬਰ ਦੇ ਅਧਿਕਾਰ ਦਿਵਾਏ, ਆਰਥਿਕ ਤੌਰ ਤੇ ਚੁੱਕਣ ਲਈ ਰਿਜ਼ਰਵੇਸ਼ਨ ਦੀ ਵਿਵਸਥਾ ਕਰਵਾਈ ਅਤੇ ਉਹਨਾਂ ਦਾ ਸ਼ਾਸਨ ਪ੍ਰਣਾਲੀ ਨਾਲ ਜੁੜਨ ਦਾ ਰਾਹ ਪੱਧਰਾ ਕੀਤਾ। ਭਾਰਤੀ ਸੰਵਿਧਾਨ ਵਿਚ ਵੋਟ ਦਾ ਅਧਿਕਾਰ ਹਰੇਕ ਨਾਗਰਿਕ ਨੂੰ ਬਰਾਬਰਤਾ ਦੇ ਆਧਾਰ ਤੇ ਦਿੱਤਾ ਗਿਆ ਹੈ। ਇਸ ਅਧਿਕਾਰ ਨੂੰ ਪ੍ਰਾਪਤ ਕਰਨ ਤੋਂ ਪਹਿਲਾਂ ਅੰਗਰੇਜ਼ ਸਰਕਾਰ ਨੇ ਭਾਰਤ ਵਿਚ ਵੋਟ ਪ੍ਰਣਾਲੀ ਆਰੰਭ ਕੀਤੀ ਸੀ ਪਰ ਉਹ ਵੋਟ ਪ੍ਰਣਾਲੀ ਸਮਾਜਿਕ, ਆਰਥਿਕ ਰੁਤਬੇ ਤੇ ਆਧਾਰਿਤ ਸੀ, ਇਸ ਕਰਕੇ ਉਸ ਦਾ ਕੋਈ ਅਰਥ ਨਹੀਂ ਰਹਿ ਗਿਆ ਸੀ। ਜਦੋਂ ਭਾਰਤ ਆਜ਼ਾਦ ਹੋਇਆ ਤਾਂ ਭਾਰਤ ਵਿਚ ਸਭ ਲਈ ਬਰਾਬਰ ਦੇ ਅਧਿਕਾਰ ਅਤੇ ਸਭ ਲਈ ਵੋਟ ਦੇ ਅਧਿਕਾਰ ਦੀ ਵਿਵਸਥਾ ਕੀਤੀ ਗਈ। ਇਹਨਾਂ ਅਧਿਕਾਰਾਂ ਨੇ ਭਾਰਤ ਵਿਚ ਸਭ ਤੋਂ ਵੱਡੀ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਕ੍ਰਾਂਤੀ ਲਿਆਂਦੀ ਕਿ ਹਰ ਨਾਗਰਿਕ ਨੂੰ ਬਰਾਬਰ ਕਰ ਦਿੱਤਾ ਅਤੇ ਸੱਤਾ ਤੱਕ ਹਰੇਕ ਨਾਗਰਿਕ ਦੀ ਪਹੁੰਚ ਲਈ ਬਰਾਬਰ ਦਾ ਰਸਤਾ ਪੱਧਰਾ ਕਰ ਦਿੱਤਾ। ਭਾਰਤ ਵਿਚ ਵੋਟਾਂ ਵਾਲੇ ਦਿਨ ਰਾਜਾ-ਰੰਕ ਇਕ ਬਰਾਬਰ ਹੁੰਦਾ ਹੈ। ਬਾਬਾ ਸਾਹਿਬ ਨੇ ਖੁਦ ਕਿਹਾ ਸੀ ਕਿ ਉਹ ਭਾਰਤ ਵਿਚੋਂ ਸਦੀਆਂ ਪੁਰਾਣੀ ਰਾਜਾਸ਼ਾਹੀ ਵਿਵਸਥਾ ਦਾ ਬੀਜ ਨਾਸ਼ ਕਰ ਦੇਣਗੇ। ਉਹਨਾਂ ਨੇ ਵੋਟ ਦਾ ਅਧਿਕਾਰ ਹਰੇਕ ਨਾਗਰਿਕ ਨੂੰ ਦੇ ਕੇ ਇਹ ਕਰ ਦਿਖਾਇਆ। ਭਾਰਤ ਵਿਚ ਬੇਸ਼ੱਕ ਹਾਲੇ ਵੀ ਸੱਤਾ ਤੇ ਕਾਬਜ ਲੀਡਰਾਂ ਦੇ ਬੱਚੇ ਅੱਗੇ ਸੱਤਾ ਤੇ ਆਪਣਾ ਅਧਿਕਾਰ ਸਮਝਦੇ ਸਨ ਪਰ ਬਾਬਾ ਸਾਹਿਬ ਦੀ ਸੋਚ ਨੇ ਰਾਜਾ ਅਤੇ ਰੰਕ ਵਿਚਲਾ ਫਰਕ ਮਿਟਾਉਂਦਿਆਂ ਇਕ ਆਮ ਆਦਮੀ ਦੇ ਲਈ ਵੀ ਸੱਤਾ ਦੇ ਦਰਵਾਜ਼ੇ ਖੋਲ੍ਹ ਦਿੱਤੇ। ਵੋਟ ਦਾ ਅਧਿਕਾਰ ਮਿਲਣ ਤੋਂ ਬਾਅਦ ਭਾਰਤ ਦੇ ਵੱਖ-ਵੱਖ ਖਿੱਤਿਆਂ ਤੋਂ ਅਜਿਹੇ ਪ੍ਰਤੀਨਿਧੀ ਵੀ ਚੁਣੀਆਂ ਹੋਈਆਂ ਸੰਸਥਾਵਾਂ ਵਿਚ ਪਹੁੰਚਦੇ ਹਨ, ਜਿਹੜੇ ਆਰਥਿਕ ਪੱਖੋਂ ਕਮਜ਼ੋਰ ਹਨ, ਜਿਹੜੇ ਦੱਬੇ-ਕੁਚਲੇ ਲਤਾੜੇ ਵਰਗਾਂ ਨਾਲ ਸਬੰਧਤ ਹਨ ਅਤੇ ਜਿਹੜੇ ਸੱਤਾ ਦੇ ਗਲਿਆਰਿਆਂ ਤੱਕ ਪਹੁੰਚਣ ਦਾ ਸੁਪਨਾ ਵੀ ਨਹੀਂ ਲੈ ਸਕਦੇ।

ਅਣਵੰਡੇ ਪੰਜਾਬ 'ਚ ਦਲਿਤ ਵਰਗ ਦੀ ਰਾਜਨੀਤੀ ਦੇ ਪਿਤਾਮਾ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਅਤੇ ਰਾਸ਼ਟਰੀ ਪੱਧਰ 'ਤੇ ਬਾਬਾ ਸਾਹਿਬ ਦੀ ਸਮਾਜਿਕ ਅਤੇ ਰਾਜਨੀਤਿਕ ਕ੍ਰਾਂਤੀ ਦੀ ਲਹਿਰ ਨੂੰ, ਉਹਨਾਂ ਤੋਂ ਬਾਅਦ ਸਾਹਿਬ ਸ੍ਰੀ ਕਾਂਸ਼ੀ ਰਾਮ ਨੇ ਅੱਗੇ ਵਧਾਇਆ। ਅੱਜ ਬੇਸ਼ੱਕ ਭਾਰਤ ਵਿਚ ਬਹੁਤ ਸਾਰੇ ਵਰਗ ਹਾਲੇ ਵੀ ਵਾਂਝੇ ਹਨ ਪਰ ਭਾਰਤੀ ਸੰਵਿਧਾਨ ਕਿਸੇ ਨਾਲ ਕੋਈ ਵਿਤਕਰਾ ਕਰਨ ਦੀ ਆਗਿਆ ਨਹੀਂ ਦਿੰਦਾ। ਇਸ ਕਰਕੇ ਜ਼ਰੂਰੀ ਹੈ ਕਿ ਬਾਬਾ ਸਾਹਿਬ ਦੇ ਵਿਚਾਰਾਂ ਨੂੰ ਅੱਗੇ ਵਧਾਈਏ, ਇਹਨਾਂ ਦਾ ਪ੍ਰਚਾਰ ਕਰੀਏ ਅਤੇ ਜਨਤਾ ਤੱਕ ਇਹ ਸੰਦੇਸ਼ ਪਹੁੰਚਾਈਏ ਕਿ ਭਾਰਤ ਤੇ ਸ਼ਾਸ਼ਨ ਉਹਨਾਂ ਦੀ ਇੱਛਾ ਅਤੇ ਮਰਜੀ ਨਾਲ ਹੀ ਕਿਸੇ ਦੁਆਰਾ ਕੀਤਾ ਜਾ ਸਕਦਾ ਹੈ। ਵੋਟਾਂ ਵਾਲੇ ਦਿਨ ਛੋਟੇ-ਮੋਟੇ ਲਾਲਚਾਂ ਨੂੰ ਤਿਆਗ ਕੇ ਇਹ ਵਿਚਾਰ ਕਰਕੇ ਵੋਟ ਦਈਏ ਕਿ ਭਾਰਤ ਦੇ ਬਿਹਤਰੀਨ ਭਵਿੱਖ ਲਈ ਕਿਹੜਾ ਉਮੀਦਵਾਰ ਅਤੇ ਕਿਹੜੀ ਪਾਰਟੀ ਵਧੀਆ ਕੰਮ ਕਰ ਸਕਦੀ ਹੈ।

ਅਦਾਰਾ 'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਬਾਬਾ ਸਾਹਿਬ ਨੂੰ ਉਹਨਾਂ ਦੇ 66ਵੇਂ ਪ੍ਰੀਨਿਰਵਾਨ ਦਿਵਸ 'ਤੇ ਸ਼ਰਧਾ ਪੂਰਵਕ ਨਿੱਘੀ ਸ਼ਰਧਾਂਜਲੀ ਭੇਂਟ ਕਰਦਾ ਹੈ।

# ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਨ ਦਾ ਜਦੋਂ ਸਬੱਬ ਬਣਿਆ



ਮੇਜਰ ਸਿੰਘ ਨਾਭਾ
91-94635-53962

ਗੁਰੂ ਨਾਨਕ ਦੇਵ ਜੀ 1525 ਦੇ ਕਰੀਬ ਰਾਵੀ ਦੇ ਕੰਢੇ ਆਕੇ ਖੇਤੀ ਕਰਨ ਲੱਗ ਪਏ ।ਹੱਥੀਂ ਕਿਰਤ ਕਰਨ ਦੇ ਸਿਧਾਂਤ ਨੂੰ ਉਨ੍ਹਾਂ ਕਰਤਾਰਪੁਰ ਵਿਖੇ ਆਪਣੀ ਜ਼ਿੰਦਗੀ ਦੇ ਕਰੀਬ ਲੰਬੇ ਸਮੇਂ ਨੂੰ ਸਮਰਪਿਤ ਕਰਕੇ ਵਾਸਤਵਿਕ ਰੂਪ ਦਿੱਤਾ। ਆਪ ਵਲੋਂ ਲਾਇਆ ਰਾਵੀ ਦੇ ਪੱਤਣ ਨੇੜੇ ਕਰਤਾਰਪੁਰ ਵਿਖੇ ਸਿੱਖੀ ਦਾ ਬੂਟਾ ਜੜ੍ਹ ਫੜ੍ਹ ਗਿਆ ਸੀ। ਇਥੇ ਹੀ ਆਪ ਨੇ ਭਾਈ ਲਹਿਣਾ ਨੂੰ ਗੁਰਗੱਦੀ ਸੌਂਪ ਕੇ ਗੁਰੂ ਅੰਗਦ ਦਾ ਨਾਂ ਦਿੱਤਾ। ਇਥੋਂ ਦੀ ਮਿਟੀ ਵਿੱਚ 1539 ਈ: ਨੂੰ ਨਾਨਕ ਫੁੱਲਾਂ ਦੀ ਖੁਸ਼ਬੋ ਛੱਡ ਕੇ ਤੁਰ ਗਿਆ। ਗੁਰ-ਦੁਆਰਾ ਕਰਤਾਰਪੁਰ ਸਾਹਿਬ (ਪਾਕਿਸਤਾਨ) ਦਰਸ਼ਨ ਕਰਨ ਦੀ ਤਾਂਘ ਕਰਤਾਰਪੁਰ ਲਾਂਘੇ ਦੇ 2019 'ਚ ਖੁੱਲ੍ਹਣ ਨਾਲ ਉਦੋਂ ਤੋਂ ਹੀ ਸੀ ਪਰ ਸਬੱਬ ਸੱਚ ਮੁੱਚ ਉਦੋਂ ਬਣਿਆ ਜਦੋਂ ਯਾਦ ਚੇਤੇ ਵੀ ਨਹੀਂ ਸੀ। ਇੱਕ ਦਿਨ ਮੇਰੇ ਦੋਸਤ ਦਾ ਫੋਨ ਆਇਆ ਕਿ ਆਪਾਂ ਥਾਣੇ ਜਾ ਕੇ ਮਿਸ਼ਿਜ ਦੀ ਪੁਲਿਸ ਵੈਰੀਫੀਕੇਸ਼ਨ ਲਈ ਜਾਣਾ ਹੈ। ਆਪਣਾ ਆਧਾਰ ਕਾਰਡ ਲੈ ਕੇ ਉਨ੍ਹਾਂ ਨਾਲ ਗੱਡੀ 'ਚ ਬੈਠ ਗਏ ਰਸਤੇ 'ਚ ਉਨ੍ਹਾਂ ਦੀ ਮੈਡਮ ਨਾਲ ਗੱਲ ਹੋਈ ਤਾਂ ਉਨ੍ਹਾਂ ਦੱਸਿਆਂ ਕਿ ਉਹ ਪੰਜ- ਛੇ ਮੈਡਮਾਂ ਕਰਤਾਰਪੁਰ ਸਾਹਿਬ ਦਰਸ਼ਨਾਂ ਲਈ ਜਾ ਰਹੀਆਂ ਹਨ । ਮੇਰੇ ਮਨ 'ਚ ਉਦੋਂ ਹੀ ਬਾਬੇ ਨਾਨਕ ਨੇ ਜਿਵੇਂ ਆਵਾਜ਼ ਮਾਰ ਲਈ ਹੋਵੇ ਫੁਰਨਾ ਫੁਰਿਆ ਕਿ ਜਦ ਮੈਡਮਾਂ ਜਾ ਰਹੀਆਂ ਨੇ ਮਨਾਂ ਤੂੰ ਕਿਉਂ ਉਦੋਂ ਦੀ ਘੋਲ ਕਰਦਾ ਆ ਰਿਹਾਂ। ਦੂਸਰੇ ਦਿਨ ਹੀ ਦੋਸਤ ਸੁਨੀਲ ਦੁੱਗਲ ਨਾਲ ਕਿਤੇ ਜਾਣ ਦਾ ਮੌਕਾ ਮਿਲਿਆ, ਉਸ ਨਾਲ ਗੱਲ ਕੀਤੀ ਤਾਂ ਉਸ ਨੇ ਹਾਂ ਕਰ ਦਿੱਤੀ । ਅਸੀਂ ਆਨ ਲਾਈਨ ਰਜ਼ਿਸਟ੍ਰੇਸ਼ਨ ਤੁਰੰਤ ਕਰਨ ਦਾ ਮਨ ਬਣਾ ਲਿਆ, ਮੈਂ ਤਾਂ ਉਸੀ ਦਿਨ ਘਰੋਂ ਹੀ ਕੰਪਿਊਟਰ ਤੇ ਕੋਸ਼ਿਸ਼ ਕਰ ਕੇ 15 ਅਕਤੂਬਰ 2022 ਦੀ ਰਜਿਸ੍ਰੇਸ਼ਨ ਕਰਵਾ ਦਿੱਤੀ। ਦੁੱਗਲ ਨੇ ਵੀ ਸਾਮ ਉਸੇ ਦਿਨ ਦੀ ਰਜ਼ਿਸਟ੍ਰੇਸ਼ਨ ਕਰਵਾ ਲਈ। ਪਟਿਆਲੇ ਦੋਸਤ ਗੁਰਮੇਲ ਸਿੰਘ ਨੂੰ ਕਿਹਾ ਤਾਂ ਉਹ ਵੀ ਝੱਟ ਤਿਆਰ ਹੋ ਗਏ, ਉਸ ਨੇ ਵੀ ਉਸ ਦਿਨ ਦੀ ਰਜ਼ਿਸਟ੍ਰੇਸ਼ਨ ਕਰਵਾ ਦਿੱਤੀ । ਇਹ ਕੋਈ ਔਖਾ ਕੰਮ ਨਹੀਂ ਤੁਸੀਂ ਆਪ ਕਰ ਸਕਦੇ ਹੋ। ਪਰ ਵੇਲਿਡ ਮਿਤੀ ਦਾ ਪਾਸਪੋਰਟ ਹੋਣਾ ਲਾਜ਼ਮੀ ਹੈ। ਸੁਨੀਲ ਦੁੱਗਲ ਨੇ ਆਪਣੀ ਕਾਰ ਲੈ ਕੇ ਜਾਣ ਦੀ ਹਾਮੀ ਭਰ ਲਈ। ਦੋਸਤ ਮਾਸਟਰ ਭਜਨ ਸਿੰਘ ਨੂੰ ਜਾਣ ਲਈ ਕਿਹਾ ਉਹ ਪਹਿਲਾਂ ਤਾਂ ਜਵਾਬ ਦੇ ਗਏ ਪਰ ਬਾਅਦ 'ਚ ਪਛਤਾਏ ਕਿ ਦਰਸ਼ਨ ਕਰ ਹੀ ਆਉਂਦੇ। ਇਸੇ ਕਈ ਦੋਸਤ ਬਾਅਦ 'ਚ ਤਿਆਰ ਸੀ ਪਰ ਉਦੋਂ ਨੂੰ 15 ਤਾਰੀਖ ਵੈੱਬਸਾਈਟ ਤੋਂ ਲੰਘ ਚੁੱਕੀ ਸੀ ਜੋ ਪਛਤਾਵੇ ਦਾ ਕਾਰਨ ਬਣੀ। ਤਕਰੀਬਨ 15 ਕੁ ਦਿਨ ਪਹਿਲਾਂ ਦੀ ਤਾਰੀਖ ਕਾਗਜ਼ੀ ਪ੍ਰੋਸੈੱਸ ਲਈ ਹੁੰਦੀ ਹੈ। ਤੁਸੀਂ ਲੰਬੀ ਤਾਰੀਖ ਲੈ ਸਕਦੇ ਹੋ ਜਿਸ 'ਚ ਤੁਸੀਂ ਕਈ ਆਪਸ਼ਨ ਤਬਦੀਲੀ ਲਈ ਵਰਤ ਸਕਦੇ ਹੋ। ਹਫਤਾ ਕੁ ਪਹਿਲਾਂ ਪੁਲਿਸ ਵੈਰੀਫੀਕੇਸ਼ਨ ਹੋ ਗਈ ਅਤੇ ਰਜਿਸਟ੍ਰੇਸ਼ਨ ਕੰਨਫਰਮ ਦਾ ਮੈਸੇਜ਼ ਆ ਗਿਆ। ਇਸ ਤੋਂ ਬਾਅਦ ਬਿਉਰੋ ਆਫ ਇਮੀਗ੍ਰੇਸ਼ਨ ਇੰਡੀਆ ਵਲੋਂ ਜਾਰੀ ਕੰਨਫਰਮਿਡ ਉਇਲੈਕਟਰੋਨਿਕ ਟਰੇਵਲ ਆਥੋਰਾਈਜ਼ੇਸ਼ਨ" (ਈ.ਟੀ.ਏ) ਫਾਰਮ ਦਾ ਪ੍ਰਿੰਟਲੈਣਾ ਹੁੰਦਾ ਹੈ ਅਤੇ 75 ਘੰਟੇ ਪਹਿਲਾਂ ਕੋਵਿਡ ਰੈਪਿਡ ਟੈਸਟ ਨੈਗੇਟਿਵ ਦੀ ਰਿਪੋਰਟ ਕਰਾਉਣੀ ਹੁੰਦੀ ਹੈ , ਜੋ ਜਰੂਰੀ ਹੈ। ਅਸੀਂ ਭੁਲੇਖੇ 'ਚ ਈ.ਟੀ.ਏ. ਪ੍ਰਿੰਟ ਲੈ ਕੇ ਨਹੀਂ ਗਏ, ਡੇਰਾ ਬਾਬਾ ਨਾਨਕ ਦੀ ਪਹਿਲੀ ਚੈੱਕ ਪੋਸਟ ਤੇ ਹੀ ਸਾਨੂੰ ਦਸਤਾਵੇਜ਼ ਦੇਖ ਕੇ ਈ.ਟੀ.ਏ. ਫਾਰਮ ਨੇੜੇ ਹੀ ਦੁਕਾਨ ਤੋਂ ਕਢਵਾ ਕੇ ਲਿਆਉਣ ਲਈ ਕਿਹਾ, ਜੋ ਬਹੁਤਾ ਸਮਾਂ ਨਹੀਂ ਲੱਗਿਆ। ਅਸੀਂ ਪਹਿਲੀ ਚੈੱਕ ਪੋਸਟ ਨੂੰ ਪਾਰ ਕਰ ਗਏ। ਅਗਲੀ ਚੈੱਕ ਪੋਸਟ ਤੇ ਪਾਸਪੋਰਟ, ਈ.ਟੀ.ਏ. ਫਾਰਮ ਚੈੱਕ ਕੀਤਾ। ਇਥੋਂ ਸਿੱਧੇ ਗੱਡੀ ਪਾਰਕਿੰਗ 'ਚ ਲੈ ਗਏ ਜੋ ਸਾਹਮਣੇ ਸ੍ਰੀ ਕਰਤਾਰਪੁਰ ਸਾਹਿਬ ਕੋਰੀਡੋਰ, ਆਈ.ਸੀ.ਪੀ. ਡੇਰਾ ਬਾਬਾ ਨਾਨਕ ਸੈੱਡ ਰੂਪੀ ਬਿਲਡਿੰਗ ਤੋਂ ਪਹਿਲਾਂ ਸੀ। ਪਾਰਕਿੰਗ 'ਚੋਂ ਅਸੀਂ ਅੰਦਰੋਂ ਅੰਦਰ ਹੀ ਬਿਲਕੁਲ ਨਾਲ ਇਮੀਗ੍ਰੇਸ਼ਨ ਬਿਲਡਿੰਗ ਵਿੱਚ ਪੁੱਜ ਗਏ। ਅਸੀਂ ਆਪਣੇ ਦਸਤਾਵੇਜ਼ ਚੈੱਕ ਕਰਾਉਣ ਲਈ ਵੱਖੋ-ਵੱਖਰੇ ਕਾਊਂਟਰਾਂ ਤੋਂ ਹੁੰਦੇ ਹੋਏ ਆਪਣੇ ਨਾਲ ਲਿਜਾ ਰਹੇ ਕਰੰਸੀ ਨੋਟਾਂ ਦੀ ਗਿਣਤੀ ਲਿਖਵਾਕੇ ਅਤੇ ਜੋ ਵੀ ਸਮਾਨ ਹੈ ਉਸਦੀ ਸਕੈਨ ਕਰਵਾ ਕੇ ਬੜੀ ਆਸਾਨੀ ਨਾਲ ਅਸੀਂ ਇਥੋਂ ਆਊਟ ਹੋ ਗਏ। ਪਾਸਪੋਰਟ ਕਈ ਥਾਵਾਂ ਤੇ ਚੈੱਕ ਜਰੂਰ ਕੀਤਾ ਜਾਂਦਾ ਹੈ ਪਰ ਇਸ ਉੱਪਰ ਕਿਸੇ ਕਿਸਮ ਦੀ ਕੋਈ ਐਂਟਰੀ ਨਹੀਂ ਹੁੰਦੀ । ਫਿੰਗਰ ਪ੍ਰਿੰਟ ਵੀ ਲਏ ਜਾਂਦੇ ਹਨ । ਬਾਹਰੀ ਗੇਟ ਤੋਂ ਨਿਕਲਦੇ ਹੀ ਬਾਹਰ ਇਧਰਲਾ ਈ-ਆਟੋ ਖੜ੍ਹਾ ਸੀ, ਉਸ ਵਿੱਚ ਬੈਠੇ ਤੇ ਬਾਰਡਰ ਤੇ ਪਹੁੰਚ ਗਏ। ਜਿਥੇ ਫੇਰ ਭਾਰਤੀ ਮਿਲਟਰੀ ਵਾਲਿਆਂ ਨੇ ਦਸਤਾਵੇਜ਼ ਚੈੱਕ ਕਰ ਕੇ ਜ਼ੀਰੋ ਲਾਈਨ ਪਾਰ ਕਰਨ ਦਿੱਤਾ ।ਨਾਲ ਹੀ ਪਾਕਿਸਤਾਨ ਦੀ ਧਰਤੀ ਤੇ ਉਨ੍ਹਾਂ ਦੇ ਆਟੋ ਖੜ੍ਹੇ ਹੁੰਦੇ ਹਨ, ਅਸੀਂ ਆਟੋ ਵਿੱਚ ਬੈਠ ਕੇ ਉਨ੍ਹਾਂ ਦੇ ਬਣੇ ਕੈਸ਼ ਐਕਚੇਂਜ ਅਤੇ ਪਕਿਸਤਾਨ ਸਰਕਾਰ ਦੀ ਵੀਹ ਡਾਲਰ ( ਅਮਰੀਕਨ) ਫੀਸ ਜਮ੍ਹਾਂ ਕਰਾਉਣ ਵਾਲੇ ਕਾਊਂਟਰਾਂ ਕੋਲ ਪੁੱਜ ਗਏ। ਭਾਰਤੀ ਕਰੰਸੀ ਬਦਲੇ ਉਧਰਲੀ ਦੁੱਗਣੀ ਕਰੰਸੀ ਮਿਲ ਗਈ ਜੋ ਲੋੜ ਮੁਤਾਬਿਕ ਅਸੀਂ ਲੈ ਲਈ। ਵੈਸੇ ਉਧਰ ਆਪਣੀ ਕਰੰਸੀ ਵੀ ਚਲਦੀ ਹੈ । ਪਕਿਸਤਾਨ ਇਮੀਗ੍ਰੇਸ਼ਨ ਵਿਭਾਗ ਵਲੋਂ ਵੱਖੋ- ਵੱਖਰੇ ਕਾਊਂਟਰਾਂ ਤੇ ਚੈਕਿੰਗ ਕਰਾਉਂਦੇ ਹੋਏ ਸਾਨੂੰ ਅਖੀਰ ਤੇ ਜਾ ਕੇ ਪੀਲਾ ਐਂਟਰੀ ਕਾਰਡ ਮਿਲ ਗਿਆਂ ਜੋ ਗਲੇ ਪਾਕੇ ਬਾਹਰ ਨਿਕਲਦਿਆਂ ਹੀ ਸਾਹਮਣੇ ਬੈਟਰੀ ਵਾਲੀ ਵੱਡੀ ਬਸ ਖੜ੍ਹੀ ਸੀ, ਉਸ ਵੱਲ ਹੋ ਗਏ ਅਜੇ ਸਵਾਰੀਆਂ ਘੱਟ ਸੀ ਐਨੇ ਫੋਟੋਆਂ ਖਿੱਚਦੇ ਰਹੇ। ਬਸ ਸਵਾਰੀ ਪੂਰੀ ਹੋਣ ਤੇ ਚਲ ਪਈ, ਅਸੀਂ ਰਾਵੀ ਉਪਰੋਂ ਨਵੇਂ ਲਾਏ ਪੁਲ ਉੱਪਰੋਂ ਲੰਘ ਰਹੇ ਆਲੇ ਦੁਆਲੇ ਕਿਤੇ-ਕਿਤੇ ਖੇਤ ਵਾਹੇ ਹੋਏ ਅਤੇ ਬਹੁਤੀ ਥਾਂ ਉੱਚਾ ਸਰਾਕੜਾ ਉੱਗਿਆ ਨਜ਼ਾਰਾ ਦੇਖ ਰਹੇ ਸੀ। ਕਿਤੇ ਕਿਤੇ ਸੋਲਰ ਸਿਸਟਮਵਾਲੇ ਟਿਊਬਵੈੱਲ ਸਨ। ਸੜਕ ਦੇ ਆਲੇ ਦੁਆਲੇ ਅਤੇ ਗੁਰਦੁਆਰਾ ਸਾਹਿਬ ਕੰਪਲੈਕਸ ਦੇ ਆਲੇ ਦੁਆਲੇ ਕੰਡਿਆਲੀ ਤਾਰ ਲੱਗੀ ਹੋਈ ਹੈ। ਬਸ ਸਕਿਊਰਟੀ ਗੇਟ ਦਾਖਲ ਹੋ ਕੇ ਰਿਸੈਪਸ਼ਨ ਕੇਂਦਰ ਨੇੜੇ ਰੁੱਕੀ ਸਾਰੇ ਯਾਤਰੂ ਵਾਰੀ ਮੁਤਾਬਕ ਦਸਤਾਵੇਜ਼ ਦਿਖਾ ਕੇ ਦਰਸ਼ਨੀ ਡਿਊੜੀ 'ਚ ਦਾਖਲ ਹੋਏ ਤਾਂ ਪਹਿਲਾਂ ਤੋਂ ਹੀ ਸਕਿਊਰਟੀ ਵਾਲਾ ਜਵਾਨ ਸਵਾਗਤ ਲਈ ਖੜ੍ਹਾ ਸੀ ਜਿਸ ਨੇ ਬੜੇ ਪਿਆਰ ਨਾਲ ਜੀ ਆਇਆਂ ਕਹਿਆਅਤੇ ਸਾਰੇ ਯਾਤਰੂਆਂ ਨੂੰ ਬਹੁਤ ਨਿਮਰਤਾ ਨਾਲ ਦਰਸ਼ਨ ਕਰਨ ਲਈ ਅੱਗੇ ਜਾਣ, ਸੰਖੇਪ ਇਤਿਹਾਸ, ਵਾਸ਼ ਰੂਮਜ਼, ਲੰਗਰ ਆਦਿ ਬਾਰੇ ਸਮਝਾ ਕੇ ਸਾਡੇ ਲਈ ਇਸ ਦਿਨ ਸ਼ੁਭ ਕਾਮਨਾਵਾਂ ਪ੍ਰਗਟ ਕਰੀਆਂ। ਕੋਰੀਡੋਰ ਦੇ ਅੰਦਰ ਸੋਹਣੀ ਦਿੱਖ ਨੂੰ ਬਰਕਰਾਰ ਰੱਖਣ ਲਈ ਘਾਹ ਬੂਟਿਆਂ ਨੂੰ ਹੱਥ ਵਾਲੀਆਂ ਬਿਜਲਈ ਮਸ਼ੀਨਾਂ ਨਾਲ ਜ਼ੋਰ ਸ਼ੋਰ ਕੱਟਿਆ ਜਾ ਰਿਹਾ ਸੀ। ਇਥੇ ਹੀ ਬਣੇ ਜੌੜਾ ਘਰ ਵਿੱਚ ਜੁੱਤੇ ਜਮ੍ਹਾਂ ਕਰਵਾਏ ਅਤੇ ਗੁਰਦੁਆਰਾ ਸਾਹਿਬ ਦੇ ਦਰਸ਼ਨਾਂ ਲਈ ਚਲ ਪਏ। ਇਥੋਂ ਖੱਬੇ ਹੱਥ ਅੱਗੇ ਵਰਾਂਡੇ ਤੋਂ ਹੇਠਾਂ ਨੂੰ ਸਰੋਵਰ ਬਣਿਆ ਹੋਇਆ ਹੈ। ਸਾਰਾ ਹੀ ਖੁੱਲ੍ਹਾ ਆਲਾ ਦੁਆਲਾ ਪੱਕਾ ਅਤੇ ਸਫਾਈ ਦਾ ਵਧੀਆ ਪ੍ਰਬੰਧ ਸੀ। ਐਨ ਗੁਰਦੁਆਰਾ ਨਜ਼ਦੀਕ ਮੁਸਲਮਾਨ ਭਾਈਚਾਰੇ ਵਲੋਂ ਬਾਬੇ ਨਾਨਕ ਦੀ ਯਾਦ 'ਚ ਮਜ਼ਾਰ ਬਣਾਈ ਹੋਈ ਹੈ । ਗੁਰਦੁਆਰਾ ਸਾਹਿਬ ਦੇ ਅੰਦਰ ਵੜਦਿਆਂ ਬਾਬਾ ਨਾਨਕ ਦੀ ਸਮਾਧ ਬਣੀ ਹੋਈ, ਪੌੜੀ ਚੜ੍ਹ ਕੇ ਸ਼ਾਨਦਾਰ ਸੁਨਿਹਰੀ ਪਾਲਕੀ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਹਨ , ਸ੍ਰੀ ਸੁਖਮਣੀ ਸਾਹਿਬ ਦੇ ਪਾਠ ਹੋ ਰਹੇ ਸੀ। ਬਾਣੀ ਦਾ ਆਨੰਦ ਮਾਣਿਆ, ਸੁਨੀਲ ਦੁੱਗਲ ਨੇ ਤਾਂ ਆਪਣੀ ਕਨੇਡਾ ਬੈਠੀ ਬੇਟੀ ਅਤੇ ਨਾਭੇ ਆਪਣੀ ਹਮਸਫਰ ਨੀਲਮ ਦੁੱਗਲ ਨੂੰ ਵੀ ਲਾਈਵ ਦਰਸ਼ਨ ਕਰਵਾ ਦਿੱਤੇ। ਤਕਰੀਬਨ ਸਾਢੇ ਬਾਰ੍ਹਾਂ ਭੋਗ ਪੈਣ ਉਪਰੰਤ ਅਰਦਾਸ 'ਚ ਸਮੂਲੀਅਤ ਕੀਤੀ। ਗ੍ਰੰਥੀ ਸਿੰਘ ਨੇ ਅਨਾਊਂਸ ਕੀਤਾ ਜੇ ਕਿਸੇ ਨੇ ਸੰਗਤ 'ਚੋਂ ਕੀਰਤਨ ਕਰਨਾ ਹੈ ਤਾ ਉਹ ਕਰ ਸਕਦਾ ਹੈ। ਸੰਗਤ 'ਚ ਪੂਨੇ ਤੋਂ ਆਇਆ ਇੱਕ ਜੱਥਾ ਕੀਰਤਨ ਕਰਨ ਲੱਗ ਪਿਆ। ਪ੍ਰਸ਼ਾਦਿ ਲੈਣ ਉਪਰੰਤ ਅਸੀਂ ਲੋੜ ਮੁਤਾਬਕ ਸੁੱਕਾ ਪ੍ਰਸ਼ਾਦਿ ਲੈ ਲਿਆ। ਜ਼ਿਆਦਾ ਮੁਸਲਮਾਨ ਵੀਰ ਹੀ ਸੇਵਾਦਾਰ ਦੀਆਂ ਡਿਊਟੀਆਂ ਨਿਭਾ ਰਹੇ ਨੇ। ਬਾਹਰ ਆਕੇ ਨਜਦੀਕ ਹੀ ਗੁਰੂ ਨਾਨਕ ਦੇਵ ਜੀ ਵਲੋਂ ਖੇਤਾਂ ਨੂੰ ਪਾਣੀ ਲਾਉਣ ਵਾਲੇ ਖੂਹ ਦੇ ਦਰਸ਼ਨ ਕੀਤੇ।









ਹੁਣ ਅਸੀਂ ਲੰਗਰ ਛੱਕਣ ਲੰਗਰ ਹਾਲ ਵੱਲ ਚਲ ਪਏ ਜੋ ਬਹੁਤ ਹੀ ਸ਼ਾਨਦਾਰ ਬਣਿਆ ਹੋਇਆ ਹੈ, ਜ਼ਿਆਦਾਤਰ ਨਵੀਨਤਨ ਢੰਗ ਨਾਲ ਸਾਫਾਈ ਦਾ ਧਿਆਨ ਰੱਖਿਆ ਹੋਇਆ ਹੈ। ਲੰਗਰ ਛੱਕ ਕੇ ਅਸੀਂ ਜੌੜੇ ਘਰੋਂ ਜੁੱਤੇ ਪਹਿਨ ਕੇ ਮਾਰਕੀਟ ਚਲੇ ਗਏ ਜੋ ਅੰਦਰ ਲੰਗਰ ਹਾਲ ਦੇ ਪਿਛਾਂਹ ਹੈ। ਛੋਟੀ ਜਿਹੀ ਇਸ ਮਾਰਕੀਟ ਵਿੱਚ ਕਪੜਾ, ਡਰਾਈ ਫਰੂਟ, ਜੁੱਤੀਆਂ, ਜਨਰਲ ਸਟੋਰ, ਖਿਡਾਉਣੇ ਅਤੇ ਕੋਲਡ ਡਰਿੰਕਸ ਆਦਿ ਦੀਆਂ ਦੁਕਾਨਾਂ ਹਨ। ਅਸੀਂ ਲੋੜ ਮੁਤਾਬਕ ਮੁਲਤਾਨੀ ਹਲਵਾ ਦੇ ਡੱਬੇ ਲੈ ਲਏ । ਜ਼ਿਆਦਾ ਸਾਪਿੰਗ ਨਹੀਂ ਕੀਤੀ ਕਿਉਂ ਕਿ ਸਾਰਾ ਕੁਝ ਇਧਰੋਂ ਮਿਲਣ ਵਾਲੇ ਭਾਰਤੀ ਕਲਚਰ ਵਾਲਾ ਹੀ ਹੈ। ਤਕਰੀਬਨ ਤਿੰਨ ਵਜਦੇ ਨੂੰ ਅਸੀਂ ਵਾਪਸੀ ਦੀ ਤਿਆਰੀ ਕਰ ਰਿਸੈਪਸ਼ਨ ਤੇ ਪਹੁੰਚ ਗਏ । ਉਨ੍ਹਾਂ ਦੁਬਾਰਾ ਸਾਡੀ ਵਾਪਸੀ ਦੀ ਐਂਟਰੀ ਕਨਫਰਨ ਲਈ ਪਾਸਪੋਰਟ ਬਗੈਰਾ ਚੈਕ ਕਰ ਸਾਈਡ ਪਰ ਬਿਠਾ ਲਿਆ। ਐਨੇ ਨੂੰ ਬਸ ਆ ਗਈ ਅਤੇ ਸਾਨੂੰ ਜਾਣ ਦਿੱਤਾ ਗਿਆ। ਬਸ 'ਚ ਬੈਠ ਕਿੰਨਾ ਚਿਰ ਦਰਸ਼ਨੀ ਡਿਊੜੀ ਆਲੇ ਦੁਆਲੇ ਨੂੰ ਤੱਕਿਆ ਕਈ ਦੋਸਤਾਂ ਨੂੰ ਵੀਡੀਉ ਕਾਲ ਰਾਹੀਂ ਲਾਈਵ ਬਾਹਰੋਂ ਦਰਸ਼ਨ ਕਰਵਾਏ। ਬਸ ਨੱਕੋ ਨੱਕ ਭਰਨ ਤੇ ਤੁਰ ਪਈ। ਬਾਬੇ ਦੇ ਖੇਤਾਂ ਨੂੰ ਸ਼ਿਜਦਾ ਕਰਦੇ ਹੋਏ ਆਲੇ ਦੁਆਲੇ ਦਾ ਕੁਦਰਤੀ ਮਨਮੋਹਕ ਦ੍ਰਿਸ਼ ਦੇਖਦੇ ਹੋਏ ਪਾਕਿਸਤਾਨ ਟਰਮੀਨਲ ਤੇ ਪਹੁੰਚ ਗਏ।

ਕਾਗਜ਼ੀ ਕਾਰਵਾਈ, ਚੈਕਿੰਗ ਮਸ਼ੀਨਾਂ 'ਚ ਲੰਘਦੇ ਹੋਏ ਸਵੇਰ ਦੀ ਤਰ੍ਹਾਂ ਪਹਿਲਾਂ ਹੀ ਤਿਆਰ ਖੜ੍ਹੇ ਈ- ਆਟੋ 'ਚ ਸਵਾਰ ਹੋ ਕੇ ਲਾਂਘਾ ਪਾਰ ਕਰਕੇ ਆਪਣੇ ਦੇਸ਼ ਦੀ ਸਰ ਜ਼ਮੀਨ ਉੱਪਰ ਪਹੁੰਚ ਗਏ। ਸਾਡੀ ਵਾਪਸੀ ਤੇ ਕਾਗਜ਼ੀ ਕਾਰਵਾਈ, ਸਮਾਨ ਚੈਕਿੰਗ ਆਦਿ ਚੈਕਿੰਗ ਹੋਣ ਤੇ ਅਸੀਂ ਪਾਰਕਿੰਗ ਵੱਲ ਹੋ ਤੁਰੇ। ਸਾਰੇ ਅਧਿਕਾਰੀ ਬਹੁਤ ਵਧੀਆ ਢੰਗ ਨਾਲ ਪੇਸ਼ ਆਏ, ਕੋਈ ਦੇਰ ਨਹੀਂ ਲਾਈ ।ਇਥੋਂ ਅਸੀਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦਰਸ਼ਨ ਕਰਨ ਦਾ ਪ੍ਰੋਗਰਾਮ ਬਣਾਇਆ ਹੋਇਆ ਸੀ, ਅਜਨਾਲਾ ਤੋਂ ਸ੍ਰੀ ਅੰਮ੍ਰਿਤਸਰ ਸਾਹਿਬ ਸੜਕ ਦਾ ਟੋਇਆਂ ਨਾਲ ਮੰਦਾ ਹਾਲ ਹੈ, ਦੁੱਗਣਾ ਸਮਾਂ ਲੱਗ ਗਿਆ। ਇਥੇ ਲਾਈਟਾਂ ਲੱਗ ਗਈਆਂ, ਇਥੇ ਵਧੀਆ ਰੂਮ ਪਾਰਕਿੰਗ ਸਮੇਤ ਮਿਲ ਗਿਆ। ਮੈਂ ਥਕਾਵਟ ਕਾਰਨ ਥੋੜ੍ਹਾ ਨਿਢਾਲ ਹੋ ਗਿਆ ਅਤੇ ਕਮਰੇ 'ਚ ਆਰਾਮ ਲਈ ਲੇਟ ਗਿਆ। ਸੁਨੀਲ ਦੁੱਗਲ ਅਤੇ ਗੁਰਮੇਲ ਸਿੰਘ ਦੋਵੇਂ ਸ੍ਰੀ ਦਰਬਾਰ ਸਾਹਿਬ ਦਰਸ਼ਨ ਕਰਨ ਚਲੇ ਗਏ। ਮੈਂ ਅਤੇ ਗੁਰਮੇਲ ਸਿੰਘ ਸਵੇਰੇ ਸ੍ਰੀ ਦਰਬਾਰ ਸਾਹਿਬ ਨਤਮਸਤਕ ਹੋ ਆਏ। ਬੜੇ ਆਰਾਮ ਨਾਲ ਅਸੀਂ ਸਾਮ ਨੂੰ ਨਾਭੇ ਪਹੁੰਚ ਗਏ। ਸੱਚ ਮੁੱਚ ਇਹ ਯਾਤਰਾ ਜ਼ਿੰਦਗੀ ਦੇ ਆਖਰੀ ਪੜ੍ਹਾਅ ਤੇ ਕਰਕੇ ਮਨ ਨੂੰ ਸਕੂਨ ਮਿਲਿਆ। ਅਰਦਾਸ ਕਰਦੇ ਹਾਂ ਵਾਹਿਗੁਰੂ ਜੀ ਪਰਿਵਾਰਾਂ ਸਮੇਤ ਜਾਣ ਦੀ ਸਮ-ਰੱਥਾ, ਕ੍ਰਿਪਾਲਤਾ ਬਖਸ਼ਣ।



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਕਰਮਚਾਰੀ ਫੈਡਰੇਸ਼ਨ ਦੇ ਆਗੂਆਂ ਨੇ ਕੀਤੇ ਬਾਬਾ ਸਾਹਿਬ ਜੀ ਨੂੰ ਸ਼ਰਧਾ ਦੇ ਫੁੱਲ



**ਫਗਵਾੜਾ 6 ਦਸੰਬਰ (ਬੀ.ਕੇ. ਰੱਤੂ)** ਭਾਰਤੀ ਸੰਵਿਧਾਨ ਦੇ ਨਿਰਮ-ਾਤਾ, ਮਹਾਨ ਵਿਦਵਾਨ, ਯੁੱਗ ਪੁਰਸ਼, ਨਾਰੀ ਜਾਤੀ ਦੇ ਮੁਕਤੀਦਾਤਾ, ਵਿਸ਼ਵ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦਾ ਪ੍ਰੀ-ਨਿਰਵਾਣ ਦਿਵਸ ਮਿਤੀ 06 ਦਸੰਬਰ 2022 ਨੂੰ ਅਨੁਸੂਚਿਤ ਜਾਤੀਆਂ ਅਤੇ ਪੱ-ਛੜੀਆਂ ਸ਼੍ਰੇਣੀਆਂ ਕਰਮਚਾਰੀ ਫੈਡਰੇਸ਼ਨ ਪੰਜਾਬ (ਰਜਿ:) ਵਲੋਂ ਪਰਵਿੰਦਰ ਕੁਮਾਰ ਪ੍ਰਧਾਨ ਯੂਨਿਟ ਕਪੂਰਥਲਾ ਦੀ ਅਗਵਾਈ 'ਚ ਅੰਬੇਡਕਰ ਪਾਰਕ ਵਿਖੇ ਡਾ. ਬੀ.ਆਰ.ਅੰਬੇਡਕਰ ਜੀ ਸ਼ਰਧਾ ਦੇ ਫੁੱਲ ਭੇਂਟ ਕੀਤੇ ਅਤੇ ਸਰਕਾਰ ਤੋਂ ਮੰਗ ਕੀਤੀ ਹੈ ਕਿ 85ਵੀ ਸੰਵਿਧਾਨਿਕ ਸ਼ੋਧ ਲਾਗੂ ਕੀਤਾ ਜਾਵੇ ਅਤੇ 10.10.2014 ਦਾ ਗ਼ੈਰ ਸੰਵਿਧਾਨਕ ਪੱਤਰ ਰੱਦ ਕਰਨ ਲਈ ਸਰਕਾਰ ਨੂੰ ਅਪੀਲ ਕੀਤੀ ਗਈ।

ਇਸ ਸਮੇਂ ਵੱਖ-ਵੱਖ ਡਿਪਾਰਟਮੈਂਟ ਦੇ ਮੁਲਾਜ਼ਮਾਂ ਪ੍ਰਧਾਨ ਇੰਜੀ ਪਰਵਿੰਦਰ, ਕੁਮਾਰ, ਰਤਨ ਸਹੋਤਾ, ਦੀਪਕ, ਮਨਜੀਤ ਲਾਲ, ਨਿਤਿਨ, ਜਗਦੀਸ਼ ਆਦਿ ਮੁਲਾਜ਼ਮਾਂ ਨੇ ਵੀ ਬਾਬਾ ਸਾਹਿਬ ਜੀ ਨੂੰ ਸ਼ਰਧਾਂ ਦੇ ਫੁੱਲ ਭੇਂਟ ਕੀਤੇ ।

# ਪ੍ਰਸਿੱਧ ਟਿੱਕਟੋਕਰ ਮੇਘਾ ਠਾਕੁਰ ਦਾ ਹੋਇਆ ਦੇਹਾਂਤ

**ਟੋਰਾਂਟੋ**–ਪ੍ਰਸਿੱਧ ਇੰਡੋ-ਕੈਨੇਡੀਅਨ ਟਿੱਕਟੋਕਰ ਮੇਘਾ ਠਾਕੁਰ ਦਾ 21 ਸਾਲ ਦੀ ਉਮਰ 'ਚ ਅਚਾਨਕ ਦਿਹਾਂਤ ਹੋ ਗਿਆ। ਉਹ ਬਾਡੀ ਪਾਜ਼ੇਟੀਵਿਟੀ ਅਤੇ ਆਤਮ-ਵਿਸ਼ਵਾਸ ਦੇ ਸੰਦੇਸ਼ਾਂ ਨੂੰ ਫੈਲਾਉਣ ਲਈ ਜਾਣੀ ਜਾਂਦੀ ਸੀ। ਉਸ ਦੇ ਮਾਪਿਆਂ ਵੱਲੋਂ ਇੱਕ ਇੰਸਟਾਗ੍ਰਾਮ ਪੋਸਟ ਵਿੱਚ ਇਸ ਸਬੰਧੀ ਜਾਣਕਾਰੀ ਦਿੱਤੀ ਗਈ ਹੈ। ਟਿਕਟਾਕ 'ਤੇ 93,000 ਫਾਲੋਅਰਜ਼ ਵਾਲੀ ਬਰੈਂਪਟਨ-ਅਧਾਰਤ ਇੰਫਲੂਐਂਸਰ ਦਾ ਪਿਛਲੇ ਹਫ਼ਤੇ 21 ਸਾਲ ਦੀ ਉਮਰ ਵਿੱਚ ਦਿਹਾਂਤ ਹੋ ਗਿਆ। ਉਹ ਮੱਧ ਪ੍ਰਦੇਸ਼ ਦੇ ਇੰਦੌਰ ਦੀ ਰਹਿਣ ਵਾਲੀ ਸੀ। ਮੇਘਾ ਦੇ ਮਾਤਾ-ਪਿਤਾ ਨੇ ਦੁਖਦਾਈ ਘਟਨਾ ਨੂੰ ਸਾਂਝਾ ਕਰਦੇ ਹੋਏ ਲਿਖਿਆ, "ਭਾਰੇ ਦਿਲਾਂ ਨਾਲ ਅਸੀਂ ਦੱਸ ਰਹੇ ਹਾਂ ਕਿ ਸਾਡੇ ਜੀਵਨ ਦੀ ਰੋਸ਼ਨੀ, ਸਾਡੀ ਦਿਆਲੂ, ਦੇਖਭਾਲ ਕਰਨ ਵਾਲੀ ਅਤੇ ਸੁੰਦਰ ਧੀ ਮੇਘਾ ਠਾਕੁਰ ਦਾ 24 ਨਵੰਬਰ 2022 ਨੂੰ ਸਵੇਰੇ ਅਚਾਨਕ ਦਿਹਾਂਤ ਹੋ ਗਿਆ।' ਉਨ੍ਹਾਂ ਅੱਗੇ ਲਿਖਿਆ, 'ਮੇਘਾ ਇੱਕ ਆਤਮ-ਵਿਸ਼ਵਾਸੀ ਅਤੇ ਸੁਤੰਤਰ ਮੁਟਿਆਰ ਸੀ। ਉਸ ਨੂੰ ਬਹੁਤ ਯਾਦ ਕੀਤਾ ਜਾਵੇਗਾ। ਉਹ ਆਪਣੇ ਪ੍ਰਸ਼ੰਸਕਾਂ ਨੂੰ ਬਹੁਤ ਪਿਆਰ ਕਰਦੀ ਸੀ। ਇਸ ਸਮੇਂ ਅਸੀਂ ਮੇਘਾ ਲਈ ਤੁਹਾਡੇ ਆਸ਼ੀਰਵਾਦ ਦੀ ਬੇਨਤੀ ਕਰਦੇ ਹਾਂ। ਉਸਦੀ ਅਗਲੀ ਯਾਤਰਾ ਵਿੱਚ ਤੁਹਾਡੇ ਵਿਚਾਰ ਅਤੇ ਪ੍ਰਾਰਥਨਾਵਾਂ ਉਸ ਦੇ ਨਾਲ ਰਹਿਣਗੀਆਂ।' ਉਸ ਦੀ ਮੌਤ ਦਾ ਕਾਰਨ ਸਾਹਮਣੇ ਨਹੀਂ ਆਇਆ ਹੈ। ਮੰਗਲਵਾਰ ਨੂੰ ਉਸ ਦੀ ਯਾਦ ਵਿੱਚ ਸ਼ਰਧਾਂਜਲੀ ਸਭਾ ਦਾ ਆਯੋਜਨ ਕੀਤਾ ਗਿਆ। 18 ਨਵੰਬਰ ਨੂੰ ਪੋਸਟ ਕੀਤੀ ਗਈ ਉਸਦੀ ਆਖਰੀ ਟਿਕਟਾਕ ਵੀਡੀਓ ਦੀ ਕੈਪਸ਼ਨ ਸੀ: 'ਤੁਸੀਂ ਆਪਣੀ ਕਿਸਮਤ ਦੇ ਇੰਚਾਰਜ ਹੋ। ਯਾਦ ਰੱਖੋ।' ਵੀਡੀਓ ਵਿੱਚ ਮੇਘਾ ਨੇ ਸਲੇਟੀ ਅਤੇ ਬੇਜ ਰੰਗ ਦੀ ਮਿੰਨੀ ਡਰੈੱਸ, ਚਿੱਟੇ ਸੈਂਡਲ ਅਤੇ ਐਨਕ ਪਾਈ ਹੋਈ ਸੀ ਅਤੇ ਨਿਊਯਾਰਕ ਦੀਆਂ ਸੜਕਾਂ 'ਤੇ ਘੁੰਮ ਰਹੀ ਸੀ।



# ਕੈਪਟਨ ਤੇ ਜਾਖੜ ਭਾਜਪਾ ਦੀ ਕੌਮੀ ਵਰਕਿੰਗ ਕਮੇਟੀ ਦੇ ਮੈਂਬਰ ਨਿਯੁਕਤ

**ਚੰਡੀਗੜ੍ਹ–** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਸਾਬਕਾ ਸੰਸਦ ਮੈਂਬਰ ਸੁਨੀਲ ਜਾਖੜ ਨੂੰ ਭਾਜਪਾ ਨੇ ਵੱਡੀ ਜ਼ਿੰਮੇਵਾਰੀ ਦਿੰਦਿਆਂ ਰਾਸ਼ਟਰੀ ਕਾਰਜਕਾਰਨੀ ਦਾ ਮੈਂਬਰ ਨਿਯੁਕਤ ਕੀਤਾ



ਗਿਆ ਹੈ। ਭਾਜਪਾ ਦੇ ਰਾਸ਼ਟਰੀ ਪ੍ਰਧਾਨ ਜਗਤ ਪ੍ਰਕਾਸ਼ ਨੱਡਾ ਨੇ ਸ਼ੁੱਕਰਵਾਰ ਨੂੰ ਸੰਗਠਨਾਤਮਕ ਨਿਯੁਕਤੀਆਂ ਦਾ ਐਲਾਨ ਕੀਤਾ। ਕੈਪਟਨ ਤੇ ਜਾਖੜ ਇਸੇ ਸਾਲ ਕਾਂਗਰਸ ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋ ਗਏ ਹਨ।

ਭਾਜਪਾ ਦੇ ਕੌਮੀ ਜਨਰਲ ਸਕੱਤਰ ਅਤੇ ਹੈੱਡਕੁਆਰਟਰ ਇੰਚਾਰਜ ਅਰੁਣ ਸਿੰਘ ਵੱਲੋਂ ਜਾਰੀ ਕੀਤੀ ਗਈ ਸੂਚੀ ਅਨੁਸਾਰ ਪੰਜਾਬ ਤੋਂ ਰਾਣਾ ਗੁਰਮੀਤ ਸਿੰਘ ਸੋਢੀ, ਮਨੋਰੰਜਨ ਕਾਲੀਆ ਅਤੇ ਅਮਨਜੋਤ ਕੌਰ ਰਾਮੂਵਾਲੀਆ ਨੂੰ ਵੀ ਕੌਮੀ ਕਾਰਜਕਾਰਨੀ ਕਮੇਟੀ ਦਾ ਵਿਸ਼ੇਸ਼ ਸੱਦਾ ਦਿੱਤਾ ਗਿਆ ਹੈ। ਇਨ੍ਹਾਂ ਤੋਂ ਇਲਾਵਾ ਜੈਵੀਰ ਸ਼ੇਰਗਿੱਲ ਨੂੰ ਪੰਜਾਬ ਤੋਂ ਭਾਜਪਾ ਦਾ ਕੌਮੀ ਬੁਲਾਰਾ ਨਿਯੁਕਤ ਕੀਤਾ ਗਿਆ ਹੈ। ਇਹ ਸਾਰੀਆਂ ਨਿਯੁਕਤੀਆਂ ਤੁਰੰਤ ਪ੍ਰਭਾਵ ਨਾਲ ਲਾਗੂ ਹੋ ਗਈਆਂ ਹਨ। ਇਸ ਮੌਕੇ ਪੰਜਾਬ ਭਾਜਪਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਭਾਜਪਾ ਦੀ ਕੌਮੀ ਟੀਮ ਵਿੱਚ ਸ਼ਾਮਲ ਕੀਤੇ ਗਏ ਪੰਜਾਬ ਭਾਜਪਾ ਆਗੂਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਸਾਰੇ ਆਗੂ ਪੰਜਾਬ ਦੀਆਂ ਸਮੱਸਿਆਵਾਂ ਤੋਂ ਭਲੀ ਭਾਂਤ ਜਾਣੂ ਹਨ ਅਤੇ ਇਹ ਸਾਰੇ ਪੰਜਾਬ ਨਾਲ ਸਬੰਧਤ ਸਮੱਸਿਆਵਾਂ ਨੂੰ ਕੌਮੀ ਲੀਡਰਸ਼ਿਪ ਦੇ ਸਾਹਮਣੇ ਉ-ਜਾਗਰ ਕਰਨ ਜਾ ਰਹੇ ਹਨ। ਨੂੰ ਸੁਲਝਾਉਣ ਵਿੱਚ ਅਹਿਮ ਭੂਮਿਕਾ ਨਿਭਾਏਗੀ। ਇਨ੍ਹਾਂ ਆਗੂਆਂ ਅਤੇ ਕੌਮੀ ਲੀਡਰਸ਼ਿਪ ਦੇ ਤਾਲਮੇਲ ਦਾ ਪੰਜਾਬ ਭਾਜਪਾ ਨੂੰ ਵੀ ਕਾਫੀ ਲਾਭ ਮਿ-ਲੇਗਾ ਅਤੇ ਇਨ੍ਹਾਂ ਦੇ ਸਹਿਯੋਗ ਨਾਲ ਪੰਜਾਬ ਵਿੱਚ ਭਾਰਤੀ ਜਨਤਾ ਪਾਰਟੀ ਹੋਰ ਮਜ਼ਬੂਤ ਹੋਵੇਗੀ।


'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com







# ਭਾਰਤ ਅਤੇ ਅਮਰੀਕਾ ਮੋਢੇ ਨਾਲ ਮੋਢਾ ਲਾ ਕੇ ਕੰਮ ਕਰ ਰਹੇ-ਤਰਨਜੀਤ ਸਿੰਘ ਸੰਧੂ











ਰਿਪੋਰਟ ਅਤੇ ਤਸਵੀਰਾਂ- ਐਚ ਐਸ ਪ੍ਰੀਤ

ਭਾਰਤ ਤੇ ਅਮਰੀਕਾ ਦੇ ਸੰਬੰਧ ਪੂਰੀ ਮਜ਼ਬੂਤੀ ਨਾਲ ਸਿੱਖਰਾਂ 'ਤੇ ਹਨ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅਮਰੀਕਾ ਦੇ ਰਾਸ਼ਟਰਪਤੀ ਜੋ ਬਾਈਡਨ ਮਹੱਤਵਪੂਰਨ ਮੁੱਦਿਆਂ 'ਤੇ ਅਕਸਰ ਆਪਸ 'ਚ ਗੱਲਬਾਤ ਹੁੰਦੀ ਰਹਿੰਦੀ ਹੈ ਅਤੇ ਜੀ-20 ਸੰਮੇਲਨ ਭਾਰਤ ਲਈ ਬਹੁਤ ਮਹੱਤਵਪੂਰਨ ਹੋਵੇਗਾ । ਉਕਤ ਵਿਚਾਰਾਂ ਦਾ ਪ੍ਰਗਟਾਵਾ ਅਮਰੀਕਾ 'ਚ ਭਾਰਤ ਦੇ ਰਾਜਦੂਤ ਤਰਨਜੀਤ ਸਿੰਘ ਸੰਧੂ ਨੇ ਅੱਜ ਇਥੇ ਪ੍ਰਗਟ ਕੀਤੇ । ਉਨ੍ਹਾਂ ਕਿਹਾ ਕਿ ਭਾਰਤ ਤੇ ਅਮਰੀਕਾ ਇਸ ਵੇਲੇ ਤਕਰੀਬਨ ਸਾਰੇ ਮਹੱਤਵਪੂਰਨ ਕੰਮਾਂ ਵਿਚ ਮੋਢੇ ਨਾਲ ਮੋਢਾ ਲਾ ਕੇ ਕੰਮ ਕਰ ਰਿਹਾ ਹੈ । ਸ: ਤਰਨਜੀਤ ਸਿੰਘ ਸੰਧੂ ਅੱਜ ਇਥੇ ਕੈਂਟ ਇਵੈਂਟ ਸੈਂਟਰ ਵਿਖੇ ਸਿਆਟਲ ਦੇ ਪ੍ਰਸਿੱਧ ਕਾਰੋਬਾਰ ਸੈਮ ਵਿਰਕ ਦੇ ਸੱਦੇ ਉੱਤੇ ਰਾਤ ਦੇ ਖਾਣੇ 'ਤੇ ਇਥੇ ਪੰਜਾਬੀ, ਭਾਰਤੀ ਭਾਈਚਾਰੇ ਨੂੰ ਸੰਬੋਧਨ ਕਰ ਰਹੇ ਸਨ । ਉਨ੍ਹਾਂ ਖ਼ਾਸ ਕਰਕੇ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਮੁਲਕ ਵਿਚ ਵਿੱਦਿਅਕ ਖੇਤਰ ਵਿਚ ਵਧੇਰੇ ਨਿਵੇਸ਼ ਕਰਨ ਤਾਂ ਜੋ ਸਾਡੀਆਂ ਅਗਲੀਆਂ ਪੀੜ੍ਹੀਆਂ ਪੂਰੀ ਤਰ੍ਹਾਂ ਸਿੱਖਿਅਤ ਹੋ ਸਕਣ।

ਬਾਅਦ ਵਿਚ 'ਅਜੀਤ' ਨਾਲ ਖ਼ਾਸ ਗੱਲਬਾਤ ਕਰਦਿਆਂ ਉਨ੍ਹਾਂ ਦੱਸਿਆ ਕਿ ਸਿਆਟਲ ਦੇ ਭਾਰਤੀ ਭਾਈਚਾਰੇ ਦੀ ਕਾਫ਼ੀ ਸਮੇਂ ਤੋਂ ਮੰਗ ਸੀ ਕਿ ਸਿਆਟਲ ਵਿਚ ਕੌਂਸਲੇਟ ਦਫ਼ਤਰ ਖੋਲ੍ਹਿਆ ਜਾਵੇ ਤਾਂ ਜੋ ਇਸ ਖੇਤਰ ਦੇ ਲੋਕਾਂ ਨੂੰ ਵੀਜ਼ਾ ਲੈਣ ਲਈ ਸਨਫਰਾਂਸਿਸਕੋ ਨਾ ਜਾਣਾ ਪਵੇ । ਉਨ੍ਹਾਂ ਦੱਸਿਆ ਕਿ ਇਸ ਵਿਸ਼ੇ 'ਤੇ ਅਮਰੀਕਾ ਸਰਕਾਰ ਨਾਲ ਗੱਲਬਾਤ ਚੱਲ ਰਹੀ ਹੈ ਤੇ ਜਲਦੀ ਹੀ ਇਹ ਮੰਗ ਪੂਰੀ ਹੋ ਜਾਵੇਗੀ । ਸਮਾਗਮ ਵਿਚ ਸਨਫਰਾਂਸਿਸਕੋ ਕੌਂਸਲੇਟ ਦਫ਼ਤਰ ਦੇ ਕੌਂਸਲ ਜਨਰਲ ਡਾ. ਨਗਿੰਦਰ ਪ੍ਰਸਾਦ ਨੇ ਤਰਨਜੀਤ ਸਿੰਘ ਸੰਧੂ ਨੂੰ ਜੀ ਆਇਆਂ ਆਖਦਿਆਂ ਕਿਹਾ ਕਿ ਸਿਆਟਲ ਦੇ ਲੋਕ ਬੜੇ ਚਿਰਾਂ ਤੋਂ ਤੁਹਾਡਾ ਇੰਤਜ਼ਾਰ ਕਰ ਰਹੇ ਸਨ । ਇਸ ਮੌਕੇ ਸਿਆਟਲ ਦੀ ਚਰਚਿਤ ਸ਼ਖ਼ਸੀਅਤ ਹਰਦੇਵ ਸਿੰਘ ਜੱਜ ਨੇ ਬੋਲਦੇ ਭਾਰਤੀ ਰਾਜਦੂਤ ਅੱਗੇ ਕੁਝ ਅਹਿਮ ਨੁਕਤੇ ਰੱਖਦੇ ਕਿਹਾ ਕਿ ਭਾਰਤ ਸਰਕਾਰ ਨੂੰ ਅਮਰੀਕਾ ਦੀਆਂ ਕੁਝ ਚੋਣਵੀਆਂ ਯੂਨੀਵਰਸਿਟੀਆਂ ਨਾਲ ਗੱਲ ਕਰ ਕੇ ਭਾਰਤ ਤੇ ਅਮਰੀਕਾ ਵਲੋਂ ਸਾਂਝੇ ਤੌਰ 'ਤੇ ਇਕ ਐਸੀ ਏਜੰਸੀ ਬਣਨੀ ਚਾਹੀਦੀ ਹੈ ਜੋ ਭਾਰਤ ਵਿਚ ਉੱਚ ਡਿਗਰੀ, ਚਾਹੇ ਡਾਕਟਰ, ਇੰਜੀਨੀਅਰ, ਵਿਗਿਆਨੀ ਜਾਂ ਕੋਈ ਹੋਰ ਖੇਤਰ ਨਾਲ ਸੰਬੰਧਿਤ ਡਿਗਰੀ ਹੋਵੇ, ਉਸ ਨੂੰ ਮੁੜ ਅਮਰੀਕਾ ਆ ਕੇ 2 ਜਾਂ 3 ਸਾਲ ਦੀ ਫੇਰ ਡਿਗਰੀ ਨਾ ਕਰਨੀ ਪਵੇ । ਜਦੋਂ ਉਸ ਨੇ ਅਮਰੀਕਾ ਆਉਣਾ ਹੋਵੇ ਤਾਂ ਉਸ ਨੂੰ ਪਹਿਲਾਂ ਹੀ ਸਾਰਾ ਕੁਝ ਸਾਫ਼ ਹੋਵੇ ਤਾਂ ਕਿ ਉਸ ਦਾ ਹੋਰ ਸਮਾਂ ਖ਼ਰਾਬ ਨਾ ਹੋਵੇ ।

ਇਸ ਤੋਂ ਇਲਾਵਾ ਕੈਂਟ ਸਿਟੀ ਦੀ ਮੇਅਰ ਡਾਨਾ ਰਾਲਫ਼ ਅਤੇ ਕੈਂਟ ਸਿਟੀ ਪੁਲਿਸ ਮੁਖੀ ਸ਼ੈਫ ਰਾਫਲ ਨੇ ਵੀ ਉੱਚੇਚੇ ਤੌਰ 'ਤੇ ਭਾਰਤੀ ਰਾਜਦੂਤ ਦਾ ਸਵਾਗਤ ਕੀਤਾ। ਇਸ ਮੌਕੇ ਸਮਾਗਮ ਨੂੰ ਇੰਡੋ-ਅਮੈਰਿਕਨ ਫਰੈਂਡਸ਼ਿਪ ਕਲੱਬ ਦੇ ਪ੍ਰਧਾਨ ਡਾ. ਵਿਜੇ ਮਾਥਰ, ਰੁਪਿੰਦਰ ਢੀਂਡਸਾ, ਮਿਸ ਅਮੈਰਿਕਾ 2021, ਸ੍ਰੀ ਸੈਣੀ, ਜਗਦੀਸ਼ ਸ਼ਰਮਾ, ਗੁਰਦੀਪ ਸਿੰਘ ਸਿੱਧੂ ਅਤੇ ਹਰਦੇਵ ਸਿੰਘ ਜੱਜ ਨੇ ਵੀ ਸੰਬੋਧਨ ਕੀਤਾ । ਇਸ ਮੌਕੇ ਸੈਮ ਵਿਰਕ ਵਲੋਂ ਤਰਨਜੀਤ ਸਿੰਘ ਸੰਧੂ ਅਤੇ ਡਾ. ਨਗੇਂਦਰ ਪ੍ਰਸਾਦ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ । ਬਾਅਦ ਵਿਚ ਤਰਨਜੀਤ ਸਿੰਘ ਸੰਧੂ ਨੇ ਮਾਈਕਰੋਸੋਫਟ ਦੇ ਸੀ.ਈ.ਓ. ਅਤੇ ਬੋਇੰਗ ਅਤੇ ਕੁਝ ਯੂਨੀਵਰਸਿਟੀਆਂ ਦੇ ਮੁਖੀਆਂ ਨਾਲ ਵੀ ਵਿਸ਼ੇਸ਼ ਮੁਲਾਕਾਤ ਕੀਤੀਆਂ ।

ਇਸ ਮੌਕੇ ਸਟੇਜ ਦੀ ਕਾਰਵਾਈ ਡਾ. ਬੌਬੀ ਵਿਰਕ ਨੇ ਚਲਾਈ । ਸਮਾਗਮ 'ਚ ਸ਼੍ਰੋਮਣੀ ਅਕਾਲੀ ਦਲ ਵਾਸ਼ਿੰਗਟਨ ਸਟੇਟ ਦੇ ਪ੍ਰਧਾਨ ਚੇਤ ਸਿੰਘ ਸਿੱਧੂ, ਸਰਪ੍ਰਸਤ ਸੁਖਮਿੰਦਰ ਸਿੰਘ ਰੱਖੜਾ, ਪ੍ਰਸਿੱਧ ਕਾਰੋਬਾਰੀ ਜਤਿੰਦਰ ਸਿੰਘ ਸਪਰਾਏ, ਗੁਰਦੁਆਰਾ ਰੈਂਟਨ ਦੇ ਪ੍ਰਧਾਨ ਮਾਸਟਰ ਦਲਬੀਰ ਸਿੰਘ, ਮੀਤ ਪ੍ਰਧਾਨ ਬਲਦੇਵ ਸਿੰਘ ਛੀਨਾ, ਕਮਲ ਸਿੱਧੂ, ਸੁਖਵਿੰਦਰ ਸਿੰਘ ਸਿੱਧੂ, ਰਸ਼ਪਾਲ ਸਿੰਘ ਸੰਧੂ, ਦਯਾਬੀਰ ਸਿੰਘ ਬਾਠ, ਡਾ. ਹਰਚੰਦ ਸਿੰਘ, ਹੀਰਾ ਸਿੰਘ ਭੁੱਲਰ, ਓਂਕਾਰ ਭੰਡਾਲ, ਡਾ. ਪਰਮਿੰਦਰ ਸਿੰਘ ਬੈਨੀਪਾਲ, ਦਵਿੰਦਰ ਸਿੰਘ ਬਿੱਲਾ, ਮਨਜੀਤ ਸਿੰਘ ਇਨਸ਼ੋਰੈਂਸ, ਹਰਦੀਪ ਗਿੱਲ, ਕਿੰਦਰਬੀਰ ਸਿੰਘ, ਗਾਇਕ ਅਵਤਾਰ ਬਿੱਲਾ, ਰਣਜੀਤ ਤੇਜੀ, ਬਲਜੀਤ ਸੋਹਲ, ਹਾਕਮ ਗਰੇਵਾਲ, ਜਗਦੇਵ ਸੰਧੂ, ਹਰਪਾਲ ਸਿੱਧੂ, ਕਰਨ ਸਿੱਧੂ ਆਦਿ ਹਾਜਰ ਸਨ।

# ਮਿਸਨ ਪੇਅ ਬੈਕ ਟੂ ਸੋਸਾਇਟੀ ਨੇ ਭਾਰਤ ਰਤਨ ਡਾਕਟਰ ਭੀਮ ਰਾਓ ਅੰਬੇਡਕਰ ਦਾ ਪ੍ਰੀਨਿਰਵਾਣ ਦਿਵਸ ਮਨਾਇਆ



ਮਿਸਨ ਪੇਅ ਬੈਕ ਟੂ ਸੋਸਾਇਟੀ ਵਲੋਂ ਭਾਰਤ ਰਤਨ ਡਾਕਟਰ ਭੀਮ ਰਾਓ ਅੰਬੇਡਕਰ ਦਾ ਪ੍ਰੀਨਿਰਵਾਣ ਦਿਵਸ ਸਿਖਿਆ ਕੇਂਦਰ ਕਥੇੜਾ ਨੰਗਲ ਵਿੱਚ ਮਨਾਇਆ ਗਿਆ। ਇਸ ਸਬੰਧੀ ਕਰਵਾਏ ਗਏ ਇੱਕ ਸਮਾਗਮ ਵਿੱਚ ਮਿਸਨ ਪੇਅ ਬੈਕ ਟੂ ਸੋਸਾਇਟੀ ਆਗੂ ਡਾਕਟਰ ਜੇ ਐਸ ਕਹਿਲ, ਡਾਕਟਰ ਹਰਪ੍ਰੀਤ ਕਹਿਲ, ਕੁਲਦੀਪ ਚੰਦ ਦੋਭੇਟਾ, ਇੰਸਪੈਕਟਰ ਕੈਲਾਸ਼ ਕੁਮਾਰ, ਨੰਦ ਲਾਲ, ਅਸ਼ੋਕ ਕੁਮਾਰ, ਸਤੀਸ਼ ਕੁਮਾਰ ਸੰਤੋਖਗੜ੍ਹ, ਰਜਿੰਦਰ ਕੁਮਾਰ, ਮਲਕੀਅਤ, ਅਸਵਨੀ ਕੁਮਾਰ, ਰੋਹਿਤ ਕੁਮਾਰ, ਅਵਿਨਾਸ਼, ਸ਼ਸ਼ੀ ਕੁਮਾਰ, ਐਜੂਕੇਸ਼ਨ ਸੈਂਟਰ ਕੋਆਰਡੀਨੇਟਰ ਪਵਨ ਕੁਮਾਰ, ਸੁਰੇਸ ਕੁਮਾਰ, ਰਾਜ ਕੁਮਾਰ, ਸੈਂਟਰ ਇੰਚਾਰਜ ਮੈਡਮ ਨੀਰਜ ਬਾਲਾ ਅਤੇ ਹਾਜਰ ਵਿਦਿਆਰਥੀਆਂ ਨੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾਕਟਰ ਅੰਬੇਡਕਰ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਬਾਬਾ ਸਾਹਿਬ ਦੇ ਜੀਵਨ ਅਤੇ ਮਿਸ਼ਨ ਬਾਰੇ ਜਾਣਕਾਰੀ ਦਿਤੀ।ਵੱਖ ਵੱਖ ਬੁਲਾਰਿਆਂ ਨੇ ਅਪਣੇ ਸੰਬੋਧਨ ਵਿੱਚ ਕਿਹਾ ਕਿ ਅੱਜ ਅਜਾਦੀ ਦੇ 75 ਸਾਲਾਂ ਬਾਦਵੀ ਵੱਖ ਵੱਖ ਸਰਕਾਰਾਂ ਦੀਆਂ ਮਾੜੀਆਂ ਨੀਤੀਆਂ ਕਾਰਨ ਲੋਕ ਭਲਾਈ ਵਿਸੇਸ ਤੋਰ ਤੇ ਮਹਿਲਾਵਾਂ-ਬੱਚਿਆਂ, ਦਲਿਤਾਂ, ਪੱਛੜੇ ਵਰਗਾਂ, ਧਾਰਮਿਕ ਘੱਟ ਗਿਣਤੀਆਂ ਦੇ ਵਿਕਾਸ ਦੀਆਂ ਸਕੀਮਾਂ ਲਾਗੂ ਨਹੀਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾ ਕਿਹਾ ਕਿ ਕਈ ਵਿਅਕਤੀਆਂ ਅਤੇ ਸੰਸਥਾਵਾਂ ਵਲੋਂ ਭਾਰਤੀ ਸੰਵਿਧਾਨ ਬਦਲਣ ਦੀਆਂ ਕੋਝੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ ਜਿਸਨੂੰ ਕਿਸੇ ਵੀ ਕੀਮਤ ਤੇ ਸਹਿਣ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਵਲੋਂ ਦੱਬੇ ਕੁਚਲੇ ਵਰਗਾਂ ਦੀ ਭਲਾਈ ਲਈ ਕੀਤੇ ਗਏ ਯਤਨਾਂ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ ਹੈ। ਇਨ੍ਹਾਂ ਕਿਹਾ ਕਿ ਸਦੀਆਂ ਤੋਂ ਦੇਸ ਵਿੱਚ ਪ੍ਰਚਲਿਤ ਗੈ ਰਬਰਾਬਰੀ ਨੂੰ ਕਨੂੰਨੀ ਤੋਰ ਤੇ ਦੂਰਕਰਨ ਲਈ ਡਾਕਟਰ ਅੰਬੇਡਕਰ ਦੀ ਮਿਹਨਤ ਨਾਲ ਭਾਰਤੀ ਸੰਵਿਧਾਨ ਤਿਆਰ ਕੀਤਾ ਗਿਆ ਸੀ ਜੋ ਕਿ ਹਰ ਦੇਸ਼ ਵਾਸੀ ਨੂੰ ਬਰਾਬਰਤਾ ਦਾ ਦਰਜ਼ਾ ਦਿੰਦਾ ਹੈ। ਦੇਸ ਵਿੱਚ ਪ੍ਰਚੱਲਿਤ ਰਹੀਆਂ ਕੁਰਿਤੀਆਂ ਜਿਨ੍ਹਾਂ ਵਿੱਚ ਧਰਮ, ਜਾਤ ਅਤੇ ਲਿੰਗ ਦੇ ਅਧਾਰ ਤੇ ਲੋਕਾਂ ਨਾਲ ਵਿਤਕਰਾ ਕੀਤਾ ਜਾਂਦਾ ਸੀ ਹੁਣ ਕਨੂੰਨੀ ਤੋਰ ਤੇ ਅਜਿਹਾ ਕਰਨਾ ਜੁਰਮ ਕਰਾਰ ਦਿਤਾ ਗਿਆ ਹੈ। ਸਦੀਆਂ ਤੋਂ ਦੱਬੇ ਕੁਚਲੇ ਵਰਗਾਂ ਨੂੰ ਸੰਵਿਧਾਨਿਕ ਤੋਰ ਤੇ ਕੁੱਝ ਰਿਆਇਤਾਂ ਦਿਤੀਆਂ ਗਈਆਂ ਹਨ। ਭਾਰਤੀ ਸਮਾਜ ਵਿੱਚ ਕਈ ਥਾਵਾਂ ਤੇ ਮਹਿਲਾਵਾਂ ਨਾਲ ਵੀ ਵਿਤਕਰਾ ਹੁੰਦਾ ਸੀ ਪਰੰਤੂ ਸੰਵਿਧਾਨਕ ਤੋਰ ਤੇ ਮਹਿਲਾਵਾਂ ਨੂੰ ਬਰਾਬਰਤਾ ਦਾ ਹੱਕ ਮਿਲਿਆ ਹੈ। ਉਨ੍ਹਾਂ ਕਿਹਾ ਕਿ ਬੇਸ਼ੱਕ ਸੰਵਿਧਾਨ ਲਾਗੂ ਹੋਇਆਂ ਲੱਗਭੱਗ ਸੱਤ ਦਹਾਕੇ ਬੀਤ ਗਏ ਹਨ ਫਿਰ ਵੀ ਇਸਨੂੰ ਲਾਗੂ ਕਰਨ ਵਾਲਿਆਂ ਦੀ ਅਣਗਹਿਲੀ ਕਾਰਨ ਸਮਾਜ ਦੇ ਕਈ ਵਰਗਾਂ ਨੂੰ ਬਣਦੀਆਂ ਸਹੂਲਤਾਂ ਨਹੀਂ ਮਿਲ ਰਹੀਆਂ ਹਨ ਜਿਸ ਕਾਰਨ ਅਜੇ ਵੀ ਦੇਸ਼ ਦੇ ਕੁੱਝ ਭਾਗਾਂ ਵਿੱਚ ਵਿਤਕਰਾ ਅਤੇ ਅਤਿੱਆਚਾਰ ਹੋ ਰਿਹਾ ਹੈ ਅਤੇ ਇਸ ਲਈ ਇਸ ਦੇਸ਼ ਦੇ ਹਾਕਮਰਾਨ ਅਤੇ ਨੀਤੀਆਂ ਲਾਗੂ ਕਰਨ ਵਾਲੇ ਲੋਕ ਹੀ ਦੋਸ਼ੀ ਹਨ। ਉਨ੍ਹਾਂ ਮੰਗ ਕੀਤੀ ਕਿ ਲੋਕ ਭਲਾਈ ਸਕੀਮਾਂ ਵਿੱਚ ਅੜ੍ਹਿਕਾ ਬਣਨ ਵਾਲੇ ਅਧਿਕਾਰੀਆਂ ਅਤੇ ਰਾਜਨੀਤੀਵਾਨਾਂ ਖਿਲਾਫ ਸੱਖਤ ਕਾਰਵਾਈ ਹੋਣੀ ਚਾਹੀਦੀ ਹੈ।

ਉਨ੍ਹਾਂ ਨੇ ਬੱਚਿਆਂ ਨੂੰ ਪੜਾਈ ਦੇ ਮਹੱਤਵ ਬਾਰੇ ਦੱਸਿਆ। ਉਨ੍ਹਾਂ ਕਿਹਾ ਕਿ ਸਮਾਜ ਦੇ ਵਿਕਾਸ ਲਈ ਸਹੀ ਅਤੇ ਪੂਰੀ ਸਿੱਖਿਆ ਹਰ ਬੱਚੇ ਤੱਕ ਪਹੁੰਚਾਣ ਲਈ ਸਾਨੂੰ ਸਭ ਨੂੰ ਕੰਮ ਕਰਨਾ ਪਵੇਗਾ ਅਤੇ ਇਸ ਲਈ ਮਿਸਨ ਪੇਅ ਬੈਕ ਟੂ ਸੋਸਾਇਟੀ ਵਲੋਂ ਵਿਸ਼ੇਸ ਟਿਊਸ਼ਨ ਸੈਂਟਰ ਚਲਾਏ ਜਾ ਰਹੇ ਹਨ ਜਿਸ ਵਿੱਚ ਲੋੜਵੰਦ ਵਿਦਿਆਰਥੀਆਂ ਲਈ ਵਿਸ਼ੇਸ਼ ਕਲਾਸਾਂ ਲਗਾਈਆਂ ਜਾ ਰਹੀਆਂ ਹਨ। ਇਸ ਮੌਕੇ ਹਾਜਰ ਸਮੂਹ ਬੁਲਾਰਿਆਂ ਅਤੇ ਵਿਦਿਆਰਥੀਆਂ ਨੇ ਬਾਬਾ ਸਾਹਿਬ ਦੇ ਸੁਪਨਿਆਂ ਵਾਲਾ ਸਮਾਜ ਅਤੇ ਦੇਸ਼ ਬਣਾਉਣ ਲਈ ਮਿਲਕੇ ਮੁਹਿੰਮ ਚਲਾਉਣ ਦਾ ਫੈਸਲਾ ਕੀਤਾ।

**ਕੁਲਦੀਪ ਚੰਦ (91-94175-63054)**



ਪੰਜਾਬ ਦੇ ਨਵ-ਨਿਯੁਕਤ ਅਨੁਸੂਚਿਤ ਜਾਤੀ ਮੋਰਚਾ ਦੇ ਪੰਜਾਬ ਭਾਜਪਾ ਦੇ ਪ੍ਰਧਾਨ ਸ੍ਰੀ ਐਸ. ਆਰ. ਲੱਧੜ ਨੇ ਲੁਧਿਆਣਾ (ਜਲੰਧਰ ਬਾਈ ਪਾਸ) ਤੇ ਡਾ. ਅੰਬੇਦਕਰ ਦੇ ਪ੍ਰੀਨਿਰਵਾਣ ਦਿਵਸ ਤੇ ਬਾਬਾ ਸਾਹਿਬ ਦੇ ਬੁੱਤ ਨੂੰ ਫੁੱਲ ਮਾਲਾ ਪਹਿਨਾ ਕੇ ਬਾਬਾ ਸਾਹਿਬ ਨੂੰ ਯਾਦ ਕੀਤਾ। ਉਹਨਾਂ ਨਾਲ ਉਹਨਾਂ ਦੇ ਸਪੁੱਤਰ ਗੌਤਮ ਗਰੀਸ਼ ਲੱਧੜ, ਐਡਵੋਕੇਟ ਰਾਮ ਜੀ ਲਾਲ ਸੁੰਮਨ, ਸਰਪੰਚ ਪਿੰਡ ਕਾਦੀਆਂ, ਸ੍ਰੀ ਕਰਮ ਚੰਦ, ਸਰਬਜੀਤ ਸਿੰਘ ਅਤੇ ਹੋਰ ਕਈ ਭਾਜਪਾ ਵਰਕਰ ਹਾਜ਼ਰ ਸਨ। ਇਸ ਤੋਂ ਪਹਿਲਾਂ ਸ੍ਰੀ ਲੱਧੜ ਅੰਬੇਡਕਰ ਭਵਨ ਪਹੁੰਚੇ ਤੇ ਬਾਬਾ ਸਾਹਿਬ ਦੀ ਫੋਟੋ ਤੇ ਫੁੱਲ ਮਾਲਾ ਪਹਿਨਾਈ। ਬਾਬਾ ਸਾਹਿਬ ਨੂੰ ਯਾਦ ਕਰਦਿਆਂ ਸ੍ਰੀ ਲੱਧੜ ਨੇ ਕਿਹਾ ਕਿ ਬਾਬਾ ਸਾਹਿਬ ਨੇ ਜੋ ਕੰਮ ਇਕੱਲਿਆਂ ਇਕ ਜਨਮ ਵਿਚ ਕੀਤੇ, ਕਈ ਮਹਾਨ ਵਿਅਕਤੀ ਇਕੱਠੇ ਹੋ ਕੇ ਕਈ ਜਨਮ ਅਤੇ ਕਈ ਸਦੀਆਂ ਅੰਦਰ ਵੀ ਨਹੀਂ ਕਰ ਸਕੇ। ਭਾਰਤ ਦੇਸ਼ ਕਦੇ ਵੀ ਬਾਬਾ ਸਾਹਿਬ ਦਾ ਕਰਜ਼ ਨਹੀਂ ਉਤਾਰ ਸਕਦਾ।

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

## ਕੈਲੀਫੋਰਨੀਆ ਤੋਂ ਹੁਸਨ ਲੜੋਆ ਬੰਗਾ

# ਕੈਲੀਫੋਰਨੀਆ ਵਿਚ ਮਿਡਲ ਸਕੂਲ ਦੇ 7 ਵਿਦਿਆਰਥੀ ਓਵਰਡੋਜ਼ ਕਾਰਨ ਹਸਪਤਾਲ ਦਾਖਲ ਕਰਵਾਏ




**ਸੈਕਰਾਮੈਂਟੋ 3 ਦਸੰਬਰ–** ਕੈਲੀਫੋਰਨੀਆ ਦੇ ਲਾਸ ਏਂਜਲਸ ਖੇਤਰ ਦੇ ਇਕ ਮਿਡਲ ਸਕੂਲ ਦੇ 7 ਵਿਦਿਆਰਥੀਆਂ ਨੂੰ ਕੋਈ ਸ਼ੱਕੀ ਨਸ਼ੀਲਾ ਪਦਾਰਥ ਵਧ ਮਾਤਰਾ ਵਿਚ ਖਾ ਜਾਣ ਕਾਰਨ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਇਹ ਪ੍ਰਗਟਾਵਾ ਲਾਸ ਏਂਜਲਸ ਦੇ ਅੱਗ ਬੁਝਾਊ ਵਿਭਾਗ ਨੇ ਜਾਰੀ ਇਕ ਬਿਆਨ ਵਿਚ ਕੀਤਾ ਹੈ। ਲਾਸ ਏਂ- ਜਲਸ ਯੁਨੀਫਾਈਡ ਸਕੂਲ ਡਿਸਟ੍ਰਿਕਟ ਨੇ ਕਿਹਾ ਹੈ ਕਿ ਅਜੇ ਇਹ ਪੁਸ਼ਟੀ ਨਹੀਂ ਹੋ ਸਕੀ ਹੈ ਕਿ ਵਿਦਿਆਰਥੀਆਂ ਨੇ ਕਿਹੜਾ ਨਸ਼ੀਲਾ ਪਦਾਰਥ ਖਾਧਾ ਸੀ।

ਸਕੂਲ ਡਿਸਟ੍ਰਿਕਟ ਅਨੁਸਾਰ ਨੂਇਸ ਮਿਡਲ ਸਕੂਲ ਦੇ ਕੁਝ ਵਿਦਿਆਰਥੀ ਠੀਕ ਨਾ ਹੋਣ ਦੀ ਸ਼ਿਕਾਇਤ ਮਿਲਣ 'ਤੇ ਅਧਿਕਾਰੀਆਂ ਨੇ ਤੁਰੰਤ ਮੈਡੀਕਲ ਵੈਨ ਸਕੂਲ ਵਿਚ ਭੇਜੀ। 12 ਤੋਂ 15 ਸਾਲ ਦੇ 10 ਵਿਦਿਆਰਥੀਆਂ ਵੱਲੋਂ ਨਸ਼ੀਲਾ ਪਦਾਰਥ ਖਾਧਾ ਹੋਣ ਦੀ ਜਾਂਚ ਕੀਤੀ ਗਈ ਜਿਨਾਂ ਵਿਚੋਂ 7 ਨੂੰ ਹਸਪਤਾਲ ਦਾਖਲ ਕਰਵਾਇਆ ਗਿਆ। ਅਧਿਕਾਰੀਆਂ ਵੱਲੋਂ ਸਮੁੱਚੇ ਸਕੂਲ ਦੀ ਤਲਾਸ਼ੀ ਵੀ ਲਈ ਗਈ ਤੇ ਇਸ ਗੱਲ ਨੂੰ ਯਕੀਨੀ ਬਣਾਇਆ ਗਿਆ ਕਿ ਹੋਰ ਕੋਈ ਵਿਦਿਆਰਥੀ ਬਿਮਾਰ ਨਾ ਹੋਵੇ। ਸਕੂਲ ਡਿਸਟ੍ਰਿਕਟ ਨੇ ਕਿਹਾ ਹੈ ਕਿ ਇਸ ਘਟਨਾ ਦੇ ਬਾਵਜੂਦ ਸਕੂਲ ਸੁਰੱਖਿਅਤ ਹੈ ਇਸ ਨੂੰ ਹਦਾਇਤਾਂ ਅਨੁਸਾਰ ਖੋਲਣ ਦੀ ਇਜਾਜ਼ਤ ਦਿੱਤੀ ਗਈ ਹੈ।

# ਅਮਰੀਕਾ ਵਿਚ ਨਵੰਬਰ ਮਹੀਨੇ ਦੌਰਾਨ 2,63,000 ਨਵੀਆਂ ਨੌਕਰੀਆਂ ਪੈਦਾ ਹੋਈਆਂ

**ਸੈਕਰਾਮੈਂਟੋ 3 ਦਸੰਬਰ–** ਅਮਰੀਕੀ ਅਰਥਵਿਵਸਥਾ ਵਿਚ ਮੰਦਾ ਆਉਣ ਦੀਆਂ ਕਿਆਸਅਰਾਈਆਂ ਦੇ ਉਲਟ ਪਿਛਲੇ ਨਵੰਬਰ ਮਹੀਨੇ ਦੌਰਾਨ ਲਾਏ ਗਏ ਅਨੁਮਾਨ ਤੋਂ ਵਧ ਨਵੀਆਂ ਨੌਕਰੀਆਂ ਪੈਦਾ ਹੋਈਆਂ ਹਨ। ਆਰਥਕ ਮਾਹਿਰਾਂ ਦਾ ਅਨੁਮਾਨ ਸੀ ਕਿ ਨਵੰਬਰ ਮਹੀਨੇ ਦੌਰਾਨ ਨੌਕਰੀਆਂ ਪੈਦਾ ਹੋਣ ਦੀ ਰਫਤਾਰ ਸੁਸਤ ਹੋ ਜਾਵੇਗੀ ਤੇ 2 ਲੱਖ ਤੱਕ ਨੌਕਰੀਆਂ ਪੈਦਾ ਹੋ ਸਕਦੀਆਂ ਹਨ ਪਰੰਤੂ ਇਸ ਅਨੁਮਾਨ ਤੋਂ ਵਧ 2,63,000 ਨਵੀਆਂ ਨੌਕਰੀਆਂ ਪੈਦਾ ਹੋਈਆਂ ਹਨ। ਕਿਰਤ ਵਿਭਾਗ ਵੱਲੋਂ ਜਾਰੀ ਮਹੀਨਾਵਾਰ ਅੰਕੜਿਆਂ ਅਨੁਸਾਰ ਬੇਰੁਜ਼ਗਾਰੀ ਦੀ ਦਰ 3.7% ਰਹੀ। ਨਵੀਆਂ ਨੌਕਰੀਆਂ ਸਿਹਤ ਵਿਭਾਗ ਤੇ ਮਹਿਮਾਨਨਿਵਾਜ਼ੀ ਸੈਕਟਰ ਵਿਚ ਪੈਦਾ ਹੋਈਆਂ ਹਨ। ਪਿਛਲੇ ਮਹੀਨੇ ਦੀ ਤੁਲਨਾ ਵਿਚ ਨਵੰਬਰ ਮਹੀਨੇ ਦੌਰਾਨ ਪ੍ਰਤੀ ਘੰਟਾ ਔਸਤ ਕਮਾਈ ਵਿਚ 0.6% ਦਾ ਵਾਧਾ ਹੋਇਆ ਹੈ ਜੋ ਕਾਮਿਆਂ ਲਈ ਇਕ ਚੰਗੀ ਖਬਰ ਹੈ।

# ਡਰਾਈਵਰ ਵਿਰੁੱਧ 7 ਸਾਲਾ ਬੱਚੀ ਦੀ ਹੱਤਿਆ ਦੇ ਦੋਸ਼ ਆਇਦ

**ਸੈਕਰਾਮੈਂਟੋ–** ਉੱਤਰੀ ਟੈਕਸਾਸ ਵਿਚ ਫੈਡੈਕਸ ਕੰਪਨੀ ਦੇ ਇਕ ਡਰਾਈਵਰ 31 ਸਾਲਾ ਟੈਨਰ ਲਿਨ ਹਾਰਨਰ ਵਿਰੁੱਧ 7 ਸਾਲਾ ਬੱਚੀ ਦੀ ਹੱਤਿਆ ਕਰਨ ਦੇ ਦੋਸ਼ ਆਇਦ ਕੀਤੇ ਗਏ ਹਨ। ਪੁਲਿਸ ਨੇ ਕਿਹਾ ਹੈ ਕਿ ਉਸ ਨੇ ਘਰ ਵਿਚ ਪਾਰਸਲ ਦੇਣ ਵੇਲੇ ਲੜਕੀ ਨੂੰ ਅਗਵਾ ਕਰ ਲਿਆ ਸੀ। ਵਾਇਸ ਕਾਊਂਟੀ ਦੇ ਸ਼ੈਰਿਫ ਲੇਨ ਅਕਿਨ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਸਿਆ ਕਿ ਟੈਨਰ ਨੂੰ ਬੱਚੀ ਅਥੈਨਾ ਸਟਰੈਂਡ ਨੂੰ ਅਗਵਾ ਕਰਨ ਤੇ ਉਪਰੰਤ ਹੱਤਿਆ ਕਰਨ ਦੇ ਦੋਸ਼ਾਂ ਤਹਿਤ ਗ੍ਰਿਫਤਾਰ ਕਰ ਲਿਆ ਹੈ। ਪਰਿਵਾਰ ਨੇ ਲੰਘੇ ਬੁੱਧਵਾਰ ਬੱਚੀ ਦੇ ਲਾਪਤਾ ਹੋਣ ਦੀ ਰਿਪੋਰਟ ਲਿਖਵਾਈ ਸੀ। ਉਸ ਦੀ ਲਾਸ਼ ਸ਼ੁੱਕਰਵਾਰ ਨੂੰ ਫੋਰਟ ਵਰਥ ਦੇ ਉੱਤਰ ਪੱਛਮ ਵਿਚ 50 ਮੀਲ ਦੂਰ ਬੋਇਡ ਕਸਬੇ ਵਿਚੋਂ ਬਰਾਮਦ ਹੋਈ ਸੀ। ਜਾਂਚਕਾਰਾਂ ਦਾ ਵਿਸ਼ਵਾਸ਼ ਹੈ ਕਿ ਬੱਚੀ ਦੀ ਅਗਵਾ ਕਰਨ ਤੋਂ ਤਕਰੀਬਨ 1 ਘੰਟੇ ਬਾਅਦ ਮੌਤ ਹੋ ਗਈ ਸੀ। ਜਾਂਚ ਉਪਰੰਤ ਟੈਨਰ ਨੂੰ ਗ੍ਰਿਫਤਾਰ ਕਰ ਲਿਆ ਗਿਆ। ਉਸ ਨੂੰ ਵਾਈਸ ਕਾਊਂਟੀ ਜੇਲ ਵਿਚ ਰਖਿਆ ਗਿਆ ਹੈ। ਬੱਚੀ ਦੀ ਮੌਤ ਦੇ ਅਸਲ ਕਾਰਨ ਦਾ ਪਤਾ ਉਸ ਦੀ ਪੋਸਟ ਮਾਰਟਮ ਰਿਪੋਰਟ ਆਉਣ 'ਤੇ ਲੱਗੇਗਾ।

# ਕੈਲੀਫੋਰਨੀਆ ਦੇ ਮਨਟੀਕਾਸਿਟੀ ਕੌਂਸਲ ਨੇ ਸਰਬਸੰਮਤੀ ਨਾਲ ਹਿੰਦੂ ਸਵੈਮ ਸੇਵਕ ਸੰਘ ਦਾ ਪਾਸ ਮਤਾ ਰੱਦ ਕੀਤਾ






**ਸੈਕਰਾਮੈਂਟੋ–** ਮਨਟੀਕਾ, ਕੈਲੀਫੋਰਨੀਆ ਦੇ ਸ਼ਹਿਰ ਚਉਸ ਸਮੇਂ ਇਤਿਹਾਸ ਰਚਿਆ ਗਿਆ, ਜਦੋਂ ਸਿਟੀ ਕੌਂਸਲਾਂ ਨੇ ਸਰਬਸੰਮਤੀ ਨਾਲ ਇੱਕ ਮਤੇ ਨੂੰ ਰੱਦ ਕਰਨ ਲਈ ਵੋਟਿੰਗਕੀਤੀ, ਇਹ ਮਤਭੇਦੀ ਮਤਾ ਪਿਛਲੇ ਮਹੀਨੇ ਹਿੰਦੂ ਸੋਇਮ ਸੰਘ ਸੇਵਕ ਸੰਘ ਵਲੋਂ ਜਾਰੀ ਕਰਵਾਇਆ ਗਿਆ ਸੀ। ਹਿੰਦੂ ਸੋਇਮ ਸੰਘ ਰਾਸ਼ਟਰੀ ਸੋਇਮ ਸੇਵਕ ਸੰਘ ਦੀ ਹੀ ਇੱਕ ਸ਼ਾਖਾ ਦੱਸੀ ਜਾਂਦੀ ਹੈ।ਪਹਿਲਾਂ ਇੱਕ ਵਿਸ਼ੇਸ਼ ਮੀਟਿੰਗ ਦੌਰਾਨ ਮਤਾਰੱਦ ਕਰਨ ਲਈ ਇੱਕ ਮਤਾ ਪਾਸ ਕਰਕੇ ਵਿਚਾਰ ਕਰਨ ਲਈ ਇੱਕ ਏਜੰਡਾ ਲਿਆਂਦਾਗਿਆ, ਇਹ ਏਜੰਡਾ ਕਿਸੇ ਮੁੱਦੇ ਤੇ ਜਨਤਕ ਟਿੱਪਣੀ ਨੂੰ ਸ਼ਾਮਲ ਕਰਕੇਸ਼ਹਿਰ ਦੇ ਨਾਗਰਿਕਾਂ ਨੂੰ ਵਿਅਕਤੀਗਤ ਤੌਰ 'ਤੇ ਜਾਂ ਕਾਲ ਕਰਕੇ ਇਸ ਮੁੱਦੇ ਬਾਰੇ ਆਪਣੇ ਵਿਚਾਰ ਪ੍ਰਗਟ ਕਰਨ ਦੀ ਇਜਾਜ਼ਤ ਦਿੰਦਾ ਹੈ। ਮੁੱਦੇ ਦੇ ਦੋਵਾਂ ਪਾਸਿਆਂ ਦੇ ਲਗਭਗ 150 ਲੋਕਾਂ ਨੇ ਵਿਅਕਤੀਗਤ ਤੌਰ 'ਤੇ ਸਮਾਗਮ ਵਿੱਚ ਬੈਠਣ ਲਈ ਚੈਂਬਰਾਂ ਚ ਸ਼ਾਮਿਲ ਹੋਏ। ਇਸ ਮੁੱਦੇ ਤੇ ਲਗਭਗ 70 ਲੋਕਾਂ ਨੇ ਜਨਤਕ ਟਿੱਪਣੀ ਵਿੱਚ ਭਾਗਲਿਆ, ਜਿਨ੍ਹਾਂ ਵਿੱਚੋਂ ਅੰਦਾਜ਼ਨ 35 ਨੇਔਨਲਾਈਨ ਵਿਚਾਰ ਰੱਖੇ।ਮਤਾ ਰੱਦ ਕਰਨ ਦੇ ਜ਼ਿਆਦਾਤਰ ਵਿਰੋਧੀਆਂ ਨੇ ਮਤੇ ਦੇ ਆਧਾਰ 'ਤੇ ਧਿਆਨ ਕੇਂਦਰਿਤ ਕੀਤਾ, ਜੋ ਕਿ ਯੋਗਾਥਨ ਸਮਾਗਮ ਦਾ ਜਸ਼ਨ ਮਨਾਉਣ ਲਈ ਸੀ ਜੋ ਯੋਗਾ ਨਾਲ ਸਬੰਧਿਤ ਸੀ। ਰੱਦ ਕਰਨ ਦੇ ਹੱਕ ਵਿੱਚ ਟਿੱਪਣੀਆਂ ਇਹ ਸਨ ਕਿਮਤੇ ਦਾ ਕੇ ਵਿਵਾਦ ਦਾ ਯੋਗਾ ਨਾਲ ਕੋਈ ਲੈਣਾ-ਦੇਣਾ ਨਹੀਂ ਸੀ, ਸਗੋਂ ਮਤੇ ਵਿੱਚ ਹਿੰਦੂ ਸੋਇਮ ਸੰਘ ਸੇਵਕ ਸੰਘ ਦੀ ਪ੍ਰਸ਼ੰਸਾ ਕੀਤੀ ਗਈ ਸੀ ਤੇ ਉਸ ਲਈ ਵਿਸ਼ੇਸ਼ ਭਾਸ਼ਾ ਦਾ ਹੀ ਇਸਤੇਮਾਲ ਕੀਤਾ ਗਿਆ ਸੀ ਜਿਸ ਕਰਕੇ ਇਸ ਮਤੇ ਨੂੰ ਰੱਦ ਕਰਵਾਉਣ ਦਾ ਕਾਰਣ ਬਣਿਆ।ਕੌਂਸਲਰ ਗੈਰੀ ਸਿੰਘ ਨੇ ਅੰਤਮ ਵੋਟਿੰਗ ਤੋਂ ਪਹਿਲਾਂ ਟਿੱਪਣੀ ਕੀਤੀ, ਕਿ "ਅਸੀਂ ਯੋਗਾ ਬਾਰੇ ਚਰਚਾ ਨਹੀਂ ਕਰ ਰਹੇ ਹਾਂ। ਸਾਡੇ ਵਿੱਚੋਂ ਕੋਈ ਵੀ ਯੋਗਾ ਨਾਲ ਅਸਹਿਮਤ ਨਹੀਂ ਹੈ। ਬਦਕਿਸਮਤੀ ਨਾਲ, ਜਿਹੜਾ ਸੰਗਠਨ ਮਤਾ ਲੈ ਕੇਆਏ ਸੀ ਉਹਨਾਂ ਦੀ ਤਹਿਕੀਕਾਤ ਕਰਨ ਉਪਰੰਤ ਐਚਐਸਐਸ ਅਤੇ ਆਰਐਸਐਸ ਦੇ ਆਪਸੀ ਸਬੰਧਾਂ ਦੀ ਜਾਣਕਾਰੀ ਸਾਹਮਣੇ ਆਈ ਹੈ।ਜੈਨੋਸਾਈਡ ਵਾਚ ਦੇ ਡਾ. ਗ੍ਰੈਗੋਰੀ ਸਟੈਂਟਨ ਦਾ ਹਵਾਲਾ ਦਿੰਦੇ ਹੋਏ, ਮਾਨਟੇਕਾ ਇਸਲਾਮਿਕ ਸੈਂਟਰ ਦੇ ਇਮਾਮ ਮੁਹੰਮਦ ਅਲਫਾਰਾ ਨੇ ਜਨਤਕ ਟਿੱਪਣੀਆਂ ਵਿੱਚ ਇਸ ਬਾਰੇ ਗੱਲ ਕੀਤੀ ਕਿ ਕਿਵੇਂ ਸਟੈਨਟਨ ਨੇ 1995 ਰਵਾਂਡਾ ਨਸਲਕੁਸ਼ੀ ਦੇ ਵਾਪਰਨ ਤੋਂ ਕਈ ਸਾਲ ਪਹਿਲਾਂ ਸਹੀ ਭਵਿੱਖਬਾਣੀ ਕੀਤੀ ਸੀ। "ਅੱਜ, ਸਟੈਨਟਨ ਭਾਰਤ ਵਿੱਚ ਇੱਕ ਮੁਸਲਿਮ ਅਤੇ ਹੋਰ ਘੱਟਗਿਣਤੀ ਸਮੂਹਾਂ ਦੀ ਨਸਲਕੁਸ਼ੀ ਦੀ ਭਵਿੱਖਬਾਣੀ ਕਰ ਰਿਹਾ ਹੈ ਅਤੇ ਦੁਨੀਆ ਨੂੰ ਦੁਬਾਰਾ ਧਿਆਨ ਦੇਣ ਦੀ ਚੇਤਾਵਨੀ ਦੇ ਰਿਹਾ ਹੈ," ਐਲਫਾਰਾ ਨੇ ਕਿਹਾ ਕਿ ਐਚ ਐਸ ਐਸਨਾਜ਼ੀ-ਪ੍ਰੇਰਿਤ ਆਰ ਐਸ ਐਸ ਦਾ ਅੰਤਰਰਾਸ਼ਟਰੀ ਭਾਈਵਾਲ ਹੈ। ਰੱਦ ਕਰਨ ਦੇ ਹੱਕ ਵਿੱਚ ਕਈ ਹੋਰ ਬੁਲਾਰਿਆਂ ਵਿੱਚ ਸਥਾਨਕ ਭਾਈਚਾਰੇ ਦੇ ਵੱਖ-ਵੱਖ ਈਸਾਈ ਅਤੇ ਸਿੱਖ ਸ਼ਾਮਲ ਸਨ। ਸਿੰਘ ਨੇ ਅੱਗੇ ਕਿਹਾ ਕਿ ਉਸਨੇ ਯੂਐਸ ਕਾਂਗਰਸਮੈਨ ਰੋ ਖੰਨਾ, ਜੋਇੱਕ ਭਾਰਤੀ-ਅਮਰੀਕੀ ਹਿੰਦੂ, ਦੀ ਉਦਾਹਰਣ ਦਿੰਦਿਆਂ ਸੁਝਾਅ ਦਿੱਤਾ ਸੀ ਕਿ, ਜਿਸਨੇ 2019 ਵਿੱਚ, ਹਿੰਦੂ ਧਰਮ ਦੇ ਸਾਰੇ ਅਮਰੀਕੀ ਰਾਜਨੇਤਾਵਾਂ ਨੂੰ ਕਿਹਾ ਸੀ ਕਿ ਉਹ ਆਰਐਸਐਸ ਦੀ ਹਿੰਦੂ ਰਾਸ਼ਟਰ ਦੀ ਵਿਚਾਰਧਾਰਾ ਨੂੰ ਰੱਦ ਕਰਨ। ਇਸ ਮੌਕੇ ਭਾਈ ਭਜਨ ਸਿੰਘ ਭਿੰਡਰ ਨੇ ਹਿੰਦੂ ਸੋਇਮ ਸੰਘ ਦੇ ਮਤੇ ਨੂੰ ਸਾਰੇ ਭਾਈਚਾਰਿਆਂ ਲਈ ਖਤਰਨਾਕ ਦਸਦਿਆਂ ਕਿਹਾ ਕਿ ਇਹ ਮਤਾ ਰੱਦ ਕਰਕੇ ਮਨਟੀਕਾ ਸਿਟੀ ਕੌਂਸਲ ਨੇ ਲੋਕਾਂ ਦੀ ਅਵਾਜ ਨੂੰ ਨੁੜਿਓਂ ਸੁਣਿਆ ਹੈ। ਆਖਿਰ ਚ ਲੋਕਾਂ ਦੀਆਂ ਕਈ ਘੰਟਿਆਂ ਦੀਆਂ ਟਿੱਪਣੀਆਂ ਤੋਂ ਬਾਅਦ, ਸਿਟੀ ਕੌਂਸਲ ਨੇ ਆਪਸੀ ਮੀਟਿੰਗਕਰਨ ਤੋਂ ਬਾਅਦਹਿੰਦੂ ਸੋਇਮ ਸੰਘ ਸੇਵਕ ਸੰਘ ਦਾ ਮਤਾ ਰੱਦ ਕਰਨ ਦਾ ਐਲਾਨ ਕੀਤਾ ਤੇ ਆਪਣਾ ਸੈਸ਼ਨ ਸਮਾਪਤ ਕੀਤਾ।

# ਕੈਲੀਫੋਰਨੀਆ ਦੇ 13 ਵੇਂ ਡਿਸਟ੍ਰਿਕਟ ਤੋਂ ਰਿਪਬਲੀਕਨ ਉਮੀਦਵਾਰ ਜੌਹਨ ਡੂਰਟੇ ਚੋਣ ਜਿੱਤੇ



**ਸੈਕਰਾਮੈਂਟੋ 4 ਦਸੰਬਰ–** ਰਿਪਬਲੀਕਨ ਉਮੀਦਵਾਰ ਜੌਹਨ ਡੂਰਟੇ ਚੋਣ ਜਿੱਤੇ ਗਏ ਹਨ। ਉਨਾਂ ਦੇ ਵਿਰੋਧੀ ਡੈਮੋਕਰੈਟਿਕ ਉਮੀਦਵਾਰ ਐਡਮ ਗੈਰੀ ਨੇ ਹਾਰ ਸਵਿਕਾਰ ਕਰ ਲਈ ਹੈ। ਗੈਰੀ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਮੈ ਨਤੀਜਾ ਆਪਣੇ ਹੱਕ ਵਿਚ ਆਉਣ ਦੀ ਆਸ ਰਖਦਾ ਸੀ ਪਰੰਤੂ ਜੋ ਨਤੀਜਾ ਆਇਆ ਹੈ ਉਸ ਨੂੰ ਮੈ ਸਵਿਕਾਰ ਕਰਦਾ ਹਾਂ ਤੇ ਜੌਹਨ ਡੂਰਟੇ ਨੂੰ ਵਧਾਈ ਦਿੰਦਾ ਹਾਂ। ਇਸ ਤਰਾਂ ਹੁਣ ਪ੍ਰਤੀਨਿੱਧ ਸਦਨ ਵਿਚ ਰਿਪਬਲੀਕਨਾਂ ਦੀਆਂ 222 ਸੀਟਾਂ ਹੋ ਗਈਆਂ ਹਨ ਜਦ ਕਿ ਡੈਮੋਕਰੈਟਿਕ ਪਾਰਟੀ ਦੀਆਂ 213 ਸੀਟਾਂ ਹਨ ਪਰੰਤੂ ਵਿਰਜੀਨੀਆ ਦੇ ਡੈਮੋਕਰੈਟਿਕ ਉਮੀਦਵਾਰ ਡੋਨਲਡ ਮੈਕਈ- ਚਿਨ ਦੀ ਜਿੱਤ ਉਪਰੰਤ ਹਾਲ ਹੀ ਵਿਚ ਹੋਈ ਮੌਤ ਦੇ ਸਿੱਟੇ ਵਜੋਂ ਪਾਰਟੀ ਦੀਆਂ 212 ਸੀਟਾਂ ਰਹਿ ਗਈਆਂ ਹਨ। ਇਸ ਸੀਟ ਉਪਰ ਵਿਸ਼ੇਸ਼ ਚੋਣ ਪ੍ਰੋਗਰਾਮ ਐਲਾਨਣ ਉਪਰੰਤ ਚੋਣ ਹੋਵੇਗੀ। ਇਥੇ ਜਿਕਰਯੋਗ ਹੈ ਕਿ 2020 ਵਿਚ 2022 ਦੇ ਉਲਟ ਨਤੀਜੇ ਆਏ ਸਨ। ਉਸ ਸਮੇ ਡੈਮੋਕਰੈਟਿਕ ਪਾਰਟੀ ਨੇ 222 ਤੇ ਰਿਪਬਲੀਕਨ ਪਾਰਟੀ ਨੇ 213 ਸੀਟਾਂ ਜਿੱਤੀਆਂ ਸਨ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਸਾਬਕਾ ਰਾਸ਼ਟਰਪਤੀ ਟਰੰਪ ਦੀਆਂ ਮੁਸ਼ਕਿਲਾਂ ਵਧੀਆਂ, ਉਨਾਂ ਦੀਆਂ 2 ਕੰਪਨੀਆਂ ਟੈਕਸ ਫਰਾਡ ਸਕੀਮ ਵਿਚ ਦੋਸ਼ੀ ਕਰਾਰ



**ਸੈਕਰਾਮੈਂਟੋ 7 ਦਸੰਬਰ (ਹੁਸਨ ਲੜੋਆ ਬੰਗਾ)** ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਦੀਆਂ ਮੁਸ਼ਕਿਲਾਂ ਉਸ ਵੇਲੇ ਹੋਰ ਵਧ ਗਈਆਂ ਜਦੋਂ ਮੈਨਹਟਨ ਦੀ ਇਕ ਜਿਊਰੀ ਨੇ ਉਨਾਂ ਦੀਆਂ 2 ਕੰਪਨੀਆਂ ਨੂੰ ਕ੍ਰਿਮੀਨਲ ਟੈਕਸ ਫਰਾਡ ਸਕੀਮ ਵਿਚ ਉਨਾਂ ਵਿਰੁੱਧ ਲਾਏ ਗਏ ਸਾਰੇ ਦੋਸ਼ਾਂ ਵਿਚ ਦੋਸ਼ੀ ਕਰਾਰ ਦੇ ਦਿੱਤਾ। ਜਿਊਰੀ ਦੇ ਇਸ ਫੈਸਲੇ ਕਾਰਨ 2024 ਵਿਚ ਤੀਸਰੀ ਵਾਰ ਉਨਾਂ ਦੇ ਰਾਸ਼ਟਰ- ਪਤੀ ਦੀ ਚੋਣ ਲੜਨ ਦੀਆਂ ਸੰਭਾਵਨਾਵਾਂ ਪ੍ਰਭਾਵਿਤ ਹੋ ਸਕਦੀਆਂ ਹਨ। ਟਰੰਪ ਕਾਰਪੋਰੇਸ਼ਨ ਨੂੰ 9 ਦੋਸ਼ਾਂ ਤੇ ਟਰੰਪ ਪੇਰੋਲ ਕਾਰਪੋਰੇਸ਼ਨ ਨੂੰ ਸਾਰੇ 8 ਦੋਸ਼ਾਂ ਵਿਚ ਦੋਸ਼ੀ ਕਰਾਰ ਦਿੱਤਾ ਗਿਆ ਹੈ। ਇਨਾਂ ਜੁਰਮਾਂ ਲਈ ਕੰਪਨੀਆਂ ਨੂੰ 16 ਲੱਖ ਡਾਲਰ ਤੱਕ ਜੁਰਮਾਨਾ ਹੋ ਸਕਦਾ ਹੈ। ਟਰ- ਾਇਲ ਜੱਜ ਮੈਨਹਟਨ ਸੁਪਰੀਮ ਕੋਰਟ ਜਸਟਿਸ ਜੁਆਨ ਮਰਕਨ ਨੇ ਫੈਸਲੇ ਉਪਰੰਤ ਕਿਹਾ ਕਿ ਕੰਪਨੀਆਂ ਨੂੰ ਸਜ਼ਾ ਅਗਲੇ ਸਾਲ 13 ਜਨਵਰੀ ਨੂੰ ਸੁਣਾਈ ਜਾਵੇਗੀ। ਮੈਨ- ਹਟਨ ਡਿਸਟ੍ਰਿਕਟ ਅਟਾਰਨੀ ਐਲਵਿਨ ਬਰਾਗ ਜਿਨਾਂ ਦੇ ਦਫਤਰ ਨੇ ਦੋਸ਼ ਲਾਏ ਸਨ, ਨੇ ਕਿਹਾ ਹੈ ਕਿ ਇਸ ਫੈਸਲੇ ਨੇ ਸਾਬਤ ਕਰ ਦਿੱਤਾ ਹੈ ਕਿ ਮੈਨਹਟਨ ਵਿਚ ਨਿਆਂ ਦੇ ਮਾਪਦੰਡ ਸਾਰਿਆਂ ਲਈ ਇਕੋ ਜਿਹੇ ਹਨ।

ਬਚਾਅ ਪੱਖ ਦੇ ਅਟਾਰਨੀ ਐਲਨ ਫਿਊਟਰਫਸ ਨੇ ਕਿਹਾ ਹੈ ਕਿ ਯਕੀਨਨ ਫੈਸਲੇ ਨੂੰ ਚੁਣੌਤੀ ਦਿੱਤੀ ਜਾਵੇਗੀ। ਉਨਾਂ ਕਿਹਾ ਕਿ ਇਸ ਮਾਮਲੇ ਵਿਚ ਟਰੰਪ ਵਿਰੁੱਧ ਦੋਸ਼ ਨਹੀਂ ਲਾਏ ਗਏ ਸਨ ਤੇ ਮੁਕੱਦਮੇ ਦੀ ਸੁਣਵਾਈ ਦੌਰਾਨ ਉਹ ਅਦਾਲਤ ਵਿਚ ਪੇਸ਼ ਨਹੀਂ ਹੋਏ। ਬਚਾਅ ਪੱਖ ਦੇ ਵਕੀਲ ਸੂਚਨ ਨੈਕਲਸ ਨੇ ਕਿਹਾ ਹੈ ਕਿ ਸਬੂਤਾਂ ਤੋਂ ਸਾਬਤ ਹੁੰਦਾ ਹੈ ਕਿ ਟਰੰਪ ਮਾਮਲੇ ਵਿਚ ਸ਼ਾਮਿਲ ਨਹੀਂ ਹੈ। 8 ਔਰਤਾਂ ਤੇ 4 ਮਰਦਾਂ 'ਤੇ ਅਧਾਰਤ ਜਿਊਰੀ ਨੇ ਦੋ ਦਿਨ ਚੱਲੀ ਲੰਬੀ ਬਹਿਸ ਉਪਰੰਤ ਆਪਣਾ ਫੈਸਲਾ ਅਦਾਲਤ ਨੂੰ ਭੇਜ ਦਿੱਤਾ ਸੀ।

# ਉੱਤਰੀ ਕੈਰੋਲੀਨਾ ਵਿਚ ਸਬ ਸਟੇਸ਼ਨਾਂ 'ਤੇ ਗੋਲੀਬਾਰੀ ਕਾਰਨ ਹਜਾਰਾਂ ਲੋਕਾਂ ਦੀ ਬਿਜਲੀ ਸਪਲਾਈ ਗੁੱਲ



**ਸੈਕਰਾਮੈਂਟੋ 6 ਦਸੰਬਰ (ਹੁਸਨ ਲੜੋਆ ਬੰਗਾ)–** ਉੱਤਰੀ ਕੈਰੋਲੀਨਾ ਵਿਚ ਕਾਰਥੇਜ ਵਿਖੇ ਗੋਲੀਬਾਰੀ ਕਾਰਨ ਸਬ ਸਟੇਸ਼ਨਾਂ ਨੂੰ ਪੁੱਜੇ ਨੁਕਸਾਨ ਦੇ ਸਿੱਟੇ ਵਜੋਂ 40000 ਦੇ ਕਰੀਬ ਖਪਤਕਾਰਾਂ ਦੀ ਬਿਜਲੀ ਸਪਲਾਈ ਗੁੱਲ ਹੋ ਗਈ। ਅਧਿਕਾਰੀਆਂ ਵੱਲੋਂ ਖੁਲਾਸਾ ਕੀਤਾ ਗਿਆ ਹੈ ਕਿ ਉਨਾਂ ਨੂੰ ਅਜਿਹੇ ਸਬੂਤ ਮਿਲੇ ਹਨ ਜਿਨਾਂ ਤੋਂ ਪਤਾ ਲੱਗਦਾ ਹੈ ਕਿ ਗੋਲੀਬਾਰੀ ਕਰਕੇ ਸਬ ਸਟੇਸ਼ਨਾਂ ਨੂੰ ਜਾਣ ਬੁਝ ਕੇ ਨੁਕਸਾਨ ਪਹੁੰਚਾਇਆ ਗਿਆ ਹੈ। ਇਸ ਖੁਲਾਸੇ ਤੋਂ ਬਾਅਦ ਹੰਗਾਮੀ ਸਥਿੱਤੀ ਦਾ ਐਲਾਨ ਕੀਤਾ ਗਿਆ ਹੈ ਤੇ ਘਟਨਾ ਦੀ ਅਪਰਾਧਿਕ ਨਜਰੀਏ ਤੋਂ ਜਾਂਚ ਪੜਤਾਲ ਕੀਤੀ ਜਾਵੇਗੀ। ਮੂਰੀ ਕਾਊਂਟੀ ਦੇ ਸ਼ੈਰਿਫ ਰੋਨੀ ਫੀਲਡਸ ਅਨੁਸਾਰ ਅਜਿਹੇ ਸੰਕੇਤ ਮਿਲੇ ਹਨ ਕਿ ਵੱਖ ਵੱਖ ਥਾਵਾਂ 'ਤੇ ਦੋ ਸਬ ਸਟੇਸ਼ਨਾਂ ਨੂੰ ਗਿਣਮਿੱਥਕੇ ਨਿਸ਼ਾਨਾ ਬਣਾਇਆ ਗਿਆ ਹੈ। ਮਾਮਲਾ ਜਾਂਚ ਅਧੀਨ ਹੈ। ਉਨਾਂ ਕਿਹਾ ਕਿ ਇਕ ਜਾਂ ਇਕ ਤੋਂ ਵਧ ਹਮਲਾਵਰਾਂ ਨੇ ਸਬ ਸਟੇਸ਼ਨਾਂ ਉਪਰ ਗੋਲੀਬਾਰੀ ਕੀਤੀ ਹੈ।

# ਕੈਬਨਿਟ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਸਰਹੱਦੀ ਪਿੰਡਾਂ ਦਾ ਦੋਰਾ ਕਰਕੇ ਵੰਡੀਆਂ ਕਰੀਬ 20 ਲੱਖ ਰੁਪਏ ਦੀਆਂ ਗ੍ਰਾਂਟਾ

**ਪਠਾਨਕੋਟ, ਦਸੰਬਰ (ਰਾਜਿੰਦਰ ਸਿੰਘ ਰਾਜਨ)** ਜਿਲ੍ਹਾ ਪਠਾਨਕੋਟ ਦੇ ਵਿਧਾਨ ਸਭਾ ਹਲਕਾ ਭੋਆ ਦੇ ਖੇਤਰ ਅੰਦਰ ਭਾਰਤ-ਪਾਕ ਬਾਰਡਰ ਦੇ ਨਾਲ ਲਗਦੇ ਪਿੰਡਾਂ ਦੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਗਈਆਂ ਹਨ ਅਤੇ ਖੇਤਰ ਦਾ ਦੋਰਾ ਕਰਕੇ ਲੋਕਾਂ ਦੀਆਂ ਲੰਮੇ ਸਮੇਂ ਤੋਂ ਚਲੀਆਂ ਆ ਰਹੀਆਂ ਸਮੱਸਿਆਵਾਂ ਦੇ ਨਿਪਟਾਰੇ ਲਈ ਵੱਖ ਵੱਖ ਪਿੰਡਾਂ ਨੂੰ ਵਿਕਾਸ ਕਾਰਜਾਂ ਲਈ ਕਰੀਬ 20 ਲੱਖ ਰੁਪਏ ਦੀਆਂ ਗ੍ਰਾਂਟਾਂ ਵੰਡੀਆਂ ਗਈਆਂ ਹਨ ਤਾਂ ਜੋ ਇਨ੍ਹਾਂ ਖੇਤਰਾਂ ਵਿੱਚ ਵਿਕਾਸ ਕਾਰਜ ਕੀਤਾ ਜਾ ਸਕੇ। ਇਹ ਪ੍ਰਗਟਾਵਾ ਪ੍ਰਗਟਾਵਾ ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਨੇ ਅੱਜ ਬਾਰਡਰ ਦੇ ਨਾਲ ਲਗਦੇ ਪਿੰਡਾਂ ਵਿੱਚ ਧੰਨਵਾਦ ਦੋਰੇ ਦੋਰਾਨ ਵੱਖ ਵੱਖ ਪਿੰਡਾਂ ਵਿੱਚ ਲੋਕਾਂ ਨਾਲ ਗੱਲਬਾਤ ਕਰਦਿਆਂ ਕੀਤਾ। ਜਿਕਰਯੋਗ ਹੈ ਕਿ ਅੱਜ ਕੈਬਨਿਟ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂਚੱਕ ਵੱਲੋਂ ਅੱਜ ਬਾਰਡਰ ਨਾਲ ਲੱਗਦੇ ਪਿੰਡਾਂ ਦਾ ਵਿਸੇਸ ਦੋਰਾ ਕੀਤਾ ਗਿਆ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਬਲਾਕ ਪ੍ਰਧਾਨ ਸੂਬੇਦਾਰ ਕੁਲਵੰਤ ਸਿੰਘ, ਮਾਸਟਰ ਹਜਾਰੀ ਲਾਲ, ਸੰਦੀਪ ਮਨਵਾਲ, ਤਰਸੇਮ ਮਨਵਾਲ, ਲਵਲੀ ਮਜੀਰੀ, ਸੋਹਣ ਮਾਖਣਪੁਰ, ਮੀਤੂ ਧੋਬੜਾ, ਸਾਹਿਲ ਗੋਬਿੰਦਸਰ, ਤਰਸੇਮ ਸਿਹੋੜਾ, ਪ੍ਰੇਮ ਸਿਹੋੜਾ ਆਦਿ ਹਾਜਰ ਸਨ। ਅੱਜ ਦੇ ਦੋਰੇ ਦੋਰਾਨ ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਨੇ ਵਿਧਾਨ ਸਭਾ ਹਲਕਾ ਭੋਆ ਦੇ ਪਿੰਡ ਖੁਦਾਈ ਪੁਰ ਨੂੰ ਸਾਲਿਡ ਵੇਸਟ ਮੈਨੇਜਮੈਂਟ ਲਈ 3.25 ਲੱਖ, ਮਸਤਪੁਰ ਨੂੰ ਸਾਲਿਡ





ਵੇਸਟ ਮੈਨੇਜਮੈਂਟ ਲਈ 3.25 ਲੱਖ, ਪਿੰਡ ਕੋਟ ਭੱਟੀਆਂ ਨੂੰ ਸਾਲਿਡ ਵੇਸਟ ਮੈਨੇਜਮੈਂਟ ਲਈ 3.25 ਲੱਖ, ਦਨਵਾਲ ਪਿੰਡ ਨੂੰ ਤਰਲ ਵੇਸਟ ਮੈਨੇਜਮੈਂਟ ਲਈ 3 ਲੱਖ ਅਤੇ ਪਿੰਡ ਢੀਂਡਾ ਨੂੰ ਸਾਲਿਡ ਵੇਸਟ ਮੈਨੇਜਮੈਂਟ ਲਈ 3.50 ਲੱਖ ਰੁਪਏ ਅਤੇ ਹੋਰ ਪਿੰਡਾਂ ਨੂੰ ਵੀ ਵਿਕਾਸ ਗ੍ਰਾਂਟਾਂ ਵੀ ਵੰਡੀਆਂ।

ਇਸ ਮੋਕੇ ਤੇ ਸੰਬੋਧਤ ਕਰਦਿਆਂ ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਨੇ ਕਿਹਾ ਕਿ ਅੱਜ ਮੈਂ ਅਪਣੇ ਹਲਕੇ ਭੋਆਂ ਦੇ ਬਾਰਡਰ ਦੇ ਨਾਲ ਲਗਦੇ ਪਿੰਡਾਂ ਵਿੱਚ ਪਹੁੰਚਿਆਂ ਹਾਂ ਅਤੇ ਇਸ ਖੇਤਰ ਦੇ ਲੋਕਾਂ ਨੇ ਉਨ੍ਹਾਂ ਨੂੰ ਜਿੱਤ ਦਿਲਾ ਕੇ ਪੰਜਾਬ ਦੀ ਐਸੰਬਲੀ ਅੰਦਰ ਭੇ-ਜਿਆ ਅਤੇ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਵਿੱਚ ਕਾਰਜ ਕਰਨ ਦਾ ਮੋਕਾਂ ਦਿੱਤਾ, ਜਿਸ ਦੇ ਲਈ ਮੈਂ ਖੇਤਰ ਦੇ ਲੋਕਾਂ ਦਾ ਧੰਨਵਾਦ ਕਰਦਾ ਹਾਂ।

ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਵਿੱਚ ਪੂਰੇ ਪੰਜਾਬ ਅੰਦਰ ਵਿਕਾਸ ਕਾਰਜਾਂ ਦਾ ਕੰਮ ਚਲ ਰਿਹਾ ਹੈ ਅਤੇ ਇਸ ਦੇ ਨਾਲ ਹੀ ਜਿਲ੍ਹਾ ਪਠਾਨਕੋਟ ਦੇ ਵਿਧਾਨ ਸਭਾ ਹਲਕਾ ਭੋਆਂ ਵਿੱਚ ਵੀ ਪਿੰਡਾਂ ਅੰਦਰ ਵਿਕਾਸ ਕਾਰਜ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਅੱਜ ਉਨ੍ਹਾਂ ਵੱਲੋਂ ਬਾਰਡਰ ਖੇਤਰ ਦੇ ਕਰੀਬ ਚਾਰ ਪੰਜ ਪਿੰਡਾਂ ਅੰਦਰ ਕਰੀਬ 20 ਲੱਖ ਰੁਪਏ ਵਿਕਾਸ ਕਾਰਜਾਂ ਲਈ ਦਿੱਤੇ ਗਏ ਹਨ। ਇਸ ਤੋਂ ਇਲਾਵਾ ਪਿੰਡ ਜਨਿਆਲ ਅੰਦਰ ਆਧੁਨਿਕ ਢੰਗ ਨਾਲ ਬਣਾਈ ਗਈ ਆਂਗਣਬਾੜੀ ਸੈਂਟਰ ਦਾ ਉਦਘਾਟਣ ਕੀਤਾ ਗਿਆ। ਅੱਜ ਦਨਵਾਲ, ਜਨਿਆਲ, ਮਸਤਪੁਰ, ਕੋਟ ਭੱਟੀਆਂ ਅਤੇ ਪਿੰਡ ਟੀਂਡਾ ਨੂੰ ਵਿਕਾਸ ਕਾਰਜਾਂ ਲਈ ਗ੍ਰਾਂਟਾਂ ਵੰਡੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਵਿਸੇਸ ਤੋਰ ਤੇ ਕੁਲੀਆਂ ਪਿੰਡ ਅੰਦਰ ਜਿੱਥੇ ਉਹ ਚੋਣਾਂ ਤੋਂ ਪਹਿਲਾ ਆਏ ਸਨ ਅਤੇ ਖੇਤਰ ਦੇ ਲੋਕਾਂ ਦੀ ਸਮੱਸਿਆ ਸੀ ਕਿ ਪਾਣੀ ਦੀ ਨਿਕਾਸੀ ਨਾ ਹੋਣ ਕਰਕੇ ਪਿੰਡ ਦੀ ਕਰੀਬ 250 ਏਕੜ ਜਮੀਨ ਖਰਾਬ ਹੁੰਦੀ ਸੀ ਅਤੇ ਅੱਜ ਪਿੰਡ ਦੀ ਪੰਚਾਇਤ ਨੂੰ 4 ਲੱਖ ਰੁਪਏ ਪਾਣੀ ਦੀ ਨਿਕਾਸੀ ਲਈ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਲੋਕਾਂ ਦਾ ਧੰਨਵਾਦ ਕੀਤਾ ਕਿ ਜਿਸ ਵਿਸਵਾਸ ਨਾਲ ਉਨ੍ਹਾਂ ਨੂੰ ਮਾਨ ਸਤਕਾਰ ਦਿੱਤਾ ਗਿਆ ਹੈ ਉਹ ਉਨ੍ਹਾਂ ਦੀਆਂ ਆਸਾ ਉਮੀਦਾਂ ਤੇ ਸਹੀ ਉਤਰਣਗੇ। ਉਨ੍ਹਾਂ ਸਿਹਤ ਸੁਵਿਧਾਵਾਂ ਤੇ ਬੋਲਦਿਆਂ ਕਿਹਾ ਕਿ 15 ਅਗਸਤ ਨੂੰ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਪੂਰੇ ਪੰਜਾਬ ਅੰਦਰ ਆਮ ਆਦਮੀ ਕਲੀਨਿਕਾਂ ਦਾ ਉਦਘਾਟਣ ਕੀਤਾ ਗਿਆ ਸੀ ਅਤੇ ਇਸ ਦਿਨ ਜਿਲ੍ਹਾ ਪਠਾਨਕੋਟ ਦੇ ਵਿਧਾਨ ਸਭਾ ਹਲਕਾ ਭੋਆਂ ਦੇ ਸਰਹੱਦੀ ਪਿੰਡ ਖੋਜਕੀ ਚੱਕ ਅਤੇ ਪਿੰਡ ਵਸਾਊ ਬਾੜਵਾਂ ਵਿੱਚ ਵੀ ਆਮ ਆਦਮੀ ਕਲੀਨਿਕਾਂ ਦਾ ਉਦਘਾਟਣ ਕੀਤਾ ਗਿਆ ਸੀ ਜਿਸ ਤੋਂ ਅੱਜ ਸਰਹੱਦੀ ਪਿੰਡਾਂ ਦੇ ਹਜਾਰਾਂ ਲੋਕ ਸਿਹਤ ਸੁਵਿਧਾਵਾਂ ਪ੍ਰਾਪਤ ਕਰ ਰਹੇ ਹਨੇ। ਉਨ੍ਹਾਂ ਕਿਹਾ ਕਿ ਜਲਦੀ ਹੀ 5 ਹੋਰ ਆਮ ਆਦਮੀ ਕਲੀਨਿਕ ਇਨ੍ਹਾਂ ਖੇਤਰਾਂ ਅੰਦਰ ਖੋਲ ਕੇ ਲੋਕਾਂ ਨੂੰ ਸਿਹਤ ਸੁਵਿਧਾਵਾਂ ਪ੍ਰਦਾਨ ਕੀਤੀਆਂ ਜਾਣਗੀਆਂ।

# ਪਹਿਲਵਾਨ ਪ੍ਰਿੰਸ ਮਾਨ ਸਿੰਘ ਯੂ.ਕੇ.ਦਾ ਫਗਵਾੜਾ ਪੁੱਜਣ ਤੇ ਪੰਜਾਬ ਰੈਸਲਿੰਗ ਐਸੋਸੀਏਸ਼ਨ ਨੇ ਕੀਤਾ ਨਿੱਘਾ ਸਵਾਗਤ

**ਫਗਵਾੜਾ 1 ਦਸੰਬਰ (ਬੀ.ਕੇ.ਰੱਤੂ)** ਆਪਣੇ ਜਮਾਨੇ ਦੇ ਨਾਮਵਰ ਪਹਿਲਵਾਨ ਪ੍ਰਿੰਸ ਮਾਨ ਸਿੰਘ (ਯੂ.ਕੇ.) ਦਾ ਫਗਵਾੜਾ ਪੁੱਜਣ ਤੇ ਪੰਜਾਬ ਰੈਸਲਿੰਗ ਐਸੋਸੀਏਸ਼ਨ ਵਲੋਂ ਨਿੱਘਾ ਸਵਾਗਤ ਕੀਤਾ ਗਿਆ। ਸਵਾਗਤ ਕਰਨ ਵਾਲਿਆਂ 'ਚ ਐਸੋਸੀਏਸ਼ਨ ਦੇ ਪ੍ਰਧਾਨ ਪਦਮਸ੍ਰੀ ਕਰਤਾਰ ਸਿੰਘ (ਆਈ.ਪੀ.ਐਸ.), ਵਿੱਤ ਸਕੱਤਰ ਪੀ.ਆਰ. ਸੋਧੀ ਸਾਬਕਾ ਅੰਤਰਰਾਸ਼ਟਰੀ ਕੁਸ਼ਤੀ ਕੋਚ, ਪੀ.ਆਰ.ਓ ਰੀਤ ਪ੍ਰੀਤ ਪਾਲ ਸਿੰਘ ਸ਼ਾਮਲ ਸਨ। ਪ੍ਰਿੰਸ ਮਾਨ ਸਿੰਘ ਨੇ ਦੱਸਿਆ ਕਿ ਉਸਨੂੰ ਪਹਿਲਵਾਨੀ 'ਚ ਪ੍ਰਿੰਸ ਦਾ ਖਿਤਾਬ ਇੰਗਲੈਂਡ 'ਚ ਮਿਲਿਆ ਹੈ। ਪੁਰਾਣੀਆਂ ਯਾਦਾਂ ਤਾਜਾ ਕਰਦਿਆਂ ਉਹਨਾਂ ਦੱਸਿਆ ਕਿ ਰੁਸਤਮ-ਏ-ਹਿੰਦ ਅਤੇ ਫਿਲਮ ਅਦਾਕਾਰ ਦਾਰਾ ਸਿੰਘ ਨਾਲ ਵੀ ਉਸਨੇ ਜੈਪੁਰ 'ਚ ਕੁਸ਼ਤੀ ਲੜੀ ਸੀ। ਦਿਲਚਸਪ ਗੱਲ ਇਹ ਹੈ ਕਿ ਕਿੰਗਕਾਂਗ ਨੂੰ ਰਿੰਗ ਤੋਂ ਬਾਹਰ ਸੁੱਟਣ ਵਾਲੇ ਦਾਰਾ ਸਿੰਘ ਅਤੇ



ਪ੍ਰਿੰਸ ਮਾਨ ਸਿੰਘ ਵਿਚਕਾਰ ਹੋਈ ਕੁਸ਼ਤੀ ਬਰਾਬਰੀ ਤੇ ਰਹੀ ਸੀ। ਉਹਨਾਂ ਆਪਣੀਆਂ ਪੁਰਾਣੀਆਂ ਤਸਵੀਰਾਂ ਵੀ ਦਿਖਾਈਆਂ ਅਤੇ ਪੰਜਾਬ ਕੁਸ਼ਤੀ ਐਸੋਸੀਏਸ਼ਨ ਵਲੋਂ ਰੈਸਲਿੰਗ ਨੂੰ ਪ੍ਰਮੋਟ ਕਰਨ ਵਿਚ ਪਾਏ ਜਾ ਰਹੇ ਯੋਗਦਾਨ ਦੀ ਸ਼ਲਾਘਾ ਕੀਤੀ। ਉਹਨਾਂ ਸਮੂਹ ਪ੍ਰਵਾਸੀ ਭਾਈਚਾਰੇ ਵਲੋਂ ਐਸੋਸੀਏਸ਼ਨ ਨੂੰ ਹਰ ਤਰ੍ਹਾਂ ਦੀ ਮੱਦਦ ਦਾ ਭਰੋਸਾ ਵੀ ਦਿੱਤਾ ਅਤੇ ਫਗਵਾੜਾ ਵਿਖੇ ਨਿੱਘਾ ਸਵਾਗਤ ਕਰਨ ਲਈ ਪਦਮਸ੍ਰੀ ਕਰਤਾਰ ਸਿੰਘ, ਪੀ.ਆਰ. ਸੋਧੀ, ਰੀਤ ਪ੍ਰੀਤ ਪਾਲ ਸਿੰਘ ਅਤੇ ਹੋਰਨਾਂ ਦਾ ਤਹਿ ਦਿਲੋਂ ਧੰਨਵਾਦ ਵੀ ਕੀਤਾ।






# ਸੋਫੀ ਪਿੰਡ ਦੇ ਬੁੱਧ ਵਿਹਾਰ ਟਰੱਸਟੀਆਂ ਨੇ ਪ੍ਰੀਨਿਰਵਾਣ ਦਿਵਸ ਦੇ ਦਿੱਤੀਆਂ ਸ਼ਰਧਾਂਜਲੀਆਂ



**ਜਲੰਧਰ–** ਬੁੱਧ ਵਿਹਾਰ ਟਰੱਸਟ (ਰਜਿ.) ਸੋਫੀ ਪਿੰਡ ਦੇ ਅਹੁਦੇਦਾਰਾਂ ਤੇ ਮੈਂਬਰਾਂ ਨੇ ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਨੂੰ ਉਨ੍ਹਾਂ ਦੇ 67ਵੇਂ ਪ੍ਰੀਨਿਰਵਾਣ ਦਿਵਸ ਮੌਕੇ ਨਿੱਘੀ ਸ਼ਰਧਾਂਜਲੀ ਅਰਪਿਤ ਕੀਤੀ ਹੈ। ਸਾਰੇ ਮੈਂਬਰਾਂ ਅਤੇ ਅਹੁਦੇਦਾਰਾਂ ਨੇ ਡਾਕਟਰ ਅੰਬੇਡਕਰ ਚੌਕ ਨਕੋਦਰ ਰੋਡ ਪਹੁੰਚ ਕੇ ਫੁੱਲਾਂ ਦੇ ਹਾਰ ਪਾ ਕੇ ਇਹ ਸਰਧਾਂਜਲੀ ਅਰਪਤ ਕੀਤੀ। ਇਸ ਤੋਂ ਪਹਿਲਾਂ ਬੁੱਧ ਬੰਦਨਾ, ਤਰੀਸ਼ਰਣ, ਪੰਚਸੀਲ ਦੀ ਪ੍ਰਾਰਥਨਾ ਕੀਤੀ ਗਈ। ਇਸ ਮੌਕੇ ਐਡਵੋਕੇਟ ਹਰਭਜਨ ਦਾਸ ਸਾਪਲਾ ਨੇ ਆਖਿਆ ਕਿ ਆਪਾਂ ਸਾਰਿਆਂ ਨੂੰ ਬਾਬਾ ਸਾਹਿਬ ਵੱਲੋ ਦੁਆਏ ਅਧਿਕਾਰਾਂ ਦਾ ਲਾਭ ਪ੍ਰਾਪਤ ਕਰਨਾ ਚਾਹੀਦਾ ਹੈ ਤੇ ਫ਼ਰਜ਼ ਅਦਾ ਕਰਨੇ ਚਾਹੀਦੇ ਹਨ। ਬਾਬਾ ਸਾਹਿਬ ਦੀ ਸੋਚ ਅਨੁਸਾਰ ਆਪਾਂ ਸਭ ਨੂੰ ਗਰੀਬ, ਅਨਪੜ੍ਹ, ਬੇ-ਸਹਾਰਾ ਅਤੇ ਦੱਬੇ ਕੁਚਲੇ ਲੋਕਾਂ ਨੂੰ ਜਾਗ੍ਰਿਤ ਕਰਕੇ ਉਨ੍ਹਾਂ ਨੂੰ ਨਾਲ ਲੈ ਕੇ ਚੱਲਣਾ ਚਾਹੀਦਾ ਹੈ ਤਾਂ ਜੋ ਸਮਾਜ ਨੂੰ ਬਿਹਤਰ ਸਿਰਜ ਕੇ ਸਮਾਜ ਦੀ ਸੇਵਾ ਕੀਤੀ ਜਾ ਸਕੇ। ਇਸ ਸ਼ਰਧਾਂਜਲੀ ਭੇਂਟ ਕਰਨ ਮੌਕੇ ਐਡਵੋਕੇਟ ਹਰਭਜਨ ਦਾਸ ਸਾਂਪਲਾ ਤੋਂ ਇਲਾਵਾ ਲਹਿੰਬਰ ਰਾਮ ਬੰਗੜ, ਚਮਨ ਲਾਲ ਸਾਂਪਲਾ, ਮਾਸਟਰ ਰਾਮ ਲਾਲ, ਲਾਲ ਚੰਦ ਸਾਂਪਲਾ, ਚੰਚਲ ਬੋਧ, ਪ੍ਰਸ਼ੋਤਮ ਦਾਦਰਾ, ਸੰਦੀਪ ਮਹਿੰਮੀ ਸਹਾਇਕ ਰਜਿਸਟਰਾਰ ਪੀਟੀਯੂ, ਪ੍ਰੋਫੈਸਰ ਰਾਜ ਕੁਮਾਰ, ਪਵਨ ਕੁਮਾਰ, ਸੁਰਿੰਦਰ ਕੁਮਾਰ ਤੇ ਹੋਰ ਆਗੂ ਹਾਜ਼ਰ ਸਨ।

**– ਮਹਿੰਦਰ ਰਾਮ ਫੁੱਗਲਾਣਾ**

# ਪੰਜਾਬ ਸਰਕਾਰ ਵੱਲੋਂ ਸੁਨਾਮ ਸ਼ਹਿਰ ਵਿੱਚ ਸੌ ਫ਼ੀਸਦੀ ਸੀਵਰੇਜ ਯਕੀਨੀ ਬਣਾਉਣ ਲਈ 6.38 ਕਰੋੜ ਰੁਪਏ ਦੇ ਫੰਡ ਜਾਰੀ

**ਸੁਨਾਮ ਊਧਮ ਸਿੰਘ ਵਾਲਾ (ਦਲਜੀਤ ਕੌਰ)–** ਪੰਜਾਬ ਸਰਕਾਰ ਵੱਲੋਂ ਸੁਨਾਮ ਵਾਸੀਆਂ ਦੀ ਚਿਰਾਂ ਤੋਂ ਲਟਕ ਰਹੀ ਮੰਗ ਨੂੰ ਪੂਰਾ ਕਰਨ ਲਈ ਇੱਕ ਹੋਰ ਲੋਕ ਪੱਖੀ ਐਲਾਨ 'ਤੇ ਮੋਹਰ ਲਗਾਉਂਦਿਆਂ ਸੁਨਾਮ ਸ਼ਹਿਰ ਵਿੱਚ ਸੌ ਫ਼ੀਸਦੀ ਸੀਵਰੇਜ ਸਿਸਟਮ ਨੂੰ ਯਕੀਨੀ ਬਣਾਉਣ ਲਈ 6.38 ਕਰੋੜ ਰੁਪਏ ਦੇ ਫੰਡ ਜਾਰੀ ਕਰਨ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਇਹ ਜਾਣਕਾਰੀ ਦਿੰਦਿਆਂ ਪੰਜਾਬ ਦੇ ਸੂਚਨਾ ਤੇ ਲੋਕ ਸੰਪਰਕ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਅਤੇ ਨਵੀਂ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ ਸ੍ਰੀ ਅਮਨ ਅਰੋੜਾ ਨੇ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਮਾਨ ਵੱਲੋਂ ਆਪਣੇ ਐਲਾਨ ਤੋਂ ਮਹਿਜ਼ ਤਿੰਨ- ਚਾਰ ਮਹੀਨਿਆਂ ਦੇ ਅੰਦਰ ਅੰਦਰ ਹੀ ਸੁਨਾਮ ਵਾਸੀਆਂ ਦੀ ਅਹਿਮ ਮੰਗ ਨੂੰ ਸਵੀਕਾਰ ਕਰਦੇ ਹੋਏ ਰਾਸ਼ੀ ਜਾਰੀ ਕਰਨ ਨੂੰ ਪ੍ਰਵਾਨਗੀ ਦੇ ਦਿੱਤੀ ਗਈ ਹੈ ਜਿਸ ਲਈ ਉਹ ਮੁੱਖ ਮੰਤਰੀ ਸ. ਭਗਵੰਤ ਮਾਨ ਦੇ ਤਹਿ ਦਿਲੋਂ ਸ਼ੁਕਰਗੁਜ਼ਾਰ ਹਨ।



ਕੈਬਨਿਟ ਮੰਤਰੀ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਸਮੇਂ ਇਹ ਪੰਜਾਬ ਵਾਸੀਆਂ ਲਈ ਦੁਖਾਂਤ ਹੀ ਰਿਹਾ ਹੈ ਕਿ ਕਿਸੇ ਵੀ ਸਰਕਾਰ ਵੱਲੋਂ ਲੋਕਾਂ ਨੂੰ ਬੁਨਿਆਦੀ ਸੁਵਿਧਾਵਾਂ ਪ੍ਰਦਾਨ ਕਰਨ ਤੋਂ ਵੀ ਟਾਲ਼ਾ ਵੱਟੀ ਰੱਖਿਆ ਜਦਕਿ ਮੁੱਖ ਮੰਤਰੀ ਸ. ਭਗਵੰਤ ਮਾਨ ਦੀ ਦੂਰ ਅੰਦੇਸ਼ੀ ਸੋਚ ਸਦਕਾ ਪੰਜਾਬ ਵਾਸੀਆਂ ਨੂੰ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਦੇ ਪਹਿਲੇ ਮਹੀਨੇ ਅੰਦਰ ਹੀ ਸਹੂਲਤਾਂ ਉਪਲੱਬਧ ਕਰਵਾਉਣ ਦਾ ਸਿਲਸਿਲਾ ਆਰੰਭ ਕਰ ਦਿੱਤਾ ਗਿਆ ਸੀ। ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਨਗਰ ਕੌਂਸਲ ਸੁਨਾਮ ਦੇ ਦਾਇਰੇ ਅਧੀਨ ਆਉਂਦੇ ਸੌ ਫ਼ੀਸਦੀ ਲੋਕਾਂ ਨੂੰ ਪਾਣੀ ਅਤੇ ਸੀਵਰੇਜ ਦੀ ਸੁਵਿਧਾ ਪ੍ਰਦਾਨ ਕਰਨ ਲਈ ਪੰਜਾਬ ਜਲ ਸਪਲਾਈ ਤੇ ਸੀਵਰੇਜ ਬੋਰਡ ਦੇ ਅਧਿਕਾਰੀਆਂ ਨੂੰ ਦਿਸ਼ਾ ਨਿਰਦੇਸ਼ ਜਾਰੀ ਕਰ ਦਿੱਤੇ ਗਏ ਹਨ। ਉਨ੍ਹਾਂ ਦੱਸਿਆ ਕਿ ਪਿਛਲੇ ਮਹੀਨਿਆਂ ਵਿਚ ਉਨ੍ਹਾਂ ਵੱਲੋਂ ਲਗਾਤਾਰ ਸੀਵਰੇਜ ਬੋਰਡ ਅਤੇ ਨਗਰ ਕੌਂਸਲ ਦੇ ਅਧਿਕਾਰੀਆਂ ਨਾਲ ਵਿਕਾਸ ਕਾਰਜਾਂ ਬਾਰੇ ਮੀਟਿੰਗਾਂ ਕਰਕੇ ਤਰਜੀਹੀ ਆਧਾਰ 'ਤੇ ਕਰਵਾਏ ਜਾਣ ਵਾਲੇ ਕਾਰਜਾਂ ਦਾ ਜਾਇਜ਼ਾ ਲਿਆ ਗਿਆ ਅਤੇ ਜਿਸ ਤਹਿਤ ਸੁਨਾਮ ਸ਼ਹਿਰ ਵਿੱਚ ਬਕਾਇਆ ਰਹਿੰਦੇ 6.80 ਕਿਲੋਮੀਟਰ ਬ੍ਰਾਂਚ ਸੀਵਰ ਪਾਉਣ ਲਈ 6.38 ਕਰੋੜ ਦਾ ਅਨੁਮਾਨ ਲਗਾਇਆ ਗਿਆ ਸੀ। ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਮਾਨ ਦੇ ਆਦੇਸ਼ਾਂ 'ਤੇ ਪੰਜਾਬ ਬੁਨਿਆਦੀ ਢਾਂਚਾ ਵਿਕਾਸ ਬੋਰਡ ਵੱਲੋਂ 6.38 ਕਰੋੜ ਰੁਪਏ ਦੀ ਗਰਾਂਟ ਜਾਰੀ ਕਰਨ ਨੂੰ ਪ੍ਰਵਾਨਗੀ ਦੇ ਦਿੱਤੀ ਗਈ ਹੈ ਅਤੇ ਜਲਦੀ ਹੀ ਕੰਮ ਸ਼ੁਰੂ ਹੋ ਜਾਵੇਗਾ।

# ਪਿੰਡ ਭੂੰਦੀਆਂ ਵਿਖੇ ਭਾਰਤ ਰਤਨ ਡਾ.ਅੰਬੇਡਕਰ ਜੀ ਦੇ ਪ੍ਰੀ-ਨਿਰਵਾਣ ਦਿਵਸ ਤੇ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ





ਡਾ. ਬੀ.ਆਰ. ਅੰਬੇਡਕਰ ਚੇਤਨਾ ਸੁਸਾਇਟੀ ਭੋਗਪੁਰ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਡਾ. ਬਲਵਿੰਦਰ ਸਿੰਘ ਵੱਲੋਂ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੀ ਪ੍ਰੀ-ਨਿਰਵਾਣ ਦਿਵਸ ਤੇ ਸ਼ਰਧਾਂਜਲੀ ਭੇਟ ਕੀਤੀ ਗਈ। ਚੇਤਨਾ ਸੁਸਾਇਟੀ ਵੱਲੋਂ ਸੂਰਤੀ ਲਾਲ, ਚਰਨਜੀਤ ਸਿੰਘ ਬਿਨਪਾਲਕੇ ਅਤੇ ਮੁਕੇਸ਼ ਕੁਮਾਰ ਨੇ ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਦੇ ਜੀਵਨ ਅਤੇ ਵਿਚਾਰਧਾਰਾ ਤੇ ਚਾਨਣਾ ਪਾਇਆ। ਡਾ. ਬਲਵਿੰਦਰ ਸਿੰਘ ਨੇ ਕਿਹਾ ਕਿ ਬਾਬਾ ਸਾਹਿਬ ਅੰਬੇਡਕਰ ਨੇ ਭਾਰਤ ਦੇ ਸਾਰੇ ਵਰਗਾਂ ਦੇ ਲੋਕਾਂ ਦਾ ਜੀਵਨ ਉੱਚਾ ਚੁੱਕਣ ਲਈ ਦਿਨ-ਰਾਤ ਘਾਲਣਾ ਘਾਲੀ ਹੈ ਅਤੇ ਆਪਣੀ ਉਚੇਰੀ ਸੂਝ-ਬੂਝ ਤੇ ਸਖ਼ਤ ਮਿਹਨਤ ਨਾਲ ਭਾਰਤੀ ਸੰਵਿਧਾਨ ਦੀ ਰਚਨਾ ਕੀਤੀ ਹੈ। ਬਲਜੀਤ ਸਿੰਘ, ਗੁਰਪ੍ਰੀਤ ਕੌਰ, ਸਾਬਕਾ ਸਰਪੰਚ ਸ੍ਰੀਮਤੀ ਸੁਰਿੰਦਰ ਕੌਰ, ਬਲਜੀਤ ਕੌਰ, ਪਰਮਿੰਦਰ ਕੌਰ ਅਤੇ ਬੱਚਿਆਂ ਨੇ ਸ਼ਮੂਲੀਅਤ ਕੀਤੀ। ਸੁਸਾਇਟੀ ਵੱਲੋਂ ਛੋਟੇ ਬੱਚਿਆਂ ਨੂੰ ਕਾਪੀਆਂ, ਪੈਂਨ ਅਤੇ ਪੈਨਸਿਲਾਂ ਵੀ ਪ੍ਰਦਾਨ ਕੀਤੀਆਂ ਗਈਆਂ।

**– ਚਰਨਜੀਤ ਸਿੰਘ ਬਿਨਪਾਲਕੇ**





# ਪਿੰਡ ਗੇਹਲੜਾਂ ਵਿਖੇ ਡਾ. ਅੰਬੇਡਕਰ ਜੀ ਦਾ ਪ੍ਰੀ-ਨਿਰਵਾਣ ਦਿਵਸ ਮਨਾਇਆ ਗਿਆ



ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ 66 ਵੇਂ ਪ੍ਰੀ-ਨਿਰਵਾਣ ਦਿਵਸ ਮੌਕੇ ਪਿੰਡ ਗੇਹਲੜਾਂ ਵਿਖੇ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਪ੍ਰਬੰਧਕ ਕਮੇਟੀ, ਗ੍ਰਾਮ ਪੰਚਾਇਤ ਅਤੇ ਸਮੂਹ ਨਗਰ ਨਿਵਾਸੀਆਂ ਵੱਲੋਂ ਸ਼ਰਧਾਂਜਲੀ ਅਰਪਿਤ ਕੀਤੀ ਗਈ। ਸਮਾਗਮ ਦਾ ਆਯੋਜਨ ਡਾ. ਬੀ. ਆਰ. ਅੰਬੇਡਕਰ ਚੇਤਨਾ ਸੁਸਾਇਟੀ ਭੋਗਪੁਰ ਦੇ ਸਹਿਯੋਗ ਨਾਲ ਕੀਤਾ ਗਿਆ। ਇਸ ਮੌਕੇ ਸਰਪੰਚ ਸ੍ਰੀ ਮਤੀ ਕਮਲਾ ਦੇਵੀ ਅਤੇ ਸਮੂਹ ਹਾਜ਼ਰੀਨ ਵੱਲੋਂ ਬਾਬਾ ਸਾਹਿਬ ਦੀ ਤਸਵੀਰ ਅੱਗੇ ਮੋਮਬੱਤੀਆਂ ਰੌਸ਼ਨ ਕੀਤੀਆਂ ਗਈਆਂ। ਮਾਸਟਰ ਸੂਰਤੀ ਲਾਲ ਜਨਰਲ ਸਕੱਤਰ ਡਾ. ਬੀ. ਆਰ. ਅੰਬੇਡਕਰ ਚੇਤਨਾ ਸੁਸਾਇਟੀ ਭੋਗਪੁਰ ਨੇ ਬੱਚਿਆਂ ਨੂੰ ਬਾਬਾ ਸਾਹਿਬ ਦੇ ਜੀਵਨ ਅਤੇ ਵਿਚਾਰਧਾਰਾ ਤੋਂ ਜਾਣੂ ਕਰਵਾਇਆ ਅਤੇ ਉਨ੍ਹਾਂ ਨੇ ਬੱਚਿਆਂ ਨਾਲ ਸਵਾਲ-ਜਵਾਬ ਵੀ ਕੀਤੇ। ਚਰਨਜੀਤ ਸਿੰਘ ਬਿਨਪਾਲਕੇ ਨੇ ਬੋਲਦਿਆਂ ਕਿਹਾ ਕਿ ਆਜ਼ਾਦੀ ਤੋਂ ਬਾਅਦ ਭਾਰਤ ਦੇ ਨਵ-ਨਿਰਮਾਣ ਵਿਚ ਡਾ. ਅੰਬੇਡਕਰ ਜੀ ਦਾ ਬਹੁਤ ਵੱਡਾ ਯੋਗਦਾਨ ਹੈ। ਉਹ ਭਾਰਤੀ ਨਾਰੀ ਦੇ ਮੁਕਤੀਦਾਤਾ ਵੀ ਹਨ। ਸਮਾਗਮ ਵਿੱਚ ਸ੍ਰੀ ਮਤੀ ਸ਼ੀਲਾ ਦੇਵੀ, ਸਿਮਰੋ, ਸੋਮਾਂ ਦੇਵੀ, ਸਵਰਨੀ, ਸੁਰਿੰਦਰ ਕੌਰ, ਮਹਿੰਦਰ ਕੌਰ, ਮੁਕੇਸ਼ ਕੁਮਾਰ, ਹਰਜਿੰਦਰਪਾਲ, ਪੰਕਜ, ਵਿਜੇ, ਵਿੱਕੀ, ਗੁਰਤੀਸ਼ ਅਤੇ ਬੱਚਿਆਂ ਦੀ ਭਾਰੀ ਇਕੱਠ ਨੇ ਹਾਜ਼ਰੀ ਭਰੀ। ਛੋਟੇ ਬੱਚਿਆਂ ਨੂੰ ਕਾਪੀਆਂ, ਪੈਂਨ ਅਤੇ ਪੈਨਸਿਲਾਂ ਵੀ ਪ੍ਰਦਾਨ ਕੀਤੀਆਂ ਗਈਆਂ।

**– ਚਰਨਜੀਤ ਸਿੰਘ ਬਿਨਪਾਲਕੇ**



ਮਾਤਾ ਸਵਿੱਤਰੀ ਬਾਈ ਫੂਲੇ ਇੰਟਰਨੈਸ਼ਨਲ ਗਰੁੱਪ ਪਿੰਡ ਕੰਗਰੋੜ ਵੱਲੋਂ 6 ਦਸੰਬਰ 2022 ਨੂੰ ਭਾਰਤੀ ਸੰਵਿਧਾਨ ਦੇ ਰਚਨਹਾਰੇ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਨੂੰ ਉਹਨਾਂ ਦੀ ਬਰਸੀ ਮਨਾਈ ਗਈ। ਮੈਂਬਰਾਂ ਵੱਲੋਂ ਨਿੱਘੀ ਸ਼ਰਧਾਂਜਲੀ ਦਿੱਤੀ ਗਈ। ਬਾਬਾ ਸਾਹਿਬ ਨੇ ਕਿਹਾ ਸੀ ''ਜ਼ਿੰਦਗੀ ਲੰਮੀ ਨਹੀਂ ਮਹਾਨ ਹਾਣੀ ਚਾਹੀਦੀ ਹੈ।'' ਮੇਰੇ ਕਾਫਲੇ ਨੂੰ ਜੇ ਤੁਸੀਂ ਅੱਗੇ ਨਹੀਂ ਲਿਜਾ ਸਕਦੇ ਤਾਂ ਇਸ ਪਿੱਛੇ ਵੀ ਨਾ ਜਾਣ ਦਿਓ। ਸਾਨੂੰ ਉਹਨਾਂ ਦੀ ਸੋਚ ਨੂੰ ਅਪਣਾਉਣਾ ਚਾਹੀਦਾ ਹੈ। ਉਹਨਾਂ ਵੱਲੋਂ ਦਿੱਤਾ ਮੂਲਮੰਤਰ ਪੜ੍ਹੋ, ਜੁੜੋ ਤੇ ਸੰਘਰਸ਼ ਕਰੋ 'ਤੇ ਪਹਿਰਾ ਦੇਣਾ ਚਾਹੀਦਾ ਹੈ। ਇਸ ਮੌਕੇ ਪੁਸ਼ਪਾ ਰਾਣੀ, ਮਨਦੀਪ ਕੌਰ, ਅਮਰਜੀਤ ਕੌਰ, ਨਰੇਸ਼ ਕੁਮਾਰੀ, ਵਿਜੇ ਕੁਮਾਰੀ, ਰਣਜੀਤ ਕੌਰ, ਕੁਲਵਿੰਦਰ ਕੌਰ, ਕਮਲਜੀਤ ਕੌਰ, ਪ੍ਰੀਤਮ ਕੌਰ, ਕਮਲੇਸ਼ ਰਾਣੀ, ਮਮਤਾ ਰਾਣੀ, ਸੀਮਾ ਰਾਣੀ, ਸੰਤੋਸ਼ ਕੁਮਾਰੀ ਅਤੇ ਬੱਚੇ ਵੀ ਹਾਜ਼ਰ ਸਨ।

# ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਨਵੇਂ ਪ੍ਰਧਾਨ ਰਸ਼ਪਾਲ ਸਿੰਘ ਸ਼ੀਰਾ ਸ਼ੰਮੀਪੁਰੀਆ ਚੁਣੇ ਗਏ

**ਚੰਡੀਗੜ (ਪ੍ਰੀਤਮ ਲੁਧਿਆਣਵੀ)–** ਇੰਗਲੈਂਡ ਕਬੱਡੀ ਫੈਡਰੇਸ਼ਨ ਦੀ ਕੀਤੀ ਗਈ ਚੋਣ ਵਿੱਚ ਉੱਘੇ ਸਾਬਕਾ ਕਬੱਡੀ ਖਿਡਾਰੀ ਤੇ ਖੇਡ ਪ੍ਰਮੋਟਰ ਸ੍ਰ. ਰਸ਼ਪਾਲ ਸਿੰਘ ਸ਼ੀਰਾ ਸ਼ੰਮੀਪੁਰੀਆ ਪ੍ਰਧਾਨ ਤੇ ਕੇਵਲ ਸਿੰਘ ਰਣਦੇਵਾ ਚੇਅਰਮੈਨ ਇੰਗਲੈਂਡ ਫੈਡਰੇਸ਼ਨ ਚੁਣੇ ਗਏ।

ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਗੀਤਕਾਰ ਰਾਜੂ ਨਾਹਰ ਨੇ ਦੱਸਿਆ ਕਿ ਸਾਨੂੰ ਇਸ ਸਬੰਧੀ ਜਾਣਕਾਰੀ ਦਿੰਦਿਆਂ ਇੰਗਲੈਂਡ ਤੋਂ ਜੁਆਇੰਟ ਸੈਕਟਰੀ ਸ. ਕੁਲਵੰਤ ਸਿੰਘ ਸੰਘਾ ਜੀ ਨੇ ਦੱਸਿਆ ਕਿ ਹੋਰ ਅਹੁੱਦੇਦਾਰਾਂ ਵਿਚ ਜ. ਸਕੱਤਰ ਸੁਰਿੰਦਰ ਸਿੰਘ ਮਾਣਕ, ਖਜਾਨਚੀ ਸ਼ੀਰਾ ਸਿੰਘ ਔਲਖ, ਜੁਆਇੰਟ ਖਜਾਨਚੀ ਜਸਜੀਤ ਸਿੰਘ ਪੱਡਾ ਰਾਣਾ, ਮੀਤ ਪ੍ਰਧਾਨ ਸਤਨਾਮ ਸਿੰਘ ਸੱਤਾ ਮੁਠੱਡਾ ਮੀਤ ਚੇਅਰਮੈਨ ਜੋਗਿੰਦਰ ਸਿੰਘ ਦੁਸਾਂਝ, ਬਲਵਿੰਦਰ ਸਿੰਘ ਚੱਠਾ, ਪ੍ਰੈਸ ਸਕੱਤਰ ਮੈਨੇਜਰ ਬਲਜਿੰਦਰ ਸਿੰਘ ਭਿੰਡਰ, ਗੁਰਦੀਪ ਸਿੰਘ ਸੋਮਲ ਕੋਚ ਕੁਲਵਿੰਦਰ ਸਿੰਘ ਛੋਕਰ, ਪਰਮਜੀਤ ਸਿੰਘ ਪੰਮੀ ਰੰਧਾਵਾ ਤੇ ਸਹਾਇਕ ਪ੍ਰੈਸ ਸਕੱਤਰ ਬਲਵਿੰਦਰ ਸਿੰਘ ਦੂਲੇ ਚੁਣੇ ਗਏ। ਇਸ ਮੌਕੇ ਸ੍ਰ. ਰਸ਼ਪਾਲ ਸਿੰਘ ਸ਼ੀਰਾ ਸ਼ੰਮੀਪੁਰੀਆ ਪ੍ਰਧਾਨ ਇੰਗਲੈਂਡ ਫੈਡਰੇਸ਼ਨ ਨੇ ਗੱਲਬਾਤ ਕਰਦਿਆਂ ਆਖਿਆ ਕਿ ਉਹ ਮਾ ਖੇਡ ਕਬੱਡੀ ਦੀ ਬਿਹਤਰੀ ਲਈ ਦਿਨ ਰਾਤ ਇੱਕ ਕਰਦੇ ਰਹਿਣਗੇ।



# ਪੰਜਾਬ ਸਰਕਾਰ ਨੇ ਡਾ. ਅੰਬੇਡਕਰ ਦੇ ਪਰਿਨਿਰਵਾਣ ਦਿਵਸ ਮੌਕੇ ਨਾ ਕੋਈ ਇਸ਼ਤਿਹਾਰ ਦਿੱਤਾ ਨਾ ਕੋਈ ਸਮਾਗਮ ਕੀਤਾ- ਜਸਵੀਰ ਸਿੰਘ ਗੜ੍ਹੀ






**ਚੰਡੀਗੜ੍ਹ/ ਤਲਵੰਡੀ ਸਾਬੋ–** ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ. ਭੀਮ ਰਾਓ ਅੰਬੇਡਕਾਰ ਜੀ ਦੇ ਪਰਿਨਿਰਵਾਣ ਦਿਵਸ ਮੌਕੇ ਬਹੁਜਨ ਸਮਾਜ ਪਾਰਟੀ ਵੱਲੋਂ ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋ) ਵਿਖੇ ਬਸਪਾ ਵਰਕਰਾਂ ਦਾ ਸੰਮੇਲਨ ਕੀਤਾ ਗਿਆ। ਇਸ ਸੰਮੇਲਨ ਵਿੱਚ ਸੂਬੇ ਭਰ ਵਿੱਚੋ ਵੱਡੀ ਗਿਣਤੀ ਵਰਕਰਾਂ ਨੇ ਸ਼ਮੂਲੀਅਤ ਕੀਤੀ। ਇਹ ਸੰਮੇਲਨ ਬਸਪਾ ਪੰਜਾਬ ਦੇ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਦੀ ਪ੍ਰਧਾਨਗੀ ਹੇਠ ਕੀਤਾ ਗਿਆ। ਇਸ ਮੌਕੇ ਮੁੱਖ ਮਹਿਮਾਨ ਵਜੋਂ ਕੇਂਦਰੀ ਕੋਆਰਡੀਨੇਟਰ ਸ੍ਰੀ ਰਣਧੀਰ ਸਿੰਘ ਬੈਨੀਵਾਲ ਅਤੇ ਵਿਸੇਸ਼ ਮਹਿਮਾਨ ਵਜੋਂ ਸੂਬਾ ਇੰਚਾਰਜ ਅਵਤਾਰ ਸਿੰਘ ਸ੍ਰੀ ਕਰੀਮਪੁਰੀ ਅਤੇ ਸ੍ਰੀ ਅਜੀਤ ਸਿੰਘ ਭੈਣੀ ਜੀ ਪੁੱਜੇ। ਸੰਮੇਲਨ ਵਿੱਚ ਪਹੁੰਚੇ ਸਮੂਹ ਆਗੂਆਂ ਅਤੇ ਵਰਕਰਾਂ ਵੱਲੋਂ ਡਾ. ਅੰਬੇਡਕਰ ਸਾਹਿਬ ਵੱਲੋਂ ਲੈ ਕੇ ਦਿੱਤੇ ਗਏ ਹੱਕਾਂ ਨੂੰ ਬਚਾਉਣ ਲਈ ਅਤੇ ਉਨ੍ਹਾਂ ਦੇ ਵਿਖਾਏ ਗਏ ਰਾਹ ਉਤੇ ਚੱਲਣ ਐਲਾਨ ਕੀਤਾ ਗਿਆ। ਮੁੱਖ ਮਹਿਮਾਨ ਸ੍ਰੀ ਬੈਨੀਵਾਲ ਜੀ ਨੇ ਕਿਹਾ ਕਿ ਜੇਕਰ ਪੰਜਾਬ ਦਾ ਦਲਿਤ ਤੇ ਪਿਛੜਾ ਵਰਗ ਖਤਮ ਹੋ ਜਾਵੇ, ਬਹੁਜਨ ਸਮਾਜ ਦੀ ਆਪਣੀ ਧੜੇਬੰਦੀ ਖਤਮ ਹੋ ਜਾਵੇ, ਤਾਂ ਬਹੁਜਨ ਸਮਾਜ ਪੰਜਾਬ ਦੇ ਤਖ਼ਤ ਦਾ ਭਾਗੀਦਾਰ ਬਣ ਸਕਦਾ ਹੈ। ਸ੍ਰੀ ਕਰੀਮਪੁਰੀ ਨੇ ਬੋਲਦਿਆਂ ਕਿਹਾ ਕਿ ਪਿਛਲੇ ਅੱਠ ਮਹੀਨੇ ਵਿੱਚ ਕੇਜਰੀਵਾਲ ਦੀਆਂ ਦਲਿਤ ਵਿਰੋਧੀ ਨੀਤੀਆ ਦਾ ਪਰਦਾ ਬੇਪਰਦ ਹੋ ਚੁੱਕਾ ਹੈ। ਇਸ ਲਈ ਸਮੂਹ ਵਰਕਰ ਤੇ ਲੀਡਰਸ਼ਿਪ ਸਾਹਿਬਾਨ ਨੂੰ ਇਕਜੁੱਟ ਹੋਕੇ ਬੂਥ ਪੱਧਰ ਤੇ ਡਟ ਜਾਣ ਦਾ ਸੰਦੇਸ਼ ਦਿੱਤਾ। ਸ੍ਰੀ ਅਜੀਤ ਸਿੰਘ ਭੈਣੀ ਨੇ ਕਿਹਾ ਕਿ ਅਜ਼ਾਦੀ ਦੀ 75 ਸਾਲਾਂ ਵਿਚ ਪਿਛੜਾ ਵਰਗ ਨਾਲ ਪੈਰ ਪੈਰ ਤੇ ਹੋਏ ਧੱਕਾ ਤੇ ਧੋਖਾ ਹੋਇਆ ਹੈ। ਇਸ ਮੌਕੇ ਬਹੁਜਨ ਸਮਾਜ ਪਾਰਟੀ ਪੰਜਾਬ ਦੇ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਬੋਲਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦਲਿਤ ਲੋਕਾਂ ਨੂੰ ਗੁੰਮਰਾਹ ਕਰਨ ਦੇ ਲਈ ਪਾਖੰਡ ਕਰਦੀ ਨਹੀਂ ਥਕਦੀ। ਲੋਕਾਂ ਨੂੰ ਗੁੰਮਰਾਹ ਕਰਨ ਦੇ ਲਈ ਸਰਕਾਰੀ ਦਫ਼ਤਰਾਂ ਵਿੱਚ ਤਾਂ ਬਾਬਾ ਸਾਹਿਬ ਦੀ ਫੋਟੋ ਲਗਾਉਣ ਦਾ ਪਾਖੰਡ ਕੀਤਾ ਪ੍ਰੰਤੂ ਅੱਜ ਉਨ੍ਹਾਂ ਦੇ ਪਰਿਨਿਰਵਾਣ ਦਿਵਸ ਮੌਕੇ ਯਾਦ ਕਰਨਾ ਹੀ ਭੁੱਲ ਗਈ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦਲਿਤ ਵਿਰੋਧੀ ਹੈ ਜੋ ਕਿ ਹੌਲੀ ਹੌਲੀ ਬਾਬਾ ਸਾਹਿਬ ਵੱਲੋਂ ਦਿੱਤੇ ਗਏ ਰਾਖਵਾਂਕਰਨ ਦੇ ਹੱਕ ਵੀ ਖੋਹਣ ਲੱਗੀ ਹੈ। ਉਨ੍ਹਾਂ ਕਿਹਾ ਕਿ ਹਰ ਦਿਨ ਉਤੇ ਅਖਬਾਰਾਂ ਵਿੱਚ ਇਸ਼ਤਿਹਾਰ ਦੇਣ ਵਾਲੀ ਭਗਵੰਤ ਮਾਨ ਸਰਕਾਰ ਅੱਜ ਬਾਬਾ ਸਾਹਿਬ ਜੀ ਦੇ ਪਰਿਨਿਰਮਾਣ ਦਿਵਸ ਮੌਕੇ ਨਾ ਇਸ਼ਤਿਹਾਰ ਦਿੱਤਾ ਅਤੇ ਨਾ ਕੋਈ ਸੂਬੇ ਵਿੱਚ ਸਮਾਗਮ ਕੀਤਾ। ਉਨ੍ਹਾਂ ਕਿਹਾ ਕਿ ਬਹੁਜਨ ਸਮਾਜ ਪਾਰਟੀ ਦੇ ਹਰ ਆਗੂਆਂ ਨੂੰ ਸੱਦਾ ਦਿੱਤਾ ਕਿ ਉਹ ਦਲਿਤਾਂ ਉਤੇ ਹੋ ਰਹੇ ਅੱਤਿਆਚਾਰ ਖਿਲਾਫ ਦਿਨ ਰਾਤ ਇਕ ਕਰਕੇ ਪਿੰਡ ਪਿੰਡ ਜਾ ਕੇ ਲੋਕਾਂ ਨੂੰ ਜੱਥੇਬੰਦ ਕਰਨ। ਸ ਗੜ੍ਹੀ ਨੇ ਕਿਹਾ ਕਿ ਬਾਬਾ ਸਾਹਿਬ ਦੇ ਸੁਪਨੇ ਆਰਥਿਕ ਅਤੇ ਸਮਾਜਿਕ ਆਜ਼ਾਦੀ ਨੂੰ ਪੂਰਾ ਕਰਨ ਲਈ ਬਸਪਾ ਡਟਕੇ ਲੜਾਈ ਲੜੇਗੀ। ਉਨ੍ਹਾਂ ਕਿਹਾ ਕਿ ਸਾਡਾ ਟੀਚਾ 2024 ਵਿੱਚ ਹੋਣ ਵਾਲੀਆਂ ਲੋਕ ਸਭਾ ਦੀਆਂ ਚੋਣਾਂ ਵਿੱਚ ਪੰਜਾਬ ਵਿੱਚ ਐਮਪੀ ਜਿਤਾਕੇ ਦਿੱਲੀ ਭੇਜਣਾ ਹੈ। ਸ ਗੜ੍ਹੀ ਨੇ ਕਿਹਾ ਕਿ ਦੇਸ਼ ਵਿੱਚ ਬਹੁਜਨ ਸਮਾਜ ਪਾਰਟੀ ਨੂੰ ਮਜ਼ਬੂਤ ਕਰਨ ਦੀ ਹੁਣ ਸਖਤ ਲੋੜ ਹੈ ਤਾਂ ਕਿ ਜੋ ਦਲਿਤਾਂ ਉਤੇ ਦਿਨੋਂ ਦਿਨ ਅੱਤਿਆਚਾਰ ਵਧਦਾ ਜਾ ਰਿਹਾ ਹੈ ਉਸ ਨੂੰ ਰੋਕਿਆ ਜਾ ਸਕੇ। ਉਨ੍ਹਾਂ ਦਲਿਤ ਸਮਾਜ ਨੂੰ ਨੀਲੇ ਝੰਡੇ ਹੇਠ ਜਥੇਬੰਦ ਹੋਣ ਦਾ ਸੱਦਾ ਦਿੱਤਾ।

ਇਸ ਮੌਕੇ ਉਪ ਪ੍ਰਧਾਨ ਬਲਦੇਵ ਸਿੰਘ ਮਹਿਰਾ, ਸੂਬਾ ਜਨਰਲ ਸਕੱਤਰ ਕੁਲਦੀਪ ਸਿੰਘ ਸਰ-ਦੂਲਗੜ੍ਹ, ਬੀਬੀ ਮੀਨਾ ਰਾਣੀ, ਜੋਗਾ ਸਿੰਘ ਪਨੋਦੀਆਂ, ਜਗਦੀਪ ਸਿੰਘ ਗੋਗੀ, ਲਾਲ ਸਿੰਘ ਸੁਲਹਾਣੀ, ਬੀਬੀ ਸੀਲਾ ਰਾਣੀ, ਲਖਵੀਰ ਸਿੰਘ ਨਿੱਕਾ, ਚਮਕੌਰ ਸਿੰਘ ਵੀਰ, ਪਰਵੀਨ ਬੰਗਾ, ਹਰਭਜਨ ਸਿੰਘ ਦੁਲਮਾਂ, ਭਾਗ ਸਿੰਘ ਸਰੀਹ, ਕੁਲਵੰਤ ਸਿੰਘ ਮੇਹਤੋਂ, ਸੁਖਦੇਵ ਸਿੰਘ ਸ਼ੀਰਾ, ਬਲਵਿੰਦਰ ਸਿੰਘ ਮਲਵਾਲ, ਵਕੀਲ ਅਵਤਾਰ ਕ੍ਰਿਸ਼ਨ, ਸੰਤ ਰਾਮ ਮੱਲੀਆਂ, ਹਰਦੇਵ ਸਿੰਘ ਤਰਖਾਣਬਧ, ਗੁਰਮੀਤ ਸਿੰਘ ਚੋਬਦਾਰਾਂ, ਰਾਜਿੰਦਰ ਭੀਖੀ, ਗੁਰਦੀਪ ਮਾਖਾ, ਦਰਸ਼ਨ ਸਿੰਘ ਝਲੂਰ, ਜਸਵੰਤ ਰਾਏ, ਗੁਰਮੇਲ ਚੁੰਬਰ, ਵਕੀਲ ਬਲਵਿੰਦਰ ਕੁਮਾਰ, ਵਿਜੇ ਯਾਦਵ, ਜਗਦੀਸ਼ ਸ਼ੇਰਪੁਰੀ, ਆਦਿ ਹਾਜ਼ਿਰ ਸਨ।

# ਬਹੁਜਨ ਸਮਾਜ ਪਾਰਟੀ, ਪੰਜਾਬ ਵਲੋਂ ਬਾਬਾ ਸਾਹਿਬ ਡਾ ਭੀਮ ਰਾਓ ਅੰਬੇਡਕਰ ਜੀ ਨੂੰ ਪਰਿਨਿਰਵਾਣ ਦਿਵਸ ਮੌਕੇ ਸ਼ਰਧਾਂਜਲੀ



ਬਹੁਜਨ ਸਮਾਜ ਪਾਰਟੀ, ਪੰਜਾਬ ਵਲੋਂ ਬਾਬਾ ਸਾਹਿਬ ਡਾ ਭੀਮ ਰਾਓ ਅੰਬੇਡਕਰ ਜੀ ਨੂੰ ਪਰਿਨਿਰਵਾਣ ਦਿਵਸ ਮੌਕੇ ਸ਼ਰਧਾਂਜਲੀ ਭੇਟ ਕਰਦੇ ਹਾਂ। ਅਸੀ ਪੰਜਾਬ ਵਿਚ ਬਾਬਾ ਸਾਹਿਬ ਅੰਬੇਡਕਰ ਜੀ ਦੇ ਸੁਪਨਿਆ ਦਾ ਸਮਾਜ ਤੇ ਸ਼ਾਸ਼ਨ ਬਨਾਉਣ ਲਈ ਵਚਨਬੱਧ ਹਾਂ, ਜਿਸਦਾ ਰਸਤਾ ਸੱਤਾ ਚੋ ਹੋਕੇ ਨਿਕਲਦਾ ਹੈ। ਸੱਤਾ ਲਈ ਬਹੁਜਨ ਸਮਾਜ ਪਾਰਟੀ ਦਾ ਝੰਡਾ ਸਾਡੇ ਹੱਥਾਂ ਵਿਚ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੇ ਫੜਾਇਆ ਜਿਸਦੀ ਅਗਵਾਈ ਅੱਜ ਭੈਣ ਕੁਮਾਰੀ ਮਾਇਆਵਤੀ ਜੀ ਬਤੌਰ ਰਾਸ਼ਟਰੀ ਪ੍ਰਧਾਨ ਕਰ ਰਹੇ ਹਨ। ਆਓ ਬਸਪਾ ਦੇ ਨੀਲੇ ਝੰਡੇ ਥੱਲੇ ਇਕੱਠੇ ਹੋਕੇ ਬਹੁਜਨ ਸਮਾਜ ਨੂੰ ਮਜ਼ਬੂਤ ਕਰਕੇ, ਸੱਤਾ ਦੇ ਮਾਲਿਕ ਬਣਕੇ, ਸਮਾਜਿਕ ਪਰਿਵਰਤਨ ਤੇ ਆਰਥਿਕ ਆਜ਼ਾਦੀ ਦੇ ਨਿਸ਼ਾਨੇ ਨੂੰ ਪ੍ਰਾਪਤ ਕਰੀਏ। ਬਸਪਾ ਦੇ ਮਜ਼ਬੂਤੀ ਨਾਲ ਵਧਦੇ ਰੱਥ ਅਤੇ ਇਸ ਨਿਸ਼ਾਨੇ ਨੂੰ ਰੋਕਣ ਲਈ ਪਿਛਲੀ ਸਰਕਾਰ ਵਿਚ ਕਾਂਗਰਸ ਨੇ ਦਲਿਤ ਚੇਹਰਾ ਮੁੱਖ ਮੰਤਰੀ ਬਣਾਕੇ ਰਸਤਾ ਰੋਕਿਆ। ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਬਾਬਾ ਸਾਹਿਬ ਅੰਬੇਡਕਰ ਜੀ ਦੀ ਫੋਟੋ ਨੂੰ ਸਰਕਾਰੀ ਦਫਤਰਾਂ ਵਿਚ ਲਗਾਕੇ ਬਹੁਜਨ ਸਮਾਜ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਹੈ, ਜੋਕਿ ਅੱਜ ਬੁਰੀ ਤਰ੍ਹਾਂ ਨਾਲ ਬੇਨਕਾਬ ਹੋ ਗਈ ਹੈ। ਆਮ ਆਦਮੀ ਪਾਰਟੀ ਦੀ ਝਾੜੂ ਸਰਕਾਰ ਅਤੇ ਕੇਜਰੀਵਾਲ ਦੇ ਨੰਨ੍ਹੇ-ਮੁੰਨੇ ਚੇਲੇ-ਚੇਲੀਆਂ ਦੀ ਪੰਜਾਬ ਹਕੂਮਤ, ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਨੂੰ ਅਖ਼ਬਾਰਾਂ ਵਿਚ ਇਕ ਵੀ ਇਸ਼ਤਿਹਾਰ ਨਾ ਦੇਕੇ ਝੂਠੀ ਸਰਧਾਂਜਲੀ ਵੀ ਭੇਂਟ ਨਹੀਂ ਕਰ ਸਕੀ। ਪੰਜਾਬ ਵਿੱਚ ਬਹੁਜਨ ਸਮਾਜ ਕੋਲ ਝੂਠਿਆਂ ਤੇ ਧੋਖੇਬਾਜ਼ਾਂ ਨੂੰ ਸਬਕ ਸਿਖਾਉਣ ਲਈ ਇਕੋ ਰਸਤਾ ਹੈ, ਬਹੁਜਨ ਸਮਾਜ ਪਾਰਟੀ। ਆਓ ਬਹੁਜਨ ਸਮਾਜ ਪਾਰਟੀ ਨੂੰ ਮਜ਼ਬੂਤ ਕਰੀਏ।

**(ਜਸਵੀਰ ਸਿੰਘ ਗੜ੍ਹੀ)**

# ਸਕਾਟਲੈਂਡ: "ਮਾਤਾ ਧਰਤਿ" ਮੁਹਿੰਮ ਤਹਿਤ ਏਅਰ ਬੀਚ 'ਤੇ ਕੀਤੇ ਗਏ ਸਫਾਈ ਕਾਰਜ

## ਨਿਸ਼ਕਾਮ ਸੇਵਾ ਕਾਰਜ ਲਈ "ਮਾਤਾ ਧਰਤਿ" ਟੀਮ ਵਧਾਈ ਦੀ ਪਾਤਰ- ਜਸਵਿੰਦਰ ਕੁਮਾਰ

**ਗਲਾਸਗੋ (ਮਨਦੀਪ ਖੁਰਮੀ ਹਿੰ-ਮਤਪੁਰਾ)–** ਸਾਡੇ ਗੁਰੂ ਸਾਹਿਬਾਨਾਂ ਨੇ ਵੀ ਧਰਤੀ ਨੂੰ ਮਾਤਾ ਕਹਿ ਕੇ ਸਤਿਕਾਰ ਦਿੱਤਾ ਹੈ। ਅਸੀਂ ਗੁਰੂਆਂ ਨੂੰ ਤਾਂ ਮੰਨਦੇ ਹਾਂ ਪਰ ਗੁਰੂਆਂ ਦੀ ਗੱਲ ਨਹੀਂ ਮੰਨਦੇ। ਹਰ ਜਾਗਰੂਕ ਇਨਸਾਨ (ਚਾਹੇ ਕਿਸੇ ਵੀ ਧਰਮ ਨਾਲ ਸਬੰਧਤ ਹੋਵੇ) ਜਾਣਦਾ ਹੈ ਕਿ ਧਰਤੀ 'ਤੇ ਪਾਇਆ ਜਾਣ ਵਾਲਾ ਗੰਦ ਸਾਡੇ ਆਪਣੇ ਜੀਵਨ ਲਈ ਹੀ ਘਾਤਕ ਹੋ ਨਿੱਬੜੇਗਾ। ਇਸ ਅਟੱਲ ਸੱਚਾਈ ਨੂੰ ਹਰ ਕੋਈ ਅਣ-ਗੌਲਿਆ ਕਰਦਾ ਹੈ। ਸਮਾਜ ਵਿੱਚ ਧਰਤੀ ਦੀ ਸਫਾਈ ਅਤੇ ਵਾਤਾਵਰਣ ਸੁਰੱਖਿਆ ਸੰਬੰਧੀ ਜਾਗਰੂਕਤਾ ਦੇ ਮਨਸ਼ੇ ਤਹਿਤ "ਮਾਤਾ ਧਰਤਿ" ਨਾਮ ਦੀ ਮੁਹਿੰਮ ਦਾ




ਆਗਾਜ਼ ਕੀਤਾ ਗਿਆ ਸੀ। ਇਸ ਮੁਹਿੰਮ ਦੇ ਸ਼ੁਰੂਆਤੀ ਕਾਰਜਾਂ ਨੂੰ ਭਾਈਚਾਰੇ ਦੇ ਲੋਕਾਂ, ਸੰਸਥਾਵਾਂ ਵੱਲੋਂ ਬੇਹੱਦ ਸਰਾਹਿਆ ਗਿਆ। ਆਪਣੇ ਰੁਝੇਵਿਆਂ ਵਿੱਚੋਂ ਵਕਤ ਕੱਢ ਕੇ ਧਰਤੀ ਮਾਤਾ ਲੇਖੇ ਲਾਉਣ ਲਈ ਸ਼ਾਇਰ ਲਾਭ ਗਿੱਲ ਦੋਦਾ, ਪਰਮਿੰਦਰ ਬਮਰਾਹ ਧੱਲੇਕੇ, ਨਛੱਤਰ ਜੰਡੂ ਦੋਦਾ, ਬਲਜਿੰਦਰ ਸਿੰਘ ਗਾਖਲ, ਵਰਿੰਦਰ ਸਿੰਘ ਖੁਰਮੀ, ਮਨਦੀਪ ਖੁਰਮੀ ਹਿੰਮਤਪੁਰਾ ਵੱਲੋਂ ਹਰ ਪੰਦਰਾਂ ਦਿਨਾਂ ਬਾਅਦ ਵੱਖ ਵੱਖ ਕਸਬਿਆਂ ਸ਼ਹਿਰਾਂ ਵਿੱਚ ਸਫਾਈ ਕਾਰਜ ਕਰਨ ਨੂੰ ਅੰਜਾਮ ਦੇਣ ਦੀ ਵਿਉਂਤ ਬਣਾਈ ਹੋਈ ਹੈ। ਡਨੂੰਨ ਦੀਆਂ ਵਾਦੀਆਂ ਤੋਂ ਬਾਅਦ "ਕੀਪ ਸਕਾਟਲੈਂਡ ਬਿਊਟੀਫੁੱਲ" ਕੋਲੋਂ ਸੀਸਾਈਡ ਐਵਾਰਡ ਪ੍ਰਾਪਤ ਸਕਾਟਲੈਂਡ ਦੀ ਸਰਵੋਤਮ ਬੀਚ "ਏਅਰ ਬੀਚ" ਦਾ ਦੌਰਾ ਕਰਨ ਦਾ ਇਰਾਦਾ ਕੀਤਾ ਗਿਆ।

ਹੌਰੀਜਨ ਹੋਟਲ ਦੇ ਮਾਲਕ ਜਸਵਿੰਦਰ ਕੁਮਾਰ ਦੇ ਸੱਦੇ 'ਤੇ ਪਹੁੰਚੀ ਟੀਮ ਦਾ ਜਸਵਿੰਦਰ ਕੁਮਾਰ, ਸੁਮਿਤ ਸ਼ਰਮਾ ਅਤੇ ਸਟਾਫ ਵੱਲੋਂ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ। ਚਾਹ ਪਾਣੀ ਦੀ ਸੇਵਾ ਉਪਰੰਤ ਜਸਵਿੰਦਰ ਕੁਮਾਰ, ਸੁਮਿਤ ਸ਼ਰਮਾ ਵੱਲੋਂ ਸਾਥ ਦਿੰਦਿਆਂ ਖੁਦ ਵੀ ਸਫਾਈ ਕਾਰਜ ਵਿੱਚ ਹਿੱਸਾ ਲਿਆ। "ਮਾਤਾ ਧਰਤਿ" ਟੀਮ ਵੱਲੋਂ ਕੀਤੇ ਜਾ ਰਹੇ ਇਹਨਾਂ ਕਾਰਜਾਂ ਦੀ ਸਥਾਨਕ ਵਸਨੀਕਾਂ, ਰਾਹਗੀਰਾਂ ਅਤੇ ਬੀਚ 'ਤੇ ਸੈਰ ਕਰਦੇ ਲੋਕਾਂ ਵੱਲੋਂ ਵੀ ਭਰਪੂਰ ਸਰਾਹਨਾ ਕੀਤੀ ਗਈ। ਜਸਵਿੰਦਰ ਕੁਮਾਰ ਨੇ ਕਿਹਾ ਕਿ ਸਕਾਟਲੈਂਡ ਦੇ ਉੱਦਮੀ ਨੌਜਵਾਨਾਂ ਦੇ ਇਸ ਨਿਵੇਕਲੇ ਉੱਦਮ ਨੇ ਉਹਨਾਂ ਨੂੰ ਵੀ ਅਹਿਸਾਸ ਕਰਵਾਇਆ ਹੈ ਕਿ ਮੈਂ ਹਰ ਰੋਜ ਕੁਝ ਸਮਾਂ ਇਸ ਮਹਾਨ ਕਾਰਜ ਲੇਖੇ ਲਾਵਾਂ।

ਸਕਾਟਲੈਂਡ ਦੀ ਧਰਤੀ 'ਤੇ ਵਾਕਿਆ ਹੀ ਇਹ ਕਾਰਜ ਮਾਣਮੱਤਾ ਹੋ ਨਿੱਬੜੇਗਾ।" ਸ਼ਾਇਰ ਲਾਭ ਗਿੱਲ ਦੋਦਾ ਦਾ ਕਹਿਣਾ ਸੀ ਕਿ "ਹਰ ਵਾਰ ਨਵੀਂ ਜਗ੍ਹਾ 'ਤੇ ਜਾ ਕੇ ਕੀਤੇ ਸਫਾਈ ਕਾਰਜਾਂ ਰਾਹੀਂ ਬਾਹਰੀ ਸੰਸਾਰ ਕੋਲ ਸਕਾਟਲੈਂਡ ਦੀ ਖੂਬਸੂਰਤੀ ਵੀ ਪਹੁੰਚੇਗੀ ਅਤੇ ਇੱਕ ਨਰੋਆ ਸੁਨੇਹਾ ਵੀ ਪਹੁੰਚੇਗਾ।


# "ਦੇਸ਼ ਦੁਆਬਾ"

## ਹਫਤਾਵਾਰੀ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

## ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**E-mail : deshdoaba@yahoo.com**

**(ਸੰਪਰਕ) 1-916-947-8920, (ਫੈਕਸ) 1-916-238-1393**

www.deshdoaba.com www.ambedkartimes.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ


# ਦਫ਼ਤਰਾਂ 'ਚ ਅੰਬੇਡਕਰ ਦੀ ਫੋਟੋ ਲਗਾਕੇ ਪਾਖੰਡ ਕਰਨ ਵਾਲੀ ਆਪ ਸਰਕਾਰ ਹੋਈ ਬੇਨਕਾਬ : ਜਸਵੀਰ ਸਿੰਘ ਗੜ੍ਹੀ

**ਚੰਡੀਗੜ੍ਹ–** ਬਹੁਜਨ ਸਮਾਜ ਪਾਰਟੀ ਵੱਲੋਂ ਭਲਕੇ 6 ਦਸੰਬਰ ਨੂੰ ਸੰਵਿਧਾਨ ਨਿਰਮਾਤਾ ਬਾਬਾ ਸ੍ਰੀ ਭੀਮ ਰਾਓ ਅੰਬੇਡਕਰ ਸਾਹਿਬ ਜੀ ਦੇ ਜਨਮ ਦਿਵਸ ਮੌਕੇ ਸੂਬਾ ਪੱਧਰੀ ਵਰਕਰ ਸੰਮੇਲਨ ਕਰੇਗੀ। ਇੱਥੋਂ ਜਾਰੀ ਇਕ ਬਿਆਨ ਵਿੱਚ ਬਸਪਾ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਦੱਸਿਆ ਕਿ ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋ) ਵਿਖੇ ਪਾਰਟੀ ਵੱਲੋਂ ਸੂਬਾ ਪੱਧਰੀ ਵਰਕਰ ਸੰਮੇਲਨ ਕੀਤਾ ਜਾਵੇਗਾ। ਇਸ ਸੰਮੇਲਨ ਲਈ ਸੂਬੇ ਭਰ ਵਿੱਚੋਂ ਪਾਰਟੀ ਵਰਕਰ ਹਿਸਾ ਲੈਣਗੇ। ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਵੱਲੋਂ ਲਿਖੇ ਗਏ ਸੰਵਿਧਾਨ ਉਤੇ ਲਗਾਤਾਰ ਹਮਲੇ ਕੀਤੇ ਜਾ ਰਹੇ ਹਨ, ਇਨ੍ਹਾਂ ਹਮਲਿਆਂ ਨੂੰ ਰੋਕਣ ਲਈ ਬਹੁਜਨ ਸਮਾਜ ਦੇ ਲੋਕਾਂ ਨੂੰ ਲਾਮਬੰਦ ਕੀਤਾ ਜਾ ਰਿਹਾ ਹੈ। ਉਨ੍ਹਾਂ ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਸਰਕਾਰ ਉਤੇ ਵਰ੍ਹਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਸਰਕਾਰੀ ਦਫ਼ਤਰਾਂ ਵਿੱਚ ਬਾਬਾ ਸਾਹਿਬ ਦੀ ਫੋਟੋ ਲਗਾ ਕੇ ਪਾਖੰਡ ਕਰਕੇ ਲੋਕਾਂ ਨੂੰ ਗੁੰਮਰਾਹ ਕਰ ਰਹੀ ਹੈ। ਉਨ੍ਹਾਂ ਕਿਹਾ



ਕਿ ਸਰਕਾਰ ਵੱਲੋਂ ਬਾਬਾ ਅੰਬੇਡਕਰ ਸਾਹਿਬ ਜੀ ਦੇ ਜਨਮ ਦਿਨ ਮੌਕੇ ਕੋਈ ਵੀ ਸਰਕਾਰੀ ਪ੍ਰੋਗਰਾਮ ਅਜੇ ਤੱਕ ਨਹੀਂ ਉਲੀਕਿਆ ਗਿਆ। ਉਨ੍ਹਾਂ ਇਹ ਵੀ ਕਿਹਾ ਕਿ 'ਆਪ'ਪਾਰਟੀ ਨੇ ਸੱਤਾ ਵਿੱਚ ਆਉਣ ਤੋਂ ਬਾਅਦ ਲਗਾਤਾਰ ਬਾਬਾ ਸਾਹਿਬ ਵੱਲੋਂ ਦਿੱਤੇ ਗਏ ਰਾਖਵਾਂਕਰਨ ਦੇ ਅਧਿਕਾਰ ਉਤੇ ਹਮਲੇ ਕੀਤੇ ਹਨ, ਜੋਕਿ ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਤੇ ਘੱਟ ਗਿਣਤੀਆਂ ਨਾਲ ਧੋਖਾ ਹੈ। ਸ ਗੜ੍ਹੀ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਨੇ ਲਾਅ ਅਫਸਰਾਂ ਦੀ ਭਰਤੀ, ਪੁਲਿਸ ਵਿਭਾਗ ਅਤੇ ਸਿੱਖਿਆ ਵਿਭਾਗ ਵਿੱਚ ਨਿਕਲੀਆਂ ਨੌਕਰੀਆਂ ਵਿਚ ਲਗਾਤਾਰ ਰਾਖਵਾਂਕਰਨ ਨੀਤੀ ਦੀਆਂ ਧੱਜੀਆਂ ਉਡਾਈਆਂ ਹਨ। ਉਨ੍ਹਾਂ ਸਮਾਜ ਨੂੰ ਅਪੀਲ ਕੀਤੀ ਕਿ ਸਰਕਾਰ ਦੇ ਇਸ ਦੋਗਲੇ ਚੇਹਰੇ ਨੂੰ ਬੇਨਕਾਬ ਕਰਨ ਲਈ ਲਾਮਬੰਦ ਹੋਣ ਅਤੇ ਬਾਬਾ ਸਾਹਿਬ ਦੀ ਸੋਚ ਉਤੇ ਪਹਿਰਾ ਦਿੰਦੇ ਹੋਏ ਆਪਣੇ ਹੱਕਾਂ ਲਈ ਲੜਨ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ 9 ਅਕਤੂਬਰ ਬਹੁਜਨ ਸਮਾਜ ਪਾਰਟੀ ਵੱਲੋਂ ਬਸਪਾ ਬਾਨੀ ਸਾਹਿਬ ਕਾਂਸ਼ੀ ਰਾਮ ਜੀ ਦੇ ਜਨਮ ਦਿਨ ਮੌਕੇ ਖੰਨਾ ਵਿੱਚ ਸੂਬਾ ਪੱਧਰੀ ਸਮਾਗਮ ਕੀਤਾ ਗਿਆ ਸੀ। ਬਹੁਜਨ ਸਮਾਜ ਪਾਰਟੀ ਲਗਾਤਾਰ ਪੰਜਾਬ ਵਿੱਚ ਪਾਰਟੀ ਨੂੰ ਮਜ਼ਬੂਤ ਕਰਨ ਲਈ ਹੇਠਲੇ ਪੱਧਰ ਉਤੇ ਕੰਮ ਕਰ ਰਹੀ ਹੈ, ਜਿਸਦਾ ਸਬੂਤ ਦੋ ਮਹੀਨਿਆ ਵਿਚ ਲਗਾਤਾਰ ਦੂਜਾ ਸੂਬਾ ਪੱਧਰੀ ਪ੍ਰੋਗਰਾਮ ਕੀਤਾ ਜਾ ਰਿਹਾ ਹੈ।

**ਮਿਤੀ 6 ਦਸੰਬਰ ਨੂੰ ਪਿੰਡ ਚੱਕ ਕਲਾਲ ਵਿਖੇ ਬਾਵਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦਾ ਪ੍ਰੀ-ਨਿਰਮਾਣ ਦਿਵਸ ਮਨਾਇਆ ਗਿਆ, ਜਿਸ ਤਹਿਤ ਬਾਬਾ ਸਾਹਿਬ ਅਤੇ ਸਾਹਿਬ ਕਾਂਸ਼ੀ ਰਾਮ ਦੇ ਬੁੱਤਾਂ ਉਤੇ ਹਾਰ ਪਾਏ ਗਏ ਅਤੇ ਸ਼ਰਧਾਂਜਲੀ ਭੇਂਟ ਕੀਤੀ ਗਈ। ਇਸ ਮੌਕੇ ਸਰਪੰਚ ਗੁਰਪ੍ਰੀਤ ਕੌਰ, ਹਰਮੇਸ਼ ਸਿੰਘ ਚੱਕ ਕਲਾਲ, ਗੁਰਮੀਤ ਜੱਸੀ ਨੰਬਰਦਾਰ, ਸੰਤੋਖ ਜੱਸੀ ਸਾਬਕਾ ਸਰਪੰਚ, ਸੁੱਚਾ ਰਾਮ ਸਮੂਹ ਨਗਰ ਨਿਵਾਸੀ ਅਤੇ ਪੰਚਾਇਤ ਮੈਂਬਰ ਹਾਜ਼ਰ ਸਨ।**











# ਡਾ. ਅੰਬੇਡਕਰ ਵਿਸ਼ਵ ਦੀ ਮਹਾਨ ਸ਼ਖਸ਼ੀਅਤ : ਸੰਤੋਖ ਸਿੰਘ ਚੌਧਰੀ







**ਜਲੰਧਰ–** ਭਾਰਤੀ ਸੰਵਿਧਾਨ ਦੇ ਨਿਰਮਾਤਾ, ਵਿਸ਼ਵ ਪ੍ਰਸਿੱਧ ਸਮਾਜ ਸ਼ਾਸਤਰੀ, ਸੰਸਦੀ ਲੋਕਤੰਤਰ ਅਤੇ ਸਮਤਾ, ਸੁਤੰਤਰਤਾ ਤੇ ਭਾਈਚਾਰਕ ਏਕਤਾ ਦੇ ਪੁਰਜ਼ੋਰ ਹਿਮਾਇਤੀ, ਬਿਹਤਰੀਨ ਆਰਥਿਕ ਮਾਹਿਰ ਅਤੇ ਜੁਝਾਰੂ ਨੇਤਾ ਬਾਬਾਸਾਹਿਬ ਅੰਬੇਡਕਰ ਜੀ ਦੇ 67 ਵੇਂ ਪ੍ਰੀਨਿਰਵਾਣ ਦਿਵਸ ਮੌਕੇ ਅੰਬੇਡਕਰ ਭਵਨ ਟਰੱਸਟ (ਰਜਿ) ਵੱਲੋਂ ਅੰਬੇਡਕਰ ਭਵਨ ਵਿਖੇ ਸ਼ਰਧਾਂਜਲੀ ਸਮਾਰੋਹ ਆਯੋਜਿਤ ਕੀਤਾ ਗਿਆ. ਇਸ ਮੌਕੇ ਤੇ ਸਮਾਗਮ ਦੇ ਮੁਖ ਮਹਿਮਾਨ ਐਮ. ਪੀ. ਸੰਤੋਖ ਸਿੰਘ ਚੌਧਰੀ ਨੇ ਬਾਬਾ ਸਾਹਿਬ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਿਆਂ ਕਿਹਾ ਕਿ ਡਾ. ਅੰਬੇਡਕਰ ਵਿਸ਼ਵ ਦੀ ਬੇਮਿਸਾਲ ਸ਼ਖਸ਼ੀਅਤ ਸਨ, ਕਾਨੂੰਨ ਦੇ ਖੇਤਰ ਵਿਚ ਉਨ੍ਹਾਂ ਦੀਆਂ ਤਰਕਪੂਰਨ ਦਲੀਲਾਂ ਦਾ ਕੋਈ ਸਾਂਨੀ ਨਹੀਂ ਸੀ. ਉਹ ਮਹਾਨ ਸਮਾਜ ਵਿਗਿਆਨੀ ਸਨ ਅਤੇ ਉਨ੍ਹਾਂ ਦੇ ਕਾਰਜ ਤੇ ਲਿਖਤਾਂ ਇਸ ਗੱਲ ਦੀ ਪੁਸ਼ਟੀ ਕਰਦੀਆਂ ਹਨ ਕਿ ਅਹਿੰਸਾਤਮਕ ਅੰਦੋਲਨ ਅਤੇ ਵੋਟ ਦੀ ਸਹੀ ਵਰਤੋਂ ਨਾਲ ਸਮਾਜਿਕ ਪਰਿਵਰਤਨ ਲਿਆਂਦੇ ਜਾ ਸਕਦੇ ਹਨ. ਉਨ੍ਹਾਂ ਦੇ ਨਿਰੰਤਰ ਸੰਘਰਸ਼ ਦੁਆਰਾ ਹਜਾਰਾਂ ਸਾਲਾਂ ਤੋਂ ਲਤਾੜੇ ਤੇ ਪਿਛਾੜੇ ਵਰਗਾਂ ਅਤੇ ਇਸਤਰੀ ਸਮਾਜ ਦੀ ਦਸ਼ਾ ਵਿਚ ਬੇਜੋੜ ਗਿਣਨਾਤਮਕ ਤੇ ਗੁਣਾਤਮਕ ਪਰਿਵਰਤਨ ਆਏ. ਉਨ੍ਹਾਂ ਤੋਂ ਪਹਿਲਾਂ ਅੰਬੇਡਕਰ ਭਵਨ ਟਰੱਸਟ ਦੇ ਚੇਅਰਮੈਨ ਪ੍ਰੋਫੈਸਰ ਸੋਹਨ ਲਾਲ ਰਿਟਾ. ਡੀ ਪੀ ਆਈ (ਕਾਲਜਾਂ) ਨੇ ਮੁਖ ਮਹਿਮਾਨ ਦਾ ਸਵਾਗਤ ਕਰਦਿਆਂ ਸਮਾਜ ਭਲਾਈ ਦੇ ਕੰਮਾਂ ਲਈ ਉਨ੍ਹਾਂ ਦੀ ਪ੍ਰਸ਼ੰਸਾ ਕੀਤੀ ਅਤੇ ਭਾਰਤ ਦੀ ਰਾਜਨੀਤੀ ਤੇ ਸਮਾਜਿਕ ਕ੍ਰਾਂਤੀ ਲਈ ਬਾਬਾ ਸਾਹਿਬ ਦੇ ਯੋਗਦਾਨ ਦਾ ਜਿਕਰ ਕੀਤਾ. ਇਸ ਅਵਸਰ ਤੇ ਅੰਬੇਡਕਰ ਭਵਨ ਦੇ ਸੰਸਥਾਪਕ ਟਰੱਸਟੀ ਅਤੇ ਭੀਮ ਪਤ੍ਰਿਕਾ ਦੇ ਸੰਪਾਦਕ ਐੱਲ ਆਰ ਬਾਲੀ ਨੇ ਕਿਹਾ ਕਿ ਡਾ. ਅੰਬੇਡਕਰ ਸਾਹਿਬ ਦੇ ਅਣਥੱਕ ਯਤਨਾਂ ਦੁਆਰਾ ਸਮਾਨਤਾ , ਸੁਤੰਤਰਤਾ, ਭਾਈਚਾਰਕ ਏਕਤਾ ਅਤੇ ਸਮਾਜਿਕ ਨਿਆਂ ਉਪਰ ਅਧਾਰਿਤ ਸਿਰਜੇ ਗਏ ਭਾਰਤੀ ਸੰਵਿਧਾਨ ਨੂੰ ਵੇਲੇ ਦੀਆਂ ਸਰਕਾਰਾਂ ਨੇ ਪੂਰੀ ਤਰ੍ਹਾਂ ਅਮਲ ਵਿਚ ਨਹੀਂ ਲਿਆਂਦਾ. ਜਿਸਦੇ ਸਿੱਟੇ ਵਜੋਂ ਆਜ਼ਾਦੀ ਦੇ 75 ਸਾਲ ਬਾਦ ਵੀ ਅੱਜ ਦੇਸ਼ਵਾਸੀ ਗਰੀਬੀ, ਭੁੱਖਮਰੀ, ਕੁਪੋਸ਼ਣ , ਬੇਰੁਜਗਾਰੀ, ਅਣਪੜ੍ਹਤਾ, ਫਿਰਕੂ-ਕੱਟੜਤਾ, ਅੰਧਵਿਸ਼ਵਾਸਾਂ, ਅਤੇ ਜਾਤੀ ਵਿਤਕਰਿਆਂ ਦੇ ਸ਼ਿਕਾਰ ਹੋ ਰਹੇ ਹਨ. ਮਹਿੰਗਾਈ, ਭ੍ਰਿਸ਼ਟਾਚਾਰ ਅਤੇ ਇਖਲਾਕੀ ਗਿਰਾਵਟ ਨੇ ਆਮ ਆਦਮੀ ਦਾ ਜੀਉਣਾ ਮੁਸ਼ਕਿਲ ਕਰ ਦਿੱਤਾ ਹੈ. ਉਨ੍ਹਾਂ ਇਸ ਗੱਲ ਤੇ ਜ਼ੋਰ ਦਿੱਤਾ ਕਿ ਪੀੜਤ ਲੋਕਾਂ ਅਤੇ ਘੱਟ ਗਿਣਤੀਆਂ ਨੂੰ ਇਨ੍ਹਾਂ ਸਮੱਸਿਆਵਾਂ ਤੋਂ ਨਿਜਾਤ ਹਾਸਿਲ ਕਰਨ ਲਈ ਆਪਸੀ ਏਕਤਾ ਸਥਾਪਿਤ ਕਰਕੇ ਵਿਚਾਰਕ ਤੌਰ ਤੇ ਸੰਵਿਧਾਨ ਨੂੰ ਲਾਗੂ ਕਰਵਾਉਣ ਲਈ ਯਤਨ ਕਰਨੇ ਚਾਹੀਦੇ ਹਨ. ਉਨ੍ਹਾਂ ਤੋਂ ਇਲਾਵਾ ਮੁਖ ਬੁਲਾਰਿਆਂ ਵਜੋਂ ਡਾ. ਰਾਮ ਲਾਲ ਜੱਸੀ, ਐਡਵੋਕੇਟ ਪਰਮਿੰਦਰ ਸਿੰਘ ਖੁੱਤਣ ਅਤੇ ਜਸਵਿੰਦਰ ਵਰਿਆਣਾ ਨੇ ਵੀ ਬਾਬਾ ਸਾਹਿਬ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਦੇਸ਼ ਦੇ ਵਰਤਮਾਨ ਹਾਲਾਤ ਉੱਤੇ ਚਿੰਤਾ ਪ੍ਰਗਟ ਕਰਦਿਆਂ ਬਾਬਾ ਸਾਹਿਬ ਦੀ ਵਿਚਾਰਧਾਰਾ ਦੀ ਪ੍ਰਸੰਗਕਿਤਾ ਉੱਪਰ ਵਿਚਾਰ ਪ੍ਰਗਟ ਕੀਤੇ . ਹੋਰਨਾਂ ਤੋਂ ਇਲਾਵਾ ਇਸ ਸਮਾਗਮ ਵਿਚ ਡਾ. ਜੀ ਸੀ ਕੌਲ, ਬਲਦੇਵ ਭਾਰਦਵਾਜ, ਹਰਮੇਸ਼ ਜੱਸਲ, ਚਰਨ ਦਾਸ ਸੰਧੂ, ਡਾ. ਰਾਹੁਲ, ਡਾ. ਟੀ ਐੱਲ ਸਾਗਰ, ਡਾ. ਰਵੀ ਕਾਂਤ ਪਾਲ, ਮਦਨ ਲਾਲ, ਮਨੋਹਰ ਲਾਲ ਭੱਠੇ , ਰਾਮ ਲਾਲ ਦਾਸ, ਗੁਰਦਿਆਲ ਜੱਸਲ, ਹਰਭਜਨ ਨਿਮਤਾ, ਨਿਰਮਲ ਬਿਨਜੀ, ਮੋਹਨ ਲਾਲ, ਪ੍ਰੋਫ਼ ਬਲਬੀਰ, ਅਸ਼ਵਨੀ ਜੱਸਲ, ਪਿਸ਼ੋਰੀ ਲਾਲ ਸੰਧੂ, ਧਨੀ ਰਾਮ ਸੂਦ , ਚਮਨ ਲਾਲ ਸਾਂਪਲਾ, ਰਾਜੇਸ਼ ਬਿਰਦੀ ਆਦਿ ਮੌਜੂਦ ਸਨ.।

# ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿੱਚ ਅਤੀ ਪਿਛੜੀ ਅਨੁਸੂਚਿਤ ਜਾਤੀ (ਪੱਟੀ ਦਰਜ਼ ਜਾਤੀਆਂ) ਜਾਗ੍ਰਿਤੀ ਮਹਾਸੰਘ ਪੰਜਾਬ ਦਾ ਪਹਿਲਾ ਸੂਬਾ ਪੱਧਰੀ ਸਮਾਗਮ














ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿੱਚ ਅਤੀ ਪਿਛੜੀ ਅਨੁਸੂਚਿਤ ਜਾਤੀ (ਪੱਟੀ ਦਰਜ਼ ਜਾਤੀਆਂ) ਜਾਗ੍ਰਿਤੀ ਮਹਾਸੰਘ ਪੰਜਾਬ ਦਾ ਪਹਿਲਾ ਸੂਬਾ ਪੱਧਰੀ ਸਮਾਗਮ ਹੋਇਆ। ਮਾਣਯੋਗ ਵੀ.ਐਲ. ਮਤੰਗ ਰਾਸ਼ਟਰੀ ਪ੍ਰਚਾਰਕ ਬਾਮਸੇਫ਼ ਭਾਰਤ ਦੀ ਪ੍ਰਧਾਨਗੀ ਹੇਠ ਸਫ਼ਲਤਾ ਪੂਰਵਕ ਸੰਪੰਨ ਹੋਇਆ। ਸਮਾਗਮ ਦੀ ਪ੍ਰਸਤਾਵਨਾ ਕੁਸ਼ਲ ਕੁਮਾਰ ਕਨਵੀਨਰ ਬਾਮਸੇਫ਼ ਪੰਜਾਬ ਵੱਲੋ ਰੱਖੀ ਗਈ। ਪ੍ਰੋਗਰਾਮ ਵਜੋ ਮੁੱਖ ਮਹਿਮਾਨ ਤਹਿਸੀਲਦਾਰ ਰਮੇਸ਼ ਕੁਮਾਰ, ਇੰਜੀਨੀਅਰ ਜਤਿੰਦਰ ਕੁਮਾਰ, ਓਮ ਪ੍ਰਕਾਸ਼ ਬਹੋਤ ਪ੍ਰਧਾਨ ਭਾਵਾਧਸ, ਐਡਵੋਕੇਟ ਕੁਲਦੀਪ ਸਿਆਣੀਵਾਲ, ਐਡਵੋਕੇਟ ਕਰਨ ਖੁੱਲਰ, ਬਲਬੀਰ ਚੰਦ ਮਾਲ੍ਹਾ (ਆਗੂ ਵਿਮੁਕਤ ਜਾਤੀਆਂ)ਵਜੋਂ ਸ਼ਾਮਿਲ ਹੋਏ।

ਇਸ ਤੋਂ ਇਲਾਵਾ ਰਾਜਵਿੰਦਰ ਸਿੰਘ ਰਾਹੀ, ਐਡਵੋਕੇਟ ਵਿਕਰਮ ਲੰਕੇਸ਼, ਅਮਰੀਕ ਦਾਸ ਭੱਟੀ, ਬਿਸ਼ਨ ਦਾਸ ਸਹੋਤਾ, ਰਵਿੰਦਰ ਸਿੰਘ ਭੱਟੀ, ਡਾਕਟਰ ਸਤਪਾਲ, ਬੋਧ ਰਾਜ ਕੱਟਾਣਾ, ਧਨੀ ਪ੍ਰਸ਼ਾਦ ਬੋਧ, ਰਵੀ ਦਾਨਵ, ਪਵਨ ਪੁਰਸ਼ਾਰਥ, ਆਦਿ ਵਲੋਂ ਵਿਚਾਰ ਪੇਸ਼ ਕੀਤੇ ਗਏ ।ਗੁਰਮੀਤ ਸਿੰਘ ਫਰੀਦਕੋਟ ਵਲੋਂ ਧੰਨਵਾਦ ਪ੍ਰਸਤਾਵ ਪੇਸ਼ ਕੀਤਾ ਗਿਆ।

ਉਨ੍ਹਾਂ ਸਾਰੇ ਹੀ ਮਿਸ਼ਨਰੀ ਸਾਥੀਆਂ ਦਾ ਧੰਨਵਾਦ ਜਿਨ੍ਹਾਂ ਇਸ ਪ੍ਰੋਗਰਾਮ ਨੂੰ ਸਫ਼ਲ ਕਰਨ ਲਈ ਆਪਣਾ ਸਮਾਂ, ਪੈਸਾ, ਬੁੱਧੀ, ਹੁਨਰ ਲਗਾਇਆ। ਇਸ ਮੌਕੇ ਬਾਮਸੇਫ਼ ਇੰਚਾਰਜ਼ ਅਮਿਤ ਗੌਤਮ, ਸਤੀਸ਼ ਕੁਮਾਰ, ਇੰਜੀਨੀਅਰ ਲਵਦੀਪ ਸਿੰਘ, ਗਿਆਨ ਚੰਦ ਬੈਂਸ, ਸੁਰਿੰਦਰ ਰਾਵਲਪਿੰਡੀ, ਰਕੇਸ਼ ਸੱਭਰਵਾਲ, ਸ਼ਾਮ ਸੁੰਦਰ ਭੱਟੀ, ਰਜਿੰਦਰ ਰਾਣਾ, ਡਾਕਟਰ ਗੁਰਜੀਤ ਵਰਿਆਨਾ, ਜਸਮਿੰਦਰ ਪਾਲ, ਰਾਮ ਸਿੰਘ ਬਟਾਲਾ, ਜਤਿੰਦਰ ਕੁਮਾਰ, ਬੰਤ ਸਿੰਘ ਤਾਲਿਬ, ਚੰਚਲ ਨਾਗਵੰਸ਼ੀ ਆਦਿ ਹਾਜ਼ਰ ਸਨ।

# ਦਿੱਲੀ 'ਚ ਆਪ ਨੇ ਪਾਰ ਕੀਤਾ ਬਹੁਮਤ ਦਾ ਅੰਕੜਾ, ਭਾਜਪਾ ਨੇ 97 ਤੇ ਕਾਂਗਰਸ ਨੇ 7 ਸੀਟਾਂ ਜਿੱਤੀਆਂ



**ਨਵੀਂ ਦਿੱਲੀ :** ਦਿੱਲੀ ਨਗਰ ਨਿਗਮ ਚੋਣਾਂ ਦੇ ਨਤੀਜੇ ਆ ਗਏ ਹਨ। ਖਬਰ ਲਿਖੇ ਜਾਣ ਤੱਕ ਆਮ ਆਦਮੀ ਪਾਰਟੀ ਲੀਡ ਲੈ ਚੁੱਕੀ ਹੈ ਤੇ ਬਹੁਮਤ ਦੇ ਨੇੜੇ ਹੈ। ਦਿੱਲੀ ਦੇ ਮੰਤਰੀ ਗੋਪਾਲ ਰਾਏ ਨੇ ਕਿਹਾ ਕਿ ਜੇਕਰ ਭਾਜਪਾ ਕੰਮ ਨਹੀਂ ਕਰਦੀ ਤਾਂ ਜਨਤਾ ਕੇਜਰੀਵਾਲ ਨੂੰ ਚੁਣੇਗੀ। ਦਿੱਲੀ ਦੀ ਜਨਤਾ ਨੇ ਇਹ ਫੈਸਲਾ ਲਿਆ ਹੈ, ਇਸ ਲਈ ਦਿੱਲੀ ਵਾਸੀਆਂ ਨੂੰ ਵਧਾਈ। 'ਆਪ' ਦਾ ਮੇਅਰ ਬਣੇਗਾ ਅਤੇ ਮੁੱਖ ਮੰਤਰੀ ਕੇਜਰੀਵਾਲ ਦੇ ਨਿਰਦੇਸ਼ਾਂ 'ਤੇ MCD 'ਚ ਸਮਾਂਬੱਧ ਤਰੀਕੇ ਨਾਲ ਕੰਮ ਕੀਤਾ ਜਾਵੇਗਾ।

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਕੇਜਰੀਵਾਲ ਨੇ ਪਹਿਲਾਂ ਦਿੱਲੀ ਤੋਂ ਕਾਂਗਰਸ ਦੀ ਸੱਤਾ ਨੂੰ ਉਖਾੜ ਦਿੱਤਾ, ਹੁਣ ਭਾਜਪਾ ਦੀ ਸੱਤਾ ਨੂੰ ਉਖਾੜ ਦਿੱਤਾ ਹੈ। ਭਾਜਪਾ ਨੇ ਐਮਸੀਡੀ ਚੋਣਾਂ ਵਿੱਚ 7 ਮੁੱਖ ਮੰਤਰੀਆਂ ਨੂੰ ਮੈਦਾਨ ਵਿੱਚ ਉਤਾਰਿਆ ਪਰ ਲੋਕ ਨਫ਼ਰਤ ਦੀ ਰਾਜਨੀਤੀ ਨਹੀਂ ਚਾਹੁੰਦੇ। ਲੋਕ ਸਕੂਲਾਂ, ਹਸਪਤਾਲਾਂ, ਬਿਜਲੀ ਅਤੇ ਸਫ਼ਾਈ ਦੀ ਰਾਜਨੀਤੀ ਚਾਹੁੰਦੇ ਹਨ। ਹੁਣ ਦਿੱਲੀ 'ਚ ਕੂੜੇ ਦੇ ਪਹਾੜ ਸਾਫ਼ ਕੀਤੇ ਜਾਣਗੇ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਯੂਕੇ: ਹਾਰਲਿੰਗਟਨ ਲਾਇਬ੍ਰੇਰੀ ਹੇਜ਼ ਵੱਲੋਂ ਗੁਰਮੇਲ ਕੌਰ ਸੰਘਾ ਦੀ ਕਾਵਿਤਾ ਬਾਰੇ ਜਾਨਣ ਲਈ ਸਮਾਗਮ ਦਾ ਆਯੋਜਨ





**ਲੰਡਨ (ਮਨਦੀਪ ਖੁਰਮੀ ਹਿੰਮਤਪੁਰਾ)-** ਮੰਗਲਵਾਰ ਨੂੰ ਯੂ ਕੇ ਦੇ ਹਲਿੰਗਡਨ ਕੌਂਸਲ ਅਧੀਨ ਪੈਂਦੀ ਹਾਰਲਿੰਗਟਨ, ਹੇਜ਼ ਲਾਇਬ੍ਰੇਰੀ ਵੱਲੋਂ ਗੁਰਮੇਲ ਕੌਰ ਸੰਘਾ ਦੀਆਂ ਕਵਿਤਾਵਾਂ ਤੇ ਉਸ ਦੇ ਕਾਵਿ ਸਫ਼ਰ ਸੰਬੰਧੀ ਜਾਨਣ ਲਈ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਦਾ ਆਯੋਜਨ ਉਥੋਂ ਦੀ ਲਾਇਬ੍ਰੇਰੀ ਦੀ ਮੈਨੇਜਰ ਮਿਸ ਬਰਨਾਡੇਟ ਮੈਕਏਟੀਅਰ ਦੁਆਰਾ ਕੀਤਾ ਗਿਆ। ਸਮਾਗਮ ਵਿੱਚ ਸਥਾਨਕ ਔਰਤਾਂ ਅਤੇ ਸਕੂਲੀ ਬੱਚਿਆਂ ਨੇ ਭਾਗ ਲਿਆ। ਇਸ ਸਮਾਗਮ ਵਿੱਚ ਈਲਿੰਗ ਕੌਂਸਲ ਦੀ ਮੇਅਰ ਬੀਬੀ ਮਹਿੰਦਰ ਕੌਰ ਮਿੱਢਾ, ਪੰਜਾਬੀ ਸੰਗੀਤ ਦੇ ਅਖਾੜਿਆਂ ਦੀ ਮਲਿਕਾ ਮਿਸ ਪਰਮਜੀਤ ਪੰਮੀ, ਵੌਇਸ ਆਫ਼ ਵਿਮੈਨ, ਲੰਡਨ ਦੀ ਚੇਅਰ ਪਰਸਨ ਬੀਬੀ ਸੁਰਿੰਦਰ ਕੌਰ ਤੇ ਮੇਲ ਗੇਲ ਮਲਟੀਕਲਚਰਲ ਸੋਸਾਇਟੀ, ਨੌਰਵੁੱਢ ਗਰੀਨ ਦੇ ਪ੍ਰਧਾਨ ਤਲਵਿੰਦਰ ਸਿੰਘ ਢਿੱਲੋਂ, ਰਵੀ ਬੋਲੀਨਾ ਨੇ ਵਿਸ਼ੇਸ਼ ਤੌਰ 'ਤੇ ਹਿੱਸਾ ਲਿਆ। ਇਨ੍ਹਾਂ ਤੋਂ ਇਲਾਵਾ ਅਵਤਾਰ ਕੌਰ ਚੰਨਾ, ਸੰਤੋਸ਼ ਸ਼ੂਰ, ਸਤਵਿੰਦਰ ਮਾਨ, ਸੰਤੋਸ਼ ਸਿਨਹਾ, ਸ਼ਿੰਦੀ, ਮਨੀ, ਪ੍ਰਭ, ਜੱਸੀ ਦੇ ਨਾਂ ਜ਼ਿਕਰਯੋਗ ਹਨ।

ਸਮਾਗਮ ਦਾ ਆਰੰਭ ਮਿਸ ਬਰਨਾਡੇਟ ਮੈਕਏਟੀਅਰ ਨੇ ਆਏ ਮਹਿਮਾਨਾਂ ਦੇ ਸੁਆਗਤ ਨਾਲ ਕੀਤਾ। ਇਸ ਦੇ ਉਪਰੰਤ ਤਲਵਿੰਦਰ ਢਿੱਲੋਂ ਨੇ ਗੁਰਮੇਲ ਕੌਰ ਸੰਘਾ ਦੁਆਰਾ ਲਿਖੇ ਦੋ ਕਾਵਿ ਸੰਗ੍ਰਹਿ "ਦਰਦ ਅਵੱਲੜੇ", "ਸੱਚ ਦੇ ਬੋਲ" ਅਤੇ ਹੋਰ ਲੇਖਕਾਂ ਨਾਲ ਸਾਂਝੇ ਕਾਵਿ ਸੰਗ੍ਰਿ ਜਿਵੇਂ "ਸਾਂਝੀਆਂ ਸੁਰਾਂ", "ਸਿਰਜਣਹਾਰੇ" ਆਦਿ ਅਤੇ ਕਹਾਣੀ ਸੰਗ੍ਰਹਿ "ਫ਼ਲਕ" ਜਿਸ ਵਿੱਚ ਦੋ ਮਿੰਨੀ ਕਹਾਣੀਆਂ ਸ਼ਾਮਿਲ ਹਨ, ਬਾਰੇ ਚਾਨਣਾ ਪਾਇਆ।

ਨਾਲ ਹੀ ਉਨ੍ਹਾਂ ਗੁਰਮੇਲ ਕੌਰ ਸੰਘਾ ਦੁਆਰਾ ਰਿਕਾਰਡ ਕਰਵਾਏ ਚਾਰ ਗੀਤਾਂ ਬਾਰੇ ਦੱਸਿਆ ਅਤੇ ਬਹੁਤ ਛੇਤੀ ਆਉਣ ਵਾਲੇ ਦੋ ਗੀਤਾਂ ਲਈ ਵਧਾਈ ਦਿੱਤੀ। ਫ਼ਿਰ ਦੌਰ ਸ਼ੁਰੂ ਹੋਇਆ ਗੁਰਮੇਲ ਕੌਰ ਸੰਘਾ ਦੀਆਂ ਆਪਣੀਆਂ ਲਿਖੀਆਂ ਕਵਿਤਾਵਾਂ ਤੇ ਗੀਤਾਂ ਦਾ, ਜਿਨ੍ਹਾਂ ਸਦਕਾ ਉਸ ਨੇ ਸਰੋਤਿਆਂ ਦਾ ਮਨ ਮੋਹ ਲਿਆ ਤੇ ਵਕਤ ਦਾ ਪਤਾ ਵੀ ਨਾ ਲੱਗਿਆ। ਇਸ ਤੋਂ ਉਪਰੰਤ ਮੇਅਰ ਮਹਿੰਦਰ ਕੌਰ ਮਿੱਢਾ ਜੀ ਨੇ ਗੁਰਮੇਲ ਕੌਰ ਸੰਘਾ ਦੁਆਰਾ ਜੀਓ ਅਤੇ ਜਿਓਣ ਦਿਓ ਦੀ ਪ੍ਰੇਰਨਾ ਦੇਣ ਵਾਲੀਆਂ ਕਵਿਤਾਵਾਂ ਤੇ ਗੀਤਾਂ ਦੀ ਸਿਫ਼ਤ ਕਰਦਿਆਂ ਉਸ ਦੀ ਰੱਜ ਕੇ ਹੌਂਸਲਾ ਅਫ਼ਜ਼ਾਈ ਵੀ ਕੀਤੀ। ਉਨ੍ਹਾਂ ਨੇ ਹੋਰ ਔਰਤਾਂ ਨੂੰ ਵੀ ਅੱਗੇ ਆ ਕੇ ਕੁਝ ਵਧੀਆ ਲਿਖਣ ਜਾਂ ਕਿਸੇ ਹੋਰ ਖੇਤਰ ਵਿੱਚ ਜੋ ਵੀ ਕਰ ਸਕਣ ਦੇ ਯੋਗ ਹੋਣ ਉਹ ਕਰਕੇ ਦਿਖਾਉਣ ਲਈ ਹੱਲਾਸ਼ੇਰੀ ਦਿੱਤੀ।

ਸੁਰਿੰਦਰ ਕੌਰ ਜੀ ਨੇ ਵੀ ਗੁਰਮੇਲ ਕੌਰ ਸੰਘਾ ਨੂੰ ਉਨ੍ਹਾਂ ਦੇ ਕੰਮ ਲਈ ਵਧਾਈ ਦੇ ਨਾਲ ਉਸ ਦੇ ਕੰਮ ਦੀ ਸਰਾਹਨਾ ਕੀਤੀ। ਪੰਜਾਬੀ ਗਾਇਕਾ ਪਰਮਜੀਤ ਪੰਮੀ ਨੇ ਵੀ ਸੰਘਾ ਨੂੰ ਨਿਧੜਕ ਹੋ ਕੇ ਸੰਗੀਤ ਦੇ ਖ਼ੇਤਰ ਵਿੱਚ ਕੰਮ ਕਰਨ ਤੇ ਹੋਰ ਲਿਖਣ ਦੀ ਪ੍ਰੇਰਨਾ ਦਿੱਤੀ। ਤਲਵਿੰਦਰ ਢਿੱਲੋਂ ਨੇ ਸਟੇਜ ਦੀ ਜ਼ਿੰਮੇਵਾਰੀ ਬਾਖ਼ੂਬੀ ਨਿਭਾਈ। ਇਹ ਨਿਵੇਕਲਾ ਛੋਟਾ ਜਿਹਾ ਸਮਾਗਮ ਇੱਕ ਵੱਡੀ ਛਾਪ ਛੱਡ ਗਿਆ।

# ਇਕ ਸਾਲ ਦੇ ਵਿਚ ਇਮੀਗ੍ਰੇਸ਼ਨ ਨੇ 123,000 ਤੋਂ ਵੱਧ ਪ੍ਰਵਾਸੀ ਬਣਾਏ ਕੀਵੀ




**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)-** ਇਮੀਗ੍ਰੇਸ਼ਨ ਨਿਊਜ਼ੀਲੈਂਡ ਨੇ ਰੈਜ਼ੀਡੈਂਟ-21 ਸ਼੍ਰੇਣੀ ਤਹਿਤ ਹੁਣ ਤੱਕ 106,085 ਅਰਜ਼ੀਆਂ ਪ੍ਰਾਪਤ ਕੀਤੀਆਂ ਸਨ ਅਤੇ ਇਨ੍ਹਾਂ ਵਿਚੋਂ 67,760 ਉਤੇ ਪੱਕੀਆਂ ਮੋਹਰਾਂ ਲਾ ਕੇ 123,000 ਤੋਂ ਵੱਧ ਪ੍ਰਵਾਸੀਆਂ ਨੂੰ ਪੱਕਾ ਕਰਕੇ ਕੀਵੀ ਬਣਾ ਦਿੱਤਾ ਗਿਆ ਹੈ। ਲਗਪਗ 64% ਅਰਜ਼ੀਆਂ ਦਾ ਨਿਬੇੜਾ ਕਰ ਦਿੱਤਾ ਗਿਆ ਹੈ। ਆਰ-21 ਤਹਿਤ ਅਰਜ਼ੀਆਂ 1 ਦਸੰਬਰ 2021 ਨੂੰ ਲੈਣੀਆ ਸ਼ੁਰੂ ਕੀਤੀਆਂ ਗਈਆਂ ਸਨ ਅਤੇ ਅੱਜ ਇਕ ਸਾਲ ਹੋ ਗਿਆ ਹੈ। ਬਾਕੀ ਰਹਿੰਦੀਆਂ ਅਰਜ਼ੀਆਂ ਨੂੰ ਜੂਨ 2023 ਤੱਕ ਨਿਬੇੜਨ ਦਾ ਟੀਚਾ ਮਿਥਿਆ ਹੋਇਆ ਹੈ। ਸਰਕਾਰ ਨੇ ਸਮਾਂ ਸੀਮਾ 12 ਤੋਂ 18 ਮਹੀਨੇ ਕਰ ਦਿੱਤੀ ਸੀ। ਜਿਨ੍ਹਾਂ ਨੂੰ ਆਰ-21 ਤਹਿਤ ਇਨਟਰਮ ਵੀਜ਼ਾ ਦਿੱਤਾ ਗਿਆ ਸੀ, ਪਹਿਲਾਂ ਉਨ੍ਹਾਂ ਦੇ ਨਿਊਜ਼ੀਲੈਂਡ ਤੋਂ ਬਾਹਰ ਜਾਣ ਉਤੇ ਵੀਜ਼ਾ ਕੈਂਸਿਲ ਹੋ ਜਾਣ ਦੀ ਸ਼ਰਤ ਲਾਗੂ ਸੀ, ਪਰ ਹੁਣ ਇਹ ਸ਼ਰਤ ਚੁੱਕ ਦਿੱਤੀ ਗਈ ਹੈ। ਲਗਪਗ 3000 ਲੋਕ ਇਸ ਵੀਜ਼ੇ ਵਾਲੇ ਹਨ ਅਤੇ 300 ਲੋਕਾਂ ਨੇ ਬਾਹਰ ਜਾਣ ਦੀ ਅਰਜ਼ੀ ਵੀ ਪਾਈ ਹੈ। ਇਸ ਤੋਂ ਇਲਾਵਾ ਜਿਹੜੇ ਪਰਿਵਾਰ ਆਰ-21 ਦੀ ਅਰਜ਼ੀ ਦੇ ਵਿਚ ਸ਼ਾਮਿਲ ਹਨ ਅਤੇ ਵਿਛੜੇ ਬੈਠੇ ਹਨ, ਜਾਂ ਬੱਚੇ ਵਿਛੜੇ ਬੈਠੇ ਹਨ, ਉਨ੍ਹਾਂ ਨੂੰ ਪਹਿਲ ਦੇਣ ਲਈ ਈਮੇਲ ਰਾਹੀਂ ਅਰਜ਼ੀਆਂ ਮੰਗੀਆਂ ਗਈਆਂ ਸਨ। ਪਹਿਲੇ 10 ਦਿਨਾਂ ਦੇ ਵਿਚ ਹੀ 3000 ਅਰਜ਼ੀਆਂ ਇਮੀਗ੍ਰੇਸ਼ਨ ਕੋਲ ਪਹੁੰਚੀਆਂ। ਇਮੀਗ੍ਰੇਸ਼ਨ ਨੇ ਹੁਣ ਤੱਕ ਲਗਪਗ 200 ਅਰਜ਼ੀਆਂ ਕੈਂਸਿਲ ਵੀ ਕੀਤੀਆਂ ਹਨ। ਸਾਰੀਆਂ ਅਰਜ਼ੀਆਂ ਖਤਮ ਹੋਣ ਬਾਅਦ ਲਗਪਗ 2 ਲੱਖ 14 ਹਜ਼ਾਰ ਤੋਂ ਵੱਧ ਲੋਕ ਇਥੇ ਪੱਕੇ ਹੋ ਕੇ ਕੀਵੀ ਬਣ ਜਾਣਗੇ।

# ਸਾਊਥਾਲ: ਸ਼ਗੁਫ਼ਤਾ ਗਿੰਮੀ ਲੋਧੀ ਦੀ ਉਰਦੂ ਕਿਤਾਬ 'ਪੰਜਾਬ ਔਰ ਪੰਜਾਬੀ' ਲੋਕ ਅਰਪਣ





**ਲੰਡਨ (ਮਨਦੀਪ ਖੁਰਮੀ ਹਿੰਮਤਪੁਰਾ)** ਸਾਊਥਾਲ ਦੇ ਟਾਊਨ ਹਾਲ ਵਿੱਚ ਕੀਤੇ ਗਏ ਇਕ ਸਮਾਗਮ ਦੌਰਾਨ ਸ਼ਗੁਫ਼ਤਾ ਗਿੰਮੀ ਲੋਧੀ ਦੀ ਉਰਦੂ ਕਿਤਾਬ 'ਪੰਜਾਬ ਔਰ ਪੰਜਾਬੀ' ਲੋਕ ਅਰਪਣ ਕੀਤੀ ਗਈ। ਸ਼ਗੁਫ਼ਤਾ ਗਿੰਮੀ ਲੋਧੀ ਵੱਲੋਂ ਜੀ ਐਸ ਸਿੱਧੂ ਦੀ ਅੰਗੇਰਜ਼ੀ ਭਾਸ਼ਾ ਵਿੱਚ ਲਿਖੀ ਹੋਈ ਕਿਤਾਬ 'ਪੰਜਾਬ ਐਂਡ ਪੰਜਾਬੀ' ਦਾ ਉਰਦੂ ਵਿੱਚ ਅਨੁਵਾਦ ਕੀਤਾ ਗਿਆ ਹੈ। ਸਮਾਗਮ ਵਿੱਚ ਐਮ ਪੀ ਵਰਿੰਦਰ ਸ਼ਰਮਾ, ਈਲਿੰਗ ਕੌਂਸਲ ਦੇ ਮੇਅਰ ਮਹਿੰਦਰ ਕੌਰ ਮਿੱਢਾ, ਕੌਂਸਲਰ ਰਣਜੀਤ ਧੀਰ, ਕਿਤਾਬ 'ਪੰਜਾਬ ਐਂਡ ਪੰਜਾਬੀ' (ਅੰਗੇਰਜ਼ੀ) ਦੇ ਰਚੇਤਾ ਜੀ. ਐਸ.ਸਿੱਧੂ ਦੇ ਪਰਿਵਾਰ ਵਿੱਚੋਂ ਮਨਿੰਦਰ ਗਰੇਵਾਲ, ਮਨਦੀਪ ਕੌਰ ਸਿੱਧੂ, ਅਮਨ ਸਿੱਧੂ, ਅਮਰਪਾਲ ਸਿੰਘ ਸਿੱਧੂ, ਕਾਮਰੇਡ ਨੂਰ ਜ਼ਹੀਰ, "ਚਰਚਾ ਕੌਮਾਂਤਰੀ" ਦੇ ਸੰਪਾਦਕ ਦਰਸ਼ਨ ਸਿੰਘ ਢਿੱਲੋਂ, ਕੁਲਵੰਤ ਢਿੱਲੋਂ, ਰੂਪਦਵਿੰਦਰ ਨਾਹਿਲ, ਤਨਵੀਰ ਜ਼ਮਾਨ ਖ਼ਾਨ, ਨਵਾਜ਼ ਖ਼ਰਲ, ਯਸ਼ ਸਾਥੀ, ਮਹਿੰਦਰਪਾਲ ਧਾਲੀਵਾਲ, ਨਾਯੀਮ ਖ਼ਾਨ, ਉਰੂਜ ਆਸਿਮ ਸਾਹਿਬਾ ਆਦਿ ਸ਼ਾਮਿਲ ਹੋਏ। ਇਸ ਤੋਂ ਇਲਾਵਾ ਸ਼ਿਵਦੀਪ ਕੌਰ ਢੇਸੀ, ਗੁਰਮੇਲ ਕੌਰ ਸੰਘਾ, ਭਿੰਦਰ ਜਲਾਲਾਬਾਦੀ, ਅਮਰ ਜੋਤੀ, ਅਜ਼ੀਮ ਸ਼ੇਖ਼ਰ, ਪਰਮ ਸੰਧਾਵਾਲੀਆ, ਭਜਨ ਧਾਲੀਵਾਲ ਤੇ ਮੋਤਾ ਸਿੰਘ, ਸ਼ਗੁਫ਼ਤਾ ਗਿੰਮੀ ਲੋਧੀ ਦਾ ਬੇਟਾ ਹਮਜ਼ਾ ਲੋਧੀ ਤੇ ਜੀਵਨ ਸਾਥੀ ਸ਼ਹਿਜ਼ਾਦ ਲੋਧੀ ਆਦਿ ਸ਼ਾਮਿਲ ਹੋਏ।

# 85 ਸਾਲਾ ਜਗਜੀਤ ਸਿੰਘ ਕਥੂਰੀਆ ਫਿਰ ਜਿੱਤ ਲਿਆਏ ਵਲਿੰਗਟਨ ਤੋਂ 3 ਸੋਨੇ ਦੇ 7 ਚਾਂਦੀ ਦੇ ਤਮਗੇ



**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਨਿਊਜ਼ੀਲੈਂਡ ਵਾਸੀ 85 ਸਾਲਾ ਸ. ਜਗਜੀਤ ਸਿੰਘ ਕਥੂਰੀਆ ਆਪਣੀ ਉਮਰ ਦੇ ਹਿਸਾਬ-ਕਿਤਾਬ ਵਾਲੀ ਕਿਤਾਬ ਪਰ੍ਹਾਂ ਕਰ ਜਿੱਥੇ ਵੀ ਮਾਸਟਰ ਖੇਡਾਂ ਹੁੰਦੀਆਂ ਉਥੇ ਪਹੁੰਚ ਜਾਣ ਲਈ ਹਮੇਸ਼ਾ ਤੱਤਪਰ ਰਹਿੰਦੇ ਹਨ। ਹੁਣ ਦੇਸ਼ ਦੀ ਰਾਜਧਾਨੀ ਵਲਿੰਗਟਨ ਵਿਖੇ ਖਤਮ ਹੋਈਆਂ ਮਾਸਟਰਜ਼ ਟਰੈਕ ਐਂਡ ਫੀਲਡ ਦੇ ਵਿਚ ਫਿਰ ਆਪਣਾ ਗਲ ਤਮਗਿਆਂ ਨਾਲ ਭਰ ਲਿਆਏ ਹਨ। ਪਹਿਲੇ ਦਿਨ ਦੋ ਸੋਨੇ ਦੇ ਤਮਗੇ (ਸ਼ਾਟ ਪੁੱਟ ਅਤੇ ਟ੍ਰਿਪਲ ਜੰਪ) ਅਤੇ ਇਕ ਚਾਂਦੀ ਦਾ ਤਮਗਾ (ਹੈਮਰ ਥ੍ਰੋਅ) ਵਿਚ ਜਿੱਤਿਆ। ਦੂਜੇ ਦਿਨ ਉਨ੍ਹਾਂ 100 ਮੀਟਰ ਦੌੜ ਦੇ ਵਿਚ ਇਕ ਸੋਨੇ ਦਾ ਤਮਗਾ ਜਿੱਤਿਆ ਅਤੇ 6 ਸਿਲਵਰ ਦੇ ਤਮਗੇ ਜਿੱਤੇ (5 ਪ੍ਰਕਾਰ ਦੀ ਥ੍ਰੋਅ, 60 ਮੀਟਰ ਦੌੜ) ਵਿਚ ਜਿੱਤੇ।

ਇਸ ਤਰ੍ਹਾਂ ਦੋ ਦਿਨਾਂ ਦੇ ਵਿਚ ਉਨ੍ਹਾਂ ਤਿੰਨ ਸੋਨੇ ਦੇ, 7 ਚਾਂਦੀ ਦੇ ਤਮਗੇ ਜਿੱਤੇ ਅਤੇ ਭਾਰਤੀ ਕਮਿਊਨਿਟੀ ਦਾ ਨਾਂਅ ਰੌਸ਼ਨ ਕੀਤਾ। ਕਥੂਰੀਆ ਸਾਹਿਬ ਨੂੰ ਜੇਕਰ ਕਹਿਣਾ ਪੈ ਜਾਏ ਕਿ ਉਮਰਾਂ ਵਿਚ ਕੀ ਰੱਖਿਆ ਤਾਂ ਉਹ ਕਹਿਣਗੇ ਮੇਰੇ ਮੈਡਲ। ਮਾਸਟਰ ਗੇਮਾਂ ਦੇ ਵਿਚ ਇਕ 30 ਸਾਲਾ ਨੌਜਵਾਨ ਸ. ਗੁਲਾਬ ਸਿੰਘ ਵੀ ਸ਼ਾਮਿਲ ਸੀ, ਜਿਸ ਨੇ ਦਸਤਾਰ ਬੰਨ੍ਹੀ ਸੀ। ਇਨ੍ਹਾਂ ਨੇ ਵੀ ਕਈ ਖੇਡਾਂ ਵਿਚ ਭਾਗ ਲਿਆ ਅਤੇ ਇਕ ਸੋਨੇ ਦਾ ਤੇ ਤਿੰਨ ਚਾਂਦੀ ਦੇ ਤਮਗੇ ਜਿੱਤੇ।

# ਗਾਇਕ ਹਰਮਿੰਦਰ ਨੂਰਪੁਰੀ ਜਲਦੀ ਹੀ ਗੀਤਕਾਰ ਸ. ਚਰਨਜੀਤ ਢਿੱਲੋਂ ਦਾ ਗੀਤ ਗਾਉਣਗੇ




**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਪੰਜਾਬ ਦੇ ਪ੍ਰਸਿੱਧ ਗਾਇਕ ਹਰਮਿੰਦਰ ਨੂਰਪੁਰੀ ਜੋ ਕਿ ਨਿਊਜ਼ੀਲੈਂਡ ਸਿੱਖ ਖੇਡਾਂ ਦੇ ਵਿਚ ਭਾਗ ਲੈਣ ਆਏ ਸਨ, ਇਨ੍ਹੀਂ ਦਿਨੀਂ ਵੱਖ-ਵੱਖ ਥਾਵਾਂ ਉਤੇ ਆਪਣੇ ਚਹੇਤਿਆਂ ਨਾਲ ਮਿਲ ਰਹੇ ਹਨ। ਅੱਜ ਉਹ ਵਿਸ਼ੇਸ਼ ਤੌਰ 'ਤੇ ਹਮਿਲਟਨ ਰਹਿੰਦੇ ਵੀਰ ਸ. ਚਰਨਜੀਤ ਸਿੰਘ ਢਿੱਲੋਂ ਜੋ ਕਿ ਪ੍ਰਸਿੱਧ ਗੀਤਕਾਰ ਹਨ, ਨੂੰ ਮਿਲਣ ਪਹੁੰਚੇ। ਉਨ੍ਹਾਂ ਦੇ ਨਾਲ ਸ. ਕੁਲਵਿੰਦਰ ਸਿੰਘ ਢਿੱਲੋਂ ਪਾਪਾਕੁਰਾ ਤੋਂ ਵੀ ਗਏ ਸਨ। ਹਮਿਲਟਨ ਪਹੁੰਚ ਉਨ੍ਹਾਂ ਸ. ਚਰਨਜੀਤ ਸਿੰਘ ਢਿੱਲੋਂ (ਸੀ. ਡੀ. ਮਾਂਗੇਵਾਲ ਸੰਗੀਤ ਕੰਪਨੀ) ਹੋਰਾਂ ਦਾ ਜਿੱਥੇ ਐਗਰੀਕਲਚਰ ਫਾਰਮ ਅਤੇ ਹੋਰ ਕਾਰੋਬਾਰ ਵੇਖੇ ਉਥੇ ਪੰਜਾਬ ਦੀ ਗਾਇਕੀ, ਗੀਤਕਾਰੀ ਅਤੇ ਸੰਗੀਤਕ ਮਾਹੌਲ ਉਤੇ ਵੀ ਵਿਚਾਰਾਂ ਕੀਤੀਆਂ। ਗਾਇਕ ਅਤੇ ਗੀਤਕਾਰ ਦੀ ਮਿਲਣੀ ਦੇ ਵਿਚੋਂ ਇਹ ਨਤੀਜਾ ਨਿਕਲਿਆ ਕਿ ਹੁਣ ਗੀਤਕਾਰ ਸ. ਚਰਨਜੀਤ ਸਿੰਘ ਢਿੱਲੋਂ ਦਾ ਲਿਖਿਆ ਦੋਗਾਣਾ ਗਾਇਕ ਹਰਮਿੰਦਰ ਨੂਰਪੁਰੀ ਅਤੇ ਇਕ ਪ੍ਰਸਿੱਧ ਗਾਇਕਾ ਗਾਉਣਗੇ। ਸ. ਢਿੱਲੋਂ ਹੋਰਾਂ ਦੱਸਿਆ ਕਿ ਕੋਸ਼ਿਸ਼ ਰਹੇਗੀ ਕਿ ਇਸ ਗਾਣੇ ਦੀ ਆਡੀਓ-ਵੀਡੀਓ ਇਕੱਠੀ ਜਾਰੀ ਕੀਤੀ ਜਾਵੇ। ਇਹ ਦੋਗਾਣਾ ਗੀਤ 'ਬੀਟ ਸੌਂਗ' ਹੋਵੇਗਾ ਅਤੇ ਵਿਆਹ ਸ਼ਾਦੀਆਂ ਉਤੇ ਵੱਜਿਆ ਕਰੇਗਾ। 'ਬੀਟ ਸੌਂਗ' ਉਹ ਕਿਹਾ ਜਾਂਦਾ ਹੈ ਜਿਸ ਦਾ ਸੰਗੀਤ ਸੁਣਦੇ ਹੀ ਸਰੋਤੇ ਆਪਣੇ ਪੈਰ ਥਪਾਉਣ ਲੱਗ ਜਾਣਾ, ਤਾਲ ਨਾਲ ਤਾਲ ਮਿਲਾ ਲੋਕਾਂ ਦਾ ਮਨ ਨੱਚਣ ਨੂੰ ਕਰਨ ਲੱਗ ਜਾਏ। ਮਿਊਜ਼ਕ ਐਲਬਮ ਦੇ ਲਈ ਸੀ. ਡੀ. ਮਾਂਗੇਵਾਲ ਕੰਪਨੀ ਇਹ ਸਾਰਾ ਪ੍ਰਾਜੈਕਟ ਆਪਣੀ ਕੰਪਨੀ ਰਾਹੀਂ ਕਰੇਗੀ ਅਤੇ ਆਪਣੇ ਯੂ.ਟਿਊਬ ਚੈਨਲ ਉਤੇ ਇਸ ਗੀਤ ਨੂੰ ਲਾਂਚ ਕੀਤਾ ਜਾਵੇਗਾ। ਦੋਗਾਣਾ ਗਾਇਕੀ ਦੇ ਲਈ ਪੰਜਾਬ ਦੀ ਪ੍ਰਸਿੱਧ ਗਾਇਕਾ ਨੂੰ ਚੁਣਿਆ ਜਾਵੇਗਾ ਜਿਸ ਬਾਰੇ ਬਾਅਦ ਵਿਚ ਦੱਸਿਆ ਜਾਵੇਗਾ।

ਵਰਨਣਯੋਗ ਹੈ ਕਿ ਸ. ਚਰਨਜੀਤ ਸਿੰਘ ਢਿੱਲੋਂ ਇਸ ਵੇਲੇ 100 ਤੋਂ ਵੱਧ ਗੀਤ ਲਿਖ ਕੇ ਰਿਕਾਰਡ ਕਰਵਾ ਚੁੱਕੇ ਹਨ। ਸ. ਢਿੱਲੋਂ ਹੋਰਾਂ ਦਾ ਇਹ ਸ਼ੌਕ ਬਚਪਨ ਦਾ ਹੀ ਹੈ ਅਤੇ ਹੁਣ ਇਸ ਵੇਲੇ ਵਿਹਲੇ ਸਮੇਂ ਦੇ ਵਿਚ ਪੂਰਾ ਕਰ ਰਹੇ ਹਨ।

# ਹਿੰਦੂ, ਇਸਾਈਆਂ, ਪਾਰਸੀ ਤੇ ਮੁਸਲਮਾਨਾਂ ਵਾਂਗ ਸਿੱਖਾਂ ਦਾ ਸੁਤੰਤਰ 'ਸਿੱਖ ਮੈਰਿਜ ਐਕਟ' ਕਿਉਂ ਨਹੀਂ?

**ਅੰਮ੍ਰਿਤਸਰ–** 1 ਮਈ ਨੂੰ 2012 ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਸਾਬਕਾ ਮੈਂਬਰ ਪਾਰਲੀਮੈਂਟ ਮੈਂਬਰ ਤੇ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਸ. ਤਰਲੋਚਨ ਸਿੰਘ ਨੂੰ ਆਨੰਦ ਮੈਰਿਜ਼ ਐਕਟ ਪਾਸ ਕਰਾਉਣ ਲਈ ਗੁਰਮਤਿ ਸੰਗੀਤ ਵਿਭਾਗ, ਗੁਰਮਤਿ ਸੰਗੀਤ ਚੇਅਰ ਤੇ ਗਲੋਬਲ ਪੰਜਾਬ ਫਾਊਂਡੇਸ਼ਨ ਵੱਲੋਂ ਸਾਂਝੇ ਤੌਰ 'ਤੇ ਸਨਮਾਨਿਤ ਕੀਤਾ ਗਿਆ । ਜਦ ਕਿ ਅਸਲੀਅਤ ਇਹ ਹੈ ਕਿ ਈਸਾਈ, ਪਾਰਸੀ, ਮੁਸਲਮਾਨ ਤੇ ਹਿੰਦੂਆਂ ਦੇ ਮੁਕੰਮਲ ਵਿਆਹ ਐਕਟ ਬਣੇ ਹੋਏ ਹਨ ਪਰ ਸਿੱਖਾਂ ਦਾ ਅਪਣਾ ਸੁਤੰਤਰ ਮੁਕੰਮਲ 'ਸਿੱਖ ਮੈਰਿਜ਼ ਐਕਟ' ਅਜੇ ਤੀਕ ਨਹੀਂ ਬਣਿਆ। ਅੰਗਰੇਜ਼ੀ ਰਾਜ ਸਮੇਂ ਸਿੱਖਾਂ ਲਈ 22 ਅਕਤੂਬਰ 1909 ਨੂੰ ਆਨੰਦ ਮੈਰਿਜ਼ ਐਕਟ 1909 ਬਣਾਇਆ ਗਿਆ , ਪਰ ਆਜ਼ਾਦ ਭਾਰਤ ਵਿੱਚ ਸਿੱਖਾਂ ਨੂੰ ਹਿੰਦੂ ਕਾਨੂੰਨ ਅੰਦਰ ਲੈ ਆਂਦਾ ਗਿਆ।

ਮੌਜੂਦਾ ਕਾਨੂੰਨ ਅਨੁਸਾਰ ਸਿੱਖਾਂ ਨੂੰ ਤਲਾਕ ਲੈਣ, ਬੱਚਿਆਂ ਦੀ ਸਰਪ੍ਰਸਤੀ, ਅਵੈਧ ਵਿਆਹ, ਬੱਚੇ ਨੂੰ ਗੋਦ ਲੈਣ ਆਦਿ ਲਈ ਹਿੰਦੂਆਂ ਲਈ ਬਣੇ ਕਾਨੂੰਨਾਂ ਜਿਵੇਂ ਹਿੰਦੂ ਮੈਰਿਜ਼ ਐਕਟ 1955, ਹਿੰਦੂ ਅਡਾਪਸ਼ਨ ਐਂਡ ਮੇਨਟੀਨੈਂਸ ਐਕਟ 1956, ਹਿੰਦੂ ਮਿਨੌਰਟਰੀ ਐਂਡ ਗਾਰਡੀਅਨਸ਼ਿਪ ਐਕਟ 1956, ਹਿੰਦੂ ਸਕਸੈਸ਼ਨ ਐਕਟ, 1956 ਆਦਿ ਦਾ ਸਹਾਰਾ ਲੈਣਾ ਪੈਂਦਾ ਹੈ। ਦੂਜੇ ਸ਼ਬਦਾਂ ਵਿੱਚ ਇਨ੍ਹਾਂ ਮਾਮਲਿਆਂ ਵਿੱਚ ਸਿਖਾਂ ਨੂੰ ਆਪਣੇ ਆਪ ਨੂੰ ਹਿੰਦੂ ਹੀ ਅਖਵਾਉਣਾ ਪਵੇਗਾ।

ਵਾਜਪਾਈ ਸਰਕਾਰ ਸਮੇਂ ਜਦ 2003 ਵਿੱਚ ਮੈਰਿਜ਼ ਲਾਅਜ਼ (ਅਮੈਂਡਮੈਂਟ) ਬਿਲ 2003 ਰਾਜ ਸਭਾ ਵਿੱਚ ਜੁਲਾਈ ਵਿੱਚ ਪੇਸ਼ ਹੋਇਆ ਤਾਂ ਸ. ਸਿਮਰਨਜੀਤ ਸਿੰਘ ਮਾਨ ਨੇ ਸਖ਼ਤ ਵਿਰੋਧਤਾ ਕੀਤੀ। ਕਿਉਂਕਿ ਇਹ ਬਿੱਲ ਸਿੱਖਾਂ ਨੂੰ ਹਿੰਦੂਆਂ ਲਈ ਬਣੇ ਕਾਨੂੰਨਾਂ ਅਧੀਨ ਲਿਆਉਂਦਾ ਹੈ। ਮਾਨ ਨੇ ਜ਼ੋਰ ਦੇ ਕੇ ਮੰਗ ਕੀਤੀ ਕਿ ਸਿੱਖਾਂ ਨੂੰ ਹਿੰਦੂ ਮੈਰਿਜ਼ ਐਕਟ ਵਿੱਚੋਂ ਬਾਹਰ ਕੱਢਿਆ ਜਾਵੇ। ਉਨ੍ਹਾਂ ਇਹ ਵੀ ਮੰਗ ਕੀਤੀ ਕਿ ਵੈਂਟਕਚਾਲੀਆ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਲਾਗੂ ਕੀਤਾ ਜਾਵੇ ਤੇ ਸਿੱਖਾਂ ਲਈ ਹਿੰਦੂਆਂ, ਇਸਾਈਆਂ, ਪਾਰਸੀਆ, ਮੁਸਲਮਾਨਾਂ ਵਾਂਗ ਵੱਖਰੇ ਕਾਨੂੰਨ ਬਣਾਏ ਜਾਣ । ਉਸ ਸਮੇਂ ਸ. ਪ੍ਰਕਾਸ਼ ਸਿੰਘ ਬਾਦਲ ਦੀ ਅਕਾਲੀ ਭਾਜਪਾ ਪੰਜਾਬ ਵਿੱਚ ਸਰਕਾਰ ਸੀ, ਜੇ ਬਾਦਲ ਸਾਹਿਬ ਚਾਹੁੰਦੇ ਤਾਂ ਉਹ ਇਹ ਕਾਨੂੰਨ ਪਾਸ ਕਰਵਾ ਸਕਦੇ ਸਨ। ਡਾ: ਦਲਜੀਤ ਸਿੰਘ ਜੋ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜ਼ਨਲ ਕੈਂਪਸ ਜਲੰਧਰ ਵਿੱਚ ਪਹਿਲਾਂ ਲਾਅ ਵਿਭਾਗ ਦੇ ਮੁੱਖੀ ਸਨ ਤੇ ਬਾਅਦ ਵਿੱਚ ਖਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਬਣੇ ਨੇ 'ਦਾ ਸਿੱਖ



ਮੈਰਿਜ਼ ਐਕਟ, 2012' ਦਾ ਖਰੜਾ ਚੀਫ਼ ਖਾਲਸਾ ਦੀਵਾਨ ਅੰਮ੍ਰਿਤਸਰ ਵਿੱਚ ਸਿੱਖ ਵਿਦਵਾਨਾਂ, ਜਿਨ੍ਹਾਂ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਉਸ ਸਮੇਂ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਚੀਫ਼ ਖਾਲਸਾ ਦੀਵਾਨ ਤੇ ਖਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰਧਾਨ ਤੇ ਹੋਰ ਆਹੁਦੇਦਾਰਾਂ ਦੀ ਹਾਜਰੀ ਵਿਚ 15 ਮਈ 2012 ਨੂੰ ਪੇਸ਼ ਕੀਤਾ , ਜਿਸ ਨੂੰ ਸਾਰਿਆਂ ਨੇ ਬਹੁਤ ਸਲਾਹਿਆ। ਜਥੇਦਾਰ ਅਕਾਲ ਤਖ਼ਤ ਸਾਹਿਬ ਨੇ ਇੱਥੋਂ ਤੀਕ ਕਿਹਾ ਕਿ ਇਸ ਖਰੜੇ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਵੈਬ ਸਾਈਟ 'ਤੇ ਪਾ ਦੇਣਗੇ ਤਾਂ ਜੋ ਸਾਰੇ ਦੁਨੀਆਂ ਦੇ ਸਿੱਖ ਇਸ ਨੂੰ ਪੜ ਕੇ ਆਪਣੇ ਵਿਚਾਰ ਭੇਜ ਸਕਣ ਤਾਕਿ ਸੁਤੰਤਰ 'ਸਿੱਖ ਮੈਰਿਜ ਐਕਟ' ਬਣਵਾਇਆ ਜਾ ਸਕੇ,ਪਰ ਅਫ਼ਸੋਸ ਦੀ ਗੱਲ ਹੈ ਕਿ ਇਸ ਨੂੰ 10 ਸਾਲ ਤੋਂ ਵੱਧ ਦਾ ਸਮਾਂ ਹੋਣ ਦੇ ਬਾਵਜੂਦ ਕਿਸੇ ਨੇ ਵੀ ਇਸ ਨੂੰ ਪਾਸ ਨਹੀਂ ਕਰਵਾਇਆ। ਇਸ ਤੋਂ ਸਾਡੀਆਂ ਸਿੱਖ ਸੰਸਥਾਵਾਂ ਦੀ ਕਾਰਗੁਜਾਰੀਆਂ ਦਾ ਪਤਾ ਲਗਦਾ ਹੈ। ਹੁਣ ਜਦ ਕਿ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦਾ ਬਿਆਨ ਆਇਆ ਕਿ ਉਹ ਅਨੰਦ ਮੈਰਿਜ਼ ਐਕਟ ਪੂਰੀ ਤਰਾ ਲਾਗੂ ਕਰਾਉਣਗੇ ਤਾਂ ਅੰਮ੍ਰਿਤਸਰ ਵਿਕਾਸ ਮੰਚ ਦੇ ਸਰਪ੍ਰਸਤ ਡਾ. ਚਰਨਜੀਤ ਸਿੰਘ ਗੁਮਟਾਲਾ ਨੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ ਨੂੰ ਡਾ: ਦਲਜੀਤ ਸਿੰਘ ਵੱਲੋਂ ਤਿਆਰ ਕੀਤੇ ਸਿੱਖ ਮੈਰਿਜ ਐਕਟ ਦੇ ਖ਼ਰੜੇ ਦੀ ਕਾਪੀ ਭੇਜਦੇ ਹੋਇ ਬੇਨਤੀ ਕੀਤੀ ਹੈ ਕਿ ਉਹ ਕਾਪੀ ਨੂੰ ਨਾਲ ਲੈ ਕੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਨੂੰ ਮਿਲਣ ਤੇ ਇਸ ਖਰੜੇ ਨੂੰ ਪੰਜਾਬ ਵਿਧਾਨ ਸਭਾ ਵਿਚ ਪਾਸ ਕਰਕੇ ਇਸ ਨੂੰ ਭਾਰਤ ਸਰਕਾਰ ਕੋਲੋਂ ਪਾਸ ਕਰਵਾਉਣ ਲਈ ਪ੍ਰਧਾਨ ਮੰਤਰੀ ਨੂੰ ਨਿੱਜੀ ਰੂਪ ਵਿਚ ਜਾ ਕੇ ਬੇਨਤੀ ਕਰਨ ਤਾਂ ਜੁ ਇਸ ਨੂੰ ਪਾਰਲੀਮੈਂਟ ਵਿਚ ਪਾਸ ਕਰਕੇ ਕਾਨੂੰਨੀ ਸ਼ਕਲ ਦਿੱਤੀ ਜਾ ਸਕੇ । ਮੰਚ ਆਗੂ ਨੇ ਇਸ 'ਸਿੱਖ ਮੈਰਿਜ ਐਕਟ' ਦੇ ਡਰਾਫਟ ਦੀ ਡਾ: ਦਲਜੀਤ ਸਿੰਘ ਵੱਲੋਂ ਤਿਆਰ ਕੀਤੀ ਕਾਪੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਸ. ਹਰਜਿੰਦਰ ਸਿੰਘ ਧਾਮੀ ਨੂੰ ਭੇਜਦੇ ਹੋਇ ਉਨ੍ਹਾਂ ਨੂੰ ਵੀ ਬੇਨਤੀ ਕੀਤੀ ਹੈ ਕਿ ਉਹ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੂੰ ਇਸ ਖਰੜੇ ਦੇ ਆਧਾਰ 'ਤੇ ਕਾਨੂੰਨ ਬਣਾਉਣ ਲਈ ਨਿਜੀ ਤੌਰ 'ਤੇ ਮਿਲਣ। ਗੁਮਟਾਲਾ ਨੇ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਸ. ਇਕਬਾਲ ਸਿੰਘ ਲਾਲਪੁਰਾ ਨੂੰ ਵੀ ਖਰੜੇ ਦੀ ਕਾਪੀ ਭੇਜਦੇ ਹੋਇ ਬੇਨਤੀ ਕੀਤੀ ਕਿ ਉਹ ਵੀ ਪ੍ਰਧਾਨ ਮੰਤਰੀ ਨੂੰ ਮਿਲ ਕੇ ਇਸ ਨੂੰ ਕਾਨੂੰਨੀ ਸ਼ਕਲ ਦਿਵਾਉਣ ਤਾਂ ਜੁ ਇਹ ਸਾਰੇ ਭਾਰਤ ਵਿਚ ਲਾਗੂ ਹੋ ਸਕੇ। ਪਾਠਕ ਡਾ. ਦਲਜੀਤ ਸਿੰਘ ਜੋ ਇਸ ਸਮੇਂ ਅਮਰੀਕਾ ਦੇ ਲਾਸ ਏਂਜ਼ਲਜ ਸ਼ਹਿਰ ਵਿਚ ਰਹਿੰਦੇ ਹਨ, ਉਨ੍ਹਾਂ ਨਾਲ ਵਧੇਰੇ ਜਾਣਕਾਰੀ ਲੈਣ ਲਈ ਉਨ੍ਹਾਂ ਨਾਲ ਵਟਸ ਐਪ ਨੰਬਰ 919814518877 'ਤੇ ਸੰਪਰਕ ਕਰ ਸਕਦੇ ਹਨ ।

**ਡਾ. ਚਰਨਜੀਤ ਸਿੰਘ ਗੁਮਟਾਲਾ,**
**91-94175-33060**

# ਦੇਸ਼ ਭਗਤ ਯਾਦਗਾਰ ਕਮੇਟੀ ਦੀ ਜਨਰਲ ਬਾਡੀ ਦੀ ਹੋਈ ਮੀਟਿੰਗ

## ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਮਾੜੀਮੇਘਾ ਚੁਣੇ ਗਏ



**ਜਲੰਧਰ–** ਦੇਸ਼ ਭਗਤ ਯਾਦਗਾਰ ਕਮੇਟੀ ਦੇ ਤਿੰਨ ਵਰ੍ਹਿਆਂ ਬਾਅਦ ਅਹੁਦੇਦਾਰਾਂ ਦੀ ਚੋਣ ਕਰਨ ਸਬੰਧੀ ਜਨਰਲ ਬਾਡੀ ਦੇ ਹੋਏ ਜਨਰਲ ਅਜਲਾਸ ਨੇ ਅੱਜ ਅਹੁਦੇਦਾਰਾਂ ਦੀ ਸਰਵਸੰਮਤੀ ਨਾਲ ਚੋਣ ਕੀਤੀ। ਇਸ ਕਮੇਟੀ 'ਚ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਵਿੱਤ-ਸਕੱਤਰ ਸੀਤਲ ਸਿੰਘ ਸੰਘਾ, ਮੀਤ ਪ੍ਰਧਾਨ ਕੁਲਵੰਤ ਸਿੰਘ ਸੰਧੂ ਅਤੇ ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ ਚੁਣੇ ਗਏ। ਜਨਰਲ ਬਾਡੀ ਦੀ ਮੀਟਿੰਗ ਦਾ ਆਗਾਜ਼ ਇੰਡੀਅਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਦੇ ਆਗੂ ਅਵਤਾਰ ਜੌਹਲ, ਪੰਜਾਬੀ ਟ੍ਰਿਬਿਊਨ ਦੇ ਸੀਨੀਅਰ ਪੱਤਰਕਾਰ ਦਵਿੰਦਰ ਪਾਲ ਦੇ ਸਪੁੱਤਰ ਅਰਸ਼ ਸ਼ਰਮਾ, ਪ੍ਰੀਤਮ ਸਿੰਘ ਦਰਦੀ, ਗੁਰਪ੍ਰੇਮ ਸਿੰਘ ਸੰਘੇੜਾ ਨੂੰ ਖੜ੍ਹੇ ਹੋ ਕੇ ਸ਼ਰਧਾਂਜ਼ਲੀ ਅਰਪਤ ਕਰਨ ਨਾਲ ਹੋਇਆ। ਮੀਟਿੰਗ 'ਚ ਗ਼ਦਰੀ ਬਾਬਿਆਂ ਦੇ ਹੋਏ 31ਵੇਂ ਮੇਲੇ 'ਤੇ ਮੋੜਵੀਂ ਝਾਤ ਮਾਰੀ ਗਈ। ਸਾਮਰਾਜਵਾਦ ਅਤੇ ਫ਼ਿਰਕੂ ਫਾਸ਼ੀ ਹੱਲੇ ਖਿਲਾਫ਼ ਜੂਝਦੀਆਂ ਲਹਿਰਾਂ ਦੇ ਸੰਗਰਾਮੀਆਂ ਨੂੰ ਸਮਰਪਤ ਮੇਲਾ ਆਪਣੇ ਮਿੱਥੇ ਉਦੇਸ਼ਾਂ ਨੂੰ ਪੂਰੇ ਕਰਨ ਵਿੱਚ ਸਫ਼ਲ ਰਹਿਣ 'ਤੇ ਤਸੱਲੀ ਪ੍ਰਗਟ ਕੀਤੀ ਗਈ। ਮੇਲੇ ਦੀਆਂ ਪ੍ਰਾਪਤੀਆਂ ਨੂੰ ਪੱਕੇ ਪੈਰੀਂ ਕਰਨ ਅਤੇ ਊਣਤਾਈਆਂ ਤੋਂ ਸਬਕ ਪੱਲੇ ਬੰਨ੍ਹਦਿਆਂ ਅੱਗੇ ਤੋਂ ਹੋਰ ਵੀ ਨਵੀਆਂ ਬੁਲੰਦੀਆਂ ਛੋਹਣ ਦਾ ਅਹਿਦ ਲਿਆ ਗਿਆ।

ਜਨਰਲ ਬਾਡੀ ਮੀਟਿੰਗ 'ਚ ਚੁਣੇ ਗਏ ਅਹੁਦੇਦਾਰਾਂ ਨੇ ਅਹਿਦ ਕੀਤਾ ਕਿ ਗ਼ਦਰ ਪਾਰਟੀ, ਇਤਿਹਾਸ ਅਤੇ ਦੇਸ਼ ਭਗਤ ਯਦਗਾਰ ਕਮੇਟੀ ਦੀਆਂ ਚਲੀਆਂ ਆ ਰਹੀਆਂ ਅਮੀਰ, ਧਰਮ-ਨਿਰਪੱਖ, ਸਾਮਰਾਜਵਾਦ, ਫ਼ਿਰਕਾਪ੍ਰਸਤੀ, ਜਾਤ-ਪਾਤ ਵਿਰੋਧੀ ਲੋਕ-ਪੱਖੀ ਇਨਕਲਾਬੀ-ਜਮਹੂਰੀ ਸ਼ਾਨਦਾਰ ਕਦਰਾਂ-ਕੀਮਤਾਂ ਉਪਰ ਡਟ ਕੇ ਪਹਿਰਾ ਦਿੱਤਾ ਜਾਏਗਾ।

# ਡਾ. ਅਮਰੀਕ ਸਿੰਘ ਨੇ ਮੁੱਖ ਖੇਤੀਬਾੜੀ ਅਫਸਰ ਵਜੋਂ ਅਹੁਦਾ ਸੰਭਾਲਿਆ

**ਪਠਾਨਕੋਟ, ਦਸੰਬਰ (ਰਾਜਿੰਦਰ ਸਿੰਘ ਰਾਜਨ)** ਪੰਜਾਬ ਸਰਕਾਰ ਦੁਆਰਾ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵਿੱਚ ਸੇਵਾ ਨਿਭਾ ਰਹੇ 27 ਖੇਤੀਬਾੜੀ ਅਫਸਰਾਂ ਨੂੰ ਪੱਦ ਉਨਤ ਕਰਕੇ ਡਿਪਟੀ ਡਾਇਰੈਕਟਰ ਖੇਤੀਬਾੜੀ ਬਣਾ ਦਿੱਤਾ ਹੈ। ਡਾ. ਅਮਰੀਕ ਸਿੰਘ ਨੇ ਪਠਾਨਕੋਟ ਵਿਖੇ ਮੁੱਖ ਖੇਤੀਬਾੜੀ ਅਫਸਰ ਵਜੋਂ ਅਹੁੱਦਾ ਸੰਭਾਲਿਆ। ਡਾ. ਅਮਰੀਕ ਸਿੰਘ ਵੱਲੋਂ ਬਤੌਰ ਖੇਤੀਬਾੜੀ ਵਿਕਾਸ ਅਫਸਰ ਅਤੇ ਬਲਾਕ ਖੇਤੀਬਾੜੀ ਅਫਸਰ ਦੀਆਂ ਅਸਾਮੀਆਂ 'ਤੇ ਜਿਲ੍ਹਾ ਅੰਮ੍ਰਿਤਸਰ, ਗੁਰਦਾਸਪੁਰ ਅਤੇ ਪਠਾਨਕੋਟ ਵਿੱਚ ਵਿਖੇ ਸ਼ਾਨਦਾਰ ਖੇਤੀਬਾੜੀ ਪਸਾਰ ਸੇਵਾਵਾਂ ਨਿਭਾਈਆਂ ਹਨ। ਇਨ੍ਹਾਂ ਜਿਲਿਆਂ ਵਿੱਚ ਕੰਮ ਕਰਦੇ ਖੇਤੀਬਾੜੀ ਵਿਭਾਗ ਨਾਲ ਸਬੰਧਤ ਵੱਖ ਵੱਖ ਸਕੀਮਾਂ ਅਧੀਨ ਗਤੀਵਿਧੀਆਂ ਲਈ ਇਨ੍ਹਾਂ ਨੇ ਆਪਣਾ ਵਿਸ਼ੇਸ ਯੋਗਦਾਨ ਦਿੱਤਾ। ਬਤੌਰ ਮੁੱਖ ਖੇਤੀਬਾੜੀ ਅਫਸਰ ਹਾਜਰ ਹੋਣ ਉਪਰੰਤ ਕਿਸਾਨ ਵੀਰਾਂ ਨੂੰ ਸੰਦੇਸ਼ ਦੇਦਿਆਂ ਕਿਹਾ ਕਿ ਜਿਲ੍ਹੇ ਦੇ ਕਿਸਾਨਾਂ



ਨੂੰ ਮਿਆਰੀ ਇਨਪੁਟਸ ਮੁਹੱਈਆ ਕਰਵਾਉਣ ਲਈ ਅਤੇ ਹਾੜ੍ਹੀ/ਸਾਉਣੀ ਦੌਰਾਨ ਲੋੜੀਂਦੀ ਮਸ਼ੀਨਰੀ ਮੁਹ-ੲੀਆ ਕਰਵਾਉਣ ਲਈ ਹੋਰ ਯਤਨ ਕੀਤੇ ਜਾਣਗੇ । ਉਨ੍ਹਾਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਨਾਲ ਤਾਲਮੇਲ ਰੱਖਿਆ ਜਾਵੇ ਤਾਂ ਜੋ ਖੇਤੀ ਨੂੰ ਦਰਪੇਸ਼ ਔਕੜਾਂ ਦਾ ਹੱਲ ਕੀਤਾ ਜਾ ਸਕੇ। ਸਾਲ 2022-23 ਦੌਰਾਨ ਜਿਲ੍ਹਾ ਪਠਾਨਕੋਟ ਨੂੰ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਤੋਂ ਹੋਣ ਵਾਲੇ ਨੁਕਸਾਨ ਪ੍ਰਤੀ ਕਿਸਾਨਾਂ ਨੂੰ ਜਾਗਰੂਕ ਕਰਦਿਆਂ ਜ਼ਿਲ੍ਹੇ ਅੰਦਰ ਖੇਤੀਬਾੜੀ ਅਤੇ ਕਿਸਾਨਾ ਵਿਭਾਗ ਅਧੀਨ ਡਿਊਟੀ ਨਿਭਾ ਰਹੇ ਅਧਿਕਾਰੀਆਂ /ਕਰਮਚਾਰੀਆਂ ਲਈ ਪ੍ਰੇਰਨਾ ਸਰੋਤ ਅਤੇ ਮੁੱਖੀ ਹੋਣ ਨਾਤੇ ਪਠਾਨਕੋਟ ਨੂੰ ਪ੍ਰਦੂਸ਼ਣ ਮੁਕਤ ਜਿਲ੍ਹਾ ਬਣਾਉਣ ਵਿੱਚ ਅਹਿਮ ਯੋਗਦਾਨ ਪਾਇਆ.ਇਸ ਮੌਕੇ ਸਮੂਹ ਸਟਾਫ਼ ਨੇ ਮੁੱਖ ਖੇਤੀਬਾੜੀ ਅਫ਼ਸਰ ਪਠਾਨਕੋਟ ਜੀ ਨੂੰ ਵਿਸ਼ਵਾਸ ਦੁਆਇਆ ਕਿ ਕਿਸਾਨੀ ਦੀ ਬਿਹਤਰੀ ਲਈ ਉਹ ਉਹਨਾਂ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਪੂਰੀ ਤਨਦੇਹੀ ਨਾਲ਼ ਡਿਊਟੀ ਨਿਭਾਉਣਗੇ।

# 10 ਦਸੰਬਰ ਨੂੰ ਰਿਲੀਜ਼ ਲੱਕੀ ਦੁਰਗਾਪੁਰੀਆ ਗੀਤ "ਕੋਰਟ ਆਫ ਜਸਟਿਸ" ਅਜੋਕੇ ਮਾਹੌਲ ਦਾ ਗੀਤ- ਸੰਦੀਪ ਕੌਰ ਪ੍ਰੋਡਿਊਸਰ

ਲੱਕੀ ਦੁਰਗਾਪੁਰੀਆ ਨੌਜਵਾਨ ਦਿਲਾਂ ਦਾ ਪਸੰਦੀਦਾ ਸਟਾਰ ਗਾਇਕ ਹੈ। ਸਟਾਰ ਗਾਇਕ ਜੈਜ਼ੀ ਬੀ ਦਾ ਚੇਲਾ ਅਤੇ ਸਵ.ਕੁਲਦੀਪ ਦੀ ਗਾਇਕੀ ਦਾ ਸ਼ੁਦਾਈ ਗਾਇਕ ਲੱਕੀ ਦੁਰਗਾਪੁਰੀਆ ਆਪਣੇ ਨਵੇਂ ਗੀਤ "ਕੋਰਟ ਆਫ ਜਸਟਿਸ" ਨਾਲ ਆਪਣੇ ਚਾਹੁਣ ਵਾਲਿਆਂ ਦੇ ਰੁਬਰੂ ਹੋਇਆ ਹੈ। ਗੈਰ ਪੰਜਾਬੀ ਵਿਦੇਸ਼ੀ ਧਰਤੀ ਇੰਗਲੈਂਡ ਵਿੱਚ ਰਹਿੰਦਿਆਂ ਵੀ ਲੱਕੀ ਦੁਰਗਾਪੁਰੀਆ ਦਾ ਆਪਣੀ ਮਾਂ ਬੋਲੀ ਪੰਜਾਬੀ ਨਾਲ ਹੇਜ ਕਦੇ ਮੱਧਮ ਨਹੀਂ ਪਿਆ।ਉਹ ਹਮੇਸ਼ਾ ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਆਪਣੇ ਗੀਤਾਂ ਨਾਲ ਸਰੋਤਿਆਂ ਦੇ ਮੁਸੱਲਸਲ ਰੁਬਰੂ ਹੁੰਦਾ ਹੈ। ਗਾਇਕ ਲੱਕੀ ਦੁਰਗਾਪੁਰੀਆ ਦੇ ਗਾਏ ਇਸ ਨਵੇਂ ਗੀਤ "ਕੋਰਟ ਆਫ ਜਸਟਿਸ" ਸੰਬੰਧੀ ਜਾਣਕਾਰੀ ਸਾਂਝੀ ਕਰਦਿਆਂ ਬੌਰਨ ਕਿੰਗ ਫ਼ਿਲਮਜ਼ ਦੀ ਮਾਲਕ ਅਤੇ ਇਸ ਗੀਤ ਦੀ ਪ੍ਰੋਡਿਊਸਰ ਸ੍ਰੀਮਤੀ ਸੰਦੀਪ ਕੌਰ ਨੇ ਦੱਸਿਆ ਕਿ ਇਸ ਗੀਤ ਨੂੰ ਮਨਿੰਦਰ ਨੌਸ਼ਹਿਰਾ ਨੇ ਲਿਖਿਆ ਹੈ। ਇਸ ਗੀਤ ਨੂੰ ਦਿਲ ਟੁੰਬਵੀਆਂ ਸੰਗੀਤਕ ਧੁਨਾਂ ਚ "ਬੀਟ ਸੋਲ ਮਿਊਜ਼ਿਕ" ਨੇ ਪ੍ਰੋਰਿਆ ਹੈ।ਬੱਬੇਲੇਨ ਮਿਊਜ਼ਿਕ ਅਤੇ ਪਵਨਜੀਤ ਸ਼ਰਮਾ ਦੀ ਪੇਸ਼ਕਸ਼ ਅਤੇ ਬੌਰਨ ਕਿੰਗ ਫ਼ਿਲਮਜ਼ ਦੁਆਰਾ ਬਣਾਈ ਗੀਤ ਦੀ ਵੀਡੀਓ ਨੂੰ ਅਰਸ਼ 47 ਮੀਡੀਆ ਨੇ ਡਾਇਰੈਕਟ ਕੀਤਾ ਹੈ।



# ਸਾਹਿਤ ਤੇ ਸਰਬੱਤ ਦੀਆਂ ਖ਼ੈਰਾਂ ਮੰਗਣ ਵਾਲੀ ਸਿਰਮੌਰ ਕਲਮ : ਮਹਿੰਗਾ ਸਿੰਘ ਕਲਸੀ

ਸਮਾਜ ਵਿਚ ਵਿਚਰਦਿਆਂ ਹੋਇਆਂ ਮਨੁੱਖ ਜਦੋਂ ਚੇਤੰਨ ਹੋ ਕੇ ਆਪਣੇ ਆਲੇ-ਦੁਆਲੇ ਨੂੰ ਵਾਚਦਾ ਹੈ ਤਾਂ ਉਸਨੂੰ ਮਹਿਸੂਸ ਹੁੰਦਾ ਹੈ ਕਿ ਸਮਾਜ ਪ੍ਰਤੀ ਉਸਦੇ ਵੀ ਬਹੁਤ ਸਾਰੇ ਕਰਤੱਵ ਅਤੇ ਜ਼ਿੰਮੇਵਾਰੀਆਂ ਹਨ। ਕੁਝ ਕਰ ਗੁਜਰਨ ਦੀ ਲਗਨ, ਲਾਲਸਾ, ਸ਼ੌਂਕ, ਸਿਰੜ ਅਤੇ ਮਿਹਨਤ ਇਨਸਾਨ ਨੂੰ ਉਸ ਰਾਹ 'ਤੇ ਤੋਰ ਲੈਂਦੀ ਹੈ ਜਿਸ ਰਾਹ 'ਤੇ ਤੁਰਕੇ ਉਹ ਦੂਜਿਆਂ ਲਈ ਕੁਝ ਚੰਗਾ ਕਰ ਸਕੇ। ਆਪਣੇ ਲਈ ਤਾਂ ਹਰ ਕੋਈ ਜਿਊਂਦਾ ਹੈ ਪਰ ਦੂਜਿਆਂ ਲਈ ਸਹੀ ਸੇਧ ਤੇ ਸਹੀ ਰਾਹ ਵਿਖਾਉਣ ਦਾ ਮਾਣ ਕਿਸੇ ਵਿਰਲੇ ਦੇ ਹੀ ਹਿੱਸੇ ਆਉਂਦਾ ਹੈ। ਸ੍ਰ. ਮਹਿੰਗਾ ਸਿੰਘ ਕਲਸੀ ਵੀ ਉਨ੍ਹਾਂ ਵਿਰਲਿਆਂ ਵਿਚੋਂ ਇਕ ਅਜਿਹੇ ਇਨਸਾਨ ਹਨ ਜਿਹੜੇ ਕਿ ਆਪਣੀ ਜ਼ਿੰਦਗੀ ਦੇ ਤਜ਼ਰਬਿਆਂ ਨੂੰ ਲੋਕਾਂ ਨਾਲ ਸਾਂਝਾ ਕਰ ਕੇ ਖੁਸ਼ੀ ਮਹਿਸੂਸ ਕਰਦੇ ਹਨ। ਜਿੱਥੇ ਆਪ ਹੁਣ ਤੱਕ 'ਚਿਰ ਭਇਓ ਦਰਸਨ ਦੇਖੇ', 'ਸਿਦਕੀ ਨਜ਼ਾਰੇ', ਜੀਵਨ ਸੰਤ ਬਾਬਾ ਚੁਗੱਤ ਸਿੰਘ ਜੀ', 'ਚਿੜੀਆਂ ਦੀ ਹਾਅ', 'ਮੇਰਾ ਦੇਸ਼ ਮਹਾਨ' ਤੇ ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ' ਆਦਿ ਡੇਢ ਦਰਜਨ ਮੌਲਿਕ ਪੁਸਤਕਾਂ (ਜਿਨ੍ਹਾਂ 'ਚ ਕਈ ਪੁਸਤਕਾਂ ਡੀ. ਪੀ. ਆਈ ਪੰਜਾਬ/ਯੂ. ਟੀ ਵਲੋਂ ਮਾਨਤਾ ਪ੍ਰਾਪਤ ਹਨ) ਪੰਜਾਬੀ ਸਾਹਿਤ ਦੀ ਝੋਲ਼ੀ ਵਿਚ ਪਾ ਚੁੱਕੇ ਹਨ, ਉਥੇ ਸ਼੍ਰੋਮਣੀ ਪੰਜਾਬੀ ਲਿਖਾਰੀ ਸਭਾ ਪੰਜਾਬ (ਰਜਿ:) ਦੀਆਂ 'ਕਲਮਾਂ ਦੀ ਪਰਵਾਜ',






'ਕਲਮਾਂ ਦਾ ਸਫਰ' ਤੇ 'ਰੰਗ ਬਰੰਗੀਆਂ ਕਲਮਾਂ' ਆਦਿ 6 ਪੁਸਤਕਾਂ ਸਮੇਤ ਵੱਖ-ਵੱਖ ਸੰਸਥਾਵਾਂ ਦੀਆਂ ਦਰਜਨ ਤੋਂ ਵੱਧ ਸਾਂਝੀਆਂ ਪ੍ਰਕਾਸ਼ਨਾਵਾਂ ਵਿਚ ਭਰਵੀਆਂ ਹਾਜ਼ਰੀਆਂ ਲਗਵਾ ਚੁੱਕੇ ਹਨ। ਜਿਲ੍ਹਾ ਗੁਰਦਾਸਪੁਰ ਦੇ ਪਿੰਡ ਰੰਗੀਲਪੁਰਾ ਵਿਚ ਪਿਤਾ ਸਵ: ਸ. ਧੰਨਾ ਸਿੰਘ ਅਤੇ ਮਾਤਾ ਸਵ: ਸ੍ਰੀਮਤੀ ਗਿਆਨ ਕੌਰ ਦੇ ਗ੍ਰਹਿ ਵਿਖੇ ਪੈਦਾ ਹੋਕੇ ਅੱਜ ਕੱਲ ਮੁਹਾਲੀ ਸ਼ਹਿਰ ਵਿਚ ਡੇਰੇ ਲਾਈ ਬੈਠੇ ਕਲਸੀ ਜੀ ਰੁਜਗਾਰ ਵਿਭਾਗ ਪੰਜਾਬ ਵਿਚੋਂ ਬਤੌਰ ਪਲੇਸਮੈਂਟ ਅਫਸਰ ਸੇਵਾ-ਮੁਕਤੀ ਉਪਰੰਤ ਹੁਣ ਪੂਰੀ ਤਰਾਂ ਸਮਾਜ ਸੇਵਾ ਅਤੇ ਸਾਹਿਤ ਨੂੰ ਸਮਰਪਿਤ ਹਨ। ਅੱਠੇ ਪਹਿਰ ਸਰਬੱਤ ਦਾ ਭਲਾ ਚਾਹੁਣ ਅਤੇ ਪੰਜਾਬੀ ਮਾਂ-ਬੋਲੀ ਨੂੰ ਬੁਲੰਦੀਆਂ ਉਤੇ ਪਹੁੰਚਾਉਣ ਦੀ ਸੋਚਦੇ ਰਹਿਣ ਵਾਲੇ ਧਾਰਮਿਕ ਬਿਰਤੀ ਦੇ ਮਾਲਕ ਕਲਸੀ ਜੀ ਦਰਜਨ ਦੇ ਕਰੀਬ ਅੱਡ ਅੱਡ ਸੰਸਥਾਵਾਂ ਵਿਚ ਵਿਚਰਦਿਆਂ ਅਨੇਕਾਂ ਮਾਨ-ਸਨਮਾਨ ਖੱਟ ਚੁੱਕੇ ਹਨ। ਜਿਨ੍ਹਾਂ ਵਿਚ ਸ਼੍ਰੋਮਣੀ ਪੰਜਾਬੀ ਲਿਖਾਰੀ ਸਭਾ ਪੰਜਾਬ ਰਜਿ: ਵੱਲੋਂ, 'ਕਲਮ ਦਾ ਬਾਦਸ਼ਾਹ', 'ਪੰਜਾਬ ਦਾ ਸਪੂਤ' ਅਤੇ 'ਗਿਆਨੀ ਦਿੱਤ ਸਿੰਘ ਐਵਾਰਡ-2021' ਦੇ ਨਾਲ ਨਾਲ ਪੰਜਾਬ ਰੈਡ ਕਰਾਸ ਵੱਲੋਂ ਗਵਰਨਰ ਪੰਜਾਬ ਦੇ ਕਰ ਕਮਲਾਂ ਦੁਆਰਾ ਮਿਲੇ ਸਨਮਾਨ ਨੂੰ ਉਹ ਯਾਦਗਾਰੀ ਸਨਮਾਨ ਦੱਸਦੇ ਹਨ।

ਜਿਕਰ ਯੋਗ ਹੈ ਕਲਸੀ ਜੀ ਦੇ ਨਕਸ਼ੇ-ਕਦਮ 'ਤੇ ਚੱਲਦਿਆਂ ਉਨ੍ਹਾਂ ਦਾ ਬੇਟਾ ਗੁਰਮੀਤ ਕਲਸੀ ਵੀ ਸਾਹਿਤਕ ਖੇਤਰ ਵਿਚ ਖੂਬ ਮੱਲਾਂ ਮਾਰਦਾ ਸਫ਼ਲ ਪੁਲਾਂਘੀ ਤੁਰਿਆ ਜਾ ਰਿਹਾ ਹੈ। ਇੱਥੋਂ ਤੱਕ ਦਾ ਮੁਕਾਮ ਹਾਸਲ ਕਰਨ ਵਾਲੇ ਕਲਸੀ ਜੀ ਜਿੱਥੇ ਆਪਣੇ ਪਰਿਵਾਰ ਵਿਚ ਜੀਵਨ-ਸਾਥਣ ਸਵ: ਬੀਬੀ ਦਲਜੀਤ ਕੌਰ ਅਤੇ ਬੀਬੀ ਕਮਲਪ੍ਰੀਤ ਕੌਰ (ਨੂੰਹ ਰਾਣੀ) ਤੇ ਬੱਚਿਆਂ ਦੇ ਸਿਰ ਸਿਹਰਾ ਬੰਨ੍ਹਦੇ ਹਨ, ਉਥੇ ਪ੍ਰਸਿੱਧ ਗੀਤਕਾਰ ਲਾਲ ਸਿੰਘ ਲਾਲੀ ਤੇ ਉਨ੍ਹਾਂ ਦੀ ਪੂਰੀ ਟੀਮ ਦਾ ਵੀ ਗੁਣਗਾਨ ਕਰਦੇ ਨਹੀਂ ਥੱਕਦੇ। ਰੱਬ ਕਰੇ ! ਸਰਬੱਤ ਦਾ ਭਲਾ ਚਾਹੁਣ ਵਾਲੇ ਪੰਜਾਬ ਦੇ ਇਸ ਅਨਮੋਲ ਹੀਰੇ ਦੀ ਉਮਰ ਯੁੱਗਾਂ ਦੇ ਹਾਣ ਦੀ ਹੋ ਨਿੱਬੜੇ!

**-ਪ੍ਰੀਤਮ ਲੁਧਿਆਣਵੀ, (ਚੰਡੀਗੜ੍ਹ)**
**9876428641**

# "ਪੇਂਡੂ ਦਲਿਤ ਮਜ਼ਦੂਰ ਦੇ ਹਲਾਤ, ਬੁਨਿਆਦੀ ਮੰਗਾਂ ਅਤੇ ਇਸ ਦਾ ਹੱਲ" ਤੇ ਵਰਕਸ਼ਾਪ ਲਗਾਈ





**ਧੂਰੀ, (ਦਲਜੀਤ ਕੌਰ)** ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ (ਪੰਜਾਬ) ਵੱਲੋਂ ਸ਼ਹੀਦ ਬਾਬਾ ਜੀਵਨ ਸਿੰਘ ਨੂੰ ਸਮਰਪਿਤ "ਪੇਂਡੂ ਦਲਿਤ ਮਜ਼ਦੂਰ ਦੇ ਹਲਾਤ, ਬੁਨਿਆਦੀ ਮੰਗਾਂ ਅਤੇ ਇਸ ਦਾ ਹੱਲ" ਵਿਸ਼ਿਆਂ ਤੇ ਧੂਰੀ ਇਲਾਕੇ ਦੀ ਵਰਕਸ਼ਾਪ ਪਿੰਡ ਬੇਨੜਾ ਵਿਖੇ ਆਯੋਜਿਤ ਕੀਤੀ ਗਈ। ਵਰਕਸ਼ਾਪ ਦਾ ਆਗਾਜ਼ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕਰਦੇ ਹੋਏ ਇੱਕ ਮਿੰਟ ਦਾ ਮੌਨ ਧਾਰ ਕੇ ਆਕਾਸ਼ "ਗੁੰਜਾਊ ਨਾਹਰਿਆਂ ਅਮਰ ਸ਼ਹੀਦਾਂ ਦਾ ਪੈਗਾਮ, ਜਾਰੀ ਰੱਖਣਾ ਹੈ ਸੰਗਰਾਮ" ਨਾਲ ਕੀਤਾ ਗਿਆ। ਵਰਕਸ਼ਾਪ 'ਚ ਬਾਬਾ ਜੀਵਨ ਸਿੰਘ ਜੀ ਦੀ ਜੀਵਨ 'ਤੇ ਜ਼ਿਲ੍ਹਾ ਪ੍ਰਧਾਨ ਬਲਜੀਤ ਸਿੰਘ ਨੇ ਚਾਨਣਾ ਪਾਇਆ।

ਇਸ ਉਪਰੰਤ ਸੂਬਾ ਸਕੱਤਰ ਧਰਮਪਾਲ ਸਿੰਘ ਨੇ ਕਿਹਾ ਕਿ ਸ਼ੁਰੂਆਤੀ ਦੌਰ ਵਿੱਚ ਕੋਈ ਜਾਤ-ਪਾਤ ਨਹੀਂ ਸੀ, ਸਭ ਬਰਾਬਰ ਹਨ, ਕੋਈ ਕਾਣੀ ਵੰਡ ਮੌਜੂਦ ਨਹੀਂ ਸੀ। ਲੰਬੇ ਸਮੇਂ ਤੱਕ ਸਾਮਵਾਦ ਰਿਹਾ। ਫਿਰ ਹੌਲੀ-ਹੌਲੀ ਚਾਰ ਵਰਣ (ਜਮਾਤਾਂ) ਹੋਂਦ ਵਿੱਚ ਆਏ। ਇਸ ਤਰ੍ਹਾਂ ਕਲੰਕਤ ਜਾਤ-ਪਾਤੀ ਪ੍ਰਬੰਧ ਉੱਭਰ ਆਇਆ। ਇਸ ਦੇ ਚਲਦਿਆਂ ਮਿਹਨਤਕਸ਼ ਲੋਕ ਹਰੇਕ ਕਿਸਮ ਦੇ ਪੈਦਾਵਾਰੀ ਸਾਧਨਾਂ ਤੋਂ ਵਾਂਝੇ ਹੋ ਗਏ। ਛੂਆ-ਛੂਤ, ਪੜ੍ਹਨ ਦੇ ਅਧਿਕਾਰਾਂ ਤੋਂ ਵਾਂਝੇ, ਪਰਛਾਵਾਂ ਪੈਣਾ ਗੁਨਾਹ, ਜ਼ਮੀਨ ਤੇ ਪੈੜਾਂ ਨਾ ਪੈਣ ਇਸ ਕਰਕੇ ਮੂੰਹ ਤੇ ਕੁੱਜਾ ਅਤੇ ਪਿੱਛੇ ਝਾੜੂ ਬੰਨਿਆਂ ਹੁੰਦਾ ਸੀ। ਬ੍ਰਾਹਮਣਵਾਦੀ ਵਿਚਾਰਧਾਰਾ ਨੇ ਜਨਮਾਂ-ਕਰਮਾਂ ਦੇ ਸਿਧਾਂਤਾਂ ਰਾਂਹੀ ਲੁਟੇਰੇ ਪ੍ਰਬੰਧ ਨੂੰ ਪੂਰੀ ਵਾਜਬੀਅਤ ਬਖਸ਼ੀ, ਰਜਿਤਨਾਮੇ ਤਹਿਤ ਦਲਿਤਾਂ ਕੋਲ ਆਪਣਾ ਕੋਈ ਘਰ ਨਹੀਂ ਸੀ, ਇਸੇ ਕਰਕੇ ਜਦੋਂ ਕਿਤੇ ਵੀ ਦਲਿਤ ਵਗਾਰ ਕਰਨ ਤੋਂ ਇਨਕਾਰ ਕਰ ਦਿੰਦੇ ਤਾਂ ਉਨ੍ਹਾਂ ਨੂੰ ਅਖੌਤੀ ਉਪਰਲੀਆਂ ਜਾਤਾਂ ਦੇ ਘੜੰਮ ਚੌਧਰੀਆਂ ਦੁਆਰਾ ਘਰੋਂ ਕੱਢ ਦਿੱਤਾ ਜਾਂਦਾ ਸੀ।

ਇਸ ਮੌਕੇ ਸੂਬਾ ਪ੍ਰਧਾਨ ਸੰਜੀਵ ਮਿੰਟੂ ਨੇ ਸੰਬੋਧਨ ਕਰਦਿਆਂ ਕਿਹਾ ਕਿ 1947 ਦੀ ਅਖੌਤੀ ਆਜ਼ਾਦੀ ਤੋਂ ਬਾਅਦ ਬੇਸ਼ੱਕ ਦਲਿਤਾਂ ਨੂੰ ਜ਼ਮੀਨ ਖਰੀਦਣ ਦਾ ਅਧਿਕਾਰ ਪ੍ਰਾਪਤ ਹੋ ਗਿਆ, ਪਰ ਉਨ੍ਹਾਂ ਨਾਲ ਇਹ ਮਹਿਜ਼ ਮਜ਼ਾਕ ਹੀ ਸਾਬਤ ਹੋਇਆ, ਕਿਉਂਕਿ ਦਲਿਤ ਹਰੇਕ ਤਰ੍ਹਾਂ ਦੇ ਪੈਦਾਵਾਰੀ ਸਾਧਨਾਂ ਤੋਂ ਵਾਂਝੇ ਸਨ/ਹਨ। ਅੱਜ ਵੀ ਕਾਣੀ ਵੰਡ ਮੌਜੂਦ ਹੈ, ਜਾਤੀ ਪਾਤੀ ਵਿਤਕਰੇਬਾਜ਼ੀ, ਦਲਿਤ ਦੇ ਬਾਈਕਾਟ ਅਜੇ ਵੀ ਹੁੰਦੇ ਹਨ। ਤੀਜੇ ਹਿੱਸੇ ਦੀ ਪੰਚਾਇਤੀ ਜ਼ਮੀਨ ਦਾ ਕਾਨੂੰਨ ਬਣਿਆ ਹੋਣ ਦੇ ਬਾਵਜੂਦ ਦਲਿਤਾਂ ਨੂੰ ਮੋਹਰਾ ਬਣਾ ਕੇ ਅਖੌਤੀ ਉਪਰਲੀ ਜਾਤ ਦੇ ਘੜੰਮ ਚੌਧਰੀ ਜ਼ਮੀਨ ਆਪ ਸਾਂਭ ਲੈਂਦੇ ਹਨ। ਪਹਿਲੀ ਵਾਰ ਪਿੰਡ ਬੇਨੜੇ ਵਿਖੇ ਤੀਜੇ ਹਿੱਸੇ ਦੀ ਪੰਚਾਇਤੀ ਜ਼ਮੀਨ ਘੱਟ ਰੇਟ ਅਤੇ ਸਾਂਝੇ ਤੌਰ ਤੇ 2008 ਵਿੱਚ ਤਿੱਖੇ ਸੰਘਰਸ਼ਾਂ ਰਾਹੀਂ ਪ੍ਰਾਪਤ ਕੀਤੀ।

ਇਸ ਤਰ੍ਹਾਂ ਇਹ ਪਿੰਡ ਤੀਜੇ ਹਿੱਸੇ ਦੀ ਪੰਚਾਇਤੀ ਜ਼ਮੀਨ ਲੈਣ ਦੇ ਲਈ ਰਾਹ ਦਰਸਾਵਾ ਬਣਿਆ। ਤੀਜੇ ਹਿੱਸੇ ਦੀ ਪੰਚਾਇਤੀ ਜ਼ਮੀਨ ਜ਼ਿਲ੍ਹਾ ਸੰਗਰੂਰ ਦੇ ਨਾਲ-ਨਾਲ ਹੋਰਨਾਂ ਜ਼ਿ-ਲਿਆਂ ਵਿੱਚ ਫੈਲਿਆ। ਇਹ ਘੋਲ ਅੱਗੇ ਨਾ ਵਧੇ, ਇਸੇ ਕਰਕੇ ਘੜੰਮ ਚੌਧਰੀਆਂ ਨੇ ਮੀਮਸਾ, ਜਲੂਰ ਵਰਗੇ ਖ਼ੂਨੀ ਕਾਂਡ ਰਚਾਏ। ਦਲਿਤਾਂ ਦੀ ਮੁਕਤੀ ਪੈਦਾਵਾਰੀ ਸਾਧਨਾਂ ਦੀ ਕਾਣੀ ਵੰਡ ਖ਼ਤਮ ਹੋਣ ਨਾਲ ਹੀ ਹੋਵੇਗੀ।

ਦਲਿਤਾਂ ਦੀ ਮੁਕਤੀ ਇਸ ਲੁਟੇਰੇ ਪ੍ਰਬੰਧ ਰਾਹੀਂ ਪੈਂਦੀਆਂ ਵੋਟਾਂ ਰਾਹੀਂ ਨਹੀਂ ਹੋ ਸਕਦੀ ਹੈ। ਚੋਣਾਂ ਲੁਟੇਰੇ ਰਾਜ ਪ੍ਰਬੰਧ ਦੀ ਰਾਖੀ ਲਈ ਹਨ। ਦਲਿਤਾਂ ਦੀ ਮੁਕਤੀ ਸੰਘਰਸ਼ ਰਾਹੀਂ ਅਤੇ ਇੱਕ ਤਕੜੀ ਲਹਿਰ ਖੜ੍ਹੀ ਕੀਤੇ ਬਿਨਾਂ ਸੰਭਵ ਨਹੀਂ। ਸੰਘਰਸ਼ ਹੀ ਮੁਕਤੀ ਦਾ ਰਾਹ ਦਰਸਾਵਾ ਹੈ। ਸਮਾਂ ਇਹ ਮੰਗ ਕਰਦਾ ਹੈ ਕਿ ਹੋਰਨਾਂ ਮੰਗਾਂ ਦੀ ਪ੍ਰਾਪਤੀ ਦੇ ਨਾਲ-ਨਾਲ ਜ਼ਮੀਨ ਹੱਦਬੰਦੀ ਕਾਨੂੰਨ ਲਾਗੂ ਕਰਵਾਇਆ ਜਾਵੇ।

ਪੰਜਾਬ ਰੈਡੀਕਲ ਸਟੂਡੈਂਟਸ ਯੂਨੀਅਨ ਦੇ ਸੂਬਾ ਸਕੱਤਰ ਗੁਰਵਿੰਦਰ ਸਿੰਘ ਨੇ ਵੀ ਸੰਬੋਧਨ ਕੀਤਾ। ਵਰਕਸ਼ਾਪ ਦੇ ਅਖੀਰ ਵਿੱਚ ਅਹਿਮ ਮਤੇ ਪਾਸ ਕੀਤੇ।

ਵਰਕਸ਼ਾਪ ਨੇ 30 ਨਵੰਬਰ ਨੂੰ ਭਗਵੰਤ ਮਾਨ ਦੀ ਕੋਠੀ ਮੂਹਰੇ ਮਜ਼ਦੂਰਾਂ ਦੇ ਹੋਏ ਪ੍ਰਦਰਸ਼ਨ ਦੌਰਾਨ ਮੰਗਾਂ ਮੰਨਣ ਦੀ ਬਜਾਏ ਉਲਟਾ ਲਾਠੀਚਾਰਜ ਕੀਤੇ ਜਾਣ ਦੀ ਸਖ਼ਤ ਨਿਖੇਧੀ ਮਤਾ ਪਾਸ ਕੀਤਾ ਗਿਆ। ਇਸ ਤੋਂ ਇਲਾਵਾ ਭਗਵੰਤ ਮਾਨ ਸਰਕਾਰ ਦੀ ਵਾਅਦਾ ਖਿਲਾਫੀ ਵਿਰੁੱਧ ਅਹਿਮ ਮਤਾ ਪਾਸ ਕੀਤਾ ਗਿਆ। ਵਰਕਸ਼ਾਪ ਦੇ ਅਖੀਰ 'ਚ ਵੱਖੋ- ਵੱਖਰੇ ਪਿੰਡਾਂ ਤੋਂ ਪਹੁੰਚੇ ਲੋਕਾਂ ਦਾ ਧੰਨਵਾਦ ਬਲਾਕ ਆਗੂ ਹਮੀਰ ਸਿੰਘ ਨੇ ਕੀਤਾ।

# ਕਿਰਤੀ ਕਿਸਾਨ ਯੂਨੀਅਨ ਵੱਲੋਂ ਖੇਤ ਮਜ਼ਦੂਰਾਂ ਉੱਪਰ ਪੁਲੀਸ ਵੱਲੋਂ ਅੰਨ੍ਹੇਵਾਹ ਲਾਠੀਚਾਰਜ਼ ਕਰਨ ਦੀ ਸਖ਼ਤ ਨਿਖੇਧੀ



**ਸੰਗਰੂਰ (ਦਲਜੀਤ ਕੌਰ)** ਆਪਣੀਆਂ ਹੱਕੀ ਮੰਗਾਂ ਲਈ ਮੁੱਖ ਮੰਤਰੀ ਭਗਵੰਤ ਮਾਨ ਦੇ ਘਰ ਅੱਗੇ ਪ੍ਰਦਰਸ਼ਨ ਕਰ ਰਹੇ ਖੇਤ ਮਜ਼ਦੂਰਾਂ ਉਪਰ ਪੁਲੀਸ ਵੱਲੋਂ ਅੰਨ੍ਹੇਵਾਹ ਲਾਠੀਚਾਰਜ ਕਰਨ, ਕੱਪੜੇ ਪਾੜਨ ਦੀ ਕਿਰਤੀ ਕਿਸਾਨ ਯੂਨੀਅਨ ਵੱਲੋਂ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਗਈ। ਪ੍ਰੈੱਸ ਨੂੰ ਜਾਰੀ ਬਿਆਨ ਵਿੱਚ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਨਿਰਭੈ ਸਿੰਘ ਢੁੱਡੀਕੇ, ਜਨਰਲ ਸਕੱਤਰ ਸਤਿਬੀਰ ਸਿੰਘ ਸੁਲਤਾਨੀ ਅਤੇ ਯੂਥ ਵਿੰਗ ਦੇ ਸੂਬਾ ਕਨਵੀਨਰ ਭੁਪਿੰਦਰ ਸਿੰਘ ਲੌਂਗੋਵਾਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਨਾਲ ਕੀਤੇ ਵਾਅਦੇ ਵਗਾਉਣ ਦੀ ਥਾਂ ਦਿਖਾਵੇਬਾਜ਼ੀ ਨਾਲ ਆਪਣਾ ਸਮਾਂ ਟਪਾਉਣ ਚਾਹੁੰਦੀ ਹੈ। ਭਗਵੰਤ ਮਾਨ ਵੱਲੋਂ ਬਾਰ-ਬਾਰ ਦਿੱਤੇ ਜਾਂਦੇ ਹਨ ਕਿ ਲੋਕਾਂ ਨੂੰ ਧਰਨੇ ਮੁਜ਼ਾਹਰੇ ਕਰਨ ਦੀ ਲੋੜ ਨਹੀਂ ਕੋਈ ਸੜਕਾਂ ਰੋਕਣ ਦੀ ਲੋੜ ਨਹੀਂ ਜੇਕਰ ਕੋਈ ਸਮੱਸਿਆ ਹੈ ਤਾਂ ਮੰਤਰੀਆਂ ਵਿਧਾਇਕਾਂ ਦੇ ਘਰਾਂ ਅੱਗੇ ਜਾਇਆ ਜਾਵੇ ਜਦੋਂ ਹੁਣ ਲੋਕ ਉਨ੍ਹਾਂ ਵਾਅਦਿਆਂ ਨੂੰ ਪੂਰਾ ਕਰਵਾਉਣ ਲਈ ਸਰਕਾਰ ਕੋਲੋਂ ਮੰਗ ਕਰਨ ਓਨਾਂ ਦੇ ਦਰਾਂ ਤੇ ਜਾਂਦੇ ਹਨ ਤਾਂ ਕਥਿਤ ਤੌਰ ਤੇ ਲੋਕਾਂ ਦੇ ਡਾਂਗਾਂ ਮਾਰੀਆਂ ਜਾਂਦੀਆਂ ਹਨ।

ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਅਜਿਹੇ ਵਤੀਰੇ ਤੋਂ ਸਾਬਤ ਹੁੰਦਾ ਹੈ ਕਿ ਪਿਛਲੀਆਂ ਸਰਕਾਰਾਂ ਨਾਲੋਂ ਇਸ ਸਰਕਾਰ ਦਾ ਵੀ ਕੋਈ ਫਰਕ ਨਹੀਂ ਹੈ ਕਿਉਂਕਿ ਪਿਛਲੀਆਂ ਸਰਕਾਰਾਂ ਵੀ ਹੱਕ ਮੰਗਦੇ ਲੋਕਾਂ ਤੇ ਡੰਡੇ ਵਰ੍ਹਾਉਂਦਾ ਰਹੀਆਂ ਹਨ ਅਤੇ ਪਰਚੇ ਦਰਜ ਕਰਦੀਆਂ ਰਹੀਆਂ ਹਨ ਉਸੇ ਰਸਤੇ ਤੇ ਇਹ ਸਰਕਾਰ ਚੱਲ ਰਹੀ ਹੈ ਜਿਸ ਦਾ ਇਹਨਾਂ ਨੂੰ ਖਮਿਆਜ਼ਾ ਭੁਗਤਣਾ ਪਵੇਗਾ। ਕਿਰਤੀ ਕਿਸਾਨ ਯੂਨੀਅਨ ਵੱਲੋਂ ਲਾਠੀਚਾਰਜ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਖੇਤ ਮਜਦੂਰਾਂ ਦੀ ਹਮਾਇਤ ਦਾ ਐਲਾਨ ਕੀਤਾ।

# ਤਥਾਗਤ ਬੁੱਧ ਦੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ 'ਚ ਅਪਨਾ ਕੇ ਮਾਨਵਤਾ ਦੀ ਭਲਾਈ ਲਈ ਕੰਮ ਕਰਨਾ ਚਾਹੀਦਾ ਹੈ- ਐਡਵੋਕੇਟ ਕੁਲਦੀਪ ਭੱਟੀ



**ਫਗਵਾੜਾ (ਬੀ.ਕੇ.ਰੱਤੂ)-** ਡਾ. ਅੰਬੇਡਕਰ ਬੁਧਿਸਟ ਰਿਸੋਰਟ ਸੈਂਟਰ ਸੂੰਢ ਵਿਖੇ ਤਥਾਗਤ ਬੁੱਧ ਦੀ ਯਾਦ ਨੂੰ ਸਮਰਪਿਤ ਸਮਾਗਮ ਡਾ. ਅੰਬੇਡਕਰ ਮੈਮੋਰੀਅਲ ਕਮੇਟੀ ਪੰਜਾਬ ਵਲੋਂ ਐਡਵੋਕੇਟ ਕੁਲਦੀਪ ਭੱਟੀ ਪ੍ਰਧਾਨ ਡਾ. ਅੰਬੇਡਕਰ ਬੁਧਿਸਟ ਰਿਸੋਰਟ ਸੈਂਟਰ ਮੈਨੇਜਿੰਗ ਕਮੇਟੀ ਪੰਜਾਬ ਦੀ ਪ੍ਰਧਾਨਗੀ ਹੇਠ ਕਰਵਾਇਆ ਗਿਆ। ਜਿਸ ਵਿੱਚ ਆਏ ਹੋਏ ਮਹਿਮਾਨਾਂ ਨੇ ਮਹਾਂਮਾਨਵ ਬੁੱਧ ਦੇ ਜੀਵਨ ਤੇ ਚਾਨਣਾ ਪਾਉਂਦੇ ਹੋਏ ਉਨ੍ਹਾਂ ਵਲੋਂ ਦਰਸਾਏ ਮਾਰਗ 'ਤੇ ਚੱਲਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਪ੍ਰਧਾਨ ਐਡਵੋਕੇਟ ਕੁਲਦੀਪ ਭੱਟੀ ਨੇ ਕਿਹਾ ਕਿ ਤਥਾਗਤ ਗੌਤਮ ਬੁੱਧ ਦੀਆਂ ਸਿਖਿਆਵਾਂ ਵਹਿਮਾਂ ਭਰਮਾਂ ਤੇ ਸਮਾਜਿਕ ਕੁਰੀਤੀਆਂ ਤੋਂ ਦੂਰ ਰੱਖਦੀਆਂ ਹਨ,ਇਸ ਲਈ ਸਾਨੂੰ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ 'ਚ ਅਪਨਾ ਕੇ ਮਾਨਵਤਾ ਦੀ ਭਲਾਈ ਲਈ ਕੰਮ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਸਮਾਗਮ ਵਿੱਚ ਪਹੁੰਚੀਆਂ ਪ੍ਰਮੁੱਖ ਸਖਸ਼ੀਅਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਪ੍ਰਵੀਨ ਬੰਗਾ ਜਨਰਲ ਸਕੱਤਰ ਬਸਪਾ ਪੰਜਾਬ, ਬਲਦੇਵ ਜੱਸਲ, ਹਰਮੇਸ਼ ਵਿਰਦੀ, ਇੰਦਰਜੀਤ ਅਟਾਰੀ ਸਕੱਤਰ, ਦੀਨ ਦਿਆਲ ਅਟਾਰੀ, ਹਰਭਜਨ ਸੁਮਨ ਪ੍ਰਧਾਨ ਅੰਬੇਡਕਰ ਸੈਨਾ ਮੂਲ ਨਿਵਾਸੀ, ਡਾ.ਬਲਕਾਰ ਸਿੰਘ,ਹੈਪੀ ਫਗਵਾੜਾ, ਮਿਸ਼ਨਰੀ ਲੇਖਕ ਵਿਜੈ ਗੁਣਾਚੌਰ, ਹਰਬਲਾਸ ਬਸਰਾ, ਅਸ਼ੋਕ ਸੁਮਨ, ਮਨਜੀਤ ਕੁਮਾਰੀ ਸੁਮਨ, ਚਰਨਜੀਤ ਕੌਰ ਅਟਾਰੀ, ਜੋਗਿੰਦਰ ਕੌਰ, ਅਮਰ ਚੰਦ ਅਟਾਰੀ, ਵੀਨਾ ਰਾਣੀ, ਮਲਿਕਾ, ਚਮਨ ਲਾਲ ਜੱਖੂ, ਪ੍ਰਮਜੀਤ ਸੂੰਢ, ਰੁਪਿੰਦਰ ਕੌਰ, ਕਸ਼ਮੀਰ ਕੌਰ, ਮਨਦੀਪ ਕੁਮਾਰ, ਟੇਕ ਚੰਦ ਦਰਦੀ ਤੋਂ ਇਲਾਵਾ ਹੋਰ ਵੀ ਸਖਸ਼ੀਅਤਾਂ ਹਾਜਰ ਸਨ।

# ਆਈਟੀਆਈ ਸਾਲ 1962-63 ਵਿੱਚ ਹੋਂਦ ਵਿੱਚ ਆਈ ਸੀ ਅਤੇ ਉਸ ਤੋਂ ਲਗਭਗ ਛੇ ਦਹਾਕਿਆਂ ਮਗਰੋਂ ਪਹਿਲੀ ਵਾਰ ਪੰਜਾਬ ਸਰਕਾਰ ਵੱਲੋਂ ਗਰਾਂਟ ਪ੍ਰਵਾਨ ਕੀਤੀ ਗਈ



**ਸੰਗਰੂਰ (ਦਲਜੀਤ ਕੌਰ)** ਪੰਜਾਬ ਦੇ ਸੂਚਨਾ ਤੇ ਲੋਕ ਸੰਪਰਕ, ਨਵੀਂ ਤੇ ਨਵਿਆਉਣਯੋਗ ਊਰਜਾ ਸਰੋਤ ਅਤੇ ਸ਼ਹਿਰੀ ਵਿਕਾਸ ਤੇ ਮਕਾਨ ਉਸਾਰੀ ਮੰਤਰੀ ਸ੍ਰੀ ਅਮਨ ਅਰੋੜਾ ਨੇ ਪੰਜਾਬ ਸਰਕਾਰ ਵੱਲੋਂ ਸਰਕਾਰੀ ਉਦਯੋਗਿਕ ਸਿਖਲਾਈ ਕੇਂਦਰ ਸੁਨਾਮ ਊਧਮ ਸਿੰਘ ਵਾਲਾ ਦੇ ਨਵੀਨੀਕਰਨ ਲਈ 3.27 ਕਰੋੜ ਰੁਪਏ ਦੀ ਰਾਸ਼ੀ ਪ੍ਰਵਾਨ ਕਰਨ ਲਈ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਮਾਨ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਹੈ।

ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਇਹ ਆਈਟੀਆਈ ਸਾਲ 1962-63 ਵਿੱਚ ਹੋਂਦ ਵਿੱਚ ਆਈ ਸੀ ਅਤੇ ਉਸ ਤੋਂ ਲਗਭਗ ਛੇ ਦਹਾਕਿਆਂ ਮਗਰੋਂ ਪਹਿਲੀ ਵਾਰ ਇਸ ਦੀਆਂ ਵਰਕਸ਼ਾਪਾਂ ਦੀ ਮੁਰੰਮਤ ਅਤੇ ਅਤਿ-ਆਧੁਨਿਕ ਢੰਗ ਨਾਲ ਕਾਇਆ ਕਲਪ ਕਰਨ ਲਈ ਪੰਜਾਬ ਸਰਕਾਰ ਵੱਲੋਂ ਗਰਾਂਟ ਪ੍ਰਵਾਨ ਕੀਤੀ ਗਈ ਹੈ ਜੋ ਕਿ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਦੀ ਦੂਰ ਅੰਦੇਸ਼ੀ ਸੋਚ ਸਦਕਾ ਹੀ ਸੰਭਵ ਹੋ ਸਕਿਆ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਉਦਯੋਗਿਕ ਸਿਖਲਾਈ ਕੇਂਦਰ ਵਿਖੇ ਕਾਰਪੈਂਟਰ, ਇਲੈਕਟ੍ਰੀਸ਼ਨ, ਮੋਟਰ ਮਕੈਨਿਕ, ਡੀਜ਼ਲ, ਫਿੱਟਰ, ਟ੍ਰੇਨਰ ਆਦਿ ਦੀਆਂ 9 ਵਰਕਸ਼ਾਪ ਸ਼ੈਡਾਂ ਹਨ, ਜਿਥੇ 8 ਟਰੇਡਾਂ ਚੱਲਦੀਆਂ ਹਨ, ਨੂੰ ਨਵੇਂ ਸਿਰਿਓਂ ਨਵੀਨਤਮ ਦਿੱਖ ਪ੍ਰਦਾਨ ਕੀਤੀ ਜਾਵੇਗੀ।

ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਪ੍ਰਵਾਨ ਕੀਤੀ ਰਾਸ਼ੀ ਨਾਲ ਆਈਟੀਆਈ ਦੀ ਐਗਰੀਕਲਚਰਲ ਮਸ਼ੀਨਰੀ ਵਰਕਸ਼ਾਪ ਦਾ ਵਿਸਥਾਰ, ਅੰਦਰੂਨੀ ਸੜਕਾਂ, ਕਾਰ ਸ਼ੈਡ, ਮੁੱਖ ਦਾਖਲਾ ਗੇਟ, ਪਾਰਕਿੰਗ, ਥਿਓਰੀ ਰੂਮ ਆਦਿ ਦਾ ਵੀ ਨਿਰਮਾਣ ਜਾਂ ਲੋੜੀਂਦੀ ਮੁਰੰਮਤ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਕਾਰਜਾਂ ਲਈ ਟੈਂਡਰ ਪ੍ਰਕ੍ਰਿਆ ਮੁਕੰਮਲ ਹੋਣ ਤੋਂ ਬਾਅਦ ਮੁੱਢਲੇ ਤੌਰ 'ਤੇ ਮੁਰੰਮਤ ਕਾਰਜ ਸ਼ੁਰੂ ਹੋ ਗਏ ਹਨ ਅਤੇ ਇਹ ਸਮੁੱਚੇ ਕੰਮ ਛੇ ਮਹੀਨਿਆਂ ਅੰਦਰ ਮੁਕੰਮਲ ਕਰਨ ਦੇ ਦਿਸ਼ਾ ਨਿਰਦੇਸ਼ ਜਾਰੀ ਕੀਤੇ ਗਏ ਹਨ।

ਸ੍ਰੀ ਅਮਨ ਅਰੋੜਾ ਨੇ ਦੱਸਿਆ ਕਿ ਲੋਕ ਨਿਰਮਾਣ ਵਿਭਾਗ ਦੇ ਸਬੰਧਤ ਅਧਿਕਾਰੀਆਂ ਨੂੰ ਆਪਣੀ ਨਿਗਰਾਨੀ ਹੇਠ ਇਹ ਕਾਰਜ ਗੁਣਵੱਤਾ ਦੇ ਆਧਾਰ ਉੱਤੇ ਨੇਪਰੇ ਚੜ੍ਹਾਉਣ ਦੀ ਹਦਾਇਤ ਕੀਤੀ ਗਈ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਨੌਜਵਾਨ ਦੇਸ਼ ਦਾ ਸਰਮਾਇਆ ਹੁੰਦੇ ਹਨ ਜਿਨ੍ਹਾਂ ਨੂੰ ਸਮੇਂ ਦਾ ਹਾਣੀ ਬਣਾਉਣ ਲਈ ਅਕਾਦਮਿਕ ਅਦਾਰਿਆਂ ਅਤੇ ਸਿਖਲਾਈ ਕੇਂਦਰਾਂ ਵਿੱਚ ਸ਼ਾਨਦਾਰ ਅਤੇ ਅਤਿ ਆਧੁਨਿਕ ਬੁਨਿਆਦੀ ਢਾਂਚਾ ਮੁਹੱਈਆ ਕਰਵਾਉਣ ਲਈ ਪੰਜਾਬ ਸਰਕਾਰ ਪੂਰੀ ਤਰ੍ਹਾਂ ਵਚਨਬੱਧ ਹੈ।

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com, www.ambedkartimes.com

# ਪੰਜਾਬ ਸਕੂਲ ਸਿੱਖਿਆ ਬੋਰਡ ਨੇ 5ਵੀਂ, 8ਵੀਂ, 10ਵੀਂ ਅਤੇ 12ਵੀਂ ਜਮਾਤ ਦੀਆਂ ਸਲਾਨਾ ਪ੍ਰੀਖਿਆਵਾਂ ਦੀਆਂ ਤਰੀਖਾਂ ਦਾ ਕੀਤਾ ਐਲਾਨ

**ਐੱਸ.ਏ.ਐੱਸ. ਨਗਰ (ਦਲਜੀਤ ਕੌਰ)** ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਫ਼ਰਵਰੀ/ਮਾਰਚ 2023 ਵਿੱਚ ਕਰਵਾਈਆਂ ਜਾਣ ਵਾਲੀਆਂ ਪੰਜਵੀਂ, ਅੱਠਵੀ, ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀਆਂ ਦੀਆਂ ਸਲਾਨਾ ਪ੍ਰੀਖਿਆਵਾਂ ਦੀਆਂ ਮਿਤੀਆਂ ਨਿਰਧਾਰਤ ਕਰ ਦਿੱਤੀਆਂ ਗਈਆਂ ਹਨ। ਕੰਟਰੋਲਰ ਪ੍ਰੀਖਿਆਵਾਂ ਸ਼੍ਰੀ ਜੇ.ਆਰ. ਮਹਿਰੋਕ ਵੱਲੋਂ ਮੀਡੀਆ ਨੂੰ ਮੁਹੱਈਆ ਕਰਵਾਈ ਜਾਣਕਾਰੀ ਅਨੁਸਾਰ ਫ਼ਰਵਰੀ/ਮਾਰਚ 2023 ਵਿੱਚ ਕਰਵਾਈਆਂ ਜਾਣ ਵਾਲੀਆਂ ਸਲਾਨਾਂ ਪ੍ਰੀਖਿਆਵਾਂ ਵਿੱਚ ਪੰਜਵੀਂ ਸ਼੍ਰੇਣੀ ਦੀਆਂ ਪਰੀਖਿਆਵਾਂ 16 ਫ਼ਰਵਰੀ 2023 ਤੋਂ 24 ਫ਼ਰਵਰੀ 2023 ਤੱਕ, ਅੱਠਵੀਂ ਸ਼੍ਰੇਣੀ ਦੀਆਂ ਪਰੀਖਿਆਵਾਂ 20 ਫ਼ਰਵਰੀ 2023 ਤੋਂ 6 ਮਾਰਚ 2023 ਤੱਕ, ਦਸਵੀਂ ਸ਼੍ਰੇਣੀ ਦੀਆਂ ਪਰੀਖਿਆਵਾਂ 21 ਮਾਰਚ 2023 ਤੋਂ 18 ਅਪਰੈਲ 2023 ਤੱਕ ਅਤੇ ਬਾਰ੍ਹਵੀਂ ਸ਼੍ਰੇਣੀ ਦੀਆਂ ਪਰੀਖਿਆਵਾਂ 20 ਫ਼ਰਵਰੀ 2023 ਤੋਂ 13 ਅਪਰੈਲ 2023 ਤੱਕ ਕਰਵਾਈਆਂ ਜਾਣਗੀਆਂ।

ਸ਼੍ਰੀ ਮਹਿਰੋਕ ਵੱਲੋਂ ਦਿੱਤੀ ਹੋਰ ਜਾਣਕਾਰੀ ਅਨੁਸਾਰ ਲਿਖਤੀ ਪਰੀਖਿਆਵਾਂ ਉਪਰੰਤ ਇਨ੍ਹਾਂ ਸਾਰੀਆਂ ਸ਼੍ਰੇਣੀਆਂ ਦੀਆਂ ਪ੍ਰਯੋਗੀ ਪਰੀਖਿਆਵਾ ਕਰਵਾਈਆਂ ਜਾਣਗੀਆਂ। ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀਆਂ ਦੇ ਐੱਨ.ਐੱਸ.ਕਿਊ.ਐੱਫ ਵਿਸ਼ਿਆਂ ਦੀਆਂ, ਬਾਰ੍ਹਵੀਂ ਸ਼੍ਰੇਣੀ ਦੇ ਵੋਕੇਸ਼ਨਲ ਗਰੁੱਪ ਦੇ ਪ੍ਰਯੋਗੀ ਵਿਸ਼ਿਆਂ ਅਤੇ ਦਸਵੀਂ ਸ਼੍ਰੇਣੀ ਦੇ ਪ੍ਰੀ-ਵੋਕੇਸ਼ਨਲ ਵਿਸ਼ਿਆਂ ਦੀਆਂ ਪ੍ਰਯੋਗੀ ਪਰੀਖਿਆਵਾਂ ਮਿਤੀ 23 ਜਨਵਰੀ ਤੋਂ ਪਹਿਲੀ ਫ਼ਰਵਰੀ ਤੱਕ ਕਰਵਾਈਆਂ ਜਾਣਗੀਆਂ। ਇਹ ਪਰੀਖਿਆਵਾਂ ਕੋਵਿਡ-19 ਨੂੰ ਧਿਆਨ ਵਿੱਚ ਰੱਖਦੇ ਹੋਏ ਕਰਵਾਈਆਂ ਜਾਣਗੀਆਂ।

ਪੰਜਵੀਂ, ਅੱਠਵੀ, ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀਆਂ ਦੀਆਂ ਪਰੀਖਿਆਵਾਂ ਸਬੰਧੀ ਡੇਟ-ਸ਼ੀਟ ਅਤੇ ਸੰਪੂਰਨ ਜਾਣਕਾਰੀ ਬਾਅਦ ਵਿੱਚ ਸਿੱਖਿਆ ਬੋਰਡ ਦੀ ਵੈੱਬ-ਸਾਈਟ www.pseb.aci.n 'ਤੇ ਉਪਲਬਧ ਕਰਵਾਈ ਜਾਵੇਗੀ। ਵਧੇਰੇ ਜਾਣਕਾਰੀ ਲਈ ਦਫ਼ਤਰੀ ਕੰਮ-ਕਾਜ ਵਾਲੇ ਦਿਨਾਂ ਵਿੱਚ ਟੈਲੀਫ਼ੋਨ ਨੰਬਰ 0172-5227333, 5227334 'ਤੇ ਅਤੇ ਈ-ਮੇਲ ਆਈ. ਡੀ. conductpseb@gmial[com ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ਇੰਡੋ ਅਮੈਰਕਿਨ ਹੈਰੀਟੇਜ ਫੋਰਮ ਨੇ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਸਾਥੀਆਂ ਦੀ ਯਾਦ 'ਚ ਕਰਵਾਇਆ ਸ਼ਹੀਦੀ ਸਮਾਗਮ

## ਸਮੁੱਚਾ ਸਮਾਗਮ ਪੰਜਾਬੀ ਬੁੱਧੀਜੀਵੀ ਸਵ.ਡਾ.ਗੁਰੂਮੇਲ ਸਿੱਧੂ ਨੂੰ ਕੀਤਾ ਗਿਆ ਸਮਰਪਿਤ































**ਫਰਿਜ਼ਨੋਂ (ਕੁਲਵੀਰ ਹੇਅਰ)–** ਇੰਡੋ ਅਮੈਰਿਕਨ ਹੈਰੀਟੇਜ ਫੋਰਮ ਫਰਿਜਨੋ ਵਲੋਂ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਸਾਥੀਆਂ ਦੀ ਯਾਦ ਮਨਾਉਣ ਸਬੰਧੀ ਸ਼ਹੀਦੀ ਸਮਾਗਮ ਬਹੁਤ ਹੀ ਉਤਸ਼ਾਹ ਨਾਲ ਕਰਵਾਇਆ। ਇਸ ਵਾਰ ਦਾ ਸਮਾਗਮ ਉੱਘੇ ਲੇਖਕ ਤੇ ਪੰਜਾਬੀ ਬੁੱਧੀਜੀਵੀ ਸਵ. ਡਾ. ਗੁਰੂਮੇਲ ਸਿੱਧੂ ਜੋ ਕਿ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਦੇ ਸਲਾਹਕਾਰ ਵੀ ਸਨ ਅਤੇ ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਸਨ ਨੂੰ ਸਮਰਪਿਤ ਕੀਤਾ ਗਿਆ। ਇਸ ਸਮਾਗਮ ਵਿਚ ਉੱਚ ਕੋਟੀ ਦੇ ਬੁਲਾਰੇ ਅਤੇ ਭਾਰੀ ਗਿਣਤੀ ਵਿਚ ਭਾਈਚਾਰੇ ਦੇ ਲੋਕਾਂ ਨੇ ਹਿੱਸਾ ਲਿਆ। ਡਾ. ਗੁਰੂਮੇਲ ਸਿੱਧੂ ਦੇ ਪਰਿਵਾਰਕ ਮੈਂਬਰ ਵੀ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ। ਸਮਾਗਮ ਦੀ ਸ਼ੁਰੂਆਤ ਇੰਦਰਜੀਤ ਚੁਗਾਵਾਂ ਨੇ ਕਰਦਿਆਂ ਸਭ ਨੂੰ ਜੀ ਆਇਆਂ ਕਹਿੰਦਿਆਂ ਗਾਇਕ ਰਾਜ ਬਰਾੜ ਨੂੰ ਇਕ ਗੀਤ ਪੇਸ਼ ਕਰਨ ਲਈ ਸੱਦਾ ਦਿੱਤਾ। ਉਪਰੰਤ ਹਰਜਿੰਦਰ ਢੇਸੀ ਨੇ ਸੇਟਜ ਸੰਭਾਲਦਿਆਂ ਸ਼ਹੀਦ ਕਰਤਾਰ ਸਿੰਘ ਸਰਾਭਾ, ਬਿਸ਼ਨੂ ਗਨੇਸ਼ ਪਿੰਗਲੇ, ਸਰੈਣ ਸਿੰਘ ਛੋਟਾ, ਸਰੈਣ ਸਿੰਘ ਵੱਡਾ, ਜਗਤ ਸਿੰਘ, ਹਰਨਾਮ ਸਿੰਘ ਅਤੇ ਬਖਸ਼ੀਸ਼ ਸਿੰਘ ਨੂੰ ਸ਼ਰਧਾਂਜਲੀ ਭੇਂਟ ਕੀਤੀ। ਇਸ ਮੌਕੇ ਡਾ. ਗੁਰੂਮੇਲ ਸਿੱਧੂ ਦੇ ਜੀਵਨ ਬਾਰੇ ਅਤੇ ਉਹਨਾਂ ਦੁਆਰਾ ਲਿਖੀਆਂ ਕਿਤਾਬਾਂ ਦੀ ਵਿਸਥਾਰਿਤ ਜਾਣਕਾਰੀ ਦਿੱਤੀ ਗਈ।ਬੁਲਾਰਿਆਂ ਵਿਚ ਕਹਾਣੀਕਾਰ ਕਰਮ ਸਿੰਘ ਨੇ ਉਨ੍ਹਾਂ ਨਾਲ ਬਿਤਾਏ ਪਲ ਹਾਜ਼ਰੀਨ ਨਾਲ ਸਾਂਝੇ ਕਰਦਿਆਂ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ। ਡਾ. ਅਰਜਨ ਸਿੰਘ ਜੋਸ਼ਨ ਨੇ ਡਾ. ਸਿੱਧੂ ਵਲੋਂ ਲਿਖੀਆਂ ਕਿਤਾਬਾਂ ਬਾਰੇ ਵਿਸ਼ੇਸ਼ ਤੌਰ 'ਤੇ ਚਰਚਾ ਕੀਤੀ। ਅਵਤਾਰ ਸਿੰਘ ਗੋਦਰਾ ਵਲੋਂ ਡਾ. ਸਿੱਧੂ ਨੂੰ ਬਹੁਪੱਖੀ ਲੇਖਕ ਐਲਾਨਦਿਆਂ ਕਿਹਾ ਕਿ ਉਹਨਾਂ ਸਮਾਜ ਦੇ ਹਰ ਵਿਸ਼ੇ 'ਤੇ ਲਿਖਿਆ। ਸੁਰਿੰਦਰ ਮੰਡਾਲੀ ਨੇ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਵਲੋਂ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਿਆਂ ਡਾ. ਗੁਰੂਮੇਲ ਸਿੱਧੂ ਨੂੰ ਫੋਰਮ ਵਲੋਂ ਸ਼ਰਧਾਂਜਲੀ ਭੇਂਟ ਕੀਤੀ ਗਈ। ਦਲਜੀਤ ਰਿਆੜ ਵਲੋਂ ਡਾ. ਸਿੱਧੂ ਨੂੰ ਯਾਦ ਕਰਦਿਆਂ ਉਨ੍ਹਾਂ ਵਲੋਂ ਸੰਪਾਦਿਤ ਕਿਤਾਬ 'ਸ਼ਬਦਾਂ ਦਾ ਸ਼ਗਨ' ਵਿਚ ਛਪੀ ਕਵਿਤਾ ਪੇਸ਼ ਕੀਤੀ।

ਸਾਧੂ ਸਿੰਘ ਸੰਘਾ ਨੇ ਸ਼ਹੀਦਾਂ ਅਤੇ ਡਾ. ਸਿੱਧੂ ਨੂੰ ਸ਼ਰਧਾ ਦੇ ਫੁੱਲ੍ਹ ਭੇਂਟ ਕਰਦੇ ਕਿਹਾ ਕਿ ਸ਼ਹੀਦ ਸਭ ਦੇ ਸਾਂਝੇ ਹੁੰਦੇ ਹਨ। ਸਾਰੇ ਸ਼ਹੀਦਾਂ ਨੂੰ ਬਰਾਬਰ ਦਾ ਰੁਤਬਾ ਦੇਣਾ ਚਾਹੀਦਾ ਹੈ।ਸੰਤੋਖ ਮਿਨਹਾਸ ਨੇ ਡਾ. ਸਿੱਧੂ ਨੂੰ ਸ਼ਰਧਾ ਦੇ ਫੁੱਲ੍ਹ ਭੇਂਟ ਕਰਦੇ ਇਕ ਕਵਿਤਾ ਪੇਸ਼ ਕੀਤੀ। ਪੰਜਾਬੀ ਟ੍ਰਿਬਿਊਨ ਦੇ ਸਾਬਕਾ ਸੰਪਾਦਕ ਦਲਜੀਤ ਸਰਾਂ ਨੇ ਡਾ. ਸਿੱਧੂ ਬਾਰੇ ਯਾਦਾਂ ਸਾਂਝੀਆਂ ਕੀਤੀਆਂ ਅਤੇ ਉਹਨਾਂ ਕਿਹਾ ਕਿ ਉਹ ਸਦਾ ਆਪਣੇ ਸ਼ਬਦਾਂ ਦੇ ਰੂਪ 'ਚ ਸਾਡੇ ਵਿਚ ਹਾਜ਼ਰ ਰਹਿਣਗੇ। ਆਂਚਲ ਹੇਅਰ ਨੇ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਦੀ ਇਸਤਰੀ ਵਿੰਗ ਵਲੋਂ ਸਭ ਹਾਜ਼ਰੀਨ ਦਾ ਧੰਨਵਾਦ ਕਰਦਿਆਂ ਇਕ ਸ਼ੇਅਰ ਨਾਲ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਅਤੇ ਡਾ. ਸਿੱਧੂ ਦੀਆਂ ਯਾਦਾਂ ਸਾਂਝੀਆਂ ਕਰਦਿਆਂ ਉਹਨਾਂ ਦੁਆਰਾ ਲਿਖੀ ਇਕ ਕਵਿਤਾ ਪੇਸ਼ ਕੀਤੀ। ਉਸਤਾਦ ਸ਼ਾਇਰ ਹਰਜਿੰਦਰ ਕੰਗ ਵਲੋਂ ਡਾ. ਸਿੱਧੂ ਨਾਲ ਪੁਸਤਕਾਂ ਦੇ ਸਫ਼ਰ ਦੀ ਗੱਲਬਾਤ ਕੀਤੀ ਗਈ। ਉਹਨਾਂ ਡਾ. ਸਿੱਧੂ ਦੀ ਯਾਦ ਵਿਚ ਇਕ ਹੋਰ ਸਮਾਗਮ ਕਰਵਾਉਣ ਦਾ ਵੀ ਐਲਾਨ ਕੀਤਾ। ਗੁਰਦੁਆਰਾ ਸਿੰਘ ਸਭਾ ਦੇ ਮੁੱਖ ਗ੍ਰੰਥੀ ਭਾਈ ਮਲਕੀਤ ਸਿੰਘ ਨੇ ਵਿਸਥਾਰ ਨਾਲ ਗਦਰੀ ਬਾਬਿਆਂ ਅਤੇ ਡਾ. ਸਿੱਧੂ ਬਾਰੇ ਵਿਚਾਰਾਂ ਕੀਤੀਆਂ। ਅਕਾਸ਼ ਦੀਪ ਕੌਰ ਰੁੜਕਾ ਕਲਾਂ ਵਲੋਂ ਕਰਤਾਰ ਸਿੰਘ ਸਰਾਭਾ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਮਾਸਟਰ ਸੁਰਜੀਤ ਸਿੰਘ ਵਲੋਂ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਸਮੂਹ ਸ਼ਹੀਦਾਂ ਨੂੰ ਸਮਰਪਿਤ ਕਵਿਤਾ ਪੇਸ਼ ਕੀਤੀ। ਫਿਲਮੀ ਅਦਾਕਾਰ ਕਿਮੀ ਵਰਮਾ ਵਲੋਂ ਫੋਰਮ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ ਗਈ ਅਤੇ ਫੋਰਮ ਦੇ ਹਰ ਸਮਾਗਮ ਵਿਚ ਹਾਜ਼ਰ ਹੋਣ ਬਾਰੇ ਕਿਹਾ। ਉਨ੍ਹਾਂ ਇਸ ਮੌਕੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਿਆਂ ਕਿਹਾ ਕਿ ਸਾਡੇ ਗੌਰਵਮਈ ਇਤਿਹਾਸ ਬਾਰੇ ਬੱਚਿਆਂ ਨੂੰ ਜਾਣਕਾਰੀ ਦੇਣਾ ਬਹੁਤ ਹੀ ਜ਼ਰੂਰੀ ਹੈ। ਫੋਰਮ ਦੇ ਉੱਪ ਪ੍ਰਧਾਨ ਪ੍ਰਗਟ ਸਿੰਘ ਵਲੋਂ ਸ਼ਹੀਦਾਂ ਦੀਆਂ ਘਾਲਣਾਵਾਂ ਤੇ ਕੁਰਬਾਨੀਆਂ ਨੂੰ ਸਲਾਮ ਕਰਦਿਆਂ ਸ਼ਰਧਾ ਸੁਮਨ ਅਰਪਨ ਕੀਤੇ।ਸ਼ਿਦਰਪਾਲ ਸਿੰਘ ਰਠੌੜ ਵਲੋਂ ਇਕ ਸ਼ੇਅਰ ਅਤੇ ਗੀਤ ਪੇਸ਼ ਕੀਤਾ।ਗਾਇਕ ਪੱਪੀ ਭਦੌੜ ਨੇ 'ਤੂੰ ਅੱਜ ਵੀ ਤੇਈ ਸਾਲ ਦਾ' ਅਤੇ ਅਵਤਾਰ ਗਰੇਵਾਲ ਨੇ 'ਕਰਤਾਰ ਸਰਾਭਾ ਜਿਹਾ ਅਣਖੀ' ਗੀਤ ਪੇਸ਼ ਕੀਤੇ। ਕਮਲਜੀਤ ਬੈਨੀਪਾਲ ਨੇ ਬਹੁਤ ਖੂਬਸੂਰਤ ਗੀਤ 'ਲੋਕੋ ਸੂਰਮੇ ਉਮਰਾਂ ਥੋੜੀਆਂ ਪਾਲਿਆ ਕਰਦੇ ਨੇ' ਪੇਸ਼ ਕੀਤਾ।ਪ੍ਰਿੰਸੀਪਲ ਬਲਵਿੰਦਰ ਸਿੰਘ ਡਾ. ਸਿੱਧੂ ਦੀ ਬੁਕ ਚ ਛਪੀ ਗਦਰ ਲੇਹਰਿ ਬਾਰੇ ਜਾਣਕਾਰੀ ਦਿਤੀ ਅਤੇ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਵਲੋਂ ਸਭ ਦਾ ਧੰਨਵਾਦ ਕੀਤਾ। ਜੀ.ਐੱਚ.ਜੀ. ਸੰਗੀਤ ਤੇ ਡਾਂਸ ਅਕੈਡਮੀ ਵਲੋਂ ਤਿਆਰ ਛੋਟੀਆਂ ਬੱਚੀਆਂ ਵਲੋਂ ਗਿੱਧਾ ਭੰਗੜਾ ਦੀਆਂ ਆਈਟਮਾਂ ਪੇਸ਼ ਕਰਕੇ ਵਾਹ ਵਾਹ ਖੱਟੀ ਗਈ।ਇਸ ਮੌਕੇ ਬਖਤੌਰ ਸਿੰਘ ਸੋਡਾ ਮਹਿਲ ਕਲਾਂ ਸਗੰਰੂਰ ਨੂੰ ਫੋਰਮ ਵਲੋਂ ਇਕ ਸ਼ਾਲ ਅਤੇ ਡਾ. ਗੁਰੂਮੇਲ ਸਿੰਘ ਸਿੱਧੂ ਦੀ ਕਿਤਾਬ ਭੇਂਟ ਕਰ ਕੇ ਸਨਮਾਨਿਤ ਕੀਤਾ ਗਿਆ।

# ਅਸ਼ਵਨੀ ਸ਼ਰਮਾ ਨੇ ਆਪਣੀ ਨਵੀਂ ਟੀਮ ਦਾ ਕੀਤਾ ਐਲਾਨ, ਕੁਝ ਪੁਰਾਣੇ ਅਤੇ ਕੁਝ ਨਵੇਂ ਚਿਹਰੇ ਕੀਤੇ ਸ਼ਾਮਲ

## ਅਸ਼ਵਨੀ ਸ਼ਰਮਾ ਦੇ ਸਿਰ ਮੁੜ ਸਜਿਆ ਭਾਜਪਾ ਸੂਬਾ ਪ੍ਰਧਾਨ ਦਾ ਤਾਜ







**ਚੰਡੀਗੜ੍ਹ–** ਭਾਰਤੀ ਜਨਤਾ ਪਾਰਟੀ ਦੇ ਕੌਮੀ ਪ੍ਰਧਾਨ ਜਗਤ ਪ੍ਰਕਾਸ਼ ਨੱਡਾ ਵੱਲੋਂ ਭਾਜਪਾ ਪੰਜਾਬ ਦੀ ਨਵੀਂ ਟੀਮ ਐਲਾਨ ਦਿੱਤੀ ਗਈ ਹੈ। ਕੌਮੀ ਲੀਡਰਸ਼ਿਪ ਵੱਲੋਂ ਭਾਜਪਾ ਪੰਜਾਬ ਦੇ ਮੌਜੂਦਾ ਪ੍ਰਧਾਨ ਅਸ਼ਵਨੀ ਸ਼ਰਮਾ 'ਤੇ ਵਿਸ਼ਵਾਸ ਜਤਾਉਂਦੇ ਹੋਏ ਉਹਨਾਂ ਨੂੰ ਮੁੜ ਭਾਜਪਾ ਪੰਜਾਬ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਅਸ਼ਵਨੀ ਸ਼ਰਮਾ ਨੇ ਵੀ ਕੌਮੀ ਲੀਡਰਸ਼ਿਪ ਨਾਲ ਸਲਾਹ-ਮਸ਼ਵਰਾ ਕਰਕੇ ਆਪਣੀ ਨਵੀਂ ਟੀਮ ਦਾ ਐਲਾਨ ਕਰ ਦਿੱਤਾ ਹੈ। ਭਾਜਪਾ ਪੰਜਾਬ ਦੀ ਨਵੀਂ ਟੀਮ ਵਿੱਚ ਗਿਆਰਾਂ ਸੂਬਾ ਮੀਤ ਪ੍ਰਧਾਨ, ਪੰਜ ਸੂਬਾ ਜਨਰਲ ਸਕੱਤਰ ਤੇ ਗਿਆਰਾਂ ਸੂਬਾ ਸਕੱਤਰਾਂ ਤੋਂ ਇਲਾਵਾ ਕੁਝ ਹੋਰ ਅਹੁਦੇਦਾਰ ਐਲਾਨੇ ਗਏ ਹਨ।

ਅਸ਼ਵਨੀ ਸ਼ਰਮਾ ਨੇ ਇਸ ਸਬੰਧੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਭਾਜਪਾ ਵੱਲੋਂ ਮੀਤ ਪ੍ਰਧਾਨ ਵਜੋਂ ਰਾਕੇਸ਼ ਰਾਠੌਰ, ਕੇਵਲ ਸਿੰਘ ਢਿੱਲੋਂ, ਸੁਭਾਸ਼ ਸ਼ਰਮਾ, ਦਿਆਲ ਸਿੰਘ ਸੋਢੀ, ਬੀਬੀ ਜੈ ਇੰਦਰ ਕੌਰ, ਡਾ: ਰਾਜ ਕੁਮਾਰ ਵੇਰਕਾ, ਜਗਮੋਹਨ ਸਿੰਘ ਰਾਜੂ, ਲਖਵਿੰਦਰ ਕੌਰ ਗਰਚਾ, ਫਤਿਹਜੰਗ ਸਿੰਘ ਬਾਜਵਾ, ਅਰਵਿੰਦ ਖੰਨਾ ਅਤੇ ਜਗਦੀਪ ਸਿੰਘ ਨਕਈ ਨੂੰ ਨਿਯੁਕਤ ਕੀਤਾ ਗਿਆ ਹੈਂ ਭਾਜਪਾ ਦਾ ਸੂਬਾ ਜਨਰਲ ਸਕੱਤਰ 'ਤੇ ਔਹਦੇ 'ਤੇ ਜੀਵਨ ਗੁਪਤਾ, ਬਿਕਰਮਜੀਤ ਸਿੰਘ ਚੀਮਾ, ਗੁਰਪ੍ਰੀਤ ਸਿੰਘ ਕਾਂਗੜ, ਰਾਜੇਸ਼ ਬਾਗਾ ਅਤੇ ਮੋਨਾ ਜੈਸਵਾਲ ਨੂੰ ਨਿਯੁਕਤ ਕੀਤਾ ਗਿਆ ਹੈ। ਭਾਜਪਾ ਦੇ ਸੂਬਾ ਸਕੱਤਰ ਦੇ ਔਹਦੇ 'ਤੇ ਅਨਿਲ ਸੱਚਰ, ਐਡਵੋਕੇਟ ਰਾਜੇਸ਼ ਹਨੀ, ਡਾ: ਹਰਜੋਤ ਕਮਲ ਸਿੰਘ, ਪਰਮਿੰਦਰ ਸਿੰਘ ਬਰਾੜ, ਸ੍ਰੀਮਤੀ ਸੁਨੀਤਾ ਗਰਗ, ਸ੍ਰੀਮਤੀ ਜੈਸਮੀਨ ਸੰਧੇਵਾਲੀਆ, ਜਸਰਾਜ ਸਿੰਘ ਲੌਂਗੀਆ (ਜੱਸੀ ਜਸਰਾਜ), ਸ਼ਿਵਰਾਜ ਚੌਧਰੀ, ਸ੍ਰੀਮਤੀ ਸੁਖਵਿੰਦਰ ਕੌਰ ਨੌਲੱਖਾ, ਸੰਜੀਵ ਖੰਨਾ, ਸ਼੍ਰੀਮਤੀ ਦਮਨ ਥਿੰਦ ਬਾਜਵਾ ਨੂੰ ਨਿਯੁਕਤ ਕੀਤਾ ਗਿਆ ਹੈ। ਭਾਜਪਾ ਦਾ ਸੂਬਾ ਖਜ਼ਾਨਚੀ ਵਲੋਂ ਗੁਰਦੇਵ ਸ਼ਰਮਾ ਦੇਬੀ ਅਤੇ ਸਹਿ-ਖਜ਼ਾਨਚੀ ਵਜੋਂ ਸੁਖਵਿੰਦਰ ਸਿੰਘ ਗੋਲਡੀ ਨੂੰ ਨਿਯੁਕਤ ਕੀਤਾ ਗਿਆ ਹੈ। ਖੁਸ਼ਵੰਤ ਰਾਏ ਗੀਗਾ ਨੂੰ ਪ੍ਰੋਟੋਕੋਲ ਸਕੱਤਰ ਨਿਯੁਕਤ ਕੀਤਾ ਗਿਆ ਹੈ। ਸੁਨੀਲ ਭਾਰਦਵਾਜ ਨੂੰ ਭਾਜਪਾ ਦਾ ਸੂਬਾਈ ਦਫ਼ਤਰ ਸਕੱਤਰ ਨਿਯੁਕਤ ਕੀਤਾ ਗਿਆ ਹੈ। ਭਾਜਪਾ ਦਾ ਸੂਬਾ ਮੀਡੀਆ ਸਕੱਤਰ ਜਨਾਰਦਨ ਸ਼ਰਮਾ ਨੂੰ ਨਿਯੁਕਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਡਾ: ਸੁਰਿੰਦਰ ਕੌਰ, ਸੁਨੀਲ ਕੁਮਾਰ ਸਿੰਗਲਾ, ਹਰਦੇਵ ਸਿੰਘ ਉੱਭਾ ਨੂੰ ਵੀ ਉਹਨਾ ਦੇ ਨਾਲ ਨਿਯੁਕਤ ਕੀਤੇ ਗਏ ਹਨੀ ਜਤਿੰਦਰ ਕਾਲੜਾ ਅਤੇ ਰਾਕੇਸ਼ ਸ਼ਰਮਾ ਨੂੰ ਭਾਜਪਾ ਸੈੱਲ ਕੋਆਰਡੀਨੇਟਰ ਨਿਯੁਕਤ ਕੀਤਾ ਗਿਆ ਹੈ। ਭਾਜਪਾ ਸੂਬਾ ਸੋਸ਼ਲ ਮੀਡੀਆ ਸੈੱਲ ਦਾ ਕਨਵੀਨਰ ਵਜੋਂ ਰਾਕੇਸ਼ ਗੋਇਲ ਅਤੇ ਕੋ-ਕਨਵੀਨਰ ਅਜੈ ਅਰੋੜਾ ਨੂੰ ਨਿਯੁਕਤ ਕੀਤਾ ਗਿਆ ਹੈ। ਕੰਵਰ ਇੰਦਰਜੀਤ ਸਿੰਘ ਨੂੰ ਭਾਜਪਾ ਦੇ ਸੂਬਾ ਆਈ.ਟੀ ਸੈੱਲ ਦੇ ਕਨਵੀਨਰ ਵਜੋਂ ਨਿਯੁਕਤ ਕੀਤਾ ਗਿਆ ਹੈ। ਸ੍ਰੀਮਤੀ ਮੀਨੂੰ ਸੇਠੀ ਨੂੰ ਭਾਜਪਾ ਸੂਬਾ ਮਹਿਲਾ ਮੋਰਚਾ ਦੀ ਪ੍ਰਧਾਨ ਐਲਾਨਿਆ ਗਿਆ ਹੈ। ਬੀਜੇਵਾਈਐਮ ਦਾ ਸੂਬਾ ਪ੍ਰਧਾਨ ਕੰਵਰਵੀਰ ਸਿੰਘ ਟੌਹੜਾ ਨੂੰ ਨਿਯੁਕਤ ਕੀਤਾ ਗਿਆ ਹੈ। ਸਾਬਕਾ ਆਈਏਐਸ ਸੁੱਚਾ ਰਾਮ ਲੱਧੜ ਨੂੰ ਭਾਜਪਾ ਅਨੁਸੂਚਿਤ ਜਾਤੀ ਮੋਰਚਾ ਦਾ ਸੂਬਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਦਰਸ਼ਨ ਸਿੰਘ ਨੈਣੇਵਾਲ ਨੂੰ ਭਾਜਪਾ ਕਿਸਾਨ ਮੋਰਚਾ ਦਾ ਸੂਬਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਰਜਿੰਦਰ ਬਿੱਟਾ ਨੂੰ ਭਾਜਪਾ ਓਬੀਸੀ ਮੋਰਚਾ ਦਾ ਸੂਬਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ।





ਥਾਮਸ ਮਸੀਹ ਨੂੰ ਭਾਜਪਾ ਘੱਟ ਗਿਣਤੀ ਮੋਰਚਾ ਦਾ ਸੂਬਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਸੂਬਾਈ ਬੁਲਾਰੇ ਵਜੋਂ ਅਨਿਲ ਸਰੀਨ, ਕਰਨਲ ਜੋਬੰਸ ਸਿੰਘ, ਅਸ਼ੋਕ ਭਾਰਤੀ, ਐੱਸ. ਐਸ. ਚੰਨੀ, ਨਿਮਿਸ਼ਾ ਮਹਿਤਾ, ਇਕਬਾਲ ਸਿੰਘ ਚੰਨੀ, ਗੁਰਦੀਪ ਸਿੰਘ ਗੋਸ਼ਾ, ਅਨੀਸ਼ ਸਿਦਾਨਾ, ਕੰਵਰ ਨਰਿੰਦਰ ਸਿੰਘ, ਮਹਿੰਦਰ ਭਗਤ, ਜਤਿੰਦਰ ਅਠਵਾਲ ਅਤੇ ਚੇਤਨ ਮੋਹਨ ਜੋਸ਼ੀ ਨੂੰ ਨਿਯੁਕਤ ਕੀਤਾ ਗਿਆ ਹੈ।

ਅਸ਼ਵਨੀ ਸ਼ਰਮਾ ਨੇ ਭਾਜਪਾ ਦੇ ਰਾਸ਼ਟਰੀ ਪ੍ਰਧਾਨ ਜਗਤ ਪ੍ਰਕਾਸ਼ ਨੱਡਾ ਵੱਲੋਂ ਉਨ੍ਹਾਂ 'ਤੇ ਜਤਾਏ ਭਰੋਸੇ ਲਈ ਨੱਡਾ ਜੀ ਅਤੇ ਰਾਸ਼ਟਰੀ ਲੀਡਰਸ਼ਿਪ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਰਾਸ਼ਟਰੀ ਲੀਡਰਸ਼ਿਪ ਦੀਆਂ ਉਮੀਦਾਂ 'ਤੇ ਖਰਾ ਉਤਰਨ ਦੀ ਕੋਸ਼ਿਸ਼ ਕਰਨਗੇ। ਸ਼ਰਮਾ ਨੇ ਨਵ-ਨਿਯੁਕਤ ਅਹੁਦੇਦਾਰਾਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਸਾਰੇ ਨਵ-ਨਿਯੁਕਤ ਅਹੁਦੇਦਾਰ ਪਾਰਟੀ ਵੱਲੋਂ ਦਿੱਤੇ ਗਏ ਸਾਰੇ ਪ੍ਰੋਗਰਾਮਾਂ ਅਤੇ ਸੰਗਠਨ ਦੀ ਮਜ਼ਬੂਤੀ ਅਤੇ ਪ੍ਰਚਾਰ-ਪ੍ਰਸਾਰ ਲਈ ਪੂਰੀ ਤਨਦੇਹੀ ਨਾਲ ਕੰਮ ਕਰਨਗੇ।

# ਸ਼ਹੀਦ ਦੇ ਬੁੱਤ ਅੱਗੇ ਸ਼ਰਧਾ ਦੇ ਫੁੱਲ ਭੇਟ ਕਰਨ ਅਤੇ ਸ਼ਮ੍ਹਾਂ ਰੌਸ਼ਨ ਕਰਨ ਉਪਰੰਤ ਕਰਵਾਇਆ ਸ਼ਰਧਾਂਜਲੀ ਸਮਾਗਮ

## ਸ਼ਹੀਦ ਯੋਧਿਆਂ ਦੀ ਬਹਾਦਰੀ ਅਤੇ ਕੁਰਬਾਨੀਆਂ ਸਦਕਾ ਅੱਜ ਦੇਸ਼ ਦੀ ਏਕਤਾ ਅਤੇ ਅਖੰਡਤਾ ਬਰਕਰਾਰ : ਮੰਤਰੀ ਲਾਲ ਚੰਦ ਕਟਾਰੂਚੱਕ

**ਪਠਾਨਕੋਟ 5 ਦਸੰਬਰ (ਰਾਜਿੰਦਰ ਸਿੰਘ ਰਾਜਨ)–** ਆਜ਼ਾਦ ਭਾਰਤ ਦੇ ਪਹਿਲੇ ਪਰਮਵੀਰ ਚੱਕਰ ਵਿਜੇਤਾ ਸ਼ਹੀਦ ਕੈਪਟਨ ਗੁਰਬਚਨ ਸਿੰਘ ਸਲਾਰੀਆ ਦਾ 61ਵਾਂ ਸ਼ਰਧਾਂਜਲੀ ਸਮਾਗਮ ਸ਼ਹੀਦ ਦੇ ਨਾਮ 'ਤੇ ਰੱਖੇ ਸਰਕਾਰੀ ਸੀ.ਐਸ.ਸਮਾਰਟ ਸਕੂਲ ਪਿੰਡ ਜੰਗਲ ਵਿਖੇ ਪ੍ਰਿੰਸੀਪਲ ਬਲਵਿੰਦਰ ਸੈਣੀ ਦੀ ਪ੍ਰਧਾਨਗੀ ਹੇਠ ਕਰਵਾਇਆ ਗਿਆ। ਜਿਸ ਵਿੱਚ ਮੁੱਖ ਮਹਿਮਾਨ ਵਜੋਂ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਸ਼ਾਮਲ ਹੋਏ। ਇਨ੍ਹਾਂ ਤੋਂ ਇਲਾਵਾ ਸ਼ਹੀਦ ਦੀ ਭਾਬੀ ਅਵਧੇਸ਼ ਕੁਮਾਰੀ, ਭਤੀਜੇ ਸੂਬੇਦਾਰ ਕਰਨ ਸਿੰਘ, ਮਹੇਸ਼ਵਰ ਸਿੰਘ, ਭੁਪਿੰਦਰ ਸਿੰਘ ਅਤੇ ਰਾਜੇਸ਼ਵਰ ਸਿੰਘ, ਸ਼ਹੀਦ ਸੈਨਿਕ ਪਰਿਵਾਰ ਸੁਰੱਖਿਆ ਪ੍ਰੀਸ਼ਦ ਦੇ ਪ੍ਰਧਾਨ ਕਰਨਲ ਸਾਗਰ ਸਿੰਘ ਸਲਾਰੀਆ, ਜਨਰਲ ਸਕੱਤਰ ਕੁੰਵਰ ਰਵਿੰਦਰ ਸਿੰਘ ਵਿੱਕੀ, ਕਰਨਲ ਸੰਜੇ ਪਠਾਨੀਆ, ਗਿੰਨੀਜ਼ ਵਰਲਡ ਰਿਕਾਰਡ ਹੋਲਡਰ ਅਤੇ ਸੀਟੀ ਹਿਊਮੈਨਿਟੀ ਦੁਬਈ ਦੇ ਪੀ ਫਾਊਂਡਰ ਜੋਗਿੰਦਰ ਸਲਾਰੀਆ, ਡੀਈਓ ਸੈਕੰਡਰੀ ਰਾਜੇਸ਼ ਕੁਮਾਰ, ਡਿਪਟੀ ਡੀਈਓ ਠਾਕੁਰ ਰਾਜੇਸ਼ਵਰ ਸਲਾਰੀਆ, ਡਿਪਟੀ ਡੀਈਓ ਐਲੀਮੈਂਟਰੀ ਡੀ.ਜੀ.ਸਿੰਘ, ਨਗਰ ਸੁਧਾਰ ਟਰੱਸਟ ਪਠਾਨਕੋਟ ਦੇ ਚੇਅਰਮੈਨ ਠਾਕੁਰ ਮਨੋਹਰ ਸਿੰਘ, ਡੀਐਸਪੀ ਸੁਮੀਰ ਸਿੰਘ ਮਾਨ, ਸਮਾਜਿਕ ਵਰਕਰ ਇੰਦਰਜੀਤ ਸਿੰਘ ਬਾਜਵਾ, ਐਸ.ਡੀ.ਓ ਨਰੇਸ਼ ਤ੍ਰਿਪਾਠੀ, ਸਟੇਟ ਐਵਾਰਡੀ ਲੈਕਚਰਾਰ ਸਿਧਾਰਥ ਚੰਦਰ, ਠਾਕੁਰ ਭੁਪਿੰਦਰ ਸਿੰਘ ਮੁੰਨਾ, ਪ੍ਰਿੰਸੀਪਲ ਬਲਵੀਰ ਸਲਾਰੀਆ ਨੰਬਰਦਾਰ, ਕੈਪਟਨ ਜੋਗਿੰਦਰ, ਸ਼ਹੀਦ ਲੈਫਟੀਨੈਂਟ ਨਵਦੀਪ ਸਿੰਘ ਦੇ ਪਿਤਾ ਅਸ਼ੋਕ ਚੱਕਰ ਸਿੰਘ ਆਦਿ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਸ਼ਰਧਾਂਜਲੀ ਭੇਟ ਕੀਤੀ।

ਇਸ ਤੋਂ ਪਹਿਲਾਂ ਸ਼ਹੀਦ ਦੇ ਬੁੱਤ ਅੱਗੇ ਸ਼ਰਧਾ ਦੇ ਫੁੱਲ ਭੇਟ ਕਰਨ ਅਤੇ ਸ਼ਮ੍ਹਾਂ ਰੌਸ਼ਨ ਕਰਨ ਉਪਰੰਤ ਕਰਵਾਏ ਗਏ ਸ਼ਰਧਾਂਜਲੀ ਸਮਾਗਮ ਨੂੰ ਸੰਬੋਧਨ ਕਰਦਿਆਂ ਮੁੱਖ ਮਹਿਮਾਨ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਸ਼ਹੀਦ ਯੋਧਿਆਂ ਦੀ ਬਹਾਦਰੀ ਅਤੇ ਕੁਰਬਾਨੀਆਂ ਸਦਕਾ ਅੱਜ ਦੇਸ਼ ਦੀ ਏਕਤਾ ਅਤੇ ਅਖੰਡਤਾ ਬਰਕਰਾਰ ਹੈ। ਕੈਪਟਨ ਗੁਰ-ਬਚਨ ਸਲਾਰੀਆ ਜਿਨ੍ਹਾਂ ਨੇ ਸਾਊਥ ਅਫਰੀਕਾ ਦੀ ਵਿਦੇਸ਼ੀ ਧਰਤੀ 'ਤੇ ਬਹਾਦਰੀ ਦਾ ਝੰਡਾ ਲਹਿਰਾਉਂਦੇ ਹੋਏ 40 ਦੁਸ਼ਮਣ ਬਾਗੀਆਂ ਨੂੰ ਮਾਰ ਕੇ ਇਤਿਹਾਸ ਰਚਿਆ, ਜਿਸ ਦੀ ਮਿਸਾਲ ਦੁਨੀਆ 'ਚ ਬਹੁਤ ਘੱਟ ਦੇਖਣ ਨੂੰ ਮਿਲਦੀ ਹੈ। ਉਨ੍ਹਾਂ ਕਿਹਾ ਕਿ ਆਉ ਮਹਾਨ ਯੋਧੇ ਦੇ ਨਕਸ਼ੇ-ਕਦਮਾਂ ਤੇ ਚੱਲਣ ਦੀ ਕੋਸ਼ਿਸ਼ ਕਰੀਏ। ਉਨ੍ਹਾਂ ਕਿਹਾ ਕਿ ਇਸ ਵਿਹੜੇ ਦੀ ਕੁਰਬਾਨੀ ਵਾਲੀ ਮਿੱਟੀ ਨੂੰ ਮੱਥਾ ਟੇਕਣ ਦੇ ਨਾਲ-ਨਾਲ ਮੈਂ ਇਸ ਪ੍ਰੋਗਰਾਮ ਵਿੱਚ ਹਾਜ਼ਰ ਸਾਰੇ ਸ਼ਹੀਦ ਪਰਿਵਾਰਾਂ ਦੇ ਚਰਨਾਂ ਵਿੱਚ ਨਤਮਸਤਕ ਹੁੰਦਾ ਹਾਂ, ਜਿੰਨਾਂ ਨੇ ਆਪਣੇ ਪੁੱਤਰਾਂ ਦੀ ਬਲੀ ਦੇ ਕੇ ਸ਼ਹੀਦ ਪਰਿਵਾਰ ਕਹਾਉਣ ਦਾ ਮਾਣ ਹਾਸਲ ਕੀਤਾ ਹੈ। ਮੰਤਰੀ ਕਟ-ਾਰੂਚੱਕ ਨੇ ਕਿਹਾ ਕਿ ਦੇਸ਼ ਵਾਸੀ ਅੱਜ ਜਿਸ ਆਜ਼ਾਦੀ ਦੀ ਖੁੱਲ੍ਹੀ ਹਵਾ ਵਿੱਚ ਸਾਹ ਲੈ ਰਹੇ ਹਨ, ਉਹ ਆਜ਼ਾਦੀ ਕੈਪਟਨ ਸਲਾਰੀਆ ਵਰਗੇ ਬਹਾਦਰਾਂ ਦਾ ਭਰੋਸਾ ਹੈ। ਉਨ੍ਹਾਂ ਸ਼ਹੀਦ ਸੈਨਿਕ ਪਰਿਵਾਰ ਸੁਰੱਖਿਆ ਪ੍ਰੀਸ਼ਦ ਵੱਲੋਂ ਸ਼ਹੀਦਾਂ ਦੀ ਯਾਦ ਵਿੱਚ ਅਜਿਹੇ ਸ਼ਰਧਾਂਜਲੀ ਸਮਾਗਮ ਕਰਵਾਉਣ ਲਈ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਉਨ੍ਹਾਂ ਜਿੱਥੇ ਸਕੂਲ ਵਿੱਚ ਡੂੰਘੇ ਬੋਰ ਕਰਵਾਉਣ ਲਈ 4 ਲੱਖ ਰੁਪਏ ਦੀ ਗ੍ਰਾਂਟ ਦੇਣ ਦਾ ਐਲਾਨ ਕੀਤਾ।





### ਸ਼ਹੀਦਾਂ ਦੇ ਖ਼ੂਨ ਨਾਲ ਜਗਦੀ ਹੈ ਆਜ਼ਾਦੀ ਦੀ ਲਾਟ

ਸ਼ਹੀਦ ਸੈਨਿਕ ਪਰਿਵਾਰ ਸੁਰੱਖਿਆ ਪ੍ਰੀਸ਼ਦ ਦੇ ਜਨਰਲ ਸਕੱਤਰ ਕੁੰਵਰ ਰਵਿੰਦਰ ਸਿੰਘ ਵਿੱਕੀ ਨੇ ਕਿਹਾ ਕਿ ਆਜ਼ਾਦੀ ਦੀ ਲਾਟ ਸ਼ਹੀਦਾਂ ਦੇ ਖ਼ੂਨ ਨਾਲ ਜਗਦੀ ਹੈ, ਜਿਸ ਦੀ ਲਾਟ ਵਿੱਚ ਦੇਸ਼ ਵਾਸੀ ਸ਼ਾਂਤੀ ਦੀ ਨੀਂਦ ਸੌਂ ਰਹੇ ਹਨ ਕਿਉਂਕਿ ਸਰਹੱਦ 'ਤੇ ਸ਼ਹੀਦ ਹੋਏ ਕੈਪਟਨ ਗੁਰਬਚਨ ਸਲਾਰੀਆ ਵਰਗੇ ਬਹਾਦਰ ਜਵਾਨਾਂ ਨੇ ਆਪਣੀ ਡਿਊਟੀ ਮੁਸਤੈਦੀ ਨਾਲ ਨਿਭਾਈ ਤੇ ਦੁਸ਼ਮਣ ਦੀ ਹਰ ਕਾਰਵਾਈ ਦਾ ਢੁੱਕਵਾਂ ਜਵਾਬ ਦਿੱਤਾ। ਉਨ੍ਹਾਂ ਕਿਹਾ ਕਿ ਸ਼ਹੀਦ ਕਦੇ ਨਹੀਂ ਮਰਦਾ, ਹਮੇਸ਼ਾ ਅਮਰ ਰਹਿੰਦਾ ਹੈ ਪਰ ਸ਼ਹੀਦ ਉਦੋਂ ਮਰਦਾ ਹੈ ਜਦੋਂ ਦੇਸ਼ ਵਾਸੀ ਉਸ ਦੀ ਸ਼ਹਾਦਤ ਨੂੰ ਭੁੱਲ ਜਾਂਦੇ ਹਨ। ਉਨ੍ਹਾਂ ਕਿਹਾ ਕਿ ਸ਼ਹੀਦਾਂ ਦੇ ਨਾਂ 'ਤੇ ਬਣੇ ਸਕੂਲਾਂ ਦੀ ਹਾਲਤ ਇਕ ਮੰਦਰ ਵਰਗੀ ਹੈ ਅਤੇ ਸਕੂਲ ਦੇ ਪ੍ਰਿੰਸੀਪਲ ਅਤੇ ਅਧਿਆਪਕ ਖੁਸ਼ਕਿਸਮਤ ਹਨ ਕਿ ਇਸ ਸਕੂਲ ਵਿਚ ਪੜ੍ਹਾਉਣ ਦਾ ਮਾਣ ਪ੍ਰਾਪਤ ਹੋਇਆ ਹੈ।


ਡੀ.ਈ.ਓ ਰਾਜੇਸ਼ ਕੁਮਾਰ ਨੇ ਕਿਹਾ ਕਿ ਸ਼ਹੀਦ ਕੈਪਟਨ ਗੁਰਬਚਨ ਸਿੰਘ ਸਲਾਰੀਆ ਦੇ ਨਾਂ 'ਤੇ ਬਣਿਆ ਇਹ ਸਕੂਲ ਇਸ ਅਮਰ ਨਾਇਕ ਦੇ ਆਸ਼ੀਰਵਾਦ ਸਦਕਾ ਅੱਜ ਹਰ ਖੇਤਰ ਵਿੱਚ ਤਰੱਕੀ ਕਰ ਰਿਹਾ ਹੈ। ਇਸ ਲਈ ਵਿਦਿਆਰਥੀਆਂ ਨੂੰ ਇਸ ਅਮਰ ਯੋਧੇ ਨੂੰ ਆਪਣਾ ਰੋਲ ਮਾਡਲ ਬਣਾਉਣਾ ਚਾਹੀਦਾ ਹੈ। ਪ੍ਰਿੰਸੀਪਲ ਬਲਵਿੰਦਰ ਕੁਮਾਰ ਸੈਣੀ ਨੇ ਆਏ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਲਈ ਇਹ ਮਾਣ ਵਾਲੀ ਗੱਲ ਹੈ ਕਿ ਉਹ ਜਿਸ ਸਕੂਲ ਦੀ ਸੇਵਾ ਕਰ ਰਹੇ ਹਨ, ਉਸ ਨਾਲ ਇਕ ਮਹਾਨ ਸ਼ਹੀਦ ਦਾ ਨਾਂ ਜੁੜਿਆ ਹੋਇਆ ਹੈ। ਇਸ ਮੌਕੇ ਮੁੱਖ ਮਹਿਮਾਨ ਵੱਲੋਂ ਸ਼ਹੀਦ ਦੇ ਪਰਿਵਾਰਕ ਮੈਂਬਰਾਂ ਸਮੇਤ 15 ਹੋਰ ਮਹਿਮਾਨਾਂ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੂਬੇਦਾਰ ਮੇਜਰ ਅਵਤਾਰ ਸੈਣੀ, ਲੈਕਚਰਾਰ ਸੁਰਿੰਦਰ ਸਿੰਘ ਰੰਧਾਵਾ, ਕੁਲਦੀਪ ਰਾਜ, ਪੂਨਮ ਜਸਰੋਟੀਆ, ਸੁਖਦੇਵ ਸਿੰਘ, ਅਭਿਸ਼ੇਕ, ਤਮੰਨਾ, ਰੋਹਿਤ ਕੁਮਾਰ, ਅਵਿਨਾਸ਼ ਕੁਮਾਰ, ਸੁਭਾਸ਼ ਸਿੰਘ, ਸੋਫੀਆ ਗੋਰਖਾ, ਸੰਗਰਾਮ ਸਿੰਘ, ਸੁਨੀਤਾ ਕੁਮਾਰੀ, ਗੁਲਸ਼ਨ ਕੁਮਾਰ, ਬੇਬੀ ਰਾਣੀ, ਹਿਮਾਨੀ ਪੁਰਸ਼ੋਤਮ ਸਿੰਘ ਸਲਾਰੀਆ, ਰਜਿੰਦਰਾ ਭੰਡਾਰੀ ਆਦਿ ਹਾਜ਼ਰ ਸਨ।

# ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਫਿਲੌਰ ਦੇ ਵਿਦਿਆਰਥੀਆਂ ਨੂੰ ਸਮੈਸਟਰ ਪ੍ਰੀਖਿਆਵਾਂ ਲਈ ਸੁਭਕਾਮਨਾਵਾਂ


**ਚੰਡੀਗੜ (ਪ੍ਰੀਤਮ ਲੁਧਿਆਣਵੀ)–** ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਅਧੀਨ ਆਉਂਦੇ ਸਰਕਾਰੀ, ਯੂਨੀਵਰਸਿਟੀ ਤੇ ਪ੍ਰਾਈਵੇਟ ਕਾਲਜਾਂ ਦੀਆਂ ਪਹਿਲੇ, ਤੀਜੇ ਤੇ ਪੰਜਵੇਂ ਸਮੈਸਟਰ ਦੀਆਂ ਛਿਮਾਹੀ ਪ੍ਰੀਖਿਆਵਾਂ ਸੋਮਵਾਰ (05 ਦਸੰਬਰ) ਤੋਂ ਸੁਰੂ ਹੋ ਰਹੀਆਂ ਹਨ। ਜਿਸ ਨੂੰ ਮੱਦੇਨਜਰ ਰੱਖਦਿਆਂ ਪ੍ਰਿੰਸੀਪਲ ਡਾ.ਪਰਮਜੀਤ ਕੌਰ ਹੁਰਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਫਿਲੌਰ ਦੇ ਵਿਦਿਆਰਥੀਆਂ ਨੂੰ ਸਮੈਸਟਰ ਪ੍ਰੀਖਿਆਵਾਂ ਬਾਬਤ ਜਾਣਕ-ਾਰੀ ਦਿੰਦਿਆਂ ਕਿਹਾ ਕਿ ਤੁਸੀਂ ਆਪਣੀ ਮਿਹਨਤ ਤੇ ਪ੍ਰੋਫੈਸਰਾਂ ਦੀ ਅਗਵਾਈ ਨਾਲ ਬਾਕਾਇਦਾ ਪੜਾਈ ਵਿਚ ਰੁੱਝੇ ਰਹੇ ਹੋ। ਹੁਣ ਉਹ ਵਕਤ ਆ ਗਿਆ ਹੈ ਜਦੋਂ ਪੂਰੇ ਸਮੈਸਟਰ ਵਿਚ ਪੜੇ ਸਿਲੇਬਸ ਦਾ ਮੁਲਾਂਕਣ ਹੋਵੇਗਾ। ਇਸ ਮੌਕੇ ਸਾਰੇ ਵਿਦਿਆਰਥੀ ਏਕਾਗਰ ਚਿੱਤ ਹੋ ਕੇ ਆਪਣੀ ਡੇਟ ਸ਼ੀਟ ਅਨੁਸਾਰ ਪੂਰੇ ਧਿਆਨ ਨਾਲ ਸਿਲੇਬਸ ਦੀ ਦੁਹਰਾਈ ਕਰਨ ਅਤੇ ਅਜਿਹੇ ਵਿਚ ਕੋਈ ਦਿੱਕਤ ਪੇਸ਼ ਆਵੇ ਤਾਂ ਸੰਬੰਧਿਤ ਪ੍ਰੋਫੈਸਰ ਸਾਹਿਬ ਨਾਲ ਰਾਬਤਾ ਕਾਇਮ ਕਰਕੇ ਆਪਣੀ ਸਿੱਖਿਆ ਸੰਬੰਧੀ ਦਿੱਕਤ ਦਾ ਹੱਲ ਕਰਵਾਉਣ।




ਜਾਣਕਾਰੀ ਦਿੰਦਿਆਂ ਉਨਾਂ ਇਹ ਵੀ ਕਿਹਾ ਕਿ ਵਿਦਿਆਰਥੀਆਂ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਅਕਾਦਮਿਕ ਇਮਤਿਹਾਨਾਂ ਵਿੱਚ ਹੀ ਨਹੀਂ ਬਲਕਿ ਜ਼ਿੰਦਗੀ ਦੇ ਇਮਤਿਹਾਨ ਪਾਸ ਕਰਨ ਲਈ ਵੀ ਸਖਤ ਮਿਹਨਤ ਦੀ ਬਹੁਤ ਜਰੂਰਤ ਹੁੰਦੀ ਹੈ। ਜਿਹੜੇ ਵਿਦਿਆਰਥੀ ਮੌਕਾ ਸੰਭਾਲ ਲੈਂਦੇ ਹਨ ਉਹ ਆਪਣੀ ਮੰਜਲ ਨਿਸ਼ਚਿਤ ਸਮੇਂ 'ਤੇ ਹਾਸਲ ਕਰ ਲੈਂਦੇ ਹਨ।




Book Available
http://www.unistarbooks.com/home/5512-pagrhi-sambhal-lehar-to-samyukt-kisan-morcha.html
http://www.unistarbooks.com/home/5512-pagrhi-sambhal-lehar-to-samyukt-kisan-morcha.html




My Struggle in Life:
Das Pawar, Ishwar: 9781682131558:
Amazon.com: Book
https://www.amazon.com/Struggle-Life-Ishwar-Das-Pawar/dp/1682131556

# ਮੋਦੀ ਦੇ ਰੁਜ਼ਗਾਰ ਵਾਇਦੇ, ਜੋ ਵਫ਼ਾ ਨਾ ਹੋਵੇ !



ਜਗਦੀਸ਼ ਚੋਹਕਾ
91-92179-97445
001-403-285-4208

ਸੰਸਾਰ ਵਪਾਰ ਸੰਸਥਾ ਨੇ ਇਸ਼ਾਰਾ ਕੀਤਾ ਹੈ ਕਿ ਆਉਣ ਵਾਲਾ ਸਮਾਂ ਰੁਜ਼ਗਾਰ ਪੱਖੋ ਬਹੁਤ ਧੁੰਧਲਾ ਦਿਸ ਰਿਹਾ ਹੈ। ਸੰਸਥਾ ਦੇ ਅਨੁਮਾਨਾਂ ਅਨੁਸਾਰ ਸਾਲ 2022 ਦੇ ਅੰਤ ਤਕ ਸੰਸਾਰ ਵਾਪਾਰ ਵਾਧਾ ਦਰ 3.5-ਫੀ ਸਦ ਹੀ ਰਹੇਗੀ। ਬਲਕਿ ਸਾਲ 2023 ਦੌਰਾਨ ਸੰਸਾਰ ਦੀ ਅਰਥ-ਵਿਵੱਸਥਾ ਉਭਰਨ ਦੀ ਥਾਂ ਸਗੋਂ ਇਹ ਹੋਰ ਹੇਠਾਂ ਜਾਵੇਗੀ ? ਭਾਵ ਇਹ ਇਕ-ਫੀਸਦ ਤਕ ਸਿਮਟ ਜਾਵੇਗੀ! ਇਸ ਦਾ ਭਾਵ ਇਹ ਹੈ ਕਿ ਦੁਨੀਆਂ ਅੰਦਰ ਮੰਦਾ ਮਾਰੋ-ਮਾਰ ਕਰਦਾ ਆ ਰਿਹਾ ਹੈ। ਇਹ ਵੀ ਕਿਆਸ ਕੀਤਾ ਗਿਆ ਹੈ ਕਿ ਭਾਰਤ ਵਰਗੇ ਗਰੀਬ ਅਤੇ ਵਿਕਾਸਸ਼ੀਲ ਦੇਸ਼ ਦੀ ਅਰਥ-ਵਿਵੱਸਥਾ ਹੋਰ ਡਗਮਗਾ ਜਾਵੇਗੀ ਅਤੇ ਦੇਸ਼ ਦਾ ਨਿਰਯਾਤ ਹੋਰ ਘੱਟ ਜਾਵੇਗਾ। ਇਸ ਆਰਥਿਕ ਸੰਕਟ ਦਾ ਸਿੱਧਾ ਅਸਰ ਦੇਸ਼ ਦੇ ਰੁਜ਼ਾਰ ਖੇਤਰ 'ਤੇ ਪਏਗਾ। ਮੋਦੀ ਸਰਕਾਰ ਜਿਹੜੀ ਹਰ ਰੋਜ਼ ਰੁਜ਼ਗਾਰ ਪੈਦਾ ਕਰਨ ਅਤੇ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦੇਣ ਦੀਆਂ ਫੀਗਾਂ ਮਾਰ ਰਹੀ ਹੈ ਉਨਾਂ ਸਾਰੇ ਐਲਾਨ-ਨਾਮਿਆਂ ਦੀ ਹੌਲੀ-ਹੌਲੀ ਫ਼ੂਕ ਨਿਕਲ ਰਹੀ ਹੈ। ਇਹ ਪਹਿਲਾ ਹੀ ਸਪਸ਼ਟ ਹੈ ਕਿ ਮੋਦੀ ਸਰਕਾਰ ਵਲੋਂ ਅਪਣਾਈਆਂ ਫਿਰਕੂ ਤੇ ਕਾਰਪੋਰੇਟੀ ਪੂੰਜੀਵਾਦੀ ਉਦਾਰੀਕਰਨ ਦੀਆਂ ਆਰਥਿਕ ਨੀਤੀਆਂ ਅਧੀਨ ਭਾਰਤ ਦੇ ਰੁਜ਼ਗਾਰ ਬਾਜ਼ਾਰ ਨੂੰ ਅਤਿ ਗੰਭੀਰ ਹਾਲਾਤਾਂ ਵਿੱਚ ਸੁੱਟਣਾ ਸੀ। ਆ ਰਹੇ ਇਸ ਆਰਥਿਕ ਸੰਕਟ ਤੋਂ ਦੋਨੋ ਗੰਭੀਰ ਬਿਮਾਰੀਆਂ ਤੋਂ ਹੁਣ ਨਿਜਾਤ ਪਾਉਣ ਦੀ ਕੋਈ ਆਸ ਨਜ਼ਰ ਨਹੀਂ ਦਿਸਦੀ ਹੈ।

ਸੈਂਟਰ ਫਾਰ ਮੋਨਿੰਟਰਿੰਗ ਇੰਡੀਅਨ ਇਕੋਨਮੀ (ਸੀ.ਐਮ.ਆਈ.ਈ.) ਦੀ ਰਿਪੋਰਟ ਨੇ ਦੇਸ਼ ਵਾਸੀਆਂ ਨੂੰ ਸਾਹਮਣੇ ਛਾਲਾਂ ਮਾਰਦੀ ਦੌੜਦੀ ਆ ਰਹੀ ਬੇਰੁਜ਼ਗਾਰੀ ਪ੍ਰਤੀ ਵੀ ਹੋਰ ਚੌਕਸ ਕਰ ਦਿਤਾ ਹੈ। ਰਿਪੋਰਟ ਅਨੁਸਾਰ ਅਕਤੂਬਰ-2022 ਤਕ ਦੇਸ਼ ਅੰਦਰ ਰੁਜ਼ਗਾਰ ਹੋਰ ਘੱਟਿਆ ਹੈ। ਦੂਸਰੇ ਪਾਸੇ ਬੇਰੁਜ਼ਗਾਰੀ ਦੀ ਦਰ ਵੱਧੀ ਹੈ, ਖਾਸ ਕਰਕੇ ਪੇਂਡੂ ਖੇਤਰਾਂ 'ਚ ਬੇਰੁਜ਼ਗਾਰੀ ਦੀ ਦਰ ਛਾਲਾਂ ਮਾਰਦੀ ਅੱਗੇ ਵੱਧ ਰਹੀ ਹੈ। ਅੰਕੜਿਆ ਮੁਤਾਬਕ ਅਕਤੂਬਰ-2022 ਤੱਕ ਬੇਰੁਜ਼ਗਾਰੀ ਦਰ ਵੱਧ ਕੇ 7.8-ਫੀਸਦ ਹੋ ਗਈ ਸੀ ਜੋ ਸਤੰਬਰ, 2022 ਵੇਲੇ 6.4-ਫੀ ਸਦ ਸੀ। ਜਦ ਕਿ ਪੇਂਡੂ-ਬੇਰੁਜ਼ਗਾਰੀ ਦਰ ਅਕਤੂਬਰ-2022 'ਚ 8-ਫੀ ਸਦ ਦਰਜ ਕੀਤੀ ਗਈ ਹੈ। ਇਹ ਸਾਰਿਆ ਨੂੰ ਦਿਸ ਰਿਹਾ ਹੈ ਕਿ ਬੇਰੁਜ਼ਗਾਰੀ ਦੇਸ਼ ਦੀ ਅਰਥ-ਵਿਵੱਸਥਾ ਨਾਲ ਚਿੰਬੜੀ ਹੁੰਦੀ ਹੈ ਤੇ ਅੱਗੇ ਵੱਧਦੀ ਹੈ। ਦੇਖੋ! ਨਵੰਬਰ ਮਹੀਨੇ ਦੇ ਸ਼ੁਰੂਆਤ ਦੌਰਾਨ, ਮੋਦੀ ਜੀ ਨੌਕਰੀਆਂ ਦੇਣ ਦਾ ਐਲਾਨ ਕਰ ਰਹੇ ਹਨ, ਵਿੱਤ-ਮੰਤਰੀ ਮਹਿੰਗਾਈ ਨੂੰ ਠੱਲ ਪਾਉਣ ਦੀਆਂ ਗਲਾਂ ਕਰਦੀ ਹੈ। ਸਾਲ ਜੂਨ-2020 ਦੌਰਾਨ ਬੇਰੁਜ਼ਗਾਰੀ ਦੀ ਔਸਤ ਦਰ 7.7-ਫੀ ਸਦ 'ਤੇ ਖੜੀ ਹੋਈ ਹੈ। ਪਰ ਚਿੰਤਾ ਇਸ ਗਲ ਦੀ ਹੈ ਕਿ ਅਕਤੂਬਰ-2022 ਤਕ ਬੇਰੁਜ਼ਗਾਰੀ ਦਰ ਵੱਧੀ ਹੀ ਨਹੀਂ ਸਗੋਂ ਰੁਜ਼ਗਾਰ ਬਾਜ਼ਾਰ ਅੰਦਰ ਕਿਰਤੀਆਂ ਦੀ ਸ਼ਰੀਕਦਾਰੀ ਵੀ ਘੱਟੀ ਹੈ।

ਰਿਪੋਰਟ ਅੱਗੇ ਕਹਿੰਦੀ ਹੈ ਕਿ ਸਤੰਬਰ, 2022 ਤਕ ਬੇਰੁਜ਼ਗਾਰ ਹਿੱਸੇਦਾਰੀ ਦਰ (ਐਲ.ਪੀ.ਆਰ) 39.3-ਫੀ ਸਦ ਸੀ ਜੋ ਅਕਤੂਬਰ-2022 ਨੂੰ ਘੱਟਕੇ 39-ਫੀ ਸਦ ਰਹਿ ਗਈ ਹੈ। ਜਨਵਰੀ-2022 ਤੋਂ ਲੈ ਕੇ ਅਕਤੂਬਰ-2022 ਤਕ (ਸਿਰਫ ਅਪ੍ਰੈਲ ਮਹੀਨੇ ਨੂੰ ਛੱਡ ਕੇ) ਬੇਰੁਜ਼ਗਾਰ ਹਿੱਸੇਦਾਰੀ ਦਰ (ਐਲ.ਪੀ.ਆਰ) ਲਗਾਤਾਰ 40-ਫੀ ਸਦ ਤੋਂ ਹੇਠਾਂ ਬਣੀ ਰਹੀ ਹੈ। ਬੇਰੁਜ਼ਗਾਰ ਹਿੱਸੇਦਾਰੀ ਦਰ ਵਿੱਚ ਆਈ ਗਿਰਾਵਟ ਜਿਹੜੀ ਕਾਮਕਾਜੀ ਆਬਾਦੀ ਵਿੱਚ ਨੋਟ ਕੀਤੀ ਹੈ ਇਕ ਨਿਰਾਸ਼ਾਜਨਕ ਸੰਕੇਤ ਹਨ। ਇਹ ਪ੍ਰਗਟ ਕਰਦਾ ਹੈ ਕਿ ਦੇਸ਼ ਸਮਾਜਕ-ਆਰਥਿਕ ਅਰਥ ਵਿਵੱਸਥਾ ਦੇ ਪਤਨ ਦੀ ਇਹ ਇਕ ਨਿਸ਼ਾਨੀ ਹੈ ਕਿ ਭਾਰਤ ਕਿਧਰ ਵੱਧ ਰਿਹਾ ਹੈ ? ਬੇਰੁਜ਼ਗਾਰ ਹਿੱਸੇਦਾਰੀ ਦਰ ਵਿੱਚ ਗਿਰਾਵਟ ਅਤੇ ਬੇਰੁਜ਼ਗਾਰੀ ਦਰ ਵਿੱਚ ਵਾਧਾ ਇਹ ਦਰਸਾਉਂਦਾ ਹੈ ਕਿ ਦੇਸ਼ ਦੀ ਅਰਥ-ਵਿਵੱਸਥਾ ਅਤੇ ਹਾਕਮ ਜਮਾਤ ਦੀਆਂ ਨੀਤੀਆਂ ਰੁਜ਼ਗਾਰ ਪੈਦਾ ਕਰਨ ਤੋਂ ਪੂਰੀ ਤਰ੍ਹਾਂ ਉਦਾਸੀਣ ਸਾਬਤ ਹੋ ਰਹੀਆਂ ਹਨ। ਸੀ.ਐਮ.ਆਈ.ਈ. ਦੇ ਅੰਕੜੇ ਦੱਸਦੇ ਹਨ ਕਿ ਇਸ ਸਾਲ ਅਕਤੂਬਰ-2022 ਨੂੰ ਰੁਜ਼ਗਾਰ ਦੀ ਦਰ ਘੱਟ ਕੇ 36-ਫੀ ਸਦ ਰਹਿ ਗਈ ਹੈ ਜੋ ਕਿ ਇਸ ਸਾਲ ਪਹਿਲਾ ਇਸ ਅਰਸੇ ਅੰਦਰ ਲਗਪਗ 37.3-ਫੀ ਸਦ ਸੀ। ਅਕਤੂਬਰ-2022 ਨੂੰ ਨੌਕਰੀਆਂ ਦੀ ਗਿਣਤੀ ਵਿੱਚ 78-ਲੱਖ ਦੀ ਗਿਰਾਵਟ ਆਈ ਹੈ ਜਦ ਕਿ ਬੇਰੁਜ਼ਗਾਰਾਂ ਦੀ ਗਿਣਤੀ 'ਚ 56-ਲੱਖ ਦਾ ਹੋਰ ਵਾਧਾ ਹੋ ਗਿਆ।ਭਾਵ ਲਗਪਗ 22-ਲੱਖ ਕਿਰਤੀ ਰੁਜ਼ਗਾਰ-ਬਾਜ਼ਾਰ ਅੰਦਰ ਨਿਰਾਸ਼ ਹੋ ਕੇ ਘਰਾਂ ਨੂੰ ਪਰਤ ਗਏ ਹਨ। ਮੋਦੀ ਜੀ 70-ਹਜ਼ਾਰ ਦੀਆਂ ਆਸਾਮੀਆਂ ਪੈਦਾ ਹੋਣ ਦੀ ਗੁਹਾਰ ਲਾ ਰਹੇ ਹਨ ? ਦੋ ਸਚਾਈਆਂ 'ਚ ਕਿਹੜੀ ਠੀਕ ਹੈ, ਨਿਰਣਾ ਹੁਣ ਲੋਕ ਹੀ ਕਰਨਗੇ?

ਦੇਸ਼ ਦੇ ਰੁਜ਼ਗਾਰ ਬਾਜ਼ਾਰ ਦੀ ਹਾਲਤ ਹੁਣ ਬਹੁਤ ਹੀ ਚਿੰਤਾਜਨਕ ਹੋ ਰਹੀ ਹੈ। ਖਾਸ ਕਰਕੇ ਉਸ ਵੇਲੇ ਜਦੋਂ ਪੇਂਡੂ ਖੇਤਰ ਵਿੱਚ ਨੌਕਰੀਆਂ ਘੱਟਣ ਲੱਗਦੀਆਂ ਹਨ, ਉਹ ਵੀ ਖਾਸ ਕਰਕੇ ਖੇਤੀ-ਖੇਤਰ ਅੰਦਰ। ਪੇਂਡੂ ਖੇਤਰ 'ਚ ਨੌਕਰੀਆਂ ਦੀ ਅਕਤੂਬਰ, 2022 'ਚ ਗਿਰਾਵਟ, 'ਉਹ ਵੀ ਖੇਤੀ ਖੇਤਰ ਵਿੱਚ ਹੋਈ। ਅਕਤੂਬਰ-2022 ਨੂੰ ਛੱਡ ਕੇ ਖੇਤੀ ਖੇਤਰ 'ਚ ਪਿਛਲੇ ਇਕ ਸਾਲ ਤੋਂ ਨੌਕਰੀਆਂ ਲਗਾਤਾਰ ਘੱਟ ਰਹੀਆਂ ਹਨ। ਭਾਵੇਂ ਖੇਤੀ ਖੇਤਰ 'ਚ ਨਵੰਬਰ-2021 ਦੌਰਾਨ ਨੌਕਰੀਆਂ 'ਚ ਵਾਧਾ ਹੋਇਆ ਸੀ। ਇਸ ਖੇਤਰ ਨੇ 16.4 ਕਰੋੜ ਲੋਕਾਂ ਨੂੰ ਰੁਜ਼ਗਾਰ ਦਿਤਾ ਸੀ। ਪਰ ਇਸ ਦੇ ਬਾਵਜੂਦ ਰੁਜ਼ਗਾਰ ਦੇ ਅੰਕੜੇ ਸੁੰਗੜਦੇ ਗਏ ਅਤੇ ਸੰਤਬਰ-2022 'ਚ ਖੇਤੀ ਖੇਤਰ ਵਿੱਚ 13.4 ਕਰੋੜ ਲੋਕਾਂ ਨੂੰ ਹੀ ਰੁਜ਼ਗਾਰ ਪ੍ਰਾਪਤ ਹੋਇਆ ਸੀ। ਅਕਤੂਬਰ-2022 ਦੇ ਇਨ੍ਹਾਂ ਅੰਕੜਿਆਂ 'ਚ ਥੋੜਾ ਜਿਹਾ ਸੁਧਾਰ ਜਰੂਰ ਹੋਇਆ ਜਦਕਿ ਇਹ ਗਿਣਤੀ 13.96-ਕਰੋੜ ਹੋ ਗਈ। ਪਰ ਪਿਛਲੇ 4-ਸਾਲਾਂ ਦੌਰਾਨ ਅਕਤੂਬਰ ਮਹੀਨੇ ਖੇਤੀ-ਖੇਤਰ 'ਚ ਰੁਜ਼ਗਾਰ ਦਾ ਇਹ ਉਚਾ ਅੰਕੜਾ ਸੀ।

ਦੇਸ਼ ਅੰਦਰ ਸੇਵਾ-ਖੇਤਰ ਹੀ ਸੀ ਜਿਥੇ ਸਭ ਤੋਂ ਵੱਧ ਰੁਜ਼ਗਾਰ ਮਿਲਦਾ ਸੀ। ਪਰ ਕੋਵਿਡ-19 ਦੇ ਬਾਅਦ ਇਸ ਖੇਤਰ 'ਚ ਰੁਜ਼ਗਾਰ ਵੀ ਅਕਤੂਬਰ-2022 ਤੋਂ ਨਿਰਾਸ਼ਾਜਨਕ ਦਿਸ਼ਾ ਵਲ ਜਾ ਰਿਹਾ ਹੈ। ਸੇਵਾ-ਖੇਤਰ 'ਚ 79-ਲੱਖ ਨੌਕਰੀਆਂ ਹੀ ਖਤਮ ਹੋ ਗਈਆਂ ਜਿਨ੍ਹਾਂ ਵਿਚੋ 46-ਲੱਖ ਪੇਂਡੂ-ਇਲਾਕਿਆ ਅੰਦਰ ਸਨ। 43-ਲੱਖ ਨੌਕਰੀਆਂ ਖੁਦਰਾ ਖੇਤ ਵਿੱਚੋ ਜਿਨ੍ਹਾਂ ਵਿਚੋਂ ਅੱਧੀਆਂ ਪੇਂਡੂ-ਖੇਤਰ ਅੰਦਰ ਸਨ, ਖਤਮ ਹੋ ਗਈਆਂ। ਭਾਵ ਪੇਂਡੂ ਭਾਰਤ ਅੰਦਰ ਲੋਕਾਂ ਦੀ ਖਰੀਦ ਸ਼ਕਤੀ ਘੱਟ ਗਈ ਜਿਸ ਕਰਕੇ ਮੰਗ ਵੀ ਹੇਠਾਂ ਜਾ ਰਹੀ ਹੈ।ਅਸਲ 'ਚ 70-ਫੀ ਸਦ ਪੇਂਡੂ ਖੇਤਰ ਦੀ ਆਬਾਦੀ ਬੇਰੁਜ਼ਗਾਰੀ ਪੱਖੋ ਵੀ ਤੇ ਰੁਜ਼ਗਾਰ ਪੱਖੋ ਵੀ ਤੇ ਰੁਜ਼ਗਾਰ ਪੱਖੋ ਵੀ ਮਾਰ ਝੱਲ ਰਹੀ ਹੈ।

ਸਨਅਤੀ ਖੇਤਰ ਵਿੱਚ ਵੀ ਲੋਕਾਂ ਨੂੰ ਮਿਲ ਰਹੇ ਰੁਜ਼ਗਾਰ ਦੀ ਹਾਲਤ ਵੀ ਮਾੜੀ ਹੀ ਦਿਸ ਰਹੀ ਹੈ। ਇਸ ਖੇਤਰ ਵਿੱਚ ਮੋਦੀ ਸਰਕਾਰ ਨੇ ਪਿਛਲੇ 8-ਸਾਲਾਂ ਤੋਂ ਦੇਸ਼ ਦੇ ਧਨ ਨੂੰ ਦੋਨੋ ਹੱਕਾਂ ਨਾਲ ਵੱਡੇ-ਵੱਡੇ ਪੂੰਜੀਪਤੀਆਂ ਨੂੰ ਲੁਟਾਉਣਾ ਸ਼ੁਰੂ ਕੀਤਾ ਹੋਇਆ ਹੈ। ਇਕ ਦਰਜਨ ਤੋਂ ਵੱਧ ਪੂੰਜੀਪਤੀ ਅਰਬਾਂ ਰੁਪਏ ਬੈਂਕਾਂ 'ਚ ਲੈ ਕੇ ਦੌੜ ਗਏ। ਅਰਬਾਂ ਰੁਪਿਆ ਦਾ ਐਨ.ਪੀ.ਏ. ਰਾਹੀ ਛੋਟ ਦੇ ਕੇ ਮੁਆਫ਼ੀਆਂ ਰਾਹੀ ਪੂੰਜੀਪਤੀ ਤਾਂ ਖੁਦ ਦੁਨੀਆਂ ਦੇ ਉਪਰਲੇ ਕਾਰਪੋਰੇਟਾਂ ਦੀ ਗਿਣਤੀ 'ਚ ਪੁੱਜ



ਗਏ ਹਨ। ਹਰ ਤਰ੍ਹਾਂ ਦੀਆਂ ਛੋਟਾਂ ਅਤੇ ਨਿਜੀਕਰਨ ਰਾਹੀ ਉਨ੍ਹਾਂ ਨੇ ਆਪਣੇ ਅਸਾਸੈ ਦੁਗਣੇ-ਤਿਗਣੇ ਵਧਾ ਲਏ ਹਨ।ਪਰ ਲੋਕਾਂ ਨੂੰ ਰੁਜ਼ਗਾਰ ਦੇਣ ਵਿੱਚ ਪੈਰ ਪਿਛੇ ਖਿਚ ਰਹੇ ਹਨ। ਸਨਅਤੀ ਖੇਤਰ ਅੰਦਰ ਅਕਤੂਬਰ-2022 ਤਕ 53-ਲੱਖ ਨੌਕਰੀਆਂ ਖਤਮ ਹੋਈਆਂ। ਜਿਨ੍ਹਾਂ 'ਚ ਨਿਰਮਾਣ-ਖੇਤਰ ਸੀ, ਜਿਥੇ ਨੌਕਰੀਆਂ ਵੱਧ ਖਤਮ ਹੋਈਆ। ਨਿਰਮਾਣ ਖੇਤਰ ਵੀ ਕਿਰਤੀਆਂ ਨੂੰ ਧੌਖਾ ਦੇ ਗਿਆ ਅਤੇ ਅਕਤੂਬਰ-2022 ਤਕ ਇਸ ਖੇਤਰ 'ਚ ਵੀ 10-ਲੱਖ ਤੋਂ ਵੱਧ ਨੌਕਰੀਆਂ ਸਮਾਪਤ ਹੋ ਗਈਆਂ। ਭਾਵੇ ਸ਼ਹਿਰੀ ਖੇਤਰ ਅੰਦਰ ਅਕਤੂਬਰ-2022 ਤਕ ਰੁਜ਼ਗਾਰ ਪ੍ਰਾਪਤੀ ਦੀ ਹਾਲਤ ਥੋੜੀ ਜਿਹੀ ਜ਼ਰੂਰ ਸੁਧਰੀ। ਪਰ ਨਵੰਬਰ-2022 ਦੇ ਖਤਮ ਹੁੰਦਿਆ ਬੇਰੁਜ਼ਗਾਰੀ ਦਰ ਦਾ ਰੁਝਾਨ ਮੁੜ ਪਹਿਲੇ ਵਾਲੀ ਸਥਿਤੀ 'ਤੇ ਪੁਜ ਗਿਆ।ਨਵੰਬਰ-2022 'ਚ ਸ਼ਹਿਰੀ ਬੇਰੁਜ਼ਗਾਰੀ ਦਰ ਲਗਪਗ 7.5-ਫੀ ਸਦ 'ਤੇ ਮੁੜ ਪੁੱਜ ਰਹੀ ਹੈ। ਸ਼ਹਿਰੀ ਖੇਤਰ ਅੰਦਰ ਸਤੰਬਰ-2022 ਤਕ ਕੁਲ 12.6-ਕਰੋੜ ਨੌਕਰੀਆਂ ਉਪਲਬਧ ਸਨ। ਅਕਤੂਬਰ-2022 ਨੂੰ ਇਹ ਅੰਕੜਾ ਵੱਧ ਕੇ 12.74-ਕਰੋੜ ਤਕ ਹੀ ਪੁਜਿਆ।ਪਰ ਆਕਾਰ ਦੇ ਲਿਹਾਜ਼ ਨਾਲ ਸ਼ਹਿਰੀ ਖੇਤਰ ਦੇ ਰੁਜ਼ਗਾਰ-ਬਾਜ਼ਾਰ ਅੰਦਰ ਇਹ ਵਾਧਾ ਨਿਗੂਣਾ ਜਿਹਾ ਭਾਵ ਊਂਠ ਦੇ ਮੂੰਹ ਜ਼ੀਰਾ ਵਾਲੀ ਕਹਾਵਤ ਹੈ।

ਦੇਸ਼ ਅੰਦਰ ਰੁਜ਼ਗਾਰ ਅੰਕੜੇ ਅਤੇ ਜਮੀਨੀ ਅਮਲੀ ਅਨੁਭਵ ਇਹ ਗਵਾਹੀ ਭਰਦੇ ਹਨ ਕਿ ਘਰੇਲੂ ਬਾਜ਼ਾਰ ਅੰਦਰ ਮੰਗ ਨਹੀਂ ਹੈ। ਉਚੀ ਮਹਿੰਗਾਈ ਦਰ ਕਾਰਨ ਇਸ ਅਸਲੀਅਤ ਨੂੰ ਹੋਰ ਹੇਠਾ ਲਿਆਉਣ ਵਿੱਚ ਜੁਟਿਆ ਹੋਇਆ ਹੈ। ਦੂਸਰੇ ਪਾਸੇ ਸੰਸਾਰ ਮੰਡੀ ਦੀ ਮੰਗ 'ਚ ਆਈ ਗਿਰਾਵਟ ਦੇ ਕਾਰਨ ਨਿਰਯਾਤ ਦਰ 16.65-ਫੀ ਸਦ ਹੇਠਾਂ ਡਿਗ ਪਈ ਜੋ ਪਿਛਲੇ 20-ਮਹੀਨਿਆ ਦੀ ਸਭ ਤੋਂ ਹੇਠਲੀ ਸਤਰ 'ਤੇ ਪੁੱਜਣ ਵਾਲੀ ਦਰ ਭਾਵ 29.78-ਅਰਬ ਡਾਲਰ ਹੇਠਾਂ ਆ ਗਈ। ਜਦ ਕਿ ਅਯਾਤ 6-ਫੀ ਸਦ ਵੱਧ ਕੇ 56.69-ਅਰਬ ਡਾਲਰ 'ਤੇ ਪੁੱਜ ਗਿਆ। ਭਾਵ ਭਾਰਤ ਅੰਦਰ ਬਾਹਰਲੇ ਮਾਲ ਦੀ ਮੰਗ ਧੜਾ-ਧੜ ਵਧ ਰਹੀ ਹੈ ਅਤੇ ਸਾਡੇ ਮਾਲ ਦੀ ਦੁਨੀਆ ਅੰਦਰ ਮੰਗ ਨਹੀਂ ਹੈ। ਇਹੀ ਕਾਰਨ ਹੈ ਕਿ ਸਾਡਾ ਵਿਦੇਸ਼ੀ ਸਿਕਾ ਸੁੰਗੜ ਰਿਹਾ ਹੈ। ਮੋਦੀ ਸਰਕਾਰ ਵੱਲੋ ਅਪਣਾਈਆਂ ਉਦਾਰੀਕਰਨ ਅਤੇ ਨਿਜੀਕਰਨ ਦਾ ਹੀ ਸਿੱਟਾ ਹੈ ਕਿ ਦੇਸ਼ ਅੰਦਰ ਬੇਰੁਜ਼ਗਾਰੀ ਵਧ ਰਹੀ ਹੈ, ਸਾਡਾ ਅਯਾਤ ਸੁੰਗੜ ਰਿਹਾ ਭਾਵ ਦੇਸ਼ ਦੀ ਆਰਥਿਕਤਾ ਅੰਦਰ ਅਸਮਾਨਤਾ ਵੱਧ ਰਹੀ ਹੈ।

ਸੀ.ਐਮ.ਆਈ.ਈ. ਦੇ ਅੰਕੜਿਆ ਮਤਾਬਕ ਦੇਸ਼ ਦੀ ਰੁਜ਼ਗਾਰ ਸਬੰਧੀ ਤਸਵੀਰ ਹੋਰ ਵੀ ਉਘੜ ਕੇ ਸਾਹਮਣੇ ਆ ਰਹੀ ਹੈ। ਅਪ੍ਰੈਲ-ਅਕਤੂਬਰ, 2022 ਦੇ ਅੰਕੜਿਆਂ ਮੁਤਾਬਕ ਨਿਰਯਾਤ ਵਿੱਚ ਵਾਧਾ ਕੇਵਲ 12.55-ਫੀ ਸਦ ਹੀ ਹੋਇਟਾ ਜੋ 263.35-ਅਰਬ ਡਾਲਰ ਹੀ ਰਿਹਾ ਜਦ ਕਿ ਅਯਾਤ ਵਿੱਚ 33.12-ਫੀ ਸਦ ਤੋਂ ਵੱਧ ਕੇ ਇਹ ਵਾਧਾ 436.81-ਅਰਬ ਡਾਲਰ ਤਕ ਪੁੱਜ ਗਿਆ। ਨਿਰਯਾਤ ਅਤੇ ਆਯਾਤ ਵਿਚਕਾਰ ਫਰਕ ਅੰਦਰ ਇਹ ਰੁਝਾਨ ਦੇਸ਼ ਦੇ ਘਰੇਲੂ ਰੁਜ਼ਗਾਰ ਬਾਜ਼ਾਰ ਦੇ ਭਵਿੱਖ 'ਤੇ ਇਕ ਦੋਧਧਾਰੀ ਤਲਵਾਰ ਵਾਂਗ ਲਟਕ ਰਿਹਾ ਹੈ। ਇਕ ਪਾਸੇ ਨਿਰਯਾਤ 'ਚ ਗਿਰਾਵਟ ਦੇ ਕਾਰਨ ਨੌਕਰੀਆਂ ਘੱਟ ਰਹੀਆਂ ਹਨ, ਦੂਸਰੇ ਪਾਸੇ ਅਯਾਤ ਬਿਲ ਵੱਧਣ ਨਾਲ ਪੂੰਜੀ ਨਿਵੇਸ਼ ਪੂਰੀ ਤਰ੍ਹਾਂ ਪ੍ਰਭਾਵਤ ਹੋ ਰਿਹਾ ਹੈ। ਹੁਣ ਸਾਡੇ ਸਾਹਮਣੇ ਸਵਾਲ ਇਹ ਖੜਾ ਹੈ ਕਿ ਹਾਕਮਾਂ ਵੱਲੋ ਜੋ ਹਰ ਸਾਲ 2-ਕਰੋੜ ਰੁਜ਼ਗਾਰ ਦੇਣ ਤੇ ਤੀਸਰੀ ਆਰਥਿਕ ਸ਼ਕਤੀ ਬਣਨ ਦੀਆਂ ਫੀਗਾਂ ਮਾਰੀਆਂ ਸਨ, ਉਹ ਲੋਕਾਂ ਦੇ ਸੁਪਨੇ ਕਦੋਂ ਪੂਰੇ ਹੋਣਗੇ ? ਬੀ.ਜੇ.ਪੀ. ਤੇ ਆਰ.ਐਸ.ਐਸ. ਗਠਜੋੜ ਨੇ ਸਿਰਫ ਦੇਸ਼ ਅੰਦਰ ਆਪਣੇ ਫਿਰਕੂ-ਹਿੰਦੂਤਵੀ ਅਜੰਡੇ ਰਾਹੀਂ ਉਹ ਵੀ ਰਾਜਨੀਤਕ ਲਾਹੇ ਲਈ ਦੇਸ਼ ਦੀ ਭੋਲੀ-ਭਾਲੀ ਜਨਤਾ ਨਾਲ ਰਜ ਕੇ ਠੱਗੀਆਂ ਮਾਰੀਆਂ ਹਨ।ਹੁਣ ਹੌਲੀ-ਹੌਲੀ ਉਨ੍ਹਾਂ ਦਾ ਕੁਫ਼ਰ ਜਗ-ਜ਼ਾਹਰ ਹੋ ਰਿਹਾ ਹੈ। ਰੁਜ਼ਗਾਰ ਤਾਂ ਕੀ ਦੇਣਾ ਸੀ ਸਗੋਂ ਜਾਰੀ ਤੇ ਤੇਜ ਕੀਤੀਆਂ ਉਦਾਰੀਕਰਨ ਵਾਲੀਆਂ ਨੀਤੀਆਂ ਕਾਰਨ ਜੋ ਲੋਕਾਂ ਨੂੰ ਪਹਿਲਾ ਵੀ ਰੁਜ਼ਗਾਰ ਮਿਲੇ ਹੋਏ ਸਨ ਉਨ੍ਹਾਂ ਤੋਂ ਵੀ ਹੱਥ ਧੋਣੇ ਪੈ ਰਹੇ ਹਨ। ਭਾਰਤ ਦਾ ਸਭ ਤੋਂ ਵੱਡਾ ਰੁਜ਼ਗਾਰ ਬਾਜ਼ਾਰ ਸੇਵਾ ਕੇਂਦਰ ਹੈ ਜਿਸ ਸਬੰਧੀ ਮੋਦੀ ਸਰਕਾਰ ਹਰ ਪਾਸੇ ਫੀਗਾ ਮਾਰਦੀ ਰਹੀ ਹੈ। ਪਰ ਸੰਸਾਰ ਉਤਪਾਦਨ ਬਾਜ਼ਾਰ ਅੰਦਰ ਸਾਡੇ ਵਾਪਾਰ ਦੀ ਹਿੱਸੇਦਾਰੀ ਕੇਵਲ 1.8-ਫੀ ਸਦ ਹੈ। ਜਦ ਕਿ ਸੰਸਾਰ ਸੇਵਾ ਵਾਪਾਰ ਖੇਤਰ 'ਚ ਸਾਡੀ ਹਿੱਸੇਦਾਰੀ ਕੇਵਲ 4-ਫੀ ਸਦ ਹੈ। ਅਰਥ-ਸ਼ਾਸਤਰੀਆਂ ਮੁਤਾਬਕ ਮੋਦੀ ਸਰਕਾਰ ਇਸ ਖੇਤਰ 'ਚ ਵੀ ਰੁਜ਼ਗਾਰ ਦੀਆਂ ਵੱਡੀਆਂ ਆਸਾਂ ਲਾਈ ਬੈਠਾ ਹੈ। ਭਾਰਤ ਵਰਗੇ ਵਿਸ਼ਾਲ ਦੇਸ਼ ਜਿਥੇ 40-50 ਕਰੋੜ ਕਿਰਤ ਸ਼ਕਤੀ ਹੋਵੇ, ਸੇਵਾ ਖੇਤਰ ਅੰਦਰ ਉਨ੍ਹਾਂ ਨੂੰ ਰੁਜ਼ਗਾਰ ਦੇਣਾ ਇਕ ਮੋਰੀ ਰਾਹੀਂ ਆ ਰਹੀ ਆਕਸੀਜਨ ਨਾਲ ਕਿੰਨਿਆਂ ਕੁ ਲੋਕਾਂ ਨੂੰ ਸਾਹ ਦਿਤਾ ਜਾ ਸੱਕੇਗਾ? ਮੋਦੀ ਸਰਕਾਰ ਨੇ ਜਦੋਂ ਉਦਾਰੀਕਰਨ ਅਤੇ ਨਿਜੀਕਰਨ ਨੀਤੀਆਂ ਰਾਹੀ ਰੁਜ਼ਗਾਰ ਦੇ ਸਾਰੇ ਰਾਹ ਤਾਂ ਬੰਦ ਕੀਤੇ ਹੋਏ ਹਨ। ਦੇਸ਼ ਵਿਰੋਧੀ, ਲੋਕ ਵਿਰੋਧੀ ਅਤੇ ਕਿਰਤੀ ਵਿਰੋਧੀ ਇਨ੍ਹਾਂ ਨੀਤੀਆਂ ਕਾਰਨ ਲੋਕਾਂ ਦੇ ਸਾਹ ਰੁਕ ਰਹੇ ਹੋਣ ਤਾਂ ਜਿਊਂਣ ਲਈ ਕੋਈ ਚਾਰਾ ਤਾਂ ਲੋਕਾਂ ਨੂੰ ਕਰਨਾ ਹੀ ਪਏਗਾ?

ਰੁਜ਼ਗਾਰ ਪੈਦਾ ਕਰਨ ਲਈ ਸਰਕਾਰ ਪੂੰਜੀ ਨਿਵੇਸ਼ ਦੇ ਖੇਤਰ ਅੰਦਰ ਵੀ ਅਸਫ਼ਲ ਹੋਈ ਹੈ, ਅਪ੍ਰੈਲ-ਅਗਸਤ ਦੌਰਾਨ 75-ਅਰਬ ਰੁਪਏ ਦੇ ਆਰਥਿਕ ਨਿਵੇਸ਼ ਦਾ ਟੀਚਾ ਤੈਅ ਕੀਤਾ ਸੀ,ਕੇਵਲ ਸਰਕਾਰ 33.6ਫੀ ਸਦ ਹਿਸਾ ਹੀ ਖਰਚ ਕਰ ਸਕੀ ਹੈ। ਜਦਕਿ ਕੇਂਦਰੀ ਸਰਵਜਨਕ ਖੇਤਰ ਦੇ ਉਦਮੀਆਂ ਨੇ ਇਸ ਸਮੇਂ ਦੌਰਾਨ 66.2-ਫੀ ਸਦ ਖਰਚ ਕੀਤਾ ਜੋ ਸਲਾਨਾ ਪੂੰਜੀਗਤ-ਨਿਵੇਸ਼ ਦੇ ਟੀਚਾ ਦਾ 43-ਫੀ ਸਦ ਬਣਦਾ ਹੈ। ਮੋਦੀ ਦੇ ਚੁਹੇਤੇ ਨਿਜੀ ਖੇਤਰ ਦੀ ਸਥਿਤੀ ਸਭ ਤੋਂ ਬਦਤਰ ਹੈ। ਉਨ੍ਹਾਂ ਨੂੰ ਮੋਦੀ ਸਰਕਾਰ ਨੇ ਕਾਰਪੋਰੇਟ-ਕਰਾਂ 'ਚ ਕਟੌਤੀ, ਉਤਪਾਦਨ ਅਧਾਰਤ ਉਤਪਾਦਨ, ਸਰਕਾਰੀ ਸਹੂਲਤਾਂ ਤੇ ਹੱਲਾਸ਼ੇਰੀ, ਕਿਰਤੀਆਂ ਨੂੰ ਪੂਰੀਆਂ ਉਜ਼ਰਤਾਂ ਤੇ ਸਹੂਲਤਾਂ ਸਬੰਧੀ ਸ਼ੋਸ਼ਣ ਕਰਨ ਦੇ ਬਾਵਜੂਦ ਨਾ ਰੁਜ਼ਗਾਰ ਵੱਧਿਆ ਤੇ ਨਾ ਹੀ ਪੂੰਜੀ-ਨਿਵੇਸ਼? ਇਸ ਸਬੰਧੀ ਜਦੋਂ ਵਿਰੋਧੀ-ਧਿਰ ਵੱਲੋ ਉਪਰੋਕਤ ਰਿਪੋਰਟ ਰਾਹੀ ਮਾੜੀ ਕਾਰਗੁਜ਼ਾਰੀ ਬਾਰੇ ਪੁਛਿਆ ਤਾਂ ਵਿਤ-ਮੰਤਰੀ ਨੇ ਹੈਰਾਨੀ ਜ਼ਾਹਰ ਕੀਤੀ ? ਨਿਜੀ ਖੇਤਰ ਨੇ ਸਾਰੀਆਂ ਸਹੂਲਤਾਂ ਤਾਂ ਪ੍ਰਾਪਤ ਕੀਤੀਆਂ, ਮੋਦੀ ਸਰਕਾਰ ਰਾਹੀ ਲੋਕਾਂ ਦੀ ਪੂੰਜੀ ਦੀ ਲੁੱਟ ਕਰਕੇ ਆਪਣੇ ਅਸਾਸੈ ਦੁਣੇ-ਤੀਣੇ ਕਰ ਲਏ ਪਰ ਰੁਜਗਾਰ ਪੈਦਾ ਕਰਨ ਅਤੇ ਪੂੰਜੀ ਨਿਵੇਜ਼ ਕਰਨ ਤੋਂ ਪੈਰ ਪਿਛਾਂਅ ਖਿਚ ਲਏ ਹਨ।

ਇਹ ਸਾਬਤ ਹੋ ਚੁੱਕਾ ਹੈ ਕਿ ਨਿਜੀ ਖੇਤਰ ਕਦੀ ਵੀ ਨਾਮ ਮੂਲ ਰੂਪ ਵਿੱਚ ਰੁਜ਼ਗਾਰ ਪੈਦਾ ਕਰਦਾ ਹੈ, ਸਗੋਂ ਇਸ ਬਹਾਨੇ ਰਾਹੀ ਸਰਕਾਰੀ ਸਹੂਲਤਾਂ ਪ੍ਰਾਪਤ ਕਰਕੇ ਤੇ ਕਿਰਤੀਆਂ ਦਾ ਹਰ ਤਰ੍ਹਾਂ ਸ਼ੋਸ਼ਣ ਕਰਕੇ ਆਪਣਾ ਮੁਨਾਫ਼ਾ, ਅਸਾਸੈ ਤੇ ਪੂੰਜੀ ਖੇਤਰ ਦਾ ਘੇਰਾ ਵਿਸ਼ਾਲ ਕਰਦਾ ਹੈ। ਪਰ ਉਹ ਨਾ ਮੂਲ ਪੂੰਜੀ ਮੋੜਦਾ ਹੈ, ਸਗੋਂ ਇਸ ਨਾਲ ਨਿਵੇਸ਼ ਕਰਕੇ ਦੇਸ਼ ਦੀ ਰਾਜਨੀਤੀ ਅੰਦਰ ਹਾਕਮ ਜਮਾਤਾਂ ਨਾਲ ਜੁੜ ਜਾਦਾ ਹੈ ਜੋ ਉਨ੍ਹਾਂ ਦੀ ਪੁਸ਼ਤ-ਪਨਾਹੀ ਕਰਦੇ ਹਨ। ਫਿਰ ਇਹੀ ਰਾਜਨੀਤੀ ਦਾ ਰਾਜਨੀਤਕ ਚੱਕਰ ਲੋਕਾਂ ਨੂੰ ਰੁਜ਼ਗਾਰ ਦੇਣ ਲਈ ਨਿਜੀ ਪੂੰਜੀ ਦੀ ਰੱਟ-ਲਾਉਂਦਾ ਹੈ। ਮੂਲ ਰੂਪ ਵਿੱਚ ਸਮਾਜਵਾਦੀ ਸਿਧਾਂਤ ਨੂੰ ਕਮਜੋਰ ਕਰਨ ਲਈ ਉਸ ਵਿਰੁਧ ਕੁਫਰ ਪ੍ਰਚਾਰ ਕਰਕੇ ਨਿਜੀ ਖੇਤਰ ਨੂੰ ਮਜਬੂਤ ਕਰਦਾ ਹੈ। ਬੀ.ਜੇ.ਪੀ.-ਆਰ.ਐਸ.ਐਸ. ਨੀਤੀਆਂ ਇਸ ਦੀ ਇਕ ਸਪਸ਼ਟ ਮਿਸਾਲ ਹਨ। ਸ਼ੇਖ ਚਿਲੀ ਵਾਲੇ ਸੁਪਨੇ ਦਿਖਾ ਕੇ ਕਿਵੇਂ ਦੇਸ਼ ਵਾਸੀਆਂ ਨੂੰ ਠਗਿਆ ਗਿਆ ਹੈ। ਜਦ ਕਿ ਰੇਗਸਥਾਨ 'ਚ ਪਾਣੀ ਦੀ ਥਾਂ ਮ੍ਰਿਗ ਤ੍ਰਿਸ਼ਨਾਂ ਰਾਹੀ ਪਿਆਸ ਬੁਝਾਉਣ ਦੇ ਲਾਰੇ ਲਾਏ ਗਏ। ਕਿਰਤੀ-ਜਮਾਤ ਨੂੰ ਹਾਕਮਾਂ ਦੇ ਮੋਮੋ-ਠੱਗਣੇ-ਨਾਹਰਿਆ ਵਿਰੁਧ ਹੱਕਾਂ ਲਈ ਨਿਰੰਤਰ ਸੰਘਰਸ਼ ਉਸਾਰਦੇ ਰਹਿਣਾ ਚਾਹੀਦਾ ਹੈ ਤੇ ਸਮਾਜਕ ਪ੍ਰੀਵਰਤਨ ਲਈ ਲੜਕੇ ਹੋਏ ਇਕ ਟੀਚਾ ਤੈਹ ਕਰਨਾ ਚਾਹੀਦਾ ਹੈ, ਮੁਕਤੀ ਤੱਕ?

# ਸੁਲਤਾਨ ਬਾਹੂ



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487



ਵਿਦੇਸ਼ੀ ਹਮਲਾਵਰਾਂ ਅਤੇ ਧਾੜਵੀਆਂ ਦੇ ਨਾਲ ਇਸਲਾਮ ਵਿਚ ਸੂਫੀਆਂ ਦੀ ਆਮਦ ਭਾਰਤ ਵਿਚ 1192 ਦੀ ਮੰਨੀ ਜਾਂਦੀ ਹੈ। ਸਾਰੇ ਧਰਮਾਂ ਦਾ ਮੁਲਾਂਕਣ ਅਤੇ ਸ਼ਾਂਤੀ ਦਾ ਵਿਚਕਾਰਲਾ ਰਸਤਾ ਲੱਭਣ ਲਈ ਭਗਤੀ ਲਹਿਰ ਉਠੀ। ਇਸ ਲਹਿਰ ਦਾ ਆਰੰਭ ਮੱਧ ਕਾਲੀਨ ਸੱਤਵੀਂ ਸਦੀ ਵਿਚ ਦੱਖਣ ਭਾਰਤ ਵਿਚ ਹੋਇਆ। ਅੱਗੇ ਉਤਰੀ ਭਾਰਤ ਅਤੇ ਮੱਧ ਏਸ਼ੀਆ ਤੱਕ ਫੈਲ ਗਈ। ਇਹ ਲਹਿਰ ਸਮੇਂ ਦੇ ਪ੍ਰਚੱਲਿਤ ਝੂਠੇ ਕਰਮਕਾਂਡਾਂ ਵਹਿਮਾਂ-ਭਰਮਾਂ ਅਤੇ ਮੂਰਤੀ ਪੂਜਾ ਦੇ ਵਿਰੋਧ ਵਿਚ ਖੜ੍ਹੀ ਹੋਈ। ਭਗਤਾਂ, ਨਾਥਾਂ, ਜੋਗੀਆਂ ਅਤੇ ਸੂਫੀਆਂ ਦੀ ਤਰਜ਼ 'ਤੇ ਸਨਾਤਨੀ ਬੋਲੀ ਦੀ ਥਾਂ ਲੋਕ ਭਾਸ਼ਾ, ਸੰਤ ਭਾਸ਼ਾ ਰਾਹੀਂ ਰਾਗਾਂ ਵਿਚ ਗਾ ਕੇ ਪ੍ਰਚਾਰ ਕੀਤਾ। ਦੂਰ-ਦੂਰ ਜਾ ਕੇ ਪ੍ਰਚਾਰ ਕਰਨ ਨਾਲ ਪ੍ਰਚਰਕਾਂ ਦੀ ਹਰਮਨ ਪਿਆਰਤਾ ਵਧਦੀ ਗਈ। ਸੂਫੀ ਘੱਟ ਗਿਣਤੀ ਵਿਚ ਸਨ ਪਰ ਖੁੱਲ੍ਹੇ ਵਿਚਾਰਾਂ ਦੇ ਸਨ। ਧਾਰਮਿਕ ਬੰਧਨਾਂ ਵਿਚ ਨਹੀਂ ਬੱਝੇ ਸਨ। ਉਹਨਾਂ ਨੇ ਮਨੁੱਖਤਾ ਵਿਚ ਪਿਆਰ ਦੀ ਗੱਲ ਤੋਰੀ। ਸਾਂਝੇ ਸਭਿਆਚਾਰ ਨੂੰ ਅਪਣਾਇਆ ਅਤੇ ਛੇਤੀ ਹੀ ਸਥਾਪਤ ਹੋ ਗਏ। ਉਹਨਾਂ ਦੀ ਜ਼ਿੰਦਾਦਿਲੀ ਤੋਂ ਪ੍ਰਭਾਵਿਤ ਹੋ ਕੇ ਲੋਕ ਉਹਨਾਂ ਦੀਆਂ ਖਾਨਗਾਹਾਂ ਵੱਲ ਖਿੱਚੇ ਗਏ। ਹੇਠਲੇ ਵਰਗਾਂ ਨਾਲ ਨੇੜਤਾ ਵਧਣ ਲੱਗੀ।

ਬਾਬਾ ਫਰੀਦ ਜੀ ਪਹਿਲੇ ਪੜ੍ਹਾਅ ਦੇ ਸੂਫੀ ਕਵੀ ਸਨ। ਬਾਹੂ ਗੁਰੂ ਨਾਨਕ ਕਾਲ ਦਾ ਸੂਫੀ ਕਵੀ ਮੰਨਿਆ ਜਾਂਦਾ ਹੈ। ਬਾਹੂ ਸਰਵਰੀ ਕਾਦਰੀ ਸੂਫੀ ਸੰਪਰਦਾ ਦਾ ਮੋਢੀ ਮੁਸਲਮਾਨ ਸੂਫੀ ਸੰਤ ਸੀ। ਪੰਜਾਬੀ ਸਾਹਿਤ ਵਿਚ ਕਾਦਰੀ ਸੰਪਰਦਾ ਦੇ ਸੂਫੀ ਕਵੀ ਸ਼ਾਹ ਹੁਸੈਨ ਤੋਂ ਬਾਅਦ ਦੂਸਰਾ ਮਹਾਨ ਕਵੀ ਹੈ। ਉਹ ਸਰਵਉਚ ਸੂਫੀਆਂ ਵਿਚ ਦਰਵੇਸ਼ ਗਿਣਿਆ ਜਾਂਦਾ ਹੈ। ਸੂਫੀ ਕਾਵਿ-ਧਾਰਾ ਅਧਿਆਤਮਕ ਸਾਹਿਤ ਦੀ ਮਹੱਤਵਪੂਰਨ ਧਾਰਾ ਹੈ। ਜਿਸ ਵਿਚ ਬਾਹੂ ਦਾ ਵੱਡਾ ਨਾਂ ਹੈ।

ਬਾਹੂ ਦਾ ਜਨਮ ਪਿੰਡ ਅਵਾਣ ਝੰਗ ਵਿਚ ਪਿਤਾ ਜ਼ਿਮੀਦਾਰ ਬਾਜ਼ੀਦ ਮੁਹੰਮਦ ਅਤੇ ਮਾਤਾ ਬੀਬੀ ਰਾਸਤੀ ਕਦਮ-ਸਰਾ ਦੇ ਘਰ 1628 ਵਿਚ ਹੋਇਆ। ਉਹਨਾਂ ਦੇ ਵਡੇਰੇ ਕਰਬਲਾਂ ਦੀ ਜੰਗ ਤੋਂ ਬਾਅਦ ਪਹਿਲਾਂ ਜੇਹਲਮ ਦਰਿਆ ਦੇ ਕੰਢੇ ਪਿੰਡ ਦਾਦਨਖਾ ਵਿਚ ਆਬਾਦ ਹੋਏ। ਉਸਦੇ ਪਿਤਾ ਨੂੰ ਮੁਗਲ ਸਮਰਾਟ ਸ਼ਾਹਜਹਾਂ ਵੱਲੋਂ ਝਨਾਂ ਦੇ ਕੰਢੇ ਕਹਰਗਾਨ ਵਿਚ ਜਾਗੀਰ ਮਿਲੀ ਸੀ। ਬਾਹੂ ਬਚਪਨ ਵਿਚ ਹੀ ਰੱਬੀ ਨੂਰ ਸੀ। ਮੁਢਲੀ ਸਿੱਖਿਆ ਉਸਨੇ ਆਪਣੀ ਅਧਿਆਤਮਕ ਮਾਤਾ ਕੋਲੋਂ ਪ੍ਰਾਪਤ ਕੀਤੀ।

ਉਚ ਸਿੱਖਿਆ ਲਈ ਜਦੋਂ ਉਹ ਨਿਕਲਿਆ ਤਾਂ ਮੁਲਤਾਨ ਜਾ ਕੇ ਹਜਰਤ ਬਹਾਊ ਅਲ ਹਕ ਮੁਲਤਾਨੀ ਦੇ ਮਜ਼ਾਰ ਤੇ ਚਿਲਿਆ ਕਮਾਇਆ। ਫਿਰ ਹਬੀਬ-ਉਲ-ਕਾਦਰੀ ਨੂੰ ਆਣਾ ਪੀਰ ਧਾਰਿਆ। ਆਖਿਰ ਉਹ ਦਿੱਲੀ ਜਾ ਕੇ ਸਯਦ ਅਬਦੁਲ ਰਹਿਮਾਨ ਦਾ ਮੁਰੀਦ ਬਣ ਗਿਆ ਅਤੇ ਉਚ ਕੋਟੀ ਦੀ ਅਧਿਆਤਮਕ ਵਿੱਦਿਆ ਪ੍ਰਾਪਤ ਕੀਤੀ। ਉਸਦੀਆਂ ਅਰਬੀ ਤੇ ਫਾਰਸੀ ਵਿਚ 140 ਰਚਨਾਵਾਂ ਹਨ ਜੋ ਸੂਫੀ ਸਿਧਾਂਤ 'ਤੇ ਹਨ। ਉਸਦੀਆਂ ਫਾਰਸੀ ਵਿਚ 50 ਗਜ਼ਲਾਂ 'ਦੀਵਾਨੇ ਬਾਹੂ' ਦਾ ਪੰਜਾਬੀ ਅਨੁਵਾਦ ਮੌਲਵੀ ਮੁਹੰਮਦ ਅਲਾਦੀਨ ਕਾਦਰੀ ਸਰਵਰ ਨੇ ਕੀਤਾ। ਪੰਜਾਬੀ ਵਿਚ ਉਸਦੀਆਂ ਕਾਫੀਆਂ ਤੇ ਸੀਹਰਫੀਆਂ ਬਹੁਤ ਪ੍ਰਸਿੱਧ ਹਨ। ਸੀਹਰਫੀ ਫਾਰਸੀ ਦਾ ਸ਼ਬਦ ਭਾਵ 'ਤੀਹ ਅੱਖਰੀ' ਬਾਹੂ ਸੀਹਰਫੀ ਕਾਵਿ ਦਾ ਮੋਢੀ ਸੂਫੀ ਕਵੀ ਹੈ। ਬਾਹੂ ਦੀ ਰਚਨਾ ਦੀ ਤੁਕ ਤੋਂ ਬਾਅਦ 'ਹੂ' ਸੰਗੀਤਕ ਲੈਅ ਭਰਦਾ ਹੈ ਅਤੇ ਉਸਨੂੰ ਬਾਕੀ ਕਵੀਆਂ ਤੋਂ ਵੱਖਰਾ ਕਰਦਾ ਹੈ।

ਬਾਹੂ ਦੀ ਕਾਵਿ ਰਚਨਾ ਦੀ ਸਾਦੀ ਭਾਸ਼ਾ ਵਿਚ ਸਾਦਗੀ ਅਤੇ ਮਿਠਾਸ ਦੇ ਵਿਚਾਰਾਂ ਦਾ ਸੁਮੇਲ ਹੈ। ਉਪਰੰਤ ਬੌਧਿਕ ਅੰਸ਼ ਹੈ। ਆਤਮ ਸ਼ੁੱਧੀ ਅਤੇ ਸ਼ੁਭ ਅਮਲਾਂ ਦੀ ਪ੍ਰੇਰਨਾ ਹੈ। ਉਸਦੇ ਕਲਾਮ ਨੂੰ ਕਵਾਲਾਂ ਨੇ ਗਾਇਆ ਵੀ ਹੈ। ਉਸਦੀ ਕਵਿਤਾ ਨੇ ਅਨੂਠੀ ਛਾਪ ਛੱਡੀ ਹੈ। ਆਪਣੀ ਰਚਨਾ ਵਿਚ ਇਸ਼ਕ ਹਕੀਕੀ ਪ੍ਰਭੂ ਪ੍ਰਾਪਤੀ ਲਈ ਉਹ ਵਿਖਾਵੇ ਅਤੇ ਕਰਮਕਾਂਡਾਂ ਦੀ ਵਿਅੰਗਮਈ ਨਿਖੇਧੀ ਕਰਦਾ ਹੈ। ਆਪਾ ਵਾਰਨ ਨਾਲ ਹੀ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ। ਉਹ ਸਭ ਬੰਧਨਾਂ ਤੋਂ ਉਪਰ ਉਠ ਕੇ ਰੱਬ ਦੀ ਰਜ਼ਾ ਦਾ ਇਛੁੱਕ ਹੈ। ਉਸਦੀ ਰਚਨਾ ਵਿਚ ਰੱਬ ਬਾਰੇ ਜਾਨਣਾ ਅਤੇ ਮੁਹੱਬਤ ਰਾਹੀਂ ਉਸਦੀ ਪ੍ਰਾਪਤੀ ਕਰਨਾ ਹੈ।

'ਕਾਫ ਕਰ ਮੁਹਬਤ ਕੁਝ ਹਾਸਲ ਹੋਵੇ, ਉਮਰ ਏ ਚਾਰ ਦਿਹਾੜੇ ਹੂ'

ਰੱਬ ਦੀ ਪ੍ਰਾਪਤੀ ਦਾ ਢੰਗ ਦੱਸਦਾ ਹੈ-

ਯੇ ਯਾਰ ਯਗਾਨਾ ਮਿਲਸੀ, ਤੈਂ ਜੋ ਸਿਰ ਦੀ ਬਾਜੀ ਲਾਈ ਹੂ।
ਇਸ਼ਕ ਅਲਾ ਦੇ ਵਿਚ ਹੋ ਮਸਤਾਨਾ ਹੂ ਹੂ ਸਦਾ ਅਲਾਏ ਹੂ।
ਨਾਲ ਤਸਵਰ ਇਲਮ ਅਲਾ ਦੇ ਦਮ ਨੂੰ ਕੈਦ ਲਗਾਏਂ ਹੂ।
ਜਾਤੀ ਨਾਲ ਜੇ ਜਾਤੀ ਰਲਿਆ ਤਦ ਬਾਹੂ ਨਾਮ ਸਦਾਏਂ ਹੂ।

ਇਬਾਬਤ ਵਿਚ ਜੋ ਕਲਮਾ ਪੜ੍ਹਿਆ ਜਾਂਦਾ ਹੈ। ਕਲਮਾ ਇਸਲਾਮ ਦਾ ਮੂਲ ਮੰਤਰ ਹੈ। ਉਸ ਵਿਚ ਬਾਹੂ ਦਾ ਵਿਸ਼ਵਾਸ ਹੈ ਕਿ ਕਲਮਾ ਮਨੁੱਖ ਨੂੰ ਪਾਕਿ-ਪਵਿੱਤਰ ਕਰਨ ਵਾਲਾ ਹੈ ਅਤੇ ਅੰਤ ਬਹਿਸ਼ਤ ਪਹੁੰਚਾਉਣ ਵਾਲਾ ਹੈ ਤੇ ਰੱਬ ਨਾਲ ਮਿਲਾਪ ਕਰਾਣ ਵਾਲਾ ਹੈ।

ਕਾਫ ਕਲਮੇ ਨਾਲ ਮੈਂ ਨਾਤੀ ਧੋਤੀ ਕਲਮੇ ਨਾਲ ਵਿਆਹੀ ਹੂ।
ਕਲਮੇ ਮੇਰਾ ਪੜ੍ਹਿਆ ਜਨਾਜ਼ਾ ਕਲਮੇ ਗੌਰ ਸੋਹਾਈ ਹੂ।
ਕਲਮੇ ਨਾਲ ਬਹਿਸ਼ਤੀ ਜਾਣਾ ਕਲਮਾ ਕਰਿ ਸਫਾਈ ਹੂ।
ਮੁੜਨ ਮੁਹਾਲ ਤਿਨਾ ਨੂੰ ਬਾਹੂ ਜਿਨਾ ਸਾਹਿਬ ਆਪ ਬੁਲਾਈ ਹੂ।

ਅੱਲਾ ਦੇ ਮਿਲਾਪ ਲਈ ਜ਼ਰੂਰੀ ਹੈ ਕਿ ਮਨੁੱਖ ਅੰਦਰ ਚਾਨਣ ਹੋਵੇ। ਅਗਿਆਨਤਾ ਦਾ ਅੰਧੇਰਾ ਦੂਰ ਹੋਵੇ।

ਜਿਥੇ ਹੂ ਕਰੇ ਰੋਸ਼ਨਾਈ ਉਥੋਂ ਤੋੜ ਅਨੇਰਾ ਵੈਦਾ ਹੂ

ਗਿਆਨ ਮਨੁੱਖ ਦੇ ਅੰਦਰ ਹੀ ਹੈ।

ਅਲਫ ਅੰਦਰ ਹੂ ਤੇ ਬਾਹਰ ਹੂ ਵਤ ਬਾਹਰ ਕਿੱਥੋਂ ਲੱਭਦਾ ਹੂ।

ਜਿਵੇਂ ਅੱਲਾ ਦੇ ਪਿਆਰ ਦਾ ਬੂਟਾ ਵਧਦਾ ਹੈ, ਤਿਵੇਂ ਆਤਮਕ ਅਵਸਥਾ ਬਦਲਦੀ ਹੈ। ਅੰਦਰ ਭਿੰਨੀ ਭਿੰਨੀ ਖੁਸ਼ਬੂ ਦੇ ਸੰਚਾਰ ਨਾਲ ਮਹਿਕਦਾ ਅੰਬਰ ਬਣ ਜਾਂਦਾ ਹੈ ਕਿ

ਅੰਦਰ ਬੂਟੀ ਮੁਸ਼ਕ ਮਚਾਇਆ ਜਾ ਫੁਲਣ ਪਰ ਆਈ ਹੂ

ਜਿਸਦੇ ਅੰਦਰ ਇਲਾਹੀ ਮੁਹੱਬਤ ਜਾਗ ਪੈਂਦੀ ਹੈ, ਉਸਦੇ ਅੰਦਰ ਬਿਰਹਾ ਦਾ ਭਾਂਬੜ ਮਚਦਾ ਹੈ। ਰਾਤ ਦਿਨ ਨੀਂਦ ਨਹੀਂ ਆਉਂਦੀ। ਆਸ਼ਕ ਨਿਮਾਣਾ ਨਿਤਾਣਾ ਬਣ ਜਾਂਦਾ ਹੈ। ਅੱਲਾ ਨੂੰ ਮਿਲਣ ਦਾ ਚਾਉ ਹਮੇਸ਼ਾ ਮਘਦਾ ਹੈ।

ਐਨ ਇਸ਼ਕ ਮਾਹੀ ਦੇ ਲਾਈਆਂ ਅੱਗੀ, ਉਨ੍ਹਾਂ ਲੱਗੀਆਂ ਕੌਣ ਬੁਝਾਵੇ ਹੂ।
ਮੈਂ ਕੀ ਜਾਣਾ ਜਾਤ ਇਸ਼ਕ ਦੀ ਕੇਹੀ, ਜੇੜਾਂ ਦਰ ਦਰ ਜਾ ਝੁਕਾਵੇ ਹੂ।
ਨ ਖੁਦ ਸੋਵੇਂ ਨਾ ਸੋਵਣ ਦੇਵੇ, ਹੱਥੋਂ ਸੁਤਿਆ ਆਪ ਜਗਾਵੇ ਹੂ।
ਮੈਂ ਕੁਰਬਾਨ ਤਿਨਾਂ ਦੇ ਬਾਹੂ ਜਿਹੜਾ ਵਿਛੜੇ ਯਾਰ ਮਿਲਾਵੇ ਹੂ।

ਸੂਫੀ ਮਾਰਗ ਤੇ ਚਲਦਿਆਂ ਮਾਰਗ ਬੜਾ ਬਿਖੜਾ ਹੈ।

ਰਾਹ ਫਕਰ ਦਾ ਮੁਸ਼ਕਲ ਬਾਹੂ ਮਾਂ ਨਾ ਸੀਰਾ ਰਿੱਧਾ ਹੂ

ਸੂਫੀ ਰਾਹ ਤੇ ਚੱਲਣ ਲਈ ਪਹਿਲਾਂ ਮੌਤ ਕਬੂਲ ਕਰਨੀ ਪੈਂਦੀ ਹੈ।

ਨਾਮ ਫਕੀਰ ਤਿਨਾ ਦਾ ਬਾਹੂ, ਕਬਰ ਜਿਨਾਂ ਦੀ ਜੀਵੇ ਹੂ

ਮੁਰਸ਼ਦ ਮੁਰੀਦ ਨੂੰ ਅਲ੍ਹਾ ਦੇ ਭੇਤ ਤੋਂ ਜਾਣੂ ਕਰਵਾ ਦਿੰਦਾ ਹੈ।

ਮੈਂ ਕੁਰਬਾਨ ਮੁਰਸ਼ਦ ਤੋਂ ਬਾਹੂ ਜਿਸ ਦਸਿਆ ਭੇਤ ਇਲਾਹੀ ਹੂ

ਸੂਫੀ ਲਈ ਸਿਦਕ ਜ਼ਰੂਰੀ ਹੈ ਕਿ ਸਿਦਕ ਦ੍ਰਿੜ੍ਹਤਾ ਸਵੈ-ਵਿਸ਼ਵਾਸ ਅਤੇ ਭਰੋਸੇ ਨਾਲ ਅੱਗੇ ਵਧਣ ਦੇ ਗੁਣ ਪੈਦਾ ਕਰਦਾ ਹੈ।

ਸੇ ਸਾਬਤ ਸਿਦਕ ਤੇ ਕਦਮ ਅਗਾਹਾਂ ਤਾਂ ਹੀ ਰੱਬ ਲਭਿਓ ਏ ਹੂ
ਲੂੰ ਲੂੰ ਦੇ ਵਿਚ ਜਿਕਰ ਅਲਾ ਦਾ ਹਰਦਮ ਪੜਿਉ ਏ ਹੂ

ਇਨਸਾਨ ਨੂੰ ਨਰਮ ਦਿਲ ਹੋ ਕੇ ਲੋਕਾਂ ਦਾ ਦੁੱਖ ਸਮਝਣਾ ਚਾਹੀਦਾ ਹੈ। ਪੱਥਰ ਦਿਲ ਨਹੀਂ ਹੋਣਾ ਚਾਹੀਦਾ।

ਪੱਥਰ ਚਿਤ ਜਿਨ੍ਹਾਂ ਦਾ ਬਾਹੂ ਉਤੇ ਜਾਇਆ ਵਸਦਾ ਮੀਂਹ ਹੂ
ਜੇ ਪਰਾਈ ਨਿੰਦਾ ਦਾ ਔਗੁਣ ਨੀਂ ਛੱਡਿਆ ਤਾਂ
ਰਾਤੀ ਜਾਗੇ ਤੇ ਕਰੇ ਇਬਾਦਤ ਦੇਹ ਨਿੰਦਿਆ ਕਰ ਪਰਾਈ ਹੂ।

ਇਨਸਾਨ ਨੂੰ ਅੰਦਰੋਂ ਪਾਕਿ ਪਵਿੱਤਰ ਹੋਣਾ ਚਾਹੀਦਾ ਹੈ। ਆਪਣੀ ਮੈਂ ਮਾਰਨੀ ਚਾਹੀਦੀ ਹੈ। ਬੰਦਾ ਕੋਝਾ ਹੋਵੇ, ਉਹ ਬੁਰਾ ਨਹੀਂ, ਪਰ ਜੇ ਅੰਦਰੋਂ ਦਿਲ ਕਾਲਾ ਹੋਵੇ ਤੇ ਮੂੰਹ ਰੌਸ਼ਨ ਹੋਵੇ ਇਹ ਚੰਗਿਆਈ ਨਹੀਂ।

ਦਿਲ ਕਾਲੇ ਕੰਨੋ ਮੂੰਹ ਕਾਲਾ ਚੰਗਾ ਜੇ ਕੋ ਇਸਨੂੰ ਜਾਣੇ ਹੂ
ਮੂੰਹ ਕਾਲਾ ਦਿਲ ਅੱਛਾ ਹੋਵੇ ਇਹ ਦਿਲ ਯਾਰ ਪਛਾਣੇ ਹੂ

ਕਰਮਾਂ ਅਨੁਸਾਰ ਦਰਗਾਹ ਵਿਚ ਨਿਬੇੜਾ ਹੁੰਦਾ ਹੈ। ਜੈਸਾ ਅਮਲ ਵੈਸਾ ਫਲ ਪ੍ਰਾਪਤ ਹੋਵੇਗਾ।

ਵਿਚ ਦਰਗਾਹ ਦੇ ਅਮਲਾਂ ਬਾਝੋਂ ਬਾਹੂ ਹੋਗ ਨਾ ਕੁਝ ਨਿਬੇੜਾ ਹੂ

ਜੋ ਅੱਲ੍ਹਾ ਦੀ ਮੁਹੱਬਤ ਮਨ ਵਿਚ ਵਸਾਉਂਦੇ ਹਨ, ਜਦੋਂ ਅਨੁਭਵ ਕਰਦੇ ਹਨ। ਅੱਲਾ ਦਾ ਨਾਮ ਅੰਦਰ ਆ ਕੇ ਨਹੀਂ ਵੱਸਦਾ। ਜਦ ਅੰਦਰ ਝਾਤੀ ਪਾਉਂਦੇ ਹਨ ਅੱਲ੍ਹਾ ਦਿਨ ਵਿਖਾਈ ਦਿੰਦਾ ਹੈ।

ਐਨ ਇਸ਼ਕ ਅਸਾਂ ਨੂੰ ਲਿਸਿਆਂ ਜਾਤਾ ਬੈਠਾ ਮਾਰ ਪੱਥਲਾ ਹੂ।
ਵਿਚ ਜਿਗਰ ਦੇ ਸਨ ਚਲਾ-ਯਸ ਕੀਤੋਸ ਕੰਮ ਅਵੱਲਾ ਹੂ
ਜਾ ਅੰਦਰ ਵੜਕੇ ਝਾਤੀ ਪਾਈ ਡਿੱਠਾ ਯਾਰ ਇਕੱਲਾ ਹੂ

ਜਦ ਕਿਸੇ ਨੂੰ ਇਸ਼ਕ ਹਕੀਕੀ ਹਾਸਲ ਕਰ ਲਿਆ। ਉਹ ਇਸਨੂੰ ਨਸ਼ਰ ਨਹੀਂ ਕਰਦੇ ਸਗੋਂ ਸੀਨੇ ਅੰਦਰ ਛੁਪਾ ਕੇ ਰੱਖਦੇ ਹਨ।

ਇਸ਼ਕ ਹਕੀਕੀ ਜਿਨ੍ਹਾਂ ਪਾਇਆ ਮੂੰਹੋਂ ਨਾ ਕੁਝ ਅਲਾਵਣ ਹੂ

ਜਿਨ੍ਹਾਂ ਦੇ ਦਿਲ ਅੱਲਾ ਦੀ ਮੁਹੱਬਤ ਤੋਂ ਖਾਲੀ ਹਨ, ਉਹਨਾਂ ਦਾ ਜੀਵਨ ਨਿਸਫਲ ਜਾਂਦਾ ਹੈ।

ਜੋ ਦਿਲ ਇਸ਼ਕ ਨਾ ਹੋਵੇ ਬਾਹੂ ਗਏ ਜਹਾਨੋਂ ਖਾਲੀ ਹੂ।

ਸੂਫੀ ਰੱਬੀ ਮਿਹਰ ਦੇ ਮੀਂਹ ਲਈ ਸਦਾ ਤੜਪਦਾ ਹੈ।

ਸੀਨ-ਸੋਜ਼ ਕਨੋ ਤਨ ਸੜਿਆ ਯਾਰ ਦੁੱਖ ਡੇਰੇ ਪਾਏ ਹੂ।
ਕੋਇਲ ਵਾਗ ਕੂਕੇਂਦੀ ਵਡਾ ਮੋਲਾ ਮੀਂਹ ਵਸਾਏ ਹੂ


ਹੰਕਾਰੀ ਰਹਿਬਰ ਨਾਲੋਂ ਹਲੀਮੀ ਨਾਲ ਰੱਬ ਦੇ ਰਾਹ ਤੇ ਚੱਲਣ ਵਾਲਾ ਸੂਫੀ ਚੰਗਾ ਹੈ।

ਪੜ੍ਹ ਪੜ੍ਹ ਇਲਮ ਮਸਾਇਖ ਸਦਾਵਣ ਕਰਨ ਇਬਾਦਤ ਦੂਣੀ ਹੂ।
ਅੰਦਰ ਝੁਗੀ ਪਈ ਲੁਟੀਵੇ ਤਨ ਮਨ ਖਬਰ ਨਾ ਹੋਣੀ ਹੂ।
ਮੌਲਾ ਵਾਲੇ ਸਦਾ ਸੁਖਾਲੇ ਦਿਲ ਨੂੰ ਲਾ ਨਗੂਣੀ ਹੂ।
ਰੱਬ ਤਿਨਾਂ ਨੂੰ ਹਾਸਲ ਬਾਹੂ ਜਿਨ੍ਹਾਂ ਚੱਕ ਨਾ ਕੀਤੀ ਚੂਨੀ ਹੂ।

ਔਰੰਗਜੇਬ ਸੁਲਤਾਨ ਬਾਹੂ ਦਾ ਬੜਾ ਸਤਿਕਾਰ ਕਰਦਾ ਸੀ। ਪਰ ਬਾਹੂ ਨੇ ਕਦੇ ਉਸਦੀ ਪਰਵਾਹ ਨਾ ਕੀਤੀ। ਬਾਹੂ ਆਪਣੇ ਸੂਫੀ ਰੰਗ ਵਿਚ ਰੰਗਿਆ ਵਿਚਰਦਾ ਰਿਹਾ। ਉਸ ਦੀ ਮੌਤ 1691 ਈ: ਵਿਚ 63 ਸਾਲ ਦੀ ਉਮਰ ਵਿਚ ਹੋਈ। ਉਸਨੂੰ ਪਿੰਡ ਕਹਿਰਗਾਨ ਦੇ ਕਿਲੇ ਵਿਚ ਦਫਨਾਇਆ ਗਿਆ। ਸੰਨ 1775 ਵਿਚ ਝਨਾਂ ਨੇ ਬਹੁਤ ਸਾਰੀਆਂ ਕਬਰਾਂ ਰੋੜ੍ਹ ਦਿੱਤੀਆਂ। ਬਾਹੂ ਦਾ ਮਜਾਰ ਵੀ ਰੁੜ ਗਿਆ। ਪਰ ਉਸਦੇ ਸੰਦੂਕ ਨੂੰ ਬਚਾਅ ਕੇ ਇਕ ਵੱਡੇ ਦਰੱਖਤ ਥੱਲੇ ਦਬਾਅ ਕੇ ਵੱਡਾ ਥੜਾ ਬਣਾ ਕੇ ਉਸਦੀ ਯਾਦਗਾਰ ਬਣਾਈ। ਲੋਕ ਉਸਦੀ ਮਜਾਰ 'ਤੇ ਸੁੱਖਣਾ ਸੁੱਖਦੇ ਹਨ।

## ਡਾ. ਸੁਰਿੰਦਰ ਧੰਜਲ ਦਾ ਨਿੱਕੀਆਂ ਕਰੂੰਬਲਾਂ ਪ੍ਰਕਾਸ਼ਨ ਵਲੋਂ ਸਨਮਾਨ

**ਮਾਹਿਲਪੁਰ:** ਕੰਪਲਸ ਯੂਨੀਵਰਸਿਟੀ ਕਨੇਡਾ ਦੇ ਸੀਨੀਅਰ ਪ੍ਰੋਫ਼ੈਸਰ, ਪਾਸ਼ ਕੌਮਾਂਤਰੀ ਟਰੱਸਟ ਦੇ ਪ੍ਰਧਾਨ ਅਤੇ ਉੱਘੇ ਸਾਹਿਤਕਾਰ ਡਾ.ਸੁਰਿੰਦਰ ਧੰਜਲ ਦਾ ਮਾਹਿਲਪੁਰ ਪਹੁੰਚਣ 'ਤੇ ਨਿੱਕੀਆਂ ਕਰੂੰਬਲਾਂ ਪ੍ਰਕਾਸ਼ਨ ਅਤੇ ਬੁੱਧੀਜੀਵੀ ਵਰਗ ਵਲੋਂ ਪ੍ਰਵਾਸੀ ਭਾਰਤੀ ਚੈਂਚਲ ਸਿੰਘ ਬੈਂਸ ਦੇ ਘਰ ਵਿਖੇ ਵਿਸ਼ੇਸ਼ ਸਨਮਾਨ ਕੀਤਾ ਗਿਆ।ਉਹ ਅਜਕੱਲ ਗਦਰ ਲਹਿਰ ਦੇ ਅਜ਼ਾਦੀ ਘੁਲਾ-ਟੀਆਂ ਬਾਰੇ ਖੋਜ ਕਾਰਜਾਂ ਵਿਚ ਜੁਟੇ ਹੋਏ ਹਨ।ਦੋਆਬੇ ਦੇ ਬੱਬਰਾਂ ਅਤੇ ਗਦਰੀਆਂ ਨਾਲ ਸਬੰਧਤ ਇਤਿਹਾਸਕ ਸਥਾਨਾਂ ਦੀ ਖੋਜ ਕਰ ਰਹੇ ਹਨ। ਇਸ ਉਦੇਸ਼ ਦੀ ਪੂਰਤੀ ਵਾਸਤੇ ਉਹ ਪੰਜਾਬ ਦੇ ਖੋਜੀ ਸਾਹਿਤਕਾਰਾਂ ਦੇ ਸਹਿਯੋਗ ਨਾਲ ਇਲਾਕੇ ਵਿਚ ਕਾਰਜਸ਼ੀਲ ਹਨ।ਉਹਨਾਂ ਇਲਾਕੇ ਦੇ ਸਥਾਨਾ ਦੀ ਯਾਤਰਾ ਤੋਂ ਬਾਅਦ ਪੱਤਰਕਾਰਾਂ ਨੂੰ ਦੱਸਿਆ ਕਿ ਉਹਨਾਂ ਨੇ ਇਥੋਂ ਦੇ ਸ਼ਹੀਦਾਂ ਅਤੇ ਦੇਸ਼ ਪ੍ਰੇਮੀਆਂ ਨੂੰ ਨਤਮਸਤਕ ਹੋ ਕੇ ਉਸ ਜ਼ਮਾਨੇ ਅਤੇ ਹਾਲਤਾਂ ਬਾਰੇ ਜਾਣਕਾਰੀ ਪ੍ਰਪਤ ਕੀਤੀ ਜਿਸ ਨਾਲ ਮਨ ਨੂੰ ਪ੍ਰਸੰਨਤਾ ਅਤੇ ਆਪਣੇ ਪੁਰਖਿਆਂ ਤੇ ਮਾਣ ਹੋਇਆ ਹੈ। ਜਿਨ੍ਹਾਂ ਸੂਰਬੀਰਾਂ ਦੀ ਬਦੌਲਤ ਅਸੀਂ ਅਜ ਅਜ਼ਾਦੀ ਦਾ ਨਿੱਘ ਮਾਣ ਰਹੇ ਹਾਂ। ਇਸ ਮੌਕੇ ਸੰਬੋਧਨ ਕਰਦਿਆਂ ਵਾਤਾਵਾਰਣ ਚਿੰਤਕ ਵਿਜੇ ਬੰਬੇਲੀ, ਬਾਲ ਸਾਹਿਤ ਦੇ ਸ੍ਰੋਮਣੀ ਪੁਰਸਕਾਰ ਜੇਤੂ ਲੇਖਕ ਬਲਜਿੰਦਰ ਮਾਨ ਨੇ ਕਿਹਾ ਕਿ ਸੁਰਿੰਦਰ ਧੰਜਲ ਨੇ ਆਪਣਾ ਪੂਰਾ ਜੀਵਨ ਮਾਰਕਸਵਾਦੀ ਵਿਚਾਰਧਾਰਾ ਦੀ ਪ੍ਰੋੜਤਾ ਨਾਲ ਗੁਜ਼ਾਰਿਆ ਹੈ।ਉਨ੍ਹਾਂ ਅੱਗੇ ਕਿਹਾ ਕਿ ਡਾ.ਧੰਜਲ ਨੇ ਦੇਸ਼ ਅਤੇ ਪੰਜਾਬ ਹਿੱਤ ਨਾਲ ਜੁੜੀਆਂ ਕਈ ਚਲੰਤ ਸਮੱਸਿਆਵਾਂ ਬਾਰੇ ਲੇਖ਼ ਅਤੇ ਕਵਿਤਾਵਾਂ ਵੀ ਲਿਖ਼ੀਆਂ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਪੰਜਾਬ ਫ਼ੇਰੀ ਦੌਰਾਨ ਉਹ ਬੱਬਰਾਂ ਤੇ ਸ਼ਹੀਦਾਂ ਨਾਲ ਜੁੜੇ ਪਿੰਡਾਂ ਵਿਚ ਵੀ ਜਾ ਰਹੇ ਹਨ।ਲੇਖਕ ਦੀਪਕ ਅਗਨੀਹੋਤਰੀ ਕਿਹਾ ਕਿ ਸ੍ਰੀ ਸੁਰਿੰਦਰ ਧੰਜਲ ਵੀ ਆਪਣੇ ਆਪ ਵਿਚ ਇੱਕ ਕਿਤਾਬ ਹਨ ਕਿਉਂਕਿ ਵਿਦੇਸ਼ ਵਿਚ ਰਹਿ ਕੇ ਵੀ ਉਨ੍ਹਾਂ ਪੰਜਾਬ ਅਤੇ ਬਾਲ ਸਾਹਿਤ ਦੇ ਇਤਿਹਾਸ ਅਤੇ ਸੱਭਿਆਚਾਰ ਨਾਲ ਸਬੰਧਤ ਕਾਮਾਗਾਟਾ ਮਾਰੂ ਲਾਇਬਰੇਰੀ ਕੈਮਲੂਪਸ ਕਨੇਡਾ ਵੀ ਸਥਾਪਿਤ ਕੀਤੀ ਹੈ।ਵਿਦੇਸ਼ਾਂ ਵਿਚ ਰਹਿ ਰਹੇ ਪੰਜਾਬੀ ਬੱਚਿਆਂ ਨੂੰ ਪੰਜਾਬੀ ਭਾਸ਼ਾ ਨਾਲ ਜੋੜਨ ਲਈ ਵਿਸ਼ੇਸ਼ ਉਪਰਾਲੇ ਕਰ ਰਹੇ ਹਨ। ਨਿੱਕੀਆਂ ਕਰੂੰਬਲਾਂ ਪ੍ਰਕਾਸ਼ਨ ਵਲੋਂ ਪੁਸਤਕਾਂ ਦਾ ਇਕ ਸੈਟ ਕਾਮਾਗਾਟਾਮਾਰੂ ਲਾਇਬ੍ਰੇਰੀ ਵਾਸਤੇ ਡਾ. ਧੰਜਲ ਨੂੰ ਭੇਟ ਕੀਤਾ ਗਿਆ। ਸੰਵਾਦ, ਨਿੱਕੀਆਂ ਕਰੂੰਬਲਾਂ ਅਤੇ ਸੁਰ ਸੰਗਮ ਵਿਦਿਅਕ ਟਰੱਸਟ ਵਲੋਂ ਪੰਜਾਬੀ ਭਾਸ਼ਾ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਉਨ੍ਹਾਂ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਇਸ ਮੌਕੇ ਪੰਮੀ ਖ਼ੁਸ਼ਹਾਲਪੁਰੀ ਅਤੇ ਸੁਖਮਨ ਸਿੰਘ,ਪੰਮਾ ਪੇਂਟਰ ਨੇ ਆਪਣੀਆਂ ਨਜ਼ਮਾਂ ਨਾਲ ਸਭ ਨੂੰ ਮੰਤਰ ਮੁਗਧ ਕੀਤਾ।ਬੱਗਾ ਸਿੰਘ ਚਿੱਤਰਕਾਰ ਨੇ ਆਪਣੀ ਚਿੱਤਰਕਾਰੀ ਦੇ ਹੁਨਰ ਬਾਰੇ ਵਿਚਾਰ ਪੇਸ਼ ਕਰਦਿਆਂ ਆਪਣੇ ਗੁਰੂ ਪਦਮ ਸ੍ਰੀ ਸੋਭਾ ਸਿੰਘ ਅਤੇ ਨੈਸ਼ਨਲ ਅਵਾਰਡੀ ਟੀਚਰ ਅਤੇ ਲੇਖਕ ਗਿਆਨੀ ਹਰਕੇਵਲ ਸਿੰਘ ਸੈਲਾਨੀ ਨੂੰ ਯਾਦ ਕੀਤਾ। ਇਸ ਮੌਕੇ ਟਰੱਸਟੀ, ਕਰੂੰਬਲਾਂ ਪਾਠਕ ਮੰਚ ਦੇ ਮੈਂਬਰ ਅਤੇ ਮਾਹਿਲਪੁਰ ਇਲਾਕੇ ਦੇ ਨਾਮਵਰ ਸਾਹਿਤਕਾਰ ਅਤੇ ਸਾਹਿਤ ਪ੍ਰੇਮੀ ਹਾਜ਼ਰ ਹੋਏ।



## ਡਾ. ਲੈਬਰ ਰਾਮ ਨੇ ਸਿਵਲ ਹਸਪਤਾਲ ਦੇ ਐੱਸ.ਐੱਮ.ਓ. ਵਜੋਂ ਸੰਭਾਲਿਆ ਚਾਰਜ

**ਫਗਵਾੜਾ 3 ਦਸੰਬਰ (ਬੀ.ਕੇ.ਰੱਤੂ)** ਸਿਵਲ ਹਸਪਤਾਲ ਦੇ ਨਵੇਂ ਐੱਸ.ਐੱਮ.ਓ ਡਾ ਲੈਂਬਰ ਰਾਮ ਨੇ ਅੱਜ ਚਾਰਜ ਸੰਭਾਲ ਲਿਆ ਹੈ। ਇਸ ਮੌਕੇ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸਿਹਤ ਵਿਭਾਗ ਵੱਲੋਂ ਸੋਪੀ ਜੁੰਮੇਵਾਰੀ ਨੂੰ ਉਹ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਣਗੇ ਇੱਥੇ ਇਹ ਜ਼ਿਕਰਯੋਗ ਹੈ ਕਿ ਡਾ ਲੈਂਬਰ ਰਾਮ ਪਹਿਲਾ ਵੀ ਸਿਵਲ ਹਸਪਤਾਲ ਵਿਖੇ ਅਪਣੀਆ ਬੇਹਤਰੀਨ ਸੇਵਾਵਾਂ ਦੇ ਚੁੱਕੇ ਹਨ। ਇਸ ਮੌਕੇ ਡਾ ਨਰੇਸ਼ ਕੁੰਦਰਾ, ਡਾ ਰਵੀ ਕੁਮਾਰ,ਡਾ ਰਾਜੇਸ਼ ਕੁਮਾਰ, ਡਾ. ਦੀਪਕ ਕੁਮਾਰ ਨੇ ਨਵੇਂ ਐੱਸ.ਐੱਮ.ਓ ਡਾ ਲੈਂਬਰ ਰਾਮ ਨੂੰ ਫਗਵਾੜਾ ਹਸਪਤਾਲ ਪੁੱਜਣ ' ਤੇ ਜੀ ਆਇਆਂ ਆਖਿਆ ਤੇ ਹਸਪਤਾਲ ' ਚ ਸਿਹਤ ਸੇਵਾਵਾਂ ਲਈ ਪੂਰੇ ਸਹਿਯੋਗ ਦਾ ਭਰੋਸਾ ਦਿੱਤਾ । ਇਸ ਮੌਕੇ ਡਾ ਨਰੇਸ਼ ਕੁੰਦਰਾ, ਡਾ ਕੰਨਿਕਾ ਗੋਇਲ, ਡਾ ਨਿਰਵੈਰ ਸਿੰਘ, ਡਾ ਅਨੀਤਾ ਕਟਾਰੀਆ, ਡਾ ਸਿਮਰਜੀਤ ਕੌਰ, ਡਾ ਮਨਜੀਤ ਨਾਗਰਾ, ਡਾ ਰਵੀ ਕੁਮਾਰ,ਡਾ ਗੁਰਿੰਦਰ ਸਿੰਘ, ਡਾ ਦੀਪਕ, ਡਾ ਰਾਜੇਸ਼ ਕੁਮਾਰ, ਡਾ ਜਸਲੀਨ ਕੌਰ,ਡਾ ਹਿਮਾਕ ਪ੍ਰਭਾਕਰ, ਡਾ ਅਸ਼ੀਸ਼ ਜੇਤਲੀ , ਡਾ ਸਤਪਿੰਦਰ ਕੋਰ,ਡਾ ਸੰਜੀਵ ਲੋਚਣ, ਡਾ ਗਗਨਦੀਪ ਸਿੰਘ ਭੱਟੀ, ਡਾ ਪ੍ਰਮਜੀਤ ਕੌਰ ਸੈਣੀ, ਡਾ ਪ੍ਰਭਜੋਤ ਜੱਬਲ, ਡਾ ਸੁਮਿਤ, ਸਟਾਫ਼ ਨਰਸ ਮੀਨਾ ਸ਼ਰਮਾ, ਗੁਰਵਿੰਦਰ ਕੌਰ, ਸੰਦੀਪ ਕੌਰ, ਕੁਲਵਿੰਦਰ ਕੌਰ, ਕੁਲਦੀਪ, ਸੁਖਵਿੰਦਰ ਸਿੰਘ, ਗੁਰਚਰਨ ਸਿੰਘ, ਗਗਨਦੀਪ , ਬਲਜਿੰਦਰ ਕੌਰ, ਹੈਂਡ ਨਰਸਿੰਗ ਸਿਸਟਰ ਪ੍ਰਮਜੀਤ ਕੌਰ, ਮੈਟਰਨ ਸੋਮਾ, ਅਸ਼ੀਸ਼ ਧੀਮਾਨ, ਸਿਧਾਂਤ ਸਭਰਵਾਲ, ਨਿਕਿਤਾ, ਕੁਮਾਰ, ਹਿੰਮਾਸੁ, ਰਾਜੇਸ਼ ਸ਼ਰਮਾ, ਆਤਮਾ ਰਾਮ, ਜਗਦੀਪ, ਰਮਨ, ਮਲਕੀਤ ਚੰਦ, ਰੋਣਕੀ ਰਾਮ, ਹਰਵਿੰਦਰ ਕੁਮਾਰ, ਮੋਨੀਕਾ ਸੋਨਾ, ਗੁਰਪ੍ਰੀਤ ਕੌਰ, ਸੁਖਵਿੰਦਰ ਕੌਰ, ਮਨਦੀਪ ਕੌਰ, ਫ਼ਕੀਰ ਚੰਦ, ਮੀਨਾ, ਹਰਜਿੰਦਰ ਸਿੰਘ,ਟੇਕ ਚੰਦ , ਲਵਪ੍ਰੀਤ, ਕੁਲਵਿੰਦਰ ਕੌਰ, ਅੰਨੂ, ਸਮੇਤ ਹੋਰ ਸਟਾਫ ਮੈਂਬਰ ਹਾਜ਼ਰ ਸਨ।



# ਗਰੀਬ ਪਰਿਵਾਰ ਦੀ ਧੀ ਬਿਨ੍ਹਾਂ ਕਿਸੇ ਸਰਕਾਰੀ ਮੱਦਦ ਤੋਂ "ਇੰਟਰਨੈਸ਼ਨਲ ਕਿੱਕ ਬਾਕਸਿੰਗ" ਵਿੱਚ




ਅੱਜ ਦੇ ਵਿਗਿਆਨਕ ਯੁੱਗ ਦੇ ਸਮੇਂ ਵਿੱਚ ਹਰ ਖੇਤਰ ਵਿੱਚ ਹੋਲੀ-ਹੌਲੀ ਮਾਹੌਲ ਬਦਲ ਰਿਹਾ ਹੈ। ਜਿੰਦਗੀ ਦੇ ਹਰ ਖੇਤਰ ਵਿੱਚ ਖੁਸ਼ਹਾਲੀ ਨੇ ਆਪਣੇ ਨਵੇਂ ਕਦਮ ਰੱਖਣੇ ਸ਼ੁਰੂ ਕਰ ਦਿੱਤੇ ਹਨ। ਜਿੰਦਗੀ ਵਿੱਚ ਕੁੱਝ ਕਰਨ ਦੇ ਅਤੇ ਕੁੱਝ ਬਣਨ ਦੇ ਮੌਕਿਆਂ ਦੀ ਹੁਣ ਕੋਈ ਕਮੀ ਨਹੀਂ ਰਹਿ ਗਈ ਹੈ। ਬੇਸ਼ੱਕ ਨਵੇਂ ਰਸਤਿਆਂ ਤੇ ਤੁਰਨ ਤੇ ਆਪਣੇ ਥਾਂ ਚੁਣੌਤੀਆਂ ਤੇ ਮੁਸ਼ਕਿਲਾ ਵੀ ਹਨ। ਪਰ ਇਨ੍ਹਾਂ ਦੇ ਮੁਕਾਬਲੇ ਨਵੀਆਂ ਸੰਭਾਵਨਾਵਾਂ ਤੇ ਨਵਿਆਂ ਮੌਕਿਆਂ ਦੀ ਵੀ ਕੋਈ ਕਮੀ ਨਹੀਂ ਹੈ।ਦੁਨੀਆ ਦੀ ਸਕਰੀਨ ਉੱਪਰ ਜਿਵੇਂ-ਜਿਵੇਂ ਇਹ ਰੌਣਕ ਵੱਧਦੀ ਜਾਵੇਗੀ, ਉਸੇ ਤਰ੍ਹਾਂ ਮੁਸ਼ਕਿਲਾਂ ਨਾਲ ਸੰਘਰਸ਼ ਕਰਨ







ਦੀ ਯੋਗਤਾ ਅਤੇ ਅੰਦਰੂਨੀ ਤਾਕਤ ਵੀ ਵੱਧਦੀ ਜਾਵੇਗੀ। ਅੱਜ ਦੇ ਯੁੱਗ ਵਿੱਚ ਲੜਕੀਆਂ ਦਾ ਆਤਮ ਨਿਰਭਰ ਹੋਣਾ ਬਹੁਤ ਹੀ ਜਰੂਰੀ ਹੋ ਗਿਆ ਹੈ। ਤੰਗ ਸੋਚਾਂ ਦੀ ਦਹਿਲੀਜ਼ ਨੂੰ ਲੰਘ ਕੇ ਆਪਣੀ ਕਾਬਲੀਅਤ, ਸੋਚ, ਮਿਹਨਤ, ਲਗਨ ਅਤੇ ਦ੍ਰਿੜ ਇਰਾਦੇ ਨਾਲ ਆਪਣੇ ਪੈਰਾਂ ਤੇ ਖੜਨਾ ਇੱਕ ਨੇਕ ਨੀਅਤ ਵਾਲੀ ਲੜਕੀ ਵਾਸਤੇ ਕਿਸੇ ਮਨੋਰਥ ਤੋਂ ਘੱਟ ਕੇ ਨਹੀਂ ਹੈ।ਲੜਕੀਆ ਦੇ ਮਨਾਂ ਵਿੱਚ ਆਤਮ-ਨਿਰਭਰਤਾ ਹੀ ਨਹੀਂ ਸਗੋਂ ਆਤਮ ਵਿਸ਼ਵਾਸ ਵੀ ਸਖਤ ਮਿਹਨਤ ਨਾਲ ਪ੍ਰਾਪਤ ਕੀਤੀ ਇੱਕ ਵੱਡਮੁੱਲੀ ਕਮਾਈ ਹੈ।ਇਸ ਵੱਡਮੁੱਲੀ ਕਮਾਈ ਨੂੰ ਆਪਣੀ ਸਖਤ ਮਿਹਨਤ ਨਾਲ ਬਹੁਤ ਹੀ ਵੱਡੇ ਉਪਰਾਲੇ ਨਾਲ ਪ੍ਰਾਪਤ ਕੀਤਾ ਹੈ, ਇੱਕ ਗਰੀਬ ਤੇ ਮਿਹਨਤੀ ਪਰਿਵਾਰ ਵਿੱਚ ਪੈਦਾ ਹੋਈ ਬੇਟੀ ਮੁਸਕਾਨ ਨੇ। ਮੁਸਕਾਨ ਦੇ ਪਿਤਾ ਡਾਕਟਰ ਚਰਨਜੀਤ ਸਿੰਘ ਸੱਲ੍ਹਾਂ ਇਲਾਕੇ ਵਿੱਚ ਇੱਕ ਨਾਮਵਰ ਸਖਸ਼ੀਅਤ ਹਨ। ਡਾਕਟਰ ਚਰਨਜੀਤ ਸਿੰਘ ਸੱਲ੍ਹਾਂ 1993-1994 ਵਿੱਚ ਬ੍ਰੇਨ ਹੈਮਰੇਜ ਦੇ ਅਟੈਕ ਨਾਲ ਪੀੜਤ ਹੋ ਗਏ ਸਨ। ਘਰ ਦੇ ਹਾਲਾਤ ਤੇ ਪੈਸੇ ਦਾ ਨਾ ਹੋਣਾ ਇਸ ਪਰਿਵਾਰ ਲਈ ਕਿਸੇ ਸ਼ਰਾਪ ਤੋਂ ਘੱਟ ਨਹੀਂ ਸੀ। ਡਾਕਟਰ ਚਰਨਜੀਤ ਸਿੰਘ ਸਮਾਂ ਪਾ ਕੇ ਬਿਮਾਰੀ ਤੋਂ ਜਦੋਂ ਉੱਭਰੇ ਤਾਂ RMP ਡਾਕਟਰ ਵਜੋਂ ਪਿੰਡ ਵਿੱਚ ਹੀ ਸੇਵਾ ਕਰਨ ਲੱਗ ਪਏ। ਜਿਸ ਨਾਲ ਪਰਿਵਾਰ ਦੀ ਰੋਟੀ ਦਾ ਜੁਗਾੜ ਬਣ ਗਿਆ। ਵੱਧਦੀ ਉਮਰ ਤੇ ਸਮੇਂ ਦੀ ਮੰਗ ਮੁਤਾਬਕ ਡਾਕਟਰ ਚਰਨਜੀਤ ਸਿੰਘ ਦਾ ਵਿਆਹ ਸ਼੍ਰੀਮਤੀ ਕੁਲਵਿੰਦਰ ਕੌਰ ਨਾਲ ਕਰ ਦਿੱਤਾ ਗਿਆ। ਵਿਆਹ ਪਿੱਛੋਂ ਦੋਵੇਂ ਪਤੀ-ਪਤਨੀ ਜਿੰਦਗੀ ਦੀ ਨਵੀਂ ਉਡਾਣ ਭਰਨ ਵਿੱਚ ਮਸ਼ਰੂਫ ਹੋ ਗਏ। ਗਰੀਬ ਸਮਾਜ ਦਾ ਦਰਦ ਤੇ ਸੇਵਾ ਲਈ ਹਰ ਸਮੇਂ ਤਿਆਰ ਰਹਿਣ ਵਾਲੇ ਇਸ ਪਰਿਵਾਰ ਨੂੰ ਸਮਾਂ ਪਾ ਕੇ 30 ਜੁਲਾਈ 2003 ਨੂੰ ਇੱਕ ਫੁੱਲਾਂ ਵਰਗੀ ਪੁੱਤਰੀ ਦੀ ਦਾਤ ਪ੍ਰਾਪਤ ਹੋਈ। ਜਿਸ ਦਾ ਨਾਂਅ ਮੁਸਕਾਨ ਰੱਖਿਆ ਗਿਆ। ਪਰਿਵਾਰ ਨੇ ਵਾਹਿਗੁਰੂ ਦਾ ਸ਼ੁਕਰਾਨਾ ਕਰਦਿਆਂ ਬੱਚੀ ਦੀ ਤੰਦਰੁਸਤੀ, ਚੜ੍ਹਦੀ ਕਲਾਂ ਵਾਸਤੇ ਗੁਰੂ ਘਰ ਵਿੱਚ ਅਰਦਾਸਾਂ ਬੇਨਤੀਆਂ ਕੀਤੀਆਂ। ਸਮਾਂ ਪਾ ਕੇ ਜਦੋਂ ਬੱਚੀ ਪੜਨ ਯੋਗ ਹੋਈ ਤਾਂ ਸੱਲ੍ਹ ਕਲਾਂ ਦੇ ਪ੍ਰਾਇਮਰੀ ਸਕੂਲ ਵਿੱਚ ਪੜਨ ਲਗਾ ਦਿੱਤਾ। ਪੰਜਵੀਂ ਤੱਕ ਦੀ ਪੜ੍ਹਾਈ ਪਿੰਡ ਵਿੱਚ ਕਰਨ ਉਪਰੰਤ ਬੱਚੀ ਨੂੰ ਵੱਡੀ ਕਲਾਸ ਵਿੱਚ ਪੜਨ ਲਈ ਨਾਲ ਲੱਗਦੇ ਪਿੰਡ ਗੋਬਿੰਦ ਪੁਰ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਦਾਖਲ ਕਰਵਾ ਦਿੱਤਾ ਗਿਆ। ਖੇਡਾਂ ਵਿੱਚ ਰੁਚੀ ਹੋਣ ਕਰਕੇ ਮੁਸਕਾਨ ਨੇ ਪੜ੍ਹਾਈ ਤੋਂ ਕੁਝ ਸਮਾਂ ਕੱਢ ਕੇ ਸਕੂਲ ਵਿੱਚ "ਵੁਸ਼ੂ" ਖੇਡ ਖੇਡਣੀ ਸ਼ੁਰੂ ਕਰ ਦਿੱਤੀ। ਮੁਸਕਾਨ ਆਪਣੇ ਪਿਤਾ ਵਲੋਂ ਦਿੱਤੀ ਸਿੱਖਿਆ ਮੁਤਾਬਕ ਅੱਗੇ ਤੋਂ ਅੱਗੇ ਹੀ ਵੱਧਦੀ ਜਾ ਰਹੀ ਸੀ, ਤੇ ਹਰ ਦਿਨ ਸਖਤ ਮਿਹਨਤ ਕਰਕੇ ਗੁਜਾਰਨਾ ਉਸਦਾ ਸੁਭਾਅ ਬਣ ਗਿਆ ਸੀ। ਮੁਸਕਾਨ ਵੀ ਆਪਣੇ ਪਿਤਾ ਦੇ ਨਾਮ ਵਾਂਗ ਆਪਣਾ ਨਾਮ ਵੀ ਲੋਕਾਂ ਦੇ ਮੂੰਹੋਂ ਸਤਿਕਾਰ ਨਾਲ ਬੋਲਦਿਆਂ ਸੁਣਨਾ ਚਾਹੁੰਦੀ ਸੀ।ਤੇ ਆਪਣੇ ਮਾਤਾ-ਪਿਤਾ ਦੇ ਨਾਮ ਨੂੰ ਸੂਰਜ ਵਾਂਗ ਚਮਕਾਉਣ ਦੀ ਇੱਛਾ ਰੱਖਦੀ ਸੀ। ਮੁਸਕਾਨ ਦੇ ਪਿਤਾ ਡਾਕਟਰ ਚਰਨਜੀਤ ਸਿੰਘ ਨੂੰ ਅਕਸਰ ਹੀ ਉਸ ਨੂੰ ਮਿਲਣ ਵਾਲੇ ਲੋਕ ਦੱਸਿਆ ਕਰਦੇ ਸਨ ਕਿ ਡਾਕਟਰ ਜੀ ਤੁਹਾਡੀ ਧੀ ਬਹੁਤ ਹੀ ਹੋਣਹਾਰ ਤੇ ਸਮਝਦਾਰ ਹੈ ਜੋ ਇੱਕ ਦਿਨ ਇਸ ਇਲਾਕੇ ਦਾ ਨਾਮ ਰੋਸ਼ਨ ਕਰੇਗੀ।

ਮੁਸਕਾਨ ਦੀ ਇੱਛਾ ਸੀ ਕਿ ਸਕੂਲ ਦੇ ਚਮਕਦੇ ਸਿਤਾਰਿਆਂ ਦੇ ਇਤਿਹਾਸਕ ਦਸਤਾਵੇਜ ਵਿੱਚ ਉਸਦਾ ਨਾਮ ਵੀ ਦਰਜ ਹੋਵੇ। ਇਸੇ ਕਰਕੇ ਮੁਸਕਾਨ ਨੇ ਜਿੰਦਗੀ ਵਿੱਚ ਮਿਲ ਰਹੀਆਂ ਛੋਟੀਆਂ-ਛੋਟੀਆਂ ਜਿੱਤਾਂ ਹਾਰਾਂ ਤੋਂ ਧਿਆਨ ਹਟਾ ਕੇ ਟੀਸੀ ਵਾਲਾ ਬੇਰ ਤੋੜਨ ਵੱਲ ਲਗਾ ਲਿਆ। ਜਦੋਂ ਕਿਤੇ ਮੈਚ ਵਿੱਚ ਜਿੱਤ ਜਾਣਾ ਤੇ ਖੁਸ਼ ਹੋਣਾ ਤੇ ਜਦੋਂ ਹਾਰ ਜਾਣਾ ਪ੍ਰੇਸ਼ਾਨ ਹੋਈ ਮੁਸਕਾਨ ਨੂੰ ਆਂਢ ਗੁਆਂਢ ਦੇ ਪਰਿਵਾਰਾਂ ਨੇ ਆ ਕੇ ਹੌਂਸਲਾ ਦੇਣਾ ਕਿ ਹਾਰਨਾ ਵੀ ਜਰੂਰੀ ਹੈ, ਨਹੀਂ ਤਾਂ ਤੈਨੂੰ ਆਪਣੀਆਂ ਗਲਤੀਆਂ ਦਾ ਅਹਿਸਾਸ ਨਹੀਂ ਹੋਣਾ। ਆਪਣੇ ਪਰਿਵਾਰ ਤੇ ਨਜ਼ਦੀਕੀਆਂ ਦੀਆਂ ਪਿਆਰੀਆਂ ਤੇ ਹੱਲਾਸ਼ੇਰੀ ਭਰੀਆਂ ਗੱਲਾਂ ਸੁਣਕੇ ਮੁਸਕਾਨ ਨੇ ਫਿਰ ਤੋਂ ਜੀਅ ਤੋੜ ਮਿਹਨਤ ਕਰਨੀ। ਆਪਣੇ ਪਰਿਵਾਰ ਤੇ ਆਸ ਪੜੋਸ ਦੇ ਦਿੱਤੇ ਹੌਂਸਲੇ ਨੇ ਮੁਸਕਾਨ ਦੇ ਦਿੱਲ ਵਿੱਚ ਨਵੀਂ ਊਰਜਾ ਭਰ ਦਿੱਤੀ। ਉਸ ਨਵੇਂ ਹੌਂਸਲੇ ਨਾਲ ਮੁਸਕਾਨ ਨਿੱਤ ਨਵੀਆਂ ਮੰਜ਼ਿਲਾਂ ਤਹਿ ਕਰਦੀ ਗਈ। ਤੇ ਫਿਰ ਸ਼ੁਰੂ ਹੋਇਆ ਮੁਸਕਾਨ ਦੀ ਮਿਹਨਤ ਦਾ ਮੁੱਲ ਪੈਣਾ। ਤੇਜ ਗਤੀ ਨਾਲ ਚੱਲ ਰਹੇ ਸਮੇਂ ਦੀ ਰਫਤਾਰ ਨੇ ਮੁਸਕਾਨ ਦੀ ਸਿਰਤੋੜ ਕੀਤੀ ਮਿਹਨਤ ਦਾ ਰੱਜ ਕੇ ਮੁੱਲ ਮੋੜਿਆ। ਮੁਸਕਾਨ ਨੇ UNDER-19 ਵਿੱਚ ਸਕੂਲ ਦੀ ਤਰਫੋਂ ਖੇਲ ਕੇ ਗੋਲਡ ਮੈਡਲ ਜਿੱਤਿਆ। ਇਸ ਜਿੱਤੇ ਮੈਡਲ ਨੇ ਮੁਸਕਾਨ ਦੀ ਸੋਚ ਦਾ ਦਾਇਰਾ ਹੋਰ ਵੱਡਾ ਕਰ ਦਿੱਤਾ। ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੋਬਿੰਦ ਪੁਰ ਵਿੱਚ ਬਾਰ੍ਹਵੀਂ ਜਮਾਤ ਵਿੱਚ ਪੜ੍ਹਦਿਆਂ ਮੁਸਕਾਨ ਦੀ ਸਖਤ ਮਿਹਨਤ ਚਾਰ ਚੁਫੇਰੇ ਰੌਲਾ ਪਾਉਣ ਲੱਗ ਪਈ ਤੇ ਮੁਸਕਾਨ ਨੇ 96% ਫੀਸਦੀ ਨੰਬਰ ਪ੍ਰਾਪਤ ਕੀਤੇ। ਸਕੂਲ ਵਿੱਚ ਪੜ੍ਹਾਈ ਦੌਰਾਨ ਸਕੂਲ ਦਾ ਨਾਮ ਉੱਚਾ ਕਰਨ ਵਾਲੇ ਵਿਦਿਆਰਥੀਆਂ ਦਾ ਫੋਟੋ ਸਕੂਲ ਦੇ ਇਤਿਹਾਸਕ ਦਸਤਾਵੇਜ ਵਿੱਚ ਲੱਗਣਾ ਇੱਕ ਬਹੁਤ ਵੱਡੀ ਉਪਲੱਬਧੀ ਹੁੰਦੀ ਹੈ। ਜਿਸ ਨੂੰ ਮੁਸਕਾਨ ਨੇ ਪ੍ਰਾਪਤ ਕੀਤਾ। ਇਹ ਮੁਸਕਾਨ ਦਾ ਪਹਿਲਾਂ ਸੁਪਨਾ ਸੀ।

10+2 ਦੀ ਪੜ੍ਹਾਈ ਤੋਂ ਬਾਅਦ ਮੁਸਕਾਨ ਦੀ ਲਾਲਸਾ ਹੋਰ ਉੱਚੀ ਵਿੱਦਿਆ ਹਾਸਿਲ ਕਰਨ ਦੀ ਸੀ, ਜਿਸ ਨੂੰ ਪਿਤਾ ਡਾਕਟਰ ਚਰਨਜੀਤ ਸਿੰਘ ਨੇ ਬਾਖੂਬੀ ਪੂਰਾ ਕੀਤਾ। ਮੁਸਕਾਨ ਨੇ BPES ਦੀ ਪੜ੍ਹਾਈ ਕਰਨ ਦੀ ਸੋਚੀ ਤੇ GNA ਯੂਨੀਵਰਸਿਟੀ ਫਗਵਾੜਾ ਵਿੱਚ ਦਾਖਿਲ ਲੈ ਲਿਆ। ਯੂਨੀਵਰਸਿਟੀ ਵਿੱਚ ਮੁਸਕਾਨ ਮਾਤਾ-ਪਿਤਾ ਦਾ ਆਸ਼ੀਰਵਾਦ ਤੇ ਮਿਲ ਰਹੇ ਮੌਕਿਆ ਦਾ ਫਾਇਦਾ ਲੈ ਕੇ ਅੱਗੇ ਵਧਣ ਲੱਗੀ। ਯੂਨੀਵਰਸਿਟੀ ਵਿੱਚ ਮੁਸਕਾਨ ਨੇ "ਵੁਸ਼ੂ" ਖੇਲ ਵਲੋਂ ਧਿਆਨ ਘੱਟ ਕਰਕੇ "ਕਿੱਕ ਬਾਕਸਿੰਗ "ਖੇਲ ਵੱਲ ਜਿਆਦਾ ਧਿਆਨ ਦੇਣਾ ਸ਼ੁਰੂ ਕਰ ਦਿੱਤਾ। ਇਸ ਸਾਰੇ ਵਰਤਾਰੇ ਵਿੱਚ ਮੁਸਕਾਨ ਦਾ ਸਾਥ ਮਨਜੀਤ ਅਕੈਡਮੀ ਗੋਬਿੰਦ ਪੁਰ ਤੇ ਉੱਥੋਂ ਦੇ ਕੋਚ ਮਨਜੀਤ ਸਿੰਘ "ਲੌਂਗੀਆ" ਨੇ ਬੜੀ ਸ਼ਿੱਦਤ ਨਾਲ ਦਿੱਤਾ। ਇਸ ਅਕੈਡਮੀ ਦੇ ਕੋਚ ਨੇ ਮੁਸਕਾਨ ਨੂੰ ਇੱਕ ਆਮ ਲੜਕੀ ਨਾਲ ਮੰਨ ਕੇ ਕੋਹਿਨੂਰ ਹੀਰੇ ਵਾਂਗ ਤਰਾਸ਼ਿਆ। ਪਹਿਲੇ ਦੋ ਸਾਲਾਂ ਦੀ ਸਖਤ ਮਿਹਨਤ ਵਿੱਚ ਮੁਸਕਾਨ ਨੇ ਬਲਾਕ ਪੱਧਰ, ਜਿਲ੍ਹਾ ਪੱਧਰ, ਸੂਬਾ ਪੱਧਰ ਤੇ ਫਿਰ ਨੈਸ਼ਨਲ ਪੱਧਰ ਤੇ ਖੇਲ ਕੇ ਲਗਾਤਾਰ ਚਾਰ ਗੋਲਡ ਮੈਡਲ ਜਿੱਤ ਕੇ ਯੂਨਵਰਸਿਟੀ ਦੇ ਇਤਿਹਾਸਕ ਦਸਤਾਵੇਜ ਵਿੱਚ ਵੀ ਆਪਣਾ ਨਾਮ ਸਨਿਹਰੇ ਅੱਖਰਾਂ ਵਿੱਚ ਦਰਜ ਕਰਵਾ ਕੇ ਮਾਣ ਪ੍ਰਾਪਤ ਕੀਤਾ। ਮਨਜੀਤ ਅਕੈਡਮੀ ਦੇ ਮਾਲਕ ਤੇ ਮੁਸਕਾਨ ਦੇ ਕੋਚ ਮਨਜੀਤ ਸਿੰਘ ਨੇ ਦੱਸਿਆ ਕਿ ਮੁਸਕਾਨ ਨੇ ਖੇਲ ਵਿੱਚ ਕਦੀ ਵੀ ਨਿਰਾਸ਼ ਨਹੀਂ ਕੀਤਾ, ਸਗੋਂ ਸਾਡੀ ਸੋਚ ਨਾਲੋਂ ਵੀ ਹਰ ਵਾਰੀ ਵਧੀਆ ਪ੍ਰਦਰਸ਼ਨ ਕੀਤਾ।ਇਸ ਬੱਚੀ ਨੇ ਸਾਡੀ ਅਕੈਡਮੀ ਦੇ ਨਾਮ ਨਾਲ ਕੋਈ ਧੱਬਾ ਨਹੀਂ ਲੱਗਣ ਦਿੱਤਾ, ਅਸੀਂ ਮਾਣ ਕਰਦੇ ਹਾਂ ਕਿ ਇਹ ਬੱਚੀ ਸਾਡੀ ਅਕੈਡਮੀ ਦਾ ਨਾਮ ਰੋਸ਼ਨ ਕਰਨ ਵਿੱਚ ਸਹਾਈ ਹੋਈ। ਕੋਚ ਮਨਜੀਤ ਅਕੈਡਮੀ ਨੇ ਦੱਸਿਆ ਕਿ ਆਪਣੀ ਸਖਤ ਮਿਹਨਤ ਦੇ ਦਮ ਤੇ ਮੁਸਕਾਨ ਨੇ ਇੱਕ ਅਜਿਹਾ ਮੁਕਾਮ ਹਾਸਿਲ ਕਰ ਲਿਆ ਹੈ ਜੋ ਹਰ ਇੱਕ ਨੂੰ ਨਸੀਬ ਨਹੀਂ ਹੁੰਦਾ। ਮਨਜੀਤ ਸਿੰਘ ਲੌਂਗੀਆ ਨੇ ਦੱਸਿਆ ਕਿ "ਵਾਕੋ ਇੰਡੀਆ ਕਿੱਕ ਬਾਕਸਿੰਗ ਫੈਡਰੇਸ਼ਨ" ਵਲੋਂ ਦਿੱਲੀ ਵਿਖੇ ਨੈਸ਼ਨਲ ਪੱਧਰ ਤੇ ਖੇਡਦਿਆਂ ਹੋਇਆ ਗੋਲਡ ਮੈਡਲ ਜਿੱਤਿਆ, ਤੇ ਆਪਣਾ ਨਾਮ ਦੇਸ਼ ਦੇ ਨਕਸ਼ੇ ਤੇ ਉਭਾਰਿਆ। ਇਸ ਦੀ ਬਦੌਲਤ ਮੁਸਕਾਨ ਨੂੰ ਅੰਤਰ ਰਾਸ਼ਟਰੀ ਪੱਧਰ ਥਾਈਲੈਂਡ (ਬੈਂਕਾਕ) ਵਿੱਚ ਖੇਲਣ ਦਾ ਅਹਿਮ ਮੌਕਾ ਮਿਲ ਗਿਆ।

ਇਸ ਸਾਰੇ ਘਟਨਾਕ੍ਰਮ ਦੇ ਪਿੱਛੇ ਮਾਤਾ-ਪਿਤਾ, ਐਨ ਆਰ ਆਈ ਤੇ ਡਾਕਟਰ ਚਰਨਜੀਤ ਸਿੰਘ ਦੇ ਦੋਸਤਾ ਮਿੱਤਰਾਂ ਦਾ ਬਹੁਤ ਯੋਗਦਾਨ ਹੈ। ਘਰ ਦੀ ਗਰੀਬੀ ਤੇ ਡਾਕਟਰ ਚਰਨਜੀਤ ਸਿੰਘ ਦੀ ਜੇਬ ਮੁਸਕਾਨ ਦੇ ਅੰਤਰ-ਰਾਸ਼ਟਰੀ ਪੱਧਰ ਤੇ ਖੇਡਣ ਵਿੱਚ ਬਹੁਤ ਵੱਡਾ ਅੜਿੱਕਾ ਬਣ ਰਹੀ ਸੀ। ਇਸ ਅੜਿੱਕੇ ਨੂੰ ਦੂਰ ਕਰਨ ਲਈ ਡਾਕਟਰ ਚਰਨਜੀਤ ਸਿੰਘ ਆਪਣੀ ਬੇਟੀ ਮੁਸਕਾਨ ਨੂੰ ਨਾਲ ਐ ਕੇ ਪਹਿਲਾਂ SDM ਦਫਤਰ ਬੰਗਾ ਵਿਖੇ ਆਪਣੀ ਫਰਿਆਦ ਲੈ ਕੇ ਗਏ ਜਿੱਥੋਂ ਥੋੜੀ ਉਮੀਦ ਸੀ ਕਿ SDM ਸਾਹਿਬ ਸਰਕਾਰ ਵਲੋਂ ਕੋਈ ਮੱਦਦ ਕਰਵਾ ਦੇਣਗੇ। ਪਰ ਅਫਸੋਸ ਬੱਚੀ ਜਨਰਲ ਵਰਗ ਦੀ ਨਾਂ ਹੋ ਕੇ ਗਰੀਬ ਤੇ ਦਲਿਤ ਪਰਿਵਾਰ ਤੋਂ ਸੀ, ਸੋ ਖਾਲੀ ਝੋਲੀ ਲੈ ਕੇ ਵਾਪਸ ਆ ਗਏ। ਇਸ ਤੋਂ ਬਾਅਦ ਬੇਟੀ ਦੇ ਵਿਦੇਸ਼ ਦੀ ਧਰਤੀ ਤੇ ਖੇਡਣ ਦੀ ਇੱਛਾ ਨੇ ਪਿਤਾ ਨੂੰ ਫਿਰ ਕੁੱਝ ਕਰਨ ਲਈ ਮਜਬੂਰ ਕਰ ਦਿੱਤਾ। ਡਾਕਟਰ ਚਰਨਜੀਤ ਸਿੰਘ ਫਿਰ ਧਛ ਦਫਤਰ ਨਵਾਂਸ਼ਹਿਰ ਆਪਣੀ ਫਰਿਆਦ ਲੈ ਕੇ ਪਹੁੰਚ ਗਏ। ਮਾਨਯੋਗ DC ਸਾਹਿਬ ਨੇ ਬਹੁਤ ਧਿਆਨ ਨਾਲ ਗੱਲਬਾਤ ਸੁਣੀ। ਪਰ ਕੁਝ ਕਰਨ ਵਿੱਚ ਆਪਣੀ ਅਸਮਰੱਥਾ ਜਾਹਰ ਕੀਤੀ ਤੇ ਕੋਈ ਮੱਦਦ ਨਾ ਕੀਤੀ।

ਡਾਕਟਰ ਚਰਨਜੀਤ ਸਿੰਘ ਬੇਟੀ ਵਾਸਤੇ ਹਰ ਹੀਲਾ ਅਪਨਾਉਣ ਲਈ ਤਿਆਰ ਬਰ ਤਿਆਰ ਬੈਠੇ ਸਨ। ਸਰਕਾਰੇ ਦਰਬਾਰੇ ਤੋਂ ਨਿਰਾਸ਼ ਹੋ ਕੇ ਡਾਕਟਰ ਚਰਨਜੀਤ ਸਿੰਘ ਨੇ ਆਪਣੇ ਵਟਸੈਪ ਤੇ ਇੱਕ ਅਪੀਲ ਰੂਪੀ ਸੁਨੇਹਾ ਲਿਖ ਕੇ ਬੱਚੀ ਦੇ ਵਿਦੇਸ਼ ਵਿੱਚ ਖੇਡਣ ਵਾਰੇ ਆਮ ਜਨਤਾ ਨੂੰ ਅਪੀਲ ਕੀਤੀ। ਜੋ ਵੀ ਆਦਮੀ ਡਾਕਟਰ ਸਾਹਿਬ ਦਾ ਲਿਖਿਆ ਮੈਸੇਜ ਪੜਦਾ ਉਸ ਨੂੰ ਅੱਗੇ ਵੀ ਭੇਜ ਦਿੰਦਾ। ਇਲਾਕੇ ਦੇ ਨਾਮਚੀਨ NRI ਲੋਕਾਂ ਨੇ ਜਦੋਂ ਹੋਣਹਾਰ ਬੱਚੀ ਦੇ ਲਈ ਆਈ ਅਪੀਲ ਨੂੰ ਪੜਿਆ ਤੋਂ ਤੜਫ ਉੱਠੇ ਤੇ ਆਪਣੇ ਤੌਰ ਤੇ ਸਹਿਯੋਗ ਕਰਨ ਲਈ ਅੱਗੇ ਆਉਣ ਲੱਗ ਪਏ। ਜਿਨ੍ਹਾਂ ਵਿੱਚ ਸਤਿਕਾਰ ਯੋਗ ਪਿੰਡ ਸੱਲ੍ਹ ਕਲਾਂ ਦੇ ਸਾਬਕਾ ਸਰਪੰਚ ਸ੍ਰੀ ਮਿਲਖਾ ਸਿੰਘ, ਅਸ਼ੋਕ ਕੁਮਾਰ ਬੰਗਾਲ, ਸੁਖਵਿੰਦਰ ਸਿੰਘ, ਹਰਪ੍ਰੀਤ ਕੌਰ, ਸੁਸ਼ਮਾ ਰਾਣੀ, ਜਗੀਰ ਕੌਰ ਸੈਲਾ, ਕੁਲਵਿੰਦਰ ਕੁਮਾਰ ਗੋਬਿੰਦ ਪੁਰ, ਸੁਖਮਿੰਦਰ ਸਿੰਘ ਗਰਚਾ, ਸੁੱਖਾ ਸਿੰਘ ਗਰਚਾ, ਮੈਡਮ ਸੁਖਵਿੰਦਰ ਕੌਰ, ਡਾਕਟਰ ਕਸ਼ਮੀਰ ਚੰਦ, ਜਰਨੈਲ ਸਿੰਘ ਬਾਲੋਂ, ਮੈਡੀਕਲ ਪ੍ਰੈਕਟਿਸਨਰ ਐਸੋਸੀਏਸ਼ਨ ਬੰਗਾ ਯੂਨਿਟ, ਸਹਾਰਾ ਇੰਡੀਆ ਬ੍ਰਾਂਚ ਬੰਗਾ ਵਲੋਂ ਬੱਚੀ ਮੁਸਕਾਨ ਦੀ ਮਦਦ ਲਈ ਉੱਠੇ ਹੱਥਾਂ ਨੇ ਮੁਸਕਾਨ ਦੀ ਮਾਯੂਸੀ ਨੂੰ ਦੂਰ ਕਰ ਦਿੱਤਾ। ਹੁਣ ਮੁਸਕਾਨ 10 ਦਸੰਬਰ ਤੋਂ ਸ਼ੁਰੂ ਹੋ ਰਹੀਆ ਖੇਲਾਂ ਵਿੱਚ ਜਰੂਰ ਪਹੁੰਚ ਸਕੇਗੀ।

ਇਸ ਨੂੰ ਸਰਕਾਰ ਦੀ ਨਲਾਇਕੀ ਕਹੀਏ ਜਾਂ ਇਸ ਦੇਸ਼ ਦੀ ਬਦਕਿਸਮਤੀ ਇੱਕ ਹੋਣਹਾਰ ਬੱਚੀ ਜੋ ਦੇਸ਼ ਲਈ ਖੇਲ ਕੇ ਆਪਣੀ ਕਾਬਲੀਅਤ ਸਾਬਤ ਕਰਨਾ ਚਾਹੁੰਦੀ ਹੈ। ਉਸ ਨੂੰ ਸਰਕਾਰ ਵਲੋਂ ਕੋਈ ਮੱਦਦ ਨਾਂ ਕਰਕੇ ਸਰਕਾਰ ਕੀ ਸਖਤ ਕਰਨਾ ਚਾਹੁੰਦੀ ਹੈ।

ਸਰਕਾਰਾਂ ਦੀ ਇਸ ਤਰ੍ਹਾਂ ਦੀ ਅਪਣਾਈ ਬੇਰੁਖੀ ਬੱਚਿਆਂ ਦਾ ਮਨੋਬਲ ਹੀ ਤੋੜੇਗੀ। ਕਾਬਲ ਬੱਚਿਆਂ ਦੀ ਮਦਦ ਸਰਕਾਰਾਂ ਨੂੰ ਪਹਿਲ ਦੇ ਅਧਾਰ ਤੇ ਕਰਨੀ ਚਾਹੀਦੀ ਹੈ, ਨਾ ਕਿ ਇਸ ਤਰ੍ਹਾਂ ਕਰਨਾ ਚਾਹੀਦਾ ਹੈ।

## ਡਾਕਟਰ ਚਰਨਜੀਤ ਸਿੰਘ ਵਾਰੇ ਦੋ ਸ਼ਬਦ

ਡਾਕਟਰ ਚਰਨਜੀਤ ਸਿੰਘ ਇੱਕ ਬੇਹੱਦ ਸ਼ਰੀਫ ਤੇ ਇਮਾਨਦਾਰ ਇਨਸਾਨ ਵਜੋਂ ਆਮ ਲੋਕਾਂ ਵਿੱਚ ਹਰਮਨ ਪਿਆਰੇ ਹਨ। ਆਪਣੀ ਮਿਹਨਤ ਤੇ ਹੱਕ ਦੀ ਕਮਾਈ ਕਰਕੇ ਖਾਣਾ ਇਹਨਾਂ ਦਾ ਬੇਸ਼ਕੀਮਤੀ ਸ਼ੌਂਕ ਹੈ। ਸਾਰਾ ਪਿੰਡ ਡਾਕਟਰ ਸਾਹਿਬ ਨੂੰ ਬਹੁਤ ਹੀ ਪਿਆਰ ਕਰਦਾ ਹੈ। ਮਿਸ਼ਾਲ ਦੇ ਤੌਰ ਤੇ ਪਿੰਡ ਵਿੱਚ ਨੰਬਰਦਾਰ ਦੀ ਪੋਸਟ ਖਾਲੀ ਹੋ ਗਈ, ਤਾਂ ਡਾਕਟਰ ਸਾਹਿਬ ਲੋਕਾਂ ਦੇ ਘਰ-ਘਰ ਜਾ ਕੇ ਨੰਬਰਦਾਰ ਲਈ ਫਾਰਮ ਭਰਨ ਵਾਸਤੇ ਮਨਾਉਂਦੇ ਰਹੇ। ਤੇ ਕਹਿੰਦੇ ਸੀ ਤੁਸੀਂ ਫਾਰਮ ਭਰੋ ਕੋਈ ਮੁਕਾਬਲੇ ਚ ਨਹੀਂ ਖੜੇਗਾ। ਪਰ ਕੋਈ ਨਹੀਂ ਮੰਨਿਆਂ ਜਿਵੇਂ ਲੋਕਾਂ ਨੇ ਪਹਿਲਾਂ ਹੀ ਫੈਂਸਲਾ ਕਰ ਰੱਖਿਆ ਹੋਵੇ ਕਿ ਡਾਕਟਰ ਸਾਹਿਬ ਤੁਹਾਡੇ ਲਈ ਹੀ ਇਹ ਸੀਟ ਉਪਲੱਬਧ ਹੈ ਹੋਰ ਕੋਈ ਫਾਰਮ ਨਹੀਂ ਭਰੇਗਾ।ਹੋਇਆ ਵੀ ਇਸੇ ਤਰ੍ਹਾ ਡਾਕਟਰ ਸਾਹਿਬ ਦੇ ਮੁਕਾਬਲੇ ਕਿਸੇ ਨੇ ਵੀ ਫਾਰਮ ਨਹੀਂ ਭਰਿਆ।ਇਹ ਵਰਤਾਓ ਸਿਰਫ ਹਰਮਨ ਪਿਆਰੇ ਚਿਹਰੇ ਨਾਲ ਹੀ ਹੋ ਸਕਦਾ ਹੈ। ਕਾਲਜ ਦੀ ਪੜ੍ਹਾਈ ਦੌਰਾਨ ਡਾਕਟਰ ਚਰਨਜੀਤ ਸਿੰਘ ਨੂੰ ਬ੍ਰੇਨ ਹੈਮਰੇਜ ਦਾ ਅਟੈਕ ਹੋ ਗਿਆ, ਇਲਾਜ ਲਈ ਫਘੀ ਦਾਖਲ ਕਰਾਉਣਾ ਪਿਆ।ਡਾਕਟਰ ਚਰਨਜੀਤ ਸਿੰਘ ਦੇ ਇਲਾਜ ਵਾਸਤੇ ਪਰਿਵਾਰ ਕੋਲ ਕੋਈ ਵੱਡੀ ਪੂੰਜੀ ਨਹੀਂ ਸੀ ਜੋ ਸੀ ਉਹ ਲੱਗ ਗਈ। ਇਲਾਜ਼ ਵਾਸਤੇ ਉਸ ਸਮੇਂ ਵੀ ਪਿੰਡ ਦੇ੍ਹੀ ਲੋਕਾਂ ਤੇ ਕਾਲਜ ਵਿੱਚ ਨਾਲ ਪੜਦੇ ਸਾਥੀਆਂ ਨੇ ਪੈਸੇ ਇਕੱਠੇ ਕਰਕੇ ਇਲਾਜ ਕਰਵਾਇਆ।ਜੋ ਡਾਕਟਰ ਸਾਹਿਬ ਨੂੰ ਅੱਜ ਵੀ ਸਾਰਾ ਯਾਦ ਹੈ।

# ਨਵ-ਨਿਯੁਕਤ ਐਸ. ਐਮ. ਓ ਡਾ. ਲੈਂਬਰ ਰਾਮ ਨਾਲ ਜੋਗਿੰਦਰ ਸਿੰਘ ਮਾਨ ਨੇ ਕੀਤੀ ਮੁਲਾਕਾਤ

ਫਗਵਾੜਾ 4 ਦਸੰਬਰ (ਬੀ.ਕੇ.ਰੱਤੂ) ਆਮ ਆਦਮੀ ਪਾਰਟੀ ਦਾ ਇੱਕ ਵਫਦ ਸੀਨੀਅਰ ਆਗੂ ਅਤੇ ਪਾਰਟੀ ਦੇ ਸਰਕਲ ਇੰਚਾਰਜ ਜੋਗਿੰਦਰ ਸਿੰਘ ਮਾਨ ਦੀ ਅਗਵਾਈ ਹੇਠ ਨਵ-ਨਿ-ਯੁਕਤ ਐਸ.ਐਮ.ਓ. ਲੈਂਬਰ ਰਾਮ ਨੂੰ ਮਿਲਿਆ। ਇਸ ਦੌਰਾਨ ਜੋਗਿੰਦਰ ਸਿੰਘ ਮਾਨ ਨੇ ਡਾ. ਲੈਂਬਰ ਰਾਮ ਨੂੰ ਫਗਵਾੜਾ ਵਿਖੇ ਬਤੌਰ ਸੀਨੀਅਰ ਮੈਡੀਕਲ ਅਫਸਰ ਚਾਰਜ ਸੰਭਾਲਣ 'ਤੇ ਸ਼ੁੱਭ ਇੱਛਾਵਾਂ ਦਿੱਤੀਆਂ। ਡਾ: ਲੈਂਬਰ ਰਾਮ ਨੇ ਉਨ੍ਹਾਂ ਨੂੰ ਵਿਸ਼ਵਾਸ ਦੁਵਾਇਆ ਕਿ ਉਨ੍ਹਾਂ ਦੀ ਪਹਿਲ ਹੋਵੇਗੀ ਕਿ ਸਰਕਾਰੀ ਹਸਪਤਾਲ ਵਿਚ ਆਮ ਜਨਤਾ ਨੂੰ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਡਿਸਪੈਂਸਰੀ ਵਿੱਚ ਸਾਰੀਆਂ ਲੋੜੀਂਦੀਆਂ ਦਵਾਈਆਂ ਅਤੇ ਸਟਾਫ ਨੂੰ ਆਪਣੀ ਡਿਊਟੀ ਪ੍ਰਤੀ



ਇਮਾਨਦਾਰ ਰਹਿਣਾ ਯਕੀਨੀ ਬਣਾਈਆਂ ਜਾਵੇਗਾ। ਜੋਗਿੰਦਰ ਸਿੰਘ ਮਾਨ ਨੇ ਵੀ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਸਿਹਤ ਵਿਭਾਗ ਅਤੇ ਪੰਜਾਬ ਸਰਕਾਰ ਵੱਲੋਂ ਹਸਪਤਾਲ ਵਿੱਚ ਸਾਰੇ ਲੋੜੀਂਦੇ ਪ੍ਰਬੰਧ ਯਕੀਨੀ ਬਣਾਏ ਜਾਣਗੇ। ਇਸ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮਾਨ ਨੇ ਕਿਹਾ ਕਿ ਡਾ: ਲੈਂਬਰ ਰਾਮ ਇਸ ਤੋਂ ਪਹਿਲਾਂ ਵੀ ਫਗਵਾੜਾ ਵਿਖੇ ਐਸ.ਐਮ.ਓ ਵਜੋਂ ਬਿਹਤਰੀਨ ਸੇਵਾਵਾਂ ਦੇ ਚੁੱਕੇ ਹਨ। ਉਨ੍ਹਾਂ ਵਿਸ਼ਵਾਸ ਪ੍ਰਗਟਾਇਆ ਕਿ ਸਿਵਲ ਹਸਪਤਾਲ ਫਗਵਾੜਾ ਵਿਖੇ ਇਲਾਜ ਲਈ ਆਉਣ ਵਾਲੇ ਮਰੀਜ਼ਾਂ ਅਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਨੂੰ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਹੀਂ ਕਰਨਾ ਪਵੇਗਾ। ਇਸ ਮੌਕੇ 'ਆਪ' ਦੇ ਸੀਨੀਅਰ ਆਗੂ ਹਰਮੇਸ਼ ਪਾਠਕ, ਪ੍ਰਿਤਪਾਲ ਕੌਰ ਤੁਲੀ, ਜੀਤਦਾਸ, ਰਾਜੇਸ਼ ਕੌਲਸਰ, ਗੁਰਦੀਪ ਸਿੰਘ ਤੁਲੀ, ਸੌਰਵ ਹਾਂਡਾ, ਮੰਗਤ ਸਿੰਘ, ਰਵਿੰਦਰ ਸਿੰਘ ਪੀ.ਏ. ਆਦਿ ਹਾਜ਼ਰ ਸਨ।

### 10 ਦਸੰਬਰ ਲਈ ਮਨੁੱਖੀ ਅਧਿਕਾਰ ਦਿਵਸ ਸਬੰਧੀ ਵਿਸ਼ੇਸ਼

# ਅੰਤਰਰਾਸ਼ਟਰੀ ਪੱਧਰ ਤੇ ਮਨੁੱਖੀ ਅਧਿਕਾਰਾਂ ਦੀ ਸਥਿਤੀ ਨੂੰ ਲੈ ਕੇ ਅਕਸਰ ਹੀ ਭਾਰਤ ਦੀ ਆਲੋਚਨਾ ਹੁੰਦੀ ਹੈ



ਕੁਲਦੀਪ ਚੰਦ
91-9417563054

ਅੱਜ 10 ਦਸੰਬਰ ਦਾ ਦਿਨ ਮਨੁਖੀ ਅਧਿਕਾਰ ਦਿਵਸ ਵਜੋਂ ਮਨਾਇਆ ਜਾ ਰਿਹਾ ਹੈ ਅਤੇ ਇਸ ਸਬੰਧੀ ਵਿਸ਼ਵ ਭਰ ਵਿੱਚ ਸਰਕਾਰੀ ਅਤੇ ਗੈਰ ਸਰਕਾਰੀ ਪੱਧਰ ਤੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ। ਮਨੁਖੀ ਅਧਿਕਾਰਾਂ ਦੀ ਸੁਰੱਖਿਆ ਲਈ ਸੰਯੁਕਤ ਰਾਸ਼ਟਰ ਨੇ 1948 ਵਿੱਚ ਮਨੁਖੀ ਅਧਿਕਾਰਾਂ ਦੀ ਘੋਸ਼ਣਾ ਕੀਤੀ ਅਤੇ ਇਸ ਸਬੰਧੀ 04 ਦਸੰਬਰ, 1950 ਨੂੰ ਸੰਯੁਕਤ ਰਾਸ਼ਟਰ ਜਨਰਲ ਦੀ 317ਵੀਂ ਅਸੈਂਬਲੀ ਵਿੱਚ ਮਤਾ ਨੰਬਰ 423 (5) ਪਾਸ ਕੀਤਾ ਗਿਆ ਅਤੇ ਉਸਤੋਂ ਬਾਦ ਹਰ ਸਾਲ 10 ਦਸੰਬਰ ਦਾ ਦਿਨ ਮਨੁਖੀ ਅਧਿਕਾਰ ਦਿਵਸ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। 10 ਦਸੰਬਰ, 2008 ਨੂੰ ਮਨੁਖੀ ਅਧਿਕਾਰਾਂ ਲਈ ਪਾਸ ਮਤੇ ਦੇ 60 ਸਾਲ ਮੁੰਕਮਲ ਹੋਣ ਤੇ ਸੰਯੁਕਤ ਰਾਸ਼ਟਰ ਦੇ ਸੈਕਟਰੀ ਜਨਰਲ ਨੇ ਪੂਰਾ ਸਾਲ ਚੱਲਣ ਵਾਲੀ ਮੁਹਿੰਮ ਦੀ ਸ਼ੁਰੂਆਤ ਕੀਤੀ ਸੀ। ਮਨੁੱਖੀ ਅਧਿਕਾਰਾਂ ਦਾ ਵਿਸ਼ਵਵਿਆਪੀ ਘੋਸ਼ਣਾ ਪੱਤਰ ਬੁਨਿਆਦੀ ਅਧਿਕਾਰਾਂ ਅਤੇ ਆਜ਼ਾਦੀਆਂ ਦੀ ਇੱਕ ਵਿਸ਼ਾਲ ਸ਼੍ਰੇਣੀ ਨਿਰਧਾਰਤ ਕਰਦਾ ਹੈ ਜਿਸ ਦੇ ਅਸੀਂ ਸਾਰੇ ਹੱਕਦਾਰ ਹਾਂ। ਇਹ ਕੌਮੀਅਤ, ਨਿਵਾਸ ਸਥਾਨ, ਲਿੰਗ, ਰਾਸ਼ਟਰੀ ਜਾਂ ਨਸਲੀ ਮੂਲ, ਧਰਮ, ਭਾਸ਼ਾ, ਜਾਂ ਕਿਸੇ ਹੋਰ ਸਥਿਤੀ ਦੇ ਅਧਾਰ ਤੇ ਭੇਦਭਾਵ ਕੀਤੇ ਬਿਨਾਂ ਹਰ ਵਿਅਕਤੀ ਦੇ ਅਧਿਕਾਰਾਂ ਦੀ ਗਰੰਟੀ ਦਿੰਦਾ ਹੈ। ਘੋਸ਼ਣਾ ਪੱਤਰ ਵਿੱਚ ਨਿਰਧਾਰਿਤ ਬੁਨਿਆਦੀ ਮਨੁੱਖੀ ਅਧਿਕਾਰਾਂ ਤੇ ਸੰਯੁਕਤ ਰਾਸ਼ਟਰ ਦੇ ਸਾਰੇ ਮੈਂਬਰ ਦੇਸ਼ਾਂ ਦੀ ਆਮ ਸਹਿਮਤੀ ਇਸ ਨੂੰ ਹੋਰ ਵੀ ਮਜ਼ਬੂਤ ਬਣਾਉਂਦੀ ਹੈ ਅਤੇ ਸਾਡੇ ਰੋਜ਼ਾਨਾ ਜੀਵਨ ਵਿੱਚ ਮਨੁੱਖੀ ਅਧਿਕਾਰਾਂ ਦੀ ਸਾਰਥਕਤਾ ਤੇ ਜ਼ੋਰ ਦਿੰਦੀ ਹੈ। ਮਨੁੱਖੀ ਅਧਿਕਾਰਾਂ ਲਈ ਹਾਈ ਕਮਿਸ਼ਨਰ, ਸੰਯੁਕਤ ਰਾਸ਼ਟਰ ਅਧਿਕਾਰਾਂ ਦੇ ਮੁੱਖ ਅਧਿਕਾਰੀ ਵਜੋਂ, ਅਤੇ ਹਾਈ ਕਮਿਸ਼ਨਰ ਦਾ ਦਫ਼ਤਰ ਮਨੁੱਖੀ ਅਧਿਕਾਰ ਦਿਵਸ ਦੇ ਸਾਲਾਨਾ ਆਯੋਜਨ ਲਈ ਯਤਨਾਂ ਦਾ ਤਾਲਮੇਲ ਕਰਨ ਵਿੱਚ ਇੱਕ ਪ੍ਰਮੁੱਖ ਭੂਮਿਕਾ ਨਿਭਾਉਂਦਾ ਹੈ। ਮਨੁੱਖੀ ਅਧਿਕਾਰਾਂ ਦੇ ਵਿਸ਼ਵਵਿਆਪੀ ਐਲਾਨ-ਨਾਮੇ ਦੀ 75ਵੀਂ ਵਰ੍ਹੇਗੰਢ 10 ਦਸੰਬਰ 2023 ਨੂੰ ਮਨਾਈ ਜਾਵੇਗੀ। ਇਸ ਮੀਲ ਪੱਥਰ ਦੇ ਜਸ਼ਨ ਤੋਂ ਪਹਿਲਾਂ 10 ਦਸੰਬਰ 2022 ਨੂੰ ਇਸ ਸਾਲ ਦੇ ਮਨੁੱਖੀ ਅਧਿਕਾਰ ਦਿਵਸ ਤੋਂ ਸ਼ੁਰੂ ਹੋ ਕੇ ਵਿਸ਼ਵਵਿਆਪੀ ਮਨੁੱਖੀ ਅਧਿਕਾਰਾਂ ਦੀ ਘੋਸ਼ਣਾ ਨੂੰ ਫੋਕਸ ਕਰਕੇ ਦਿਖਾਉਣ ਲਈ ਇੱਕ ਸਾਲ ਭਰ ਚੱਲਣ ਵਾਲੀ ਮੁਹਿੰਮ ਸ਼ੁਰੂ ਕੀਤੀ ਜਾ ਰਹੀ ਹੈ। ਇਸ ਸਾਲ ਲਈ ਮਨੁਖੀ ਅਧਿਕਾਰ ਦਿਵਸ ਸਬੰਧੀ ਮੁੱਖ ਉਦੇਸ਼ " ਸਭ ਲਈ ਮਾਣ, ਆਜ਼ਾਦੀ ਅਤੇ ਨਿਆਂ ਹੈ ਅਤੇ ਕਾਰਵਾਈ ਕਰਨ ਦਾ ਸੱਦਾ ਹੈ।'' ਮਨੁੱਖੀ ਅਧਿਕਾਰ ਦਿਵਸ ਦਾ ਉਦੇਸ਼ ਬਰਾਬਰਤਾ ਅਤੇ ਵਿਸ਼ਵ ਵਿਆਪੀ ਮਨੁੱਖੀ ਅਧਿਕਾਰਾਂ ਦੀ ਘੋਸ਼ਣਾਦੇ ਆਰਟੀਕਲ 01 ਨਾਲ ਸਬੰਧਤ ਹੈ ਜਿਸ ਅਨੁਸਾਰ ਸਾਰੇ ਮਨੁੱਖ ਆਜ਼ਾਦ ਅਤੇ ਬਰਾਬਰ ਸਨਮਾਨ ਅਤੇ ਅਧਿਕਾਰਾਂ ਨਾਲ ਹੀ ਪੈਦਾ ਹੁੰਦੇ ਹਨ। ਸਮਾਨਤਾ ਅਤੇ ਗੈਰ-ਵਿਤਕਰੇ ਦੇ ਸਿਧਾਂਤ ਮਨੁੱਖੀ ਅਧਿਕਾਰਾਂ ਦੇ ਕੇਂਦਰ ਵਿੱਚ ਹਨ। ਸਮਾਨਤਾ 2030 ਦੇ ਏਜੰਡਾ ਦੇ ਨਾਲ ਅਤੇ ਸੰਯੁਕਤ ਰਾਸ਼ਟਰ ਦੀ ਪਹੁੰਚ ਨਾਲ ਜੁੜੀ ਹੋਈ ਹੈ ਜਿਸ ਵਿੱਚ ਕਿਸੇ ਨੂੰ ਪਿੱਛੇ ਨਾ ਛੱਡਣ ਬਾਰੇ ਦਸਤਾਵੇਜ਼ ਸਾਂਝਾ ਫਰੇਮਵਰਕ ਟਿਕਾਊ ਵਿਕਾਸ ਦੇ ਕੇਂਦਰ ਵਿੱਚ ਸਮਾਨਤਾ ਅਤੇ ਗੈਰ-ਵਿਤਕਰੇ ਬਾਰੇ ਦੱਸਿਆ ਗਿਆ ਹੈ। ਇਸ ਵਿੱਚ ਵਿਤਕਰੇ ਦੀਆਂ ਡੂੰਘੀਆਂ ਜੜ੍ਹਾਂ ਵਾਲੇ ਰੂਪਾਂ ਨੂੰ ਸੰਬੋਧਿਤ ਕਰਨਾ ਅਤੇ ਹੱਲ ਲੱਭਣਾ ਸ਼ਾਮਲ ਹੈ ਜਿਨ੍ਹਾਂ ਨੇ ਸਮਾਜ ਵਿੱਚ ਸਭ ਤੋਂ ਕਮਜ਼ੋਰ ਲੋਕਾਂ ਨੂੰ ਪ੍ਰਭਾਵਿਤ ਕੀਤਾ ਹੈ, ਜਿਸ ਵਿੱਚ ਔਰਤਾਂ ਅਤੇ ਲੜਕੀਆਂ, ਆਦਿਵਾਸੀ ਲੋਕ, ਐਲਜੀਵੀਟੀ, ਪ੍ਰਵਾਸੀ ਆਦਿ ਸ਼ਾਮਲ ਹਨ। ਵਿਸ਼ਵ ਪੱਧਰ ਤੇ ਮਨੁੱਖੀ ਅਧਿਕਾਰਾਂ ਵਿੱਚ ਜੀਉਣ ਦਾ ਅਧਿਕਾਰ, ਆਜ਼ਾਦੀ ਦਾ ਅਧਿਕਾਰ, ਵਿਚਾਰ ਪ੍ਰਗਟਾਉਣ ਦਾ ਅਧਿਕਾਰ, ਸੰਪਤੀ ਦਾ ਅਧਿਕਾਰ, ਸਮਾਜਿਕ-ਆਰਥਿਕ ਅਧਿਕਾਰ ਆਦਿ ਸ਼ਾਮਲ ਹਨ। ਅੱਜ ਦੁਨੀਆਂ ਦੀ ਵੱਡੀ ਆਬਾਦੀ ਸਮਾਜਿਕ ਨਾਬਰਾਬਰੀ ਦੀ ਚੱਕੀ ਵਿੱਚ ਪਿਸ ਰਹੀ ਹੈ। ਅਜਿਹਾ ਇਸ ਲਈ ਨਹੀਂ ਹੈ ਕਿ ਲੋਕਾਂ ਨੂੰ ਆਪਣੇ ਅਧਿਕਾਰਾਂ ਬਾਰੇ ਪਤਾ ਨਹੀਂ ਬਲਕਿ ਸਮਾਜ ਵਿੱਚ ਫੈਲੀ ਨਾਬਰਾਬਰੀ ਦਾ ਕਾਰਨ ਕਈ ਸਰਕਾਰਾਂ ਦਾ ਖੁਦ ਇਸ ਵਿਸ਼ੇ ਤੇ ਜਨਤਾ ਨੂੰ ਗੁੰਮਰਾਹ ਕਰਨਾ ਅਤੇ ਉਚਿੱਤ ਕਦਮ ਨਾ ਚੁੱਕਣਾ ਹੈ। ਜੇਕਰ ਵਿਸ਼ਵ ਪੱਧਰ ਤੇ ਮਨੁੱਖੀ ਅਧਿਕਾਰਾਂ ਦੀ ਹਾਲਾਤ ਵੇਖੀਏ ਤਾਂ ਕਈ ਦੇਸ਼ਾਂ ਵਿੱਚ ਬਹੁਤ ਮਾੜੀ ਹੈ। ਐਮਨੈਸਟੀ ਇੰਟਰਨੈਸਨਲ ਦੀ ਰਿਪੋਰਟ ਅਨੁਸਾਰ ਲੱਗਭੱਗ 23 ਦੇਸ਼ਾਂ ਵਿੱਚ ਯੁੱਧ ਸਬੰਧੀ ਅਪਰਾਧ ਕੀਤੇ ਗਏ ਅਤੇ 22 ਦੇਸ਼ਾਂ ਵਿੱਚ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਕੰਮ ਕਰਨ ਵਾਲਿਆਂ ਨੂੰ ਹੀ ਮਾਰ ਦਿੱਤਾ ਗਿਆ ਹੈ। ਭਾਰਤ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰਿਕ ਦੇਸ਼ ਹੈ ਅਤੇ ਇਹ ਸਾਰੇ ਮੁਢਲੇ ਅਧਿਕਾਰ ਭਾਰਤੀ ਨਾਗਰਿਕਾਂ ਨੂੰ ਅਜ਼ਾਦੀ ਤੋਂ ਬਾਦ ਭਾਰਤੀ ਸੰਵਿਧਾਨ ਦੁਆਰਾ ਬਿਨਾਂ ਕਿਸੇ ਪੱਖਪਾਤ ਤੋਂ ਪ੍ਰਦਾਨ ਕੀਤੇ ਗਏ ਹਨ। ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਸਾਫ ਕਿਹਾ ਗਿਆ ਹੈ ਕਿ ਹਰ ਵਿਅਕਤੀ ਦੀ ਪਹਿਚਾਣ ਮਨੁੱਖ ਦੇ ਰੂਪ ਵਿੱਚ ਕਰੇਗਾ ਅਤੇ ਰਾਜ ਹਰੇਕ ਵਿਅਕਤੀ ਦੇ ਬਰਾਬਰ ਵਿਕਾਸ ਦੇ ਲਈ ਮੌਲਿਕ ਅਧਿਕਾਰਾਂ ਦੀ ਵਿਵਸਥਾ ਕਰਦਾ ਹੈ। ਜੇਕਰ ਕਿਸੇ ਵਿਅਕਤੀ ਦੇ ਮੌਲਿਕ ਅਧਿਕਾਰਾਂ ਦਾ ਘਾਣ ਹੁੰਦਾ ਹੈ ਤਾਂ ਉਹ ਕਨੂੰਨ ਦਾ ਸਹਾਰਾ ਲੈ ਸਕਦਾ ਹੈ। ਨੀਤੀ ਨਿਦੇਸ਼ਕ ਤੱਤਾਂ ਅਨੁਸਾਰ ਵੱਖ ਵੱਖ ਰਾਜਾਂ ਦਾ ਇਹ ਕਰਤੱਵ ਨਿਰਧਾਰਤ ਕੀਤਾ ਗਿਆ ਹੈ ਕਿ ਉਹ ਹਰੇਕ ਨਾਗਰਿਕ ਦੇ ਲਈ ਬਰਾਬਰ ਨਿਆਂ ਦੀ ਵਿਵਸਥਾ ਕਰੇ, ਇਸਤਰੀ ਪੁਰਸ਼ ਦੇ ਲਈ ਬਰਾਬਰਮੌਕੇ ਉਪਲਬੱਧ ਕਰਾਏ, ਬਾਲ ਮਜ਼ਦੂਰੀ ਤੇ ਰੋਕ ਲਗਾਏ, ਹਰੇਕ ਵਿਅਕਤੀ ਦੇ ਕੰਮ ਪ੍ਰਾਪਤ ਕਰਨ, ਸਿੱਖਿਆ ਪ੍ਰਾਪਤ ਕਰਨ ਅਤੇ ਬਿਮਾਰੀ ਜਾਂ ਕਿਸੇ ਹੋਰ ਅਸਮਰੱਥਤਾ ਦੀ ਸਥਿਤੀ ਵਿੱਚ ਸਰਵਜਨਕ ਸੁਵਿਧਾਵਾਂ ਨੂੰ ਪ੍ਰਾਪਤ ਕਰਨ ਲਈ ਉਸਦੇ ਅਧਿਕਾਰਾਂ ਨੂੰ ਸੁਨਿਸ਼ਚਿਤ ਕਰੇ। ਭਾਰਤੀ ਸੰਵਿਧਾਨ ਦੇ ਮੌਲਿਕ ਅਧਿਕਾਰਾਂ ਵਿੱਚ ਭਾਰਤੀ ਨਾਗਰਿਕਾਂ ਨੂੰ ਬਰਾਬਰਤਾ, ਸੁਤੰਤਰਤਾ, ਸ਼ੋਸ਼ਣ-ਵਿਰੁੱਧ, ਧਾਰਮਿਕ ਸੁਤੰਤਰਤਾ, ਸੰਸਕ੍ਰਿਤੀ ਅਤੇ ਸਿੱਖਿਆ ਅਤੇ ਸੰਵਿਧਾਨਿਕ ਉਪਚਾਰਾਂ ਦਾ ਅਧਿਕਾਰ ਪ੍ਰਦਾਨ ਕਰਦਾ ਹੈ ਪ੍ਰੰਤੂ ਹਕੀਕਤ ਵਿੱਚ ਭਾਰਤ ਵਿੱਚ ਮਨੁਖੀ ਅਧਿਕਾਰਾਂ ਦਾ ਅਨੰਦ ਸਿਰਫ ਕੁੱਝ ਵਰਗ ਅਤੇ ਲੋਕ ਹੀ ਮਾਣ ਰਹੇ ਹਨ। ਮੀਡੀਆ ਦੁਆਰਾ ਸਮੇਂ-ਸਮੇਂ ਤੇ ਸ਼ੋਸ਼ਣ ਦੀਆਂ ਕਈ ਘਟਨਾਵਾਂ ਜਿਵੇਂ ਮਹਿਲਾਵਾਂ ਅਤੇ ਨਾਬਾਲਿਗ ਬੱਚੀਆਂ ਦੇ ਨਾਲ ਬਲਾਤਕਾਰ, ਬਾਲ ਮਜ਼ਦੂਰੀ, ਹਿਰਾਸਤ ਵਿੱਚ ਮੌਤਾਂ, ਦਲਿਤਾਂ ਅਤੇ ਧਾਰਮਿਕ ਘੱਟ ਗਿਣਤੀਆਂ ਤੇ ਅਤਿਆਚਾਰ, ਸੁਰੱਖਿਆ ਬਲਾਂ ਦੁਆਰਾ ਗੈਰਜ਼ਰੂਰੀ ਦਖਲਅੰਦਾਜ਼ੀ ਆਦਿਬਾਰੇ ਦੱਸਿਆ ਜਾਂਦਾ ਹੈ। ਅੰਤਰਰਾਸ਼ਟਰੀ ਪੱਧਰ ਤੇ ਅਕਸਰ ਮਨੁੱਖੀ ਅਧਿਕਾਰਾਂ ਦੀ ਸਥਿਤੀ ਨੂੰ ਲੈ ਕੇ ਭਾਰਤ ਦੀ ਆਲੋਚਨਾ ਕੀਤੀ ਜਾਂਦੀ ਹੈ ਅਤੇ ਕਿਹਾ ਜਾਂਦਾ ਹੈ ਕਿ ਇੱਥੇ ਮਨੁੱਖੀ ਅਧਿਕਾਰ ਸੁਰੱਖਿਅਤ ਨਹੀਂ ਹਨ। ਲੋਕ ਪੱਖੀ ਕਾਨੂੰਨਾਂ ਦੀ ਪਾਲਣਾ ਕਰਨ ਵਿੱਚ ਸਾਡੀਆਂ ਸਰਕਾਰਾਂ ਅਕਸਰ ਹੀ ਪਿੱਛੇ ਰਹਿੰਦੀਆਂ ਹਨ। ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਮਾਮਲਿਆਂ ਦੀ ਵੱਧ ਰਹੀ ਗਿਣਤੀ ਦੇ ਨਾਲ ਰਾਸ਼ਟਰੀ ਮਨੁੱਖੀ ਅਧਿਕਾਰ ਆਯੋਗ ਦੁਆਰਾ ਸਿਫ਼ਾਰਸ਼ ਕੀਤੀ ਮੁਆਵਜ਼ੇ ਦੀ ਕੁੱਲ ਰਕਮ ਵਿੱਚ ਕਮੀ ਵੀ ਚਿੰਤਾ ਦਾ ਕਾਰਨ ਹੈ। ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਕੇਸਾਂ ਦੀ ਗਣਨਾ ਕਰਨ ਲਈ ਇੱਕ ਮਹੀਨੇ ਦੇ ਅੰਕੜਿਆਂ ਦੇ ਨਾਲ 2020-2021 ਅਤੇ 2021-2022 ਵਿਚਕਾਰ ਲਗਭਗ 37ਗ ਦਾ ਵਾਧਾ ਹੋਇਆ ਹੈ।ਰਾਸਟਰੀ ਮਨੁੱਖੀ ਅਧਿਕਾਰ ਆਯੋਗ ਨੇ 2020-2021 ਵਿੱਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਲੱਗਭੱਗ 74968 ਮਾਮਲੇ ਦਰਜ ਕੀਤੇ ਸਨ ਜਦੋਂ ਕਿ 2021-2022 (28 ਫਰਵਰੀ 2022 ਤੱਕ) ਆਯੋਗ ਨੇ ਅਜਿਹੇ 102539 ਮਾਮਲੇ ਦਰਜ ਕੀਤੇ ਸਨ। ਇਹ ਅੰਕੜਿਆਂ ਦੀ ਗਣਨਾ ਇੱਕ ਵਿੱਤੀ ਸਾਲ ਲਈ 1 ਅਪ੍ਰੈਲ ਤੋਂ 31 ਮਾਰਚ ਤੱਕ ਕੀਤੀ ਜਾਂਦੀ ਹੈ। ਇਹ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੀ ਸੰਖਿਆ ਵਿੱਚ ਇੱਕ ਖਤਰਨਾਕ ਵਾਧਾ ਹੈ ਅਤੇ ਇਹ ਮਨੁੱਖੀ ਅਧਿਕਾਰਾਂ ਦੀ ਰੱਖਿਆ ਕਰਨ ਵਿੱਚ ਸਰਕਾਰਾਂ ਦੀ ਅਸਫਲਤਾ ਨੂੰ ਦਰਸਾਉਂਦਾ ਹੈ। ਆਯੋਗ ਦੁਆਰਾ ਸਿਫ਼ਾਰਸ਼ ਕੀਤੇ ਗਏ ਮੁਆਵਜ਼ੇ ਵਿੱਚ 2018-2019 ਅਤੇ 2019-2020 ਵਿਚਕਾਰ 30% ਤੋਂ ਵੱਧ ਕਟੌਤੀ ਹੋਈ ਹੈ। ਦਸੰਬਰ 2021 ਵਿੱਚ ਰਾਜ ਸਭਾ ਵਿੱਚ ਗ੍ਰਹਿ ਮੰਤਰਾਲੇ ਨੇ ਕਿਹਾ ਸੀ ਕਿ 2018-2019 ਵਿੱਚ ਆਯੋਗ ਦੁਆਰਾ 713 ਮਾਮਲਿਆਂ ਵਿੱਚ ਵਿੱਤੀ ਰਾਹਤ ਵਜੋਂ 276754996 ਰੁਪਏ ਦੇਣ ਦੀ ਸਿਫ਼ਾਰਸ਼ ਕੀਤੀ ਗਈ ਸੀ ਅਤੇ 2019-2020 ਵਿੱਚ 488 ਮਾਮਲਿਆਂ ਲਈ ਇਹ ਅੰਕੜਾ 150685840 ਰੁਪਏ ਸੀ। ਗ੍ਰਹਿ ਮੰਤਰਾਲੇ ਨੇ ਕਿਹਾ ਕਿ 2021-2022 ਵਿੱਚ 31 ਅਕਤੂਬਰ 2021 ਤੱਕ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ 64170 ਮਾਮਲੇ ਦਰਜ ਕੀਤੇ ਗਏ ਸਨ। 31 ਅਕਤੂਬਰ ਤੱਕ 64170 ਮਾਮਲਿਆਂ ਵਿੱਚੋਂ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ 24242 ਕੇਸ (37.7%) ਸਿਰਫ ਉੱਤਰ ਪ੍ਰਦੇਸ਼ ਨਾਲ ਹੀ ਸਬੰਧਿਤ ਸਨ।ਜਿਵੇਂ-ਜਿਵੇਂ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਵਧਦੀ ਜਾ ਰਹੀ ਹੈ ਆਯੋਗ ਦੀ ਕਾਰਗੁਜਾਰੀ ਕਮਜ਼ੋਰ ਹੁੰਦੀ ਜਾਪਦੀ ਹੈ। ਮਨੁੱਖੀ ਅਧਿਕਾਰ ਕਾਰਕੁਨਾਂ ਦੀ ਕੁੱਟਮਾਰ ਅਤੇ ਜੇਲ੍ਹਾਂ ਵਿਚ ਸਿਆਸੀ ਕੈਦੀਆਂ ਨਾਲ ਹੁੰਦੇ ਬਦਸਲੂਕੀ ਸਬੰਧੀ ਕਾਰਵਾਈ ਨਹੀਂ ਹੋ ਰਹੀ ਹੈ। ਆਯੋਗ ਦੁਆਰਾ ਜਾਰੀ ਅਕਤੂਬਰ 2022 ਦੀ ਰਿਪੋਰਟ ਅਨੁਸਾਰ 6618 ਕੇਸ ਰਜਿਸਟਰਡ ਹੋਏ ਹਨ ਜਿਨ੍ਹਾਂ ਵਿੱਚੋਂ 5936 ਕੇਸ ਖਤਮ ਕੀਤੇ ਗਏ ਹਨ ਅਤੇ ਪਿਛਲੇ ਕੇਸਾਂ ਨੂੰ ਮਿਲਾਕੇ 14099 ਕੇਸ ਪੈਂਡਿੰਗ ਹਨ। ਇਸ ਰਿਪੋਰਟ ਅਨੁਸਾਰ ਲੱਗਭੱਗ 950000 ਰੁਪਏ ਦਾ ਮੁਆਵਜ਼ਾ ਦੇਣ ਦੀ ਸਿਫਾਰਿਸ਼ ਕੀਤੀ ਗਈ ਹੈ। ਭਾਰਤ ਵਿੱਚ ਮਨੁਖੀ ਅਧਿਕਾਰਾਂ ਅਤੇ ਮਨੁਖੀ ਅਧਿਕਾਰ ਸੰਸਥਾਵਾਂ ਦੇ ਕੰਮਕਾਜ ਦੇ ਮੁੱਦੇ ਤੇ ਮਨੁੱਖੀ ਅਧਿਕਾਰਾਂ ਬਾਰੇ ਵਰਕਿੰਗ ਗਰੁੱਪ ਅਤੇ ਮਨੁੱਖੀ ਅਧਿਕਾਰ ਸੰਗਠਨਾਂ ਦੇ ਸਮੂਹ ਅਨੁਸਾਰ ਭਾਰਤ ਵਿਚ ਮਨੁੱਖੀ ਅਧਿਕਾਰਾਂ ਦੀ ਸਥਿਤੀ ਅਜੇ ਵੀ ਚੁਣੌਤੀਪੂਰਨ ਹੈ ਅਤੇ ਮਨੁੱਖੀ ਅਧਿਕਾਰ ਸੰਸਥਾਵਾਂ ਨੇ ਮਜ਼ਬੂਤੀ ਨਾਲ ਕੰਮ ਨਹੀਂ ਕੀਤਾ ਹੈ। ਮਨੁੱਖੀ ਅਧਿਕਾਰਾਂ ਬਾਰੇ ਗੈਰ ਸਰਕਾਰੀ ਸੰਗਠਨਾਂ ਤੇ ਸ਼ਿਕੰਜਾ ਕੱਸਣ ਲਈ ਵਿਦੇਸ਼ੀ ਯੋਗਦਾਨ ਕਾਨੂੰਨ ਦੀ ਦੁਰਵਰਤੋਂ ਕੀਤੀ ਗਈ ਹੈ। ਨਿਰਪੱਖ ਸੁਣਵਾਈ ਦੇ ਅਧਿਕਾਰ ਨੂੰ ਕਮਜ਼ੋਰ ਕੀਤਾ ਅਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਵਾਲੇ ਮਹੱਤਵਪੂਰਨ ਮਾਮਲਿਆਂ ਦੀ ਸੁਣਵਾਈ ਵਿੱਚ ਦੇਰੀ ਕੀਤੀ ਹੈ। ਕੋਵਿਡ -19 ਦੇ ਸੰਦਰਭ ਵਿੱਚ ਫੰਡਾਂ ਦੀ ਵੰਡ ਨੂੰ ਲੈ ਕੇ ਪਾਰਦਰਸ਼ਤਾ ਦੀ ਘਾਟ ਵਧੀ ਅਤੇ ਸਿਹਤ ਦੇ ਅਧਿਕਾਰ ਨੂੰ ਕਮਜ਼ੋਰ ਕੀਤਾ ਗਿਆ ਹੈ। ਦਲਿਤਾਂ ਅਤੇ ਆਦਿਵਾਸੀਆਂ ਵਿਰੁੱਧ ਜਾਤੀ ਅਧਾਰਤ ਵਿਤਕਰਾ ਅਤੇ ਹਿੰਸਾ ਬੇਰੋਕ ਜਾਰੀ ਹੈ। ਵਿਚਾਰਾਂ ਦੇ ਪ੍ਰਗਟਾਵੇ ਅਤੇ ਇਕੱਠ ਦੀ ਆਜ਼ਾਦੀ ਤੇ ਗੈਰਕਾਨੂੰਨੀ ਅਤੇ ਰਾਜਨੀਤੀ ਤੋਂ ਪ੍ਰੇਰਿਤ ਪਾਬੰਦੀਆਂ ਲਗਾਈਆਂ ਗਈਆਂ ਸਨ। ਬਾਹਰਲੇ ਪੱਤਰਕਾਰਾਂ, ਮੀਡੀਆ ਆਉਟਲੈਟਾਂ, ਅਦਾਕਾਰਾਂ ਅਤੇ ਮਨੁੱਖੀ ਅਧਿਕਾਰ ਕਾਰਕੁਨਾਂ ਨੂੰ ਵਿਆਪਕ ਵਿੱਤੀ ਕਾਨੂੰਨਾਂ ਦੀ ਦੁਰਵਰਤੋਂ ਦੁਆਰਾ ਧਮਕਾਇਆ ਗਿਆ ਹੈ। ਇੰਟਰਨੈਟ ਸਹੂਲਤਾਂ ਨੂੰ ਵੀ ਕਈ ਵਾਰ ਬੰਦ ਰੱਖਿਆ ਹੈ। ਜੰਮੂ ਅਤੇ ਕਸ਼ਮੀਰ ਦੇ ਵਸਨੀਕਾਂ ਨੂੰ ਕਈ ਵਾਰ ਇੰਟਰਨੈਟ ਬੰਦ ਦਾ ਸਾਹਮਣਾ ਕਰਨਾ ਪਿਆ। ਇਸ ਕਾਰਨ ਆਰਥਿਕ ਨੁਕਸਾਨ ਹੋਇਆ ਅਤੇ ਸਿੱਖਿਆ ਅਤੇ ਹੋਰ ਸੇਵਾ ਪ੍ਰਬੰਧਾਂ ਤੇ ਬਹੁਤ ਅਸਰ ਪਿਆ ਹੈ। ਦਲਿਤਾਂ ਅਤੇ ਆਦਿਵਾਸੀਆਂ ਨੂੰ ਲਗਾਤਾਰ ਸ਼ੋਸ਼ਣ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਨੁਸੂਚਿਤ ਜਾਤੀਆਂ ਦੇ ਮੈਂਬਰਾਂ ਵਿਰੁੱਧ 50 ਹਜਾਰ ਤੋਂ ਵੱਧ ਅਪਰਾਧ ਅਤੇ ਅਨੁਸੂਚਿਤ ਕਬੀਲਿਆਂ ਦੇ ਵਿਰੁੱਧ 8 ਹਜਾਰ ਤੋਂ ਵੱਧ ਅਪਰਾਧ ਦਰਜ ਕੀਤੇ ਗਏ। ਦਲਿਤ ਅਤੇ ਆਦਿਵਾਸੀ ਔਰਤਾਂ ਨੂੰ ਪ੍ਰਭਾਵਸ਼ਾਲੀ ਵਰਗਾਂ ਦੁਆਰਾ ਜਿਨਸੀ ਹਿੰਸਾ ਦਾ ਸਾਹਮਣਾ ਕਰਨਾ ਪਿਆ। ਕਈਆਂ ਨੂੰ ਜਨਤਕ ਸੇਵਾਵਾਂ ਤੱਕ ਪਹੁੰਚ ਕਰਨ ਵਿੱਚ ਵਿਤਕਰੇ ਦਾ ਸਾਹਮਣਾ ਕਰਨਾ ਪਿਆ। ਧਰਮ ਪਰਿਵਰਤਨ ਵਿਰੋਧੀ ਕਾਨੂੰਨ ਵਿੱਚ ਸਖ਼ਤ ਸੋਧਾਂ ਕੀਤੀਆਂ ਗਈਆਂ ਹਨ। ਅਸਾਮ ਵਿੱਚ ਸਰਕਾਰ ਨੇ ਦੋਬੱਚਿਆਂ ਦੀ ਨੀਤੀ ਪੇਸ਼ ਕੀਤੀ, ਜਿਸ ਵਿੱਚ ਦੋ ਤੋਂ ਵੱਧ ਬੱਚਿਆਂ ਵਾਲੇ ਵੱਡੇ ਪਰਿਵਾਰਾਂ ਵਾਲੇ ਲੋਕਾਂ ਨੂੰ ਸਥਾਨਕ ਚੋਣਾਂ ਲੜਨ, ਸਰਕਾਰੀ ਨੌਕਰੀਆਂ ਲਈ ਅਰਜ਼ੀ ਦੇਣ ਅਤੇ ਸਰਕਾਰੀ ਭਲਾਈ ਸਕੀਮਾਂ ਤੋਂ ਸਬਸਿਡੀਆਂ ਪ੍ਰਾਪਤ ਕਰਨ ਤੋਂ ਰੋਕ ਦਿੱਤਾ ਗਿਆ। ਉੱਤਰ ਪ੍ਰਦੇਸ਼ ਵਿੱਚ ਵੀ ਸਰਕਾਰ ਨੇ ਇਸੇ ਤਰ੍ਹਾਂ ਦਾ ਖਰੜ੍ਹਾ ਪੇਸ਼ ਕੀਤਾ ਹੈ। ਸਮਾਜਿਕ ਸੰਸਥਾ ਹਿਉਮਨ ਰਾਇਟਸ ਵਾਚ ਦੀ ਰਿਪੋਰਟ ਅਨੁਸਾਰ ਭਾਰਤ ਵਿੱਚ ਮਨੁਖੀ ਅਧਿਕਾਰਾਂ ਵਿਸ਼ੇਸ਼ ਤੋਰ ਤੇ ਘੱਟ ਗਿਣਤੀਆਂ ਦੇ ਅਧਿਕਾਰਾਂ ਦਾ ਸ਼ੋਸ਼ਣ ਹੋ ਰਿਹਾ ਹੈ। ਏਸ਼ੀਅਨ ਸੈਂਟਰ ਫਾਰ ਹਿਉਮਨ ਰਾਇਟਸ ਅਨੁਸਾਰ ਭਾਰਤ ਵਿੱਚ ਹਰ ਰੋਜ਼ 4 ਵਿਅਕਤੀਆਂ ਦੀ ਪੁਲਿਸ ਹਿਰਾਸਤ ਵਿੱਚ ਮੋਤ ਹੁੰਦੀ ਹੈ। ਪ੍ਰਸ਼ਾਸ਼ਕੀ ਸੁਧਾਰ ਸੰਸਥਾ ਪੰਜਾਬ ਵਲੋਂ ਜਾਰੀ ਰਿਪੋਰਟ ਅਨੁਸਾਰ ਦੇਸ਼ ਦੇ ਲੱਗਭੱਗ 50 ਫਿਸਦੀ ਪੁਲਿਸ ਅਧਿਕਾਰੀ ਕੈਦੀਆਂ ਨੂੰ ਸ਼ਰੀਰਕ ਅਤੇ ਮਾਨਸਿਕ ਤੌਰ ਤੇ ਪ੍ਰਤਾੜਿਤ ਕਰਦੇ ਹਨ। ਬੱਚਿਆਂ ਦੇ ਜਿਣਸੀ ਸ਼ੋਸਣ ਮਾਮਲੇ ਵਿੱਚ ਭਾਰਤ ਸਭ ਤੋਂ ਅੱਗੇ ਹੈ ਅਤੇ ਲੱਗਭੱਗ 23 ਫਿਸਦੀ ਬੱਚੇ ਜਿਣਸੀ ਸ਼ੋਸਣ ਦਾ ਸ਼ਿਕਾਰ ਹਨ। ਬਾਲ ਮਜਦੂਰੀ, ਬੰਧੂਆ ਮਜਦੂਰੀ ਅਤੇ ਜਬਰੀ ਮਜਦੂਰੀ ਦੇ ਮਾਮਲੇ ਵਿੱਚ ਵੀ ਭਾਰਤ ਅੱਗੇ ਹੈ। ਵਿਸ਼ਵ ਪੱਧਰ ਤੇ ਫੈਲੀ ਕੋਰੋਨਾ ਮਹਾਂਮਾਰੀ ਦੋਰਾਨ ਬਹੁਤੇ ਲੋਕਾਂ ਦੇ ਮਨੁੱਖੀ ਅਧਿਕਾਰਾਂ ਦਾ ਘਾਣ ਨਜਰ ਆਇਆ ਹੈ। ਪਿਛਲੇ ਸਮੇਂ ਦੌਰਾਨ ਹੋਏ ਵੱਖ ਵੱਖ ਅੰਦੋਲਨਾਂ ਦੌਰਾਨ ਸਰਕਾਰਾਂ ਵਲੋਂ ਅੰਦੋਲਨਕਾਰੀਆਂ ਦੇ ਅਧਿਕਾਰਾਂ ਦਾ ਸ਼ਰੇਆਮ ਘਾਣ ਕੀਤਾ ਗਿਆ ਹੈ। 1993 ਵਿੱਚ ਰਾਸ਼ਟਰੀ ਮਨੁਖੀ ਅਧਿਕਾਰ ਆਯੋਗ ਦੀ ਸਥਾਪਨਾ ਕੀਤੀ ਗਈ ਤਾਂ ਜੋ ਮਨੁਖੀ ਅਧਿਕਾਰਾਂ ਦੀ ਉਲੰਘਣਾ ਦੇ ਮਾਮਲਿਆਂ ਨੂੰ ਸੱਖਤੀ ਨਾਲ ਨਜੀਠਿਆ ਜਾ ਸਕੇ। ਦੇਸ਼ ਦੇ ਵੱਖ ਵੱਖ ਰਾਜਾਂ ਵਿੱਚ ਵੀ ਮਨੁਖੀ ਅਧਿਕਾਰ ਆਯੋਗਾਂ ਦੀ ਸਥਾਪਨਾ ਕੀਤੀ ਗਈ ਹੈ ਜੋ ਕਿ ਅਪਣੇ ਅਪਣੇ ਅਧਿਕਾਰ ਖੇਤਰ ਵਾਲੇ ਰਾਜਾਂ ਵਿੱਚ ਮਨੁਖੀ ਅਧਿਕਾਰਾਂ ਦੀ ਉਲੰਘਣਾਂ ਸਬੰਧੀ ਮਾਮਲਿਆਂ ਨੂੰ ਵੇਖਦੇ ਹਨ ਅਤੇ ਸਮੇਂ ਸਮੇਂ ਤੇ ਸਰਕਾਰੀ ਅਤੇ ਗੈਰ ਸਰਕਾਰੀ ਅਦਾਰਿਆਂ ਨੂੰ ਇਸ ਸਬੰਧੀ ਜਰੂਰੀ ਹਦਾਇਤਾਂ ਵੀ ਜਾਰੀ ਕਰਦੇ ਹਨ। ਇਹ ਆਯੋਗ ਆਪ ਕਈ ਮਸ਼ਕਿਲਾਂ ਦਾ ਸ਼ਿਕਾਰ ਹੋ ਰਹੇ ਹਨ ਜਿਵੇਂ ਕਿ ਕਈ ਵਾਰ ਸਰਕਾਰਾਂ ਨੇ ਇਨ੍ਹਾਂ ਆਯੋਗਾਂ ਦੀਆਂ ਸਿਫਾਰਸ਼ਾਂ ਨੂੰ ਮੰਨਣ ਤੋਂ ਇਨਕਾਰ ਕੀਤਾ ਹੈ, ਗੈਰ ਜਰੂਰੀ ਰਾਜਨੀਤਿਕ ਦਖਲਅੰਦਾਜੀ, ਕਰਮਚਾਰੀਆਂ ਦੀ ਘਾਟ, ਫੰਡਾਂ ਦੀ ਘਾਟ ਆਦਿ ਮੁੱਖ ਸਮੱਸਿਆਵਾਂ ਹਨ।ਰਾਸ਼ਟਰੀ ਮਨੁਖੀ ਅਧਿਕਾਰ ਆਯੋਗ ਦੀਆਂ ਰਿਪੋਰਟਾਂ ਅਨੁਸਾਰ ਆਏ ਸਾਲ ਦੇਸ਼ ਦੇ ਵੱਖ ਵੱਖ ਭਾਗਾਂ ਤੋਂ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੀਆਂ ਅਣਗਿਣਤ ਸ਼ਿਕਾਇਤਾਂ ਆਯੋਗ ਕੋਲ ਪਹੁੰਚ ਰਹੀਆਂ ਹਨ ਜਿਨ੍ਹਾਂ ਵਿੱਚ ਵਿਅਕਤੀਆਂ ਦੀ ਗੁੰਮਸ਼ੁਦਗੀ, ਝੂਠੇ ਮਾਮਲਿਆਂ ਵਿੱਚ ਨਜਾਇਜ ਫਸਾਉਣ, ਪੁਲਿਸ ਹਿਰਾਸਤ ਵਿੱਚ ਕੁੱਟਮਾਰ, ਗੈਰ ਕਨੂੰਨੀ ਗ੍ਰਿਫਤਾਰੀ, ਫਰਜ਼ੀ ਮੁਠਭੇੜ, ਪੁਲਿਸ ਜਿਆਦਤੀਆਂ, ਮਹਿਲਾਵਾਂ ਦੀ ਬੇਇਜਤੀ, ਯੋਨ ਸ਼ੋਸਣ, ਅਪਹਰਣ, ਬਲਾਤਕਾਰ, ਦਾਜ ਲਈ ਮਾਰਨਾ ਅਤੇ ਅਤਿੱਆਚਾਰ, ਬਾਲ ਮਜਦੂਰੀ, ਬਾਲ ਵਿਆਹ, ਬੰਧੂਆ ਮਜਦੂਰੀ, ਕੈਦੀਆਂ ਨਾਲ ਅਣਮਨੁੱਖੀ ਅਤਿੱਆਚਾਰ, ਜੇਲਾਂ ਵਿੱਚ ਸਿਹਤ ਸਹੂਲਤਾਂ ਦੀ ਘਾਟ, ਅਨੂਸੂਚਿਤ ਜਾਤਾਂ ਅਤੇ ਅਨੂਸੂਚਿਤ ਜਨਜਾਤਾਂ ਦੇ ਲੋਕਾਂ ਨਾਲ ਅਤਿੱਆਚਾਰ ਆਦਿ ਦੇ ਮਾਮਲਿਆਂ ਦੀ ਗਿਣਤੀ ਕਾਫੀ ਜਿਆਦਾ ਹੈ। ਪੰਜਾਬ ਜੋ ਕਿ ਇੱਕ ਵਿਕਸਿਤ ਸੂਬਾ ਕਹਾਂਉਦਾ ਹੈ ਵਿੱਚ ਮਾਰਚ 1997 ਨੂੰ ਮਨੁਖੀ ਅਧਿਕਾਰ ਆਯੋਗ ਬਣਾਇਆ ਗਿਆ ਸੀ। ਇਸ ਆਯੋਗ ਦੀਆਂ ਰਿਪੋਰਟਾਂ ਅਨੁਸਾਰ ਪੰਜਾਬ ਵਿੱਚ ਵੀ ਮਨੁਖੀ ਅਧਿਕਾਰਾਂ ਦੀ ਉਲੰਘਣਾ ਦੇ ਮਾਮਲੇ ਲਗਾਤਾਰ ਵਧਦੇ ਜਾ ਰਹੇ ਹਨ। ਪੰਜਾਬ ਰਾਜ ਮਨੁਖੀ ਅਧਿਕਾਰ ਆਯੋਗ ਵਲੋਂ ਜਾਰੀ ਰਿਪੋਰਟਾਂ ਅਨੁਸਾਰ ਆਯੋਗ ਕੋਲ ਲੱਗਭੱਗ 131307 ਸਿਕਾਇਤਾਂ ਪਹੁੰਚੀਆਂ ਹਨ ਜਿਨ੍ਹਾਂ ਵਿੱਚੋਂ 73246 ਭਾਵ 56 ਫਿਸਦੀ ਪੁਲਿਸ ਅਤਿੱਆਚਾਰਾਂ ਖਿਲਾਫ ਹੀ ਹਨ। ਸਾਡੇ ਦੇਸ਼ ਵਿੱਚ ਪਿਛਲੇ ਸਮੇਂ ਦੌਰਾਨ ਮਨੁੱਖੀ ਅਧਿਕਾਰਾਂ ਦੀ ਉਲੰਘਣਾਂ ਦੇ ਕਈ ਮਾਮਲਿਆਂ ਨੇ ਤਾਂ ਪੂਰੀ ਦੁਨੀਆਂ ਵਿੱਚ ਸਾਨੂੰ ਸ਼ਰਮਸਾਰ ਕਰ ਦਿੱਤਾ ਹੈ। ਮਨੁੱਖੀ ਅਧਿਕਾਰ ਸਿਰਫ ਸੈਮੀਨਾਰਾਂ, ਭਾਸ਼ਣਾਂ ਆਦਿ ਤੱਕ ਸੀਮਿਤ ਹੋਕੇ ਰਹਿ ਜਾਂਦੇ ਹਨ ਜਦਕਿ ਆਮ ਆਦਮੀ ਨੂੰ ਇਸਦੀ ਪਰਿਭਾਸ਼ਾ ਤੱਕ ਵੀ ਪਤਾ ਨਹੀਂ ਹੈ। ਸਰਕਾਰ ਨੂੰ ਇਸ ਪ੍ਰਤੀ ਗੰਭੀਰਤਾ ਨਾਲ ਸੋਚਣ ਅਤੇ ਕੰਮ ਕਰਨ ਦੀ ਜਰੂਰਤ ਹੈ ਅਤੇ ਇਸ ਲਈ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਜਿੰਮੇਵਾਰ ਅਧਿਕਾਰੀਆਂ ਅਤੇ ਸੰਸਥਾਵਾਂ ਨੂੰ ਨਿਰਪੱਖਤਾ ਨਾਲ ਕੰਮ ਕਰਨਾ ਪਵੇਗਾ ਤਾਂ ਜੋ ਦੇਸ਼ ਵਿੱਚ ਹਰ ਵਿਅਕਤੀ ਦੇ ਮੁਢਲੇ ਮਨੁਖੀ ਅਧਿਕਾਰ ਸੁਰਖਿਅੱਤ ਰਹਿ ਸਕਣ ਅਤੇ ਇਸ ਦਿਨ ਨੂੰ ਮਨਾਉਣ ਦਾ ਅਸਲੀ ਮੰਤਬ ਪੂਰਾ ਹੋ ਸਕੇ।




## ਦੋਹਰਾ

ਪਵਨ ਗੁਰੂ ਪਾਣੀ ਪਿਤਾ, ਕਿਉ ਭੁੱਲ ਗੇ ਨਾਦਾਨ।
ਮਾਂ ਦਾ ਦਰਜਾ ਧਰਤ ਨੂੰ, ਮਿਲਿਆ ਬੜਾ ਮਹਾਨ।
॥ਮਨੋਹਰ ਭਵਾਨੀ ਛੰਦ॥
ਕਿਵੇ ਵਧ ਜੇ ਕਮਾਈ, ਇਕੋ ਜਾਂਦੇ ਰੱਟ ਲਾਈ।
ਭਾਵੇਂ ਹੋ ਜਾਵੇ ਤਬਾਈ, ਰੰਗਲੇ ਪੰਜਾਬ ਦੀ,
ਲੋਕਾਂ ਨੂੰ ਫਿਕਰ ਆਪਣੇ ਹਿਸਾਬ ਦੀ।
ਕੈਸਾ ਚੱਲਦਾ ਹੈ ਦੌਰ,ਹਰ ਕੋਈ ਭੋਰ ਡੌਰ,
ਨਾ ਕਿਸੇ ਦੀ ਵੀ ਗੌਰ, ਇਸ ਭੈੜੀ ਚਾਲਤੇ,
ਪੌਣ ਪਾਣੀ ਧਰਤੀ ਤਿੰਨੇ ਹੀ ਗਾਲਤੇ ।
ਗੁਰੂ ਪਵਣ ਨੂੰ ਕਹਿਦੀ,ਬਾਣੀ ਸੁਭਾ ਸਾਮ ਰਹਿਦੀ,
ਗੱਲ ਖਾਨੇ ਨਹੀ ਪੈਦੀ, ਕੀਤੀ ਹੋਈ ਵਿਚਾਰ ਦੀ,
ਕਰੀ ਨਾ ਕਦਰ ਅਸੀਂ ਬਾਣੀ ਕਾਰ ਦੀ ।
ਪਾਣੀ ਪਿਤਾ ਫਰਮਾਯਾ,ਅਸੀਂ ਕੀ ਹੈ ਮੁੱਲ ਪਾਯਾ,
ਜਾਈ ਜਾਦਾ ਹੈ ਆਯਾ,ਦੇਖਦੇ ਹਾਂ ਨਾਲ ਤੇ।
ਪੌਣ ਪਾਣੀ ਧਰਤੀ ਤਿੰਨੇ ਹੀ ਗਾਲਤੇ ।
ਮਾਤਾ ਧਰਤ ਜਹਿਰ,ਭਰੀ ਜਾਂਦੇ ਅੱਠੇ ਪਹਿਰ।
ਕਰੀ ਜਾਂਦੇ ਹਾਂ ਕਹਿਰ,ਸੁੱਟ ਸੁੱਟ ਖਾਦ ਨੂੰ।
ਅਜੇ ਰਹੇ ਭਾਲ ਖਾਣੇ ਚੋਂ ਸਵਾਦ ਨੂੰ।
ਬੀਜ ਘਰੁ ਜੋ ਗਵਾਲੇ, ਹੱਥ ਆਪ ਹੀ ਵਢਾਲੇ,
ਗੱਲ ਸੰਗਲ ਪਵਾਲੇ, ਹੁਣ ਰੋਈਏ ਹਾਲ ਤੇ ।
ਪੌਣ ਪਾਣੀ ਧਰਤੀ ਤਿੰਨੇ ਹੀ ਗਾਲਤੇ ।
ਅੱਗਾਂ ਲਾ ਲਾ ਸਾੜੇ ਖੇਤ, ਰੋਕੇ ਰੁਕੇ ਨਹੀਂ ਕੇਤ,
ਜਾਵੇ ਵਿਗੜਦੀ ਸ੍ਰੇਤ, ਵਧੀਆਂ ਬਿਮਾਰੀਆਂ,
ਜ਼ਿੰਦਗੀਆਂ ਕਈ ਇਸ ਅੱਗੇ ਹਾਰੀਆਂ।
ਚਾਰੇ ਪਾਸੇ ਜਾਪੇ ਨ੍ਹੇਰਾ, ਖੁਸ਼ ਦਿਸਦਾ ਨਾ ਚ੍ਹੇਰਾ,
ਕੋਈ ਬੋਲਦਾ ਨੀ ਜੇਰਾ, ਕਰਕੇ ਬੇਹਾਲ ਤੇ ।
ਪੌਣ ਪਾਣੀ ਧਰਤੀ ਤਿੰਨੇ ਹੀ ਗਾਲਤੇ ।
ਰਣਜੀਤ ਕਰੋ ਹੋਸ਼, ਦੇਣਾ ਰੱਬ ਨੂੰ ਕੀ ਦੋਸ,
ਹੱਥ ਸਾਡੇ ਅਫਸੋਸ, ਫਿਰ ਰਹਿ ਜਾਏ ਨਾ ।
ਲੰਘਿਆ ਵਕਤ ਕਦੇ ਹੱਥ ਆਏ ਨਾ ।
ਅੱਗਾ ਆਪਣਾ ਸਵਾਰੋ, ਗੱਲ ਦਿਲਾਂ 'ਚ ਉਤਾਰੋ,
ਹੋਈ ਗਲਤੀ ਸੁਧਾਰੋ, ਹੋਜੀਏ ਨਿਹਾਲ ਤੇ ।
ਪੌਣ ਪਾਣੀ ਧਰਤੀ ਤਿੰਨੇ ਹੀ ਗਾਲਤੇ।
ਅਸੀਂ ਪੌਣ ਪਾਣੀ ਧਰਤੀ ਤਿੰਨੇ ਹੀ ਗਾਲਤੇ।



ਰਣਜੀਤ ਸਿੰਘ ਅਣਜਾਣ
94641-96402

### ਬਾਬਾ ਸਾਹਿਬ ਦੇ ਪ੍ਰੀਨਿਰਵਾਣ ਦਿਵਸ ਤੇ ਕਾਂਸ਼ੀ ਰਾਮ ਨੂੰ ਯਾਦ ਕਰਦਿਆਂ...

# ਬਾਬਾ ਸਾਹਿਬ ਡਾ: ਅੰਬੇਡਕਰ ਦੇ ਉੱਤਰਾਧਿਕਾਰੀ ਬਣੇ ਸਾਹਿਬ ਕਾਂਸ਼ੀ ਰਾਮ



ਸੰਤੋਖ ਸਿੰਘ ਜੱਸੀ
91-70876–19800

* ਬਾਬਾ ਸਾਹਿਬ ਡਾ: ਭੀਮ ਰਾਓ ਜੀ ਦੀ ਲਿਖੀ ਪੁਸਤਕ ਜਾਤ-ਪਾਤ ਦਾ ਬੀਜਨਾਸ਼ (ANNIHILATION OF ASTE) ਇੱਕ ਅਜਿਹੀ ਪੁਸਤਕ ਹੈ ਜਿਸ ਨੇ ਕਾਂਸ਼ੀ ਰਾਮ ਨੂੰ ਸਾਹਿਬ ਕਾਂਸ਼ੀ ਰਾਮ ਬਣਾਇਆ।

* ਸਾਹਿਬ ਕਾਂਸ਼ੀ ਰਾਮ ਜੀ ਨੇ ਆਪਣੀ ਜਿੰਦਗੀ ਦੀ ਕਿਤਾਬ 'ਚਮਚਾ ਯੁੱਗ (AN ERA OF THE STOOGES) ਅੰਗਰੇਜੀ ਵਿੱਚ ਅਤੇ 'ਬਾਮਸੇਫ ਇੱਕ ਜਾਣਕਾਰੀ' ਲਿਖੀਆਂ ਹਨ ਜੋ ਅੱਗੇ ਜਾ ਕੇ ਕਈ ਭਾਸ਼ਾਵਾਂ 'ਚ ਪ੍ਰਕਾਸ਼ਿਤ ਹੋਈਆਂ ਹਨ।

* ਸਾਹਿਬ ਕਾਂਸ਼ੀ ਰਾਮ ਨੇ ਹਜਾਰਾਂ ਸਾਲਾਂ ਦੇ ਇਤਿਹਾਸ ਤੋਂ ਸਬਕ ਲੈਂਦਿਆਂ ਹੋਇਆਂ 6 ਦਸੰਬਰ 1978 ਨੂੰ ਬਾਮਸੇਫ, 6 ਦਸੰਬਰ 1981 ਨੂੰ ਡੀ.ਐਸ.ਫੋਰ ਅਤੇ 14 ਅਪ੍ਰੈਲ 1984 ਨੂੰ ਬਹੁਜਨ ਸਮਾਜ ਪਾਰਟੀ ਬਣਾਈ। ਇਹ ਸਾਰੇ ਦਿਨ ਬਾਬਾ ਸਾਹਿਬ ਦੇ ਪ੍ਰੀਨਿਰਵਾਣ ਅਤੇ ਉਹਨਾਂ ਦੇ ਜਨਮ ਦਿਨ ਨਾਲ ਸਬੰਧਤ ਹਨ।

* ਸਾਹਿਬ ਕਾਂਸ਼ੀ ਰਾਮ ਨੇ ਆਪਣੀਆਂ ਗਤੀਵਿਧੀਆਂ ਦਾ ਕੇਂਦਰ 5323, ਹਰਧਿਆਨ ਸਿੰਘ ਰੋਡ ਕਰੋਲ ਬਾਗ ਨਵੀਂ ਦਿੱਲੀ ਦੇ ਇੱਕ ਛੋਟੇ ਜਿਹੇ ਕਮਰੇ ਨੂੰ ਬਣਾਇਆ ਸੀ।

* ਸਾਹਿਬ ਕਾਂਸ਼ੀ ਰਾਮ, ਇੰਗਲੈਂਡ, ਮਲੇਸ਼ੀਆ, ਜਪਾਨ 'ਚ ਵੀ ਬਾਬਾ ਸਾਹਿਬ ਜੀ ਦੇ ਮਿਸ਼ਨ ਨੂੰ ਪੂਰਾ ਕਰਨ ਲਈ ਆਪਣੀ ਵਚਨਵੱਧਤਾ ਨੂੰ ਦੁਹਰਾਇਆ ਜ਼ੋ ਉਹਨਾਂ ਨੇ ਜਿੰਦੇ ਆਖਰੀ ਸਫ਼ਰ ਤੱਕ ਨਿਭਾਇਆ।

* ਸਾਹਿਬ ਕਾਂਸ਼ੀ ਰਾਮ ਆਖਰੀ ਵਾਰ ਆਪਣੇ ਪਿੰਡ ਖੁਆਸਪੁਰਾ (ਰੂਪਨਗਰ- ਰੋਪੜ) ਵਿਖੇ ਆਏ ਤਾਂ ਉਹ ਕੁਝ ਖੋਹਿਆ ਹੋਇਆ ਲੱਗ ਰਹੇ ਸੀ ਤੇ ਨਾਲ ਹੀ ਡਾ: ਅੰਬੇਡਕਰ ਜੀ ਦੀ ਤਸਵੀਰ (ਇੰਟਰਵਿਊ ਮਾਤਾ ਬਿਸ਼ਨ ਕੌਰ) ਲੈ ਕੇ ਆਏ ਸਨ।

* ਜਿਸ ਡਾ: ਬਾਬਾ ਸਾਹਿਬ ਅੰਬੇਡਕਰ ਜੀ ਨੂੰ ਮਨੂੰਵਾਦੀ ਲੋਕ ਅੰਗਰੇਜਾਂ ਦਾ ਪਿੱਠੂ, ਗਦਾਰ ਤੱਕ ਕਿਹਾ ਕਰਦੇ ਸਨ, ਉੱਥੇ ਸਾਹਿਬ ਕਾਂਸ਼ੀ ਰਾਮ ਜੀ ਦੀ ਬਾਬਾ ਸਾਹਿਬ ਪ੍ਰਤੀ ਸਮਰਪਣ ਭਾਵਨਾ ਨਾਲ ਦਿਨ ਰਾਤ ਕੰਮ ਕਰਨ ਕਾਰਨ ਅੱਜ ਬਾਬਾ ਸਾਹਿਬ 'ਭਾਰਤ ਰਤਨ' ਬਣ ਚੁੱਕੇ ਹਨ। ਹਰ ਪਾਰਟੀ ਹੁਣ ਬਾਬਾ ਸਾਹਿਬ ਜੀ ਦੀ ਜੈ-ਜੈ ਕਾਰ ਕਰਨ ਲੱਗੀਆਂ ਹੋਈਆਂ ਹਨ। ਜਦ ਕਿ ਇਸ ਤੋਂ ਪਹਿਲਾਂ ਜਿਸ ਭਾਰਤੀ ਸੰਵਿਧਾਨ, ਮਨੁੱਖੀ ਹੱਕਾਂ ਯੋਧੇ ਬਾਰੇ ਮਾਰਕੀਟ ਵਿੱਚ 1977-78 ਤੱਕ ਕਿਤਾਬਾਂ ਨਾ ਮਾਤਰ ਮਿਲਦੀਆਂ ਸਨ, ਅੱਜ ਸਾਹਿਬ ਕਾਂਸ਼ੀ ਰਾਮ ਜੀ ਦੀ ਬਦੌਲਤ ਫੈਲਾਈ ਚੇਤਨਤਾ ਕਰਕੇ ਮਹਾਂਰਾਸ਼ਟਰ ਸਰਕਾਰ, ਭਾਰਤ ਸਰਕਾਰ ਵਲੋਂ ਉਹਨਾਂ ਦੇ ਅਨੇਕਾਂ ਵੌਲੀਅਮ ਪ੍ਰਕਾਸ਼ਿਤ ਕਰਵਾਏ ਹਨ, ਉੱਥੇ ਸੈਂਕੜੇ ਲੇਖਕਾਂ ਨੇ ਉਹਨਾਂ ਦੇ ਜੀਵਨ-ਮਿਸ਼ਨ ਭਾਰਤ ਦੇ ਹਰ ਆਮ ਤੋਂ ਖਾਸ ਤੱਕ ਲਈ ਲਿਖਿਆ। ਇੱਥੋਂ ਤੱਕ ਕਿ ਵਿਦੇਸ਼ਾਂ 'ਚ ਉਹਨਾਂ ਦੀ ਲਿਆਕਤ ਦੇ ਝੰਡੇ ਗੱਡਣ ਲੱਗੇ।


* ਭਾਰਤ ਦੇ ਅਜਿਹੇ ਪਹਿਲੇ ਆਗੂ ਸਾਹਿਬ ਕਾਂਸ਼ੀ ਰਾਮ ਬਣੇ ਜਿਹੜੇ ਖੁਦ ਹੀ ਪ੍ਰੈਸ ਨੋਟ ਲਿਖਦੇ ਸਨ ਤੇ ਅਕਸਰ ਖੁਦ ਹੀ ਅਖਬਾਰਾਂ ਦਫਤਰਾਂ ਵਿੱਚ ਦੇਣ ਜਾਂਦੇ ਸਨ। ਸਾਹਿਬ ਨੇ ਦਿੱਲੀ ਤੋਂ ਹਿੰਦੀ 'ਚ ਬਹੁਜਨ ਸੰਗਠਨ ਅਤੇ ਵੱਖ-ਵੱਖ ਖੇਤਰੀ ਭਾਸ਼ਾਵਾਂ 'ਚ ਦਲਿਤਾਂ, ਬਹੁਜਨਾਂ ਲਈ ਇਤਿਹਾਸਕ ਲੇਖ ਅਤੇ ਮੈਗਜੀਨਾਂ ਨੂੰ ਵਰਕਰਾਂ ਲਈ ਪ੍ਰਕਾਸ਼ਿਤ ਕਰਵਾਇਆ ਜ਼ੋ ਅਜਾਦੀ, ਸਮਾਨਤਾ ਤੇ ਭਾਈਚਾਰੇ ਨੂੰ ਸਮਰਪਿਤ ਸਨ। ਪੰਜਾਬੀ ਵਿੱਚ ਚੰਡੀਗੜ੍ਹ ਤੋਂ ਬਹੁਜਨ ਸੰਦੇਸ਼ ਪ੍ਰਕਾਸ਼ਤ ਹੁੰਦਾ ਰਿਹਾ।

* ਬਾਬਾ ਸਾਹਿਬ ਮਹਾਂਰਾਸ਼ਟਰ ਦੀ ਅਛੂਤ ਕਹੀ ਜਾਣ ਵਾਲੀ ਮਹਾਰ (ਪੰਜਾਬ 'ਚ ਵਾਲਮੀਕ/ਚਮਾਰ ਜਾਤ ਵਾਂਗ) ਨਾਲ ਸਬੰਧ ਰੱਖਦੇ ਸਨ। ਇਸੇ ਤਰ੍ਹਾਂ ਭਾਰਤ ਸਰਕਾਰ ਦੁਆਰਾ ਸੰਚਾਲਿਤ 'ਕੇਂਦਰੀ ਇੰਸਟੀਚਿਊਟ ਆਫ ਮਿਲਟਰੀ-ਪੂਨੇ 'ਚ ਕੰਮ ਕਰਕੇ ਕਾਂਸ਼ੀ ਰਾਮ (ਬੰਬ ਵਿਗਿਆਨੀ) ਨੂੰ ਵਾਲਮੀਕ ਭਾਈਚਾਰੇ ਨਾਲ ਸਬੰਧਤ ਦੀਨਾ ਭਾਨਾ ਨੇ ਕੌਮ ਦਾ 'ਸਾਹਿਬ ਕਾਂਸ਼ੀ ਰਾਮ ਬਣਵਾਇਆ ਅਤੇ ਸਾਹਿਬ ਬਾਰੇ ਕਿਹਾ ਕਿ ਉਹਨਾਂ (ਸਾਹਿਬ ਕਾਂਸ਼ੀ ਰਾਮ) ਨੇ ਕਿਹਾ ਕਿ ਲੜਾਈ ਤੇਰੇ ਇਕੱਲੇ ਦੀ ਨਹੀਂ ਇਹ ਸਾਡੀ ਸਾਂਝੀ ਲੜਾਈ ਹੈ। ਦਰਅਸਲ ਵਿੱਚ ਜਿਸ ਸੰਸਥਾ ਵਿੱਚ ਕੰਮ ਕਰਦੇ ਸਨ ਉਸ ਸੰਸਥਾ ਵਿੱਚ ਸਾਲ 1965 ਵਿੱਚ ਜ਼ੋ ਛੁੱਟੀਆਂ ਹੋਈਆਂ ਸਨ ਉਸ ਬਾਬਤ 1964 ਵਿੱਚ ਬਾਬਾ ਸਾਹਿਬ ਤੇ ਤਥਾਗਤ ਬੁੱਧ ਦੀ ਜਯੰਤੀ ਦੀਆਂ ਛੁੱਟੀਆਂ ਰੱਦ ਕਰ ਦਿੱਤੀਆਂ ਸਨ। ਦੀਨਾ ਭਾਨਾ ਸਾਰੇ ਵਰਕਰਾਂ ਦਾ ਪ੍ਰਤੀਨਿਧ ਚੁਣਿਆ ਹੋਇਆ ਸੀ ਤਾਂ ਦੀਨਾ ਭਾਨਾ ਪਾਸੋਂ ਵੀ ਪ੍ਰਵਾਨਗੀ ਲੈਣੀ ਚਾਹੀ ਪਰ ਦੀਨਾ ਭਾਨਾ ਨੇ ਨਾਂਹ ਕਰ ਦਿੱਤੀ ਜਿਸ ਦੀਨਾ ਭਾਨਾ ਨੂੰ ਨੌਕਰੀ ਤੋਂ ਚਾਰਜਸ਼ੀਟ ਕਰ ਦਿੱਤਾ ਗਿਆ। ਜਿਸ ਦੀ ਲੜਾਈ ਨੇ ਅੱਗੇ ਜਾ ਕੇ ਅਦਾਲਤ ਤੋਂ ਜਿੱਤ ਪ੍ਰਾਪਤ ਕੀਤੀ। ਇਸ ਕੇਸ ਦੀ ਲੜਾਈ ਸਾਹਿਬ ਕਾਂਸ਼ੀ ਰਾਮ ਨੇ ਮੋਹਰੇ ਹੋ ਕੇ ਲੜੀ ਸੀ ਇਸੇ ਮੌਕੇ ਕਾਂਸ਼ੀ ਰਾਮ ਜੀ ਨੇ ਦੀਨਾ ਭਾਨਾ ਨੂੰ ਕਿਹਾ ਸੀ 'ਦੀਨਾ ਭਾਨਾ ਜੀ ਦੀ ਇਹ ਲੜਾਈ ਹੁਣ ਤੁਹਾਡੇ ਇਕੱਲਿਆਂ ਦੀ ਨਹੀਂ, ਇਹ ਲੜਾਈ ਹੁਣ ਸਭ ਦੀ ਹੈ ਕਿਉਂਕਿ ਤੂੰ ਵਾਲਮੀਕ ਹੈ ਤੇ ਮੈਂ ਚਮਾਰ ਹਾਂ। ਅਸੀਂ ਭਰਾ-ਭਰਾ ਹਾਂ। ਇਸ ਸੰਘਰਸ਼ ਦੌਰਾਨ ਦੀਨਾ ਭਾਨਾ ਨੂੰ ਮੁੜ ਨੌਕਰੀ ਦਿਵਾਈ। ਆਪਣੇ ਸਾਰੇ ਸੁੱਖ ਤਿਆਗ ਕੇ ਸਮਾਂ ਬੀਤਦਾ ਗਿਆ ਤੇ ਕਾਫਲਾ ਵਧਦਾ ਗਿਆ ਤੇ ਸਾਹਿਬ ਕਾਂਸ਼ੀ ਰਾਮ ਕੌਮੀ ਪਾਰਟੀ ਬਣ ਗਈ।

* ਭਾਰਤ ਹੀ ਨਹੀਂ ਸਗੋਂ ਵਿਸ਼ਵ ਵਿੱਚ ਸ਼ਾਇਦ ਪਹਿਲਾ ਅਜਿਹਾ ਆਗੂ ਸੀ ਜਿਸ ਨੇ ਹਜਾਰਾਂ ਸਾਲਾਂ ਦੀ ਹਰ ਤਰ੍ਹਾਂ ਦੀ ਗੁਲਾਮੀ ਨੂੰ ਅਜਾਦੀ 'ਚ ਬਦਲਣ ਲਈ ਪੈਦਲ, ਸਾਇਕਲ, ਜੀਪ ਬੱਸ, ਰੇਲਗੱਡੀ ਤੇ ਕਦੇ ਹਵਾਈ ਜਹਾਜ 'ਚ ਸਫਰ ਕਰਕੇ ਕਾਂਸ਼ੀ ਰਾਮ ਜੀ ਦੀ ਮੂਵਮੈਂਟ ਨੇ ਮਜਬੂਤ ਸਰਕਾਰਾਂ ਨੂੰ ਮਜਬੂਰ ਸਰਕਾਰਾਂ ਬਣਾ ਦਿੱਤਾ।

* ਸਾਹਿਬ ਕਾਂਸ਼ੀ ਰਾਮ ਨੇ ਬਾਬਾ ਸਾਹਿਬ ਜੀ ਦੀ ਪਾਰਟੀ ਵਲੋਂ ਹਾਥੀ ਚੋਣ ਨਿਸ਼ਾਨ, ਝੰਡਾ ਨੀਲਾ ਉੱਤਰੀ ਭਾਰਤ ਦੇ ਨਾਮ ਦੱਖਣੀ ਭਾਰਤ ਵੀ ਝੂਮਣ ਲਾਇਆ। ਸਾਹਿਬ ਕਾਂਸ਼ੀ ਰਾਮ ਨੇ ਸ਼ਾਦੀ ਨਹੀਂ ਕੀਤੀ। ਉਹਨਾਂ ਕਿਹਾ ਕਿ ਮੈਂ ਸਮਾਜਿਕ ਤੇ ਰਾਜਨੀਤਿਕ ਜੀਵਨ ਵਿੱਚ ਰਹਿਣਾ ਹੈ ਤੇ ਮੈਂ ਸ਼ਾਦੀ ਨਹੀਂ ਕਰਨੀ। ਮੇਰਾ ਕੋਈ ਪਰਿਵਾਰ, ਮੋਹ ਮਾਇਆ ਜਾਂ ਜੀਆ ਜਹਾਨ ਨਹੀਂ ਹੋਵੇਗਾ। ਇਸ ਕਾਰਨ ਸਾਹਿਬ ਨੇ 24 ਪੰਨਿਆਂ ਦਾ ਇੱਕ ਖਤ ਪੂਨੇ ਰਹਿੰਦੇ ਲਿਖਿਆ ਸੀ ਕਿ ਉਹ ਹੁਣ ਪਰਿਵਾਰ ਦਾ ਨਹੀਂ ਸਮਾਜ ਦਾ ਆਦਮੀ ਹੈ।

* ਸਾਹਿਬ ਨੂੰ ਅਨੇਕਾਂ ਲੇਖਕਾਂ/ਪੱਤਰਕਾਰਾਂ ਨੇ ਸਵੈ-ਜੀਵਨੀ ਲਿਖਣ ਲਈ ਕਿਹਾ ਪਰ ਉਹਨਾਂ ਨਾਂਹ ਕਰ ਦਿੱਤੀ। ਉਹਨਾਂ ਕਿਹਾ ਕਿ ਉਹਨਾਂ ਦਾ ਸਾਰਾ ਜੀਵਨ ਸੰਘਰਸ਼ ਵਿੱਚ ਹੀ ਰਹੇਗਾ। ਮੇਰਾ ਸੁਪਨਾ ਤਾਂ ਇੱਕ ਮਾਤਰ ਇੱਛਾ ਹੈ ਉਹ ਹੈ ਬਹੁਜਨ ਸਮਾਜ।



'ਜੈ ਭੀਮ ਜੈ ਭਾਰਤ' ਦਾ ਨਾਅਰਾ ਸ਼ਾਇਦ ਕੌਮੀ ਨਾਅਰੇ ਤੋਂ ਬਾਅਦ ਹਰ ਆਮ ਤੇ ਖਾਸ ਨੇਤਾ ਲੋਕ ਬੋਲਦੇ ਹਨ। ਇਹ ਦੁਨੀਆਂ ਦੇ ਸੂਰਜ, ਗਿਆਨ ਦੇ ਪ੍ਰਤੀਕ, ਕੋਲੰਬੀਆ ਯੂਨੀਵਰਸਿਟੀ ਦੇ 250 ਸਾਲਾਂ ਦੇ ਵਿਦਿਆਰਥੀਆਂ ਚੋਂ ਸਭ ਤੋਂ ਵੱਧ ਮਨੁੱਖਤਾ ਲਈ ਕੰਮ ਕਰਨ ਵਾਲੇ ਅਤੇ ਕਰੋੜਾਂ ਦਲਿਤਾਂ-ਸੋਸ਼ਿਤਾਂ, ਮਨੁੱਖੀ ਹੱਕਾਂ ਤੋਂ ਵਾਂਝੇ ਕੀਤੇ ਗਏ ਅਤੇ ਔਰਤਾਂ ਦੇ ਹੱਕਾਂ ਲਈ ਕੁਰਸੀ ਨੂੰ ਠੋਕਰ ਮਾਰਨ ਵਾਲੇ ਡਾ: ਭੀਮ ਰਾਓ ਜੀ ਨੂੰ ਸ਼ਰਧਾਂਜਲੀ ਹੈ, ਉੱਥੇ ਮੂਲ ਨਿਵਾਸੀ ਲੋਕਾਂ ਦਾ ਦੇਸ਼ ਭਾਰਤ ਦੀ ਜੈ ਹੈ।

* ਕਾਂਸ਼ੀ ਰਾਮ ਜੀ ਸ਼ਾਇਦ ਪਹਿਲੇ ਅਜਿਹੇ ਰਾਜਸੀ ਆਗੂ ਸਨ ਜ਼ੋ ਦੇਸ਼ ਦੇ ਪਹਿਲੇ ਨਾਗਰਿਕ (ਰਾਸ਼ਟਰਪਤੀ) ਨੂੰ ਰਾਸ਼ਟਰਪਤੀ ਭਵਨ 'ਚ ਕਹਿ ਆਏ ਕਿ ਅਗਰ ਮੇਰੇ ਸਮਾਜ ਨੂੰ ਵੋਟਾਂ ਨਾ ਪਾਉਣ ਦਿੱਤੀਆਂ ਤਾਂ ਸਮਾਜ ਵੈਲਟ (ਵੋਟ ਦੀ ਥਾਂ) ਬੋਲਟ (ਗੋਲੀ) ਦਾ ਰਸਤਾ ਵੀ ਅਪਣਾ ਸਕਦੀ ਹੈ।

* ਕਾਂਸ਼ੀ ਰਾਮ ਨੂੰ ਲੋਕ ਬਾਬਾ ਸਾਹਿਬ ਤੋਂ ਬਾਅਦ ਲੱਖਾਂ ਲੋਕ ਇਸ ਤਰ੍ਹਾਂ ਸੁਣਦੇ ਸਨ ਜਿਵੇਂ ਕੋਈ ਵੱਡਾ ਧਾਰਮਿਕ ਆਗੂ ਕੌਮ ਨੂੰ ਸੰਦੇਸ਼ ਦੇ ਰਿਹਾ ਹੋਵੇ। ਚਾਹੇ ਲੁਧਿਆਣੇ ਦੀ ਰੈਲੀ ਹੋਵੇ ਜਾਂ ਦਿੱਲੀ ਤੇ ਲਖਨਊ ਦੀਆਂ ਦੇਸ਼ ਪੱਧਰੀ ਰੈਲੀਆਂ ਹੋਣ। ਇਸ ਤਰ੍ਹਾਂ ਲਗਦਾ ਸੀ ਕਿ ਜਿਵੇਂ ਵਰਕਰ ਸਾਹ ਰੋਕ ਕੇ ਭਾਸ਼ਣ ਸੁਣਦੇ ਹੋਣ। ਇਹ ਵੀ ਭਾਰਤੀ ਰਾਜਨੀਤੀ 'ਚ ਕਾਂਸ਼ੀ ਰਾਮ ਦਾ ਇੱਕ 'ਚਮਤਕਾਰ' ਹੀ ਸੀ।

* ਕਾਂਸ਼ੀ ਰਾਮ ਨੇ 1984 'ਚ ਯੂ.ਪੀ. ਤੋਂ ਰਾਜੀਵ ਗਾਂਧੀ ਖਿਲਾਫ ਚੋਣ ਲੜੀ। ਉਦੋਂ ਰਾਜੀਵ ਗਾਂਧੀ ਹੈਲੀਕਾਪਟਰ ਤੇ ਕਾਂਸ਼ੀ ਰਾਮ ਸਾਇਕਲ ਤੇ ਦੇਸ਼ ਦਾ ਧਿਆਨ ਖਿੱਚ ਵੱਡੀ ਪੱਧਰ ਤੇ ਪਹਿਲੀ ਵਾਰ ਕੌਮੀ ਤੇ ਕੌਮਾਂਤਰੀ ਪੱਧਰ ਖਿੱਚਿਆ।

* ਸਾਹਿਬ ਕਾਂਸ਼ੀ ਰਾਮ ਦੀ ਪੰਜਾਬ 'ਚ ਪਹਿਲੀ ਜਨਤਕ ਰੈਲੀ ਬੰਗਾ (ਨਵਾਂ ਸ਼ਹਿਰ) ਨਜਦੀਕ ਪਿੰਡ ਮੂਸਾਪੁਰ 'ਚ 6 ਅਪ੍ਰੈਲ 1981 ਨੂੰ ਡੀ.ਐਸ.ਫੋਰ. (ਦਲਿਤ ਸ਼ੋਸਿਤ ਸੰਘਰਸ਼ ਸੰਮਤੀ) ਦੇ ਬੈਨਰ ਹੇਠ ਹੋਈ ਸੀ ਤੇ ਸੰਦੇਸ਼ ਦਿੱਤਾ ਕਿ ਪੜ੍ਹੇ ਲਿਖੇ ਲੋਕਾਂ ਨੇ ਬਾਬਾ ਸਾਹਿਬ ਦੇ ਸੰਘਰਸ਼ਾਂ ਸਦਕਾ ਪਿਛਲੇ ਹੱਕਾਂ ਦਾ ਲਾਭ ਲਿਆ। ਹੁਣ ਪੜ੍ਹੇ ਲਿਖੇ ਨੌਕਰੀ ਪੇਸ਼ਾ ਲੋਕਾਂ ਦਾ ਫਰਜ ਬਣਦਾ ਹੈ ਕਿ ਉਹ ਆਪਣੇ ਭਰਾ ਜਿਹੜੇ ਅਨਪੜ੍ਹ ਰਹਿਕੇ ਅੱਜ ਵੀ ਘਾਹ ਖੋਤ ਰਹੇ ਹਨ ਉਹਨਾਂ ਦੀ ਮਦਦ ਕਰਨ ਕਿਉਂਕਿ ਪੜ੍ਹੇ ਲਿਖੇ ਲੋਕਾਂ ਕੋਲ ਪੈਸਾ, ਸਮਾਂ ਤੇ ਦਿਮਾਗ ਹੁੰਦਾ ਹੈ।

* ਭਾਰਤੀ ਰਾਜਨੀਤੀ ਵਿੱਚ ਬਾਬਾ ਸਾਹਿਬ ਤੋਂ ਬਾਅਦ ਵੱਡੇ ਪੱਧਰ ਤੇ ਮਨੂੰਵਾਦੀ ਪੂਰਨ ਗੈਰ-ਬਰਾਬਰੀ ਵਾਲੀ ਇਸ ਵਿਵਸਥਾ ਨੂੰ ਅਸੀਂ ਸੰਪੂਰਨ ਬਰਾਬਰੀ ਵਾਲੀ ਵਿਵਸਥਾ ਬਣਾਉਣਾ ਹੈ। ਉਹਨਾਂ ਪੈਂਨ ਹੱਥ 'ਚ ਫੜਕੇ ਉੱਪਰ ਲੱਗੇ ਖੋਲ ਨੂੰ 15 ਪ੍ਰਤੀਸ਼ਤ ਅਤੇ ਪੈੱਨ ਨੂੰ 85 ਪ੍ਰਤੀਸ਼ਤ ਦੀ ਉਦਾਹਰਨ ਨਾਲ ਆਪਣੀ ਗੱਲ ਸਮਾਜ ਤੱਕ ਪਹੁੰਚਾਈ ਅਤੇ ਕਿਹਾ ਕਿ 'ਆਰੀਆ ਪੁੱਤਰੋ ਹੋਸ਼ ਮੇ ਆਓ ਦਾਸ ਪ੍ਰਥਾ ਕੋ ਮਤ ਬੜਾਓ'।

* ਸਾਹਿਬ ਕਾਂਸ਼ੀ ਰਾਮ ਨੇ ਆਪਣੇ ਜਿਉਂਦੇ ਜੀਅ ਤੰਦਰੁਸਤ ਹੁੰਦੇ ਹੋਏ ਕਿਹਾ ਕਿ ਬਾਬਾ ਸਾਹਿਬ ਮਹਾਤਮਾ ਫੂਲੇ.... ਚਲੇ ਗਏ ਮੈਂ ਵੀ ਇੱਕ ਦਿਨ ਕੁਦਰਤ ਦੇ ਨਿਯਮ ਮੁਤਾਬਕ ਚਲੇ ਜਾਣਾ ਹੈ ਇਸ ਕਾਰਨ ਮੈਂ ਮਾਇਆਵਤੀ ਨੂੰ ਆਪਣਾ ਉੱਤਰਾਧਿਕਾਰੀ ਐਲਾਨ ਕਰਦਾ ਹਾਂ।

* ਸਾਹਿਬ ਕਾਂਸ਼ੀ ਰਾਮ ਅੰਗਰੇਜੀ, ਹਿੰਦੀ ਅਤੇ ਪੰਜਾਬੀ 'ਚ ਬੋਲਣ 'ਚ ਚੋਖੀ ਮੁਹਾਰਤ ਰੱਖਦੇ ਸਨ ਤੇ ਉਹ ਅਕਸਰ ਪੰਜਾਬੀ 'ਚ ਠੇਠ ਸ਼ਬਦਾਂ ਦੀ ਵਰਤੋਂ ਕਰਦੇ ਸਨ।

* ਉਹਨਾਂ ਕਿਹਾ ਕਿ 'ਭੁੱਲ ਨਾ ਜਾਇਓ ਕਿਤੇ ਆਪਣੇ ਰਹਿਬਰਾਂ ਨੂੰ' ਨਾਂ ਦੇ ਬੈਨਰ ਹੇਠ ਦੇਸ਼ ਦੇ ਵੱਖ-ਵੱਖ ਹਿੱਸਿਆਂ 'ਚ ਮਹਾਂਪੁਰਸ਼ਾਂ ਨੂੰ ਯਾਦ ਕਰਦੇ ਸਨ ਤੇ ਕਿਹਾ ਕਰਦੇ ਸਨ ਕਿ ਭਾਰਤ ਵਿੱਚ ਅਜਿਹੇ ਮਹਾਂਪੁਰਸ਼ ਹੋਣੇ ਜਿਨ੍ਹਾਂ ਅਛੂਤਾਂ ਦੇ ਹੱਕਾਂ ਤੇ ਹਿੱਤਾਂ ਤੇ ਮਨੁੱਖਤਾ, ਇਨਸਾਨ ਤੇ ਇਨਸਾਨੀਅਤ ਲਈ ਕੰਮ ਕੀਤਾ। ਉਹ ਮੁੱਖ ਤੌਰ ਤੇ ਬਾਬਾ ਸਾਹਿਬ, ਤਥਾਗਤ ਬੁੱਧ, ਸ੍ਰੀ ਗੁਰੂ ਰਵਿਦਾਸ, ਸ੍ਰੀ ਗੁਰੂ ਗੋਬਿੰਦ ਸਿੰਘ, ਮਹਾਤਮਾ ਫੂਲੇ, ਪੇਰੀਅਰ ਰਾਮਾ ਸਵਾਮੀ, ਵਿਰਸਾ ਮੁੰਡਾ ਆਦਿ ਮਹਾਂਪੁਰਸ਼ਾਂ ਦਾ ਅਕਸਰ ਵਰਨਣ ਕਰਦੇ ਸਨ।

ਇਸ ਤਰ੍ਹਾਂ ਭਾਰਤ ਰਤਨ ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਡਕਰ ਜੀ ਦੇ ਮਿਸ਼ਨ ਨੂੰ ਅੱਗੇ ਤੋਰਨ ਵਾਲੇ ਸਾਹਿਬ ਕਾਂਸ਼ੀ ਰਾਮ ਇੱਕ ਤਰਾਂ ਉਹਨਾਂ ਦੇ ਮਿਸ਼ਨ ਨੂੰ ਭਾਰਤ ਦੇ ਵੱਖ-ਵੱਖ ਸੂਬਿਆਂ, ਦੇਸ਼ ਦੀ ਰਾਜਧਾਨੀ ਅਤੇ ਕੌਮਾਂਤਰੀ ਪੱਧਰ ਤੇ ਪ੍ਰਚਾਰ ਤੇ ਪ੍ਰਸਾਰ ਕਰਨ ਵਾਲੇ ਇੱਕੋ ਇੱਕ ਉੱਤਰਾਧਿਕਾਰੀ ਸਾਬਿਤ ਹੋਏ ਜਿਸ ਕਾਰਨ ਅਸੀਂ ਜਦੋਂ ਬਾਬਾ ਸਾਹਿਬ ਨੂੰ ਯਾਦ ਕਰਦੇ ਹਾਂ ਤਾਂ ਸਾਹਿਬ ਕਾਂਸ਼ੀ ਰਾਮ ਦੀ ਯਾਦ, ਉਹਨਾਂ ਦੇ ਸੰਘਰਸ਼ ਨੂੰ ਵੀ ਸਿਜਦਾ ਕਰਦੇ ਹਾਂ।

# ਆਪਣੇ ਮਹਾਨ ਪੁਰਖਿਆਂ ਦੇ ਜੀਵਨ ਸੰਘਰਸ਼ਾਂ ਤੋਂ ਸਬਕ ਲੈਂਦੇ ਹੋਏ ਅੱਗੇ ਵਧਣਾ ਚਾਹੀਦਾ ਹੈ- ਕਾਂਸ਼ੀ ਰਾਮ

**ਸਾਥੀ !**

ਕਈ ਲੋਕਾਂ ਦਾ ਕਹਿਣਾ ਹੈ ਕਿ ਮੈਂ ਇਕ ਚਿੰਤਕ ਹਾਂ ਅਤੇ ਉਹ ਵੀ ਇਕ ਮਹਾਨ ਚਿੰਤਕ . ਪਰ ਮੇਰਾ ਮੰਨਣਾ ਹੈ ਕਿ ਮੈਂ ਇਕ ਸੀਮਤ ਚਿੰਤਕ ਹਾਂ । ਮੇਰਾ ਚਿੰਤਨ ਇਕ ਸੀਮਤ ਉਦੇਸ ਦੀ ਪ੍ਰਾਪਤੀ ਤੱਕ ਹੀ ਸੀਮਤ ਰਹਿੰਦਾ ਹੈ । ਉਸ ਤੋਂ ਪਰ੍ਹੇ ਨਹੀਂ ਜਾਂਦਾ । ਉਸ ਉਦੇਸ ਦੀ ਪ੍ਰਾਪਤੀ ਤੋਂ ਬਾਅਦ ਹੀ ਮੇਰਾ ਚਿੰਤਨ ਅਗਲੇ ਉਦੇਸ ਦੀ ਪ੍ਰਾਪਤੀ ਦੀ ਦਿਸਾ ' ਚ ਅੰਗੇ ਵਧਦਾ ਹੈ । ਕੁੰਝ ਸਮਾਂ ਪਹਿਲਾਂ ਕੁਝ ਲੋਕਾਂ ਦਾ ਅਕਸਰ ਇਹ ਕਹਿਣਾ ਸੀ ਕਿ ਦਲਿਤਾਂ ਦੀ ਆਪਣੀ ਕੋਈ ਰਾਸਟਰੀ ਸਿਆਸੀ ਪਾਰਟੀ ਨਹੀਂ ਹੈ । ਇਸ ਲਈ ਮੈਂ ਫੈਸਲਾ ਕੀਤਾ ਕਿ ਮੈਂ ਦਲਿਤਾਂ ਲਈ ਰਾਸਟਰੀ ਪਾਰਟੀ ਦੀ ਉਸਾਰੀ ਕਰਨੀ ਹੈ । ਆਪਣੇ ਇਸ ਉਦੇਸ ਦੀ ਪ੍ਰਾਪਤੀ ਲਈ ਜਰੂਰੀ ਸੀ । ਇਸ ਲਈ ਮੈਨੂੰ ਇਤਿਹਾਸ ਵਿਚ ਬਹੁਤਾ ਗਹਿਰਾ ਜਾਣ ਦੀ ਜਰੂਰਤ ਨਹੀਂ ਸੀ। ਪਿਛਲੇ ਦੋ ਸੌ ਸਾਲਾਂ ਦਾ ਇਤਿਹਾਸ ਵਿਚ ਸਾਡੇ ਮਹਾਂਪੁਰਖਾਂ ਨੇ ਸਾਡੇ ਸਮਾਜ ਦੀ ਭਲਾਈ ਲਈ 19 ਵੀਂ ਅਤੇ 20 ਵੀਂ ਸਦੀ 'ਚ ਜੋ ਸੰਘਰਸ ਕੀਤੇ ਉਨ੍ਹਾਂ ਸੰਘਰਸਾਂ ਦਾ ਇਤਿਹਾਸ ਇਸ ਸੀਮਤ ਉਦੇਸ ਦੀ ਪ੍ਰਾਪਤੀ ਲਈ ਕਾਫੀ ਸੀ। ਅੱਜ ਇਸ ਦੂਜੀ ਦਲਿਤ ਹਿਸਟਰੀ ਕਾਂਗਰਸ ਵਿਚ ਬਹੁਤ ਸਾਰੇ ਲੋਕ ਹੜੰਪਾ ਅਤੇ ਮੋਹੰਜੋਦੜੋ ਦੀ ਸਭਿਅਤਾ ਦੀ ਗੱਲ ਕਰ ਰਹੇ ਹਨ । ਸ੍ਰੀ ਏ.ਕੇ ਬਿਸਵਾਸ, ਸ੍ਰੀ ਐਸ.ਕੇ ਵਿਸਵਾਸ ਅਤੇ ਕਈ ਹੋਰਨਾਂ ਨੇ ਇਤਿਹਾਸ ਦੇ ਬਾਰੇ ਕਈ ਕਿਤਾਬਾਂ ਲਿਖੀਆਂ ਹਨ। ਮੇਰੇ ਦੋਸਤ ਆਰਿਫ ਮੁਹੰਮਦ ਖਾਨ ਪਾਕਿਸਤਾਨ (ਸਿੰਧੂ ਘਾਟੀ ਦੀ ਸਭਿਅਤਾ) ਤੋਂ ਇਕ ਬੈਲ ਦੀ ਮੂਰਤੀ ਮੈਨੂੰ ਭੇਟ ਕਰਨ ਲਈ ਲਿਆਂਦੇ ਹਨ । ਉਨ੍ਹਾਂ ਦਾ ਕਹਿਣਾ ਹੈ ਕਿ ਇਹ ਹੜੰਪਾ ਅਤੇ ਮੋਹੰਜੋਦੜੋ ਦਾ ਪ੍ਰਤੀਕ ਚਿੰਨ ਬੈਲ ਹੈ। ਮੈਂ ਉਸ ਬੈਲ ਦੀ ਮੂਰਤੀ ਨੂੰ ਦੇਖਿਆ ਤਾਂ ਮੈਨੂੰ ਲੰਗਿਆ ਕਿ ਇਹ ਇਕ ਦਲਿਤ ਬੋਲ ਨਹੀਂ ਹੋ ਸਕਦਾ, ਕਿਉਂਕਿ ਉਹ ਬੈਲ ਬੜਾ ਤਕੜਾ ਅਤੇ ਭਾਰੀ ਸੀ। ਮੈਨੂੰ ਇਸ ਮੌਕੇ ਤੇ ਇਕ ਗਿੰਦੜ ਦੀ ਕਹਾਣੀ ਯਾਦ ਆਉਂਦੀ ਹੈ । ਉਸ ਗਿੰਦੜ ਦੀ ਆਦਤ ਸੀ ਕਿ ਉਹ ਬਹੁਤ ਜੋਰ ਨਾਲ ਚੀਖ ਕੇ ਬੋਲਦਾ ਸੀ ਕਿ ਉਸ ਦੇ ਪੁਰਖੇ ਜੰਗਲ ਦੇ ਰਾਜੇ ਸਨ । ਪਰ ਜਦੋਂ ਵੀ ਜੰਗਲ ਦਾ ਰਾਜਾ ਸੇਰ ਸਾਹਮਣੇ ਆਉਂਦਾ ਤਾਂ ਉਹ ਗਿੰਦੜ ਘਬਰਾ ਜਾਂਦਾ ਤੇ ਦੌੜ ਕੇ ਝਾੜੀਆਂ ਦੇ ਪਿੱਛੇ ਲੁੰਕ ਜਾਂਦਾ ਸੀ। ਸਾਡੇ ਇਤਿਹਾਸਕਾਰਾਂ ਨੂੰ ਚਾਹੀਦਾ ਹੈ ਕਿ ਉਹ ਉਸ ਗਿੰਦੜ ਵਾਂਗ ਵਿਹਾਰ ਨਾ ਕਰਨ।

ਮੈਂ ਬਹੁਜਨ ਸਮਾਜ ਦੇ ਇਤਿਹਾਸਕਾਰਾਂ ਨੂੰ ਅਪੀਲ ਕਰਨਾ ਚਾਹੁੰਦਾ ਹਾਂ ਕਿ ਉਹ ਆਪਣਾ ਸਮਾਂ ਤੇ ਸ਼ਕਤੀ ਮੁਰਦਾ ਇਤਿਹਾਸ ਨੂੰ ਖੋਜਣ ਚ ਖਰਾਬ ਨਾ ਕਰਨ ਆਉਣ ਵਾਲੇ ਸਮੇਂ ਚ ਇਹ ਕੰਮ ਕਰਨ ਲਈ ਸਾਡੇ ਕੋਲ ਕਾਫੀ ਸਮਾਂ ਹੋਵੇਗਾ ਅਜੇ ਇਨ੍ਹਾਂ ਬੇਕਾਰ ਦੇ ਕੰਮਾਂ ਲਈ ਸਮਾਂ ਨਹੀਂ ਆਇਆ । ਆਪਣੇ ਉਦੇਸ ਦੀ ਪ੍ਰਾਪਤੀ ਲਈ ਸਾਨੂੰ 5-6 ਸੌ ਸਾਲਾਂ ਤੋਂ ਪਿੱਛੇ ਜਾਣ ਦੀ ਜਰੂਰਤ ਨਹੀਂ । ਸਾਨੂੰ ਆਪਣੇ ਉਦੇਸ ਦੀ ਪੂਰਤੀ ਲਈ ਬ੍ਰਾਹਮਣਾਵਾਦੀ ਦੇ ਵਿਰੁੰਧ ਧਾਰਮਿਕ ਇਨਕਲਾਬ ਤੰਕ ਜਾਣਾ ਹੀ ਕਾਫੀ ਹੈ, ਜੋ ਮੁੱਖ ਤੌਰ ਤੇ 15 ਵੀਂ ਤੇ 16 ਵੀਂ ਸਦੀ ' ਚ ਹੋਇਆ ਅਤੇ ਇਹ ਚੰਗੀ ਗੱਲ ਹੈ ਕਿ ਇਹ ਸਿੱਖ ਧਰਮ ਦੇ ਧਾਰਮਿਕ ਗ੍ਰੰਥ, ਗੁਰੂ ਗ੍ਰੰਥ ਸਾਹਿਬ ਵਿਚ ਸੁਰੱਖਿਅਤ ਹੈ । ਸੰਤ ਕਬੀਰ , ਸੰਤ ਰਵੀਦਾਸ ਆਦਿ ਨੇ ਆਪਣੇ ਜੀਵਨ ਕਾਲ 'ਚ ਬ੍ਰਾਹਮਣਵਾਦੀ ਸਮਾਜਿਕ ਪ੍ਰਬੰਧ ਦੇ ਵਿਰੁੰਧ ਬਗਾਵਤ ਕੀਤੀ। ਇਸ ਸਮੇਂ ਤੋਂ ਪੁਰਾਣਾ ਇਤਿਹਾਸ ਸਾਡੇ ਲਈ ਗੁਆਚ ਚੁੱਕਾ ਹੈ। ਪਰ ਇਸ ਤੋਂ ਬਾਅਦ ਦੇ ਇਤਿਹਾਸ, ਖਾਸ ਕਰ 19 ਵੀਂ, 20 ਵੀਂ ਸਦੀ ਦੇ ਇਤਿਹਾਸ ਦੇ ਬਾਰੇ ਸਾਨੂੰ ਕਾਫੀ ਜਾਣਕਾਰੀ ਅੱਜ ਵੀ ਮਿਲਦੀ ਹੈ । ਜਿਸਦਾ ਫਾਇਦਾ ਸਾਨੂੰ ਆਪਣੇ ਉਦੇਸ ਦੀ ਪ੍ਰਾਪਤੀ ਲਈ ਲੈਣਾ ਚਾਹੀਦਾ ਹੈ। ਮੇਰਾ ਆਪਣਾ ਵਿਸਵਾਸ ਹੈ ਕਿ ਦਲਿਤਾਂ ਦਾ ਆਪਣਾ ਕੋਈ ਇਤਿਹਾਸ ਨਹੀਂ ਹੈ । ਦਲਿਤ ਸਮਾਜ ਨੇ ਅਜੇ ਇਤਿਹਾਸ ਬਨਾਉਣਾ ਹੈ ਅਤੇ ਇਹ ਇਤਿਹਾਸ ਸਾਨੂੰ 19 ਵੀਂ ਅਤੇ 20 ਵੀਂ ਸਦੀ ' ਚ ਆਪਣੇ ਪੁਰਖਿਆਂ ਵਲੋਂ ਕੀਤੇ ਗਏ ਸੰਘਰਸਾਂ ਦੇ ਅਧਾਰ ਤੇ ਬਣਾਉਣਾ ਹੋਵੇਗਾ । ਸਾਨੂੰ ਮਹਾਂਰਾਸਟਰ ਅਤੇ ਬੰਗਾਲ ਦੇ ਕ੍ਰਮਵਾਰ ਮਹਾਰਾਂ ਅਤੇ ਚੰਡਾਲਾਂ ਵਲੋਂ ਕੀਤੇ ਗਏ ਸੰਘਰਸਾਂ ਬਾਰੇ ਪਤਾ ਹੈ, ਬੰਗਾਲ ਵਿਚ ਹਰੀ ਚੰਦ ਠਾਕਰ , ਗੁਰੂ ਚੰਦ ਠਾਕਰ ਨੇ 19 ਵੀਂ ਸਦੀ ਵਿਚ ਇਸ ਸੰਘਰਸ ਦੀ ਨੀਂਹ ਰੰਖੀ । ਇਸੇ ਤਰ੍ਹਾਂ ਮਹਾਂਰਾਸਟਰ ਵਿਚ ਜੋਤੀ-ਬਾ ਫੂਲੇ, ਛਤਰਪਤੀ ਛਾਹੂ ਜੀ ਮਹਾਰਾਜ ਅਤੇ ਬਾਬਾ ਸਾਹਿਬ ਡਾ.ਅੰਬੇਡਕਰ ਨੇ ਬ੍ਰਾਹਮਣਵਾਦੀ ਸਮਾਜਿਕ ਪ੍ਰਬੰਧ ਦੇ ਖਿਲਾਫ ਸੰਘਰਸ ਕੀਤਾ । ਹਾਲਾਂਕਿ ਭਾਰਤ ਤੇ ਮੁਗਲਾਂ ਅਤੇ ਪਠਾਨਾਂ ਦਾ ਵੀ ਰਾਜ ਰਿਹਾ ਹੈ , ਪਰ ਸਿਰਫ ਬਰਤਾਨਵੀਂ ਹਕੂਮਤ ਦੇ ਦੌਰਾਨ ਮਹਾਤਮਾ ਜੋਤੀ ਬਾ ਫੂਲੇ ਦੀਆਂ ਕੋਸਸਿਾਂ ਕਾਰਨ ਹੀ ਸਾਨੂੰ ਨਿਆਂ ਮਿਲਣਾ ਸੁਰੂ ਹੋਇਆ । ਉਸ ਤੋਂ ਪਹਿਲਾਂ ਸੂਦਰਾਂ ਅਤੇ ਅਤੀ ਸੂਦਰਾਂ ਲਈ ਵਿਦਿਆ ਦੇ ਦਰਵਾਜੇ ਪੂਰੀ ਤਰ੍ਹਾਂ ਬੰਦ ਸਨ। 19 ਵੀਂ ਸਦੀ ਵਿਚ ਮਹਾਤਮਾ ਜੋਤੀ ਬਾ ਫੂਲ ਦੇ ਯਤਨਾਂ ਨਾਲ ਇਨ੍ਹਾਂ ਵਰਗਾਂ ਲਈ ਵਿਦਿਆ ਦੇ ਦਰਵਾਜੇ ਖੁੱਲ੍ਹਣੇ ਸੁਰੂ ਹੋਏ। 20 ਵੀਂ ਸਦੀ ਚ ਇਨ੍ਹਾਂ ਯਤਨਾਂ 'ਚ ਹੋਰ ਤੇਜੀ ਆਈ। 1902 'ਚ ਛਤਰਪਤੀ ਸਾਹੂ ਜੀ ਮਹਾਰਾਜ ਦੇ ਯਤਨਾਂ ਨਾਲ ਸੂਦਰਾਂ ਅਤੇ ਅਤੀ ਸੂਦਰ ਵਰਗਾਂ ਲਈ ਰਾਖਵੇਂਕਰਨ ਦਾ ਪ੍ਰਬੰਧ ਕੀਤਾ ਗਿਆ। ਤੁਸੀਂ ਜਿਹੜੇ ਇਥੇ ਬੈਠੇ ਹੋ ਜਿਆਦਾਤਰ ਮੁਲਾਜਮ ਵਰਗ ਚੋਂ ਹੋ। ਇਹ ਸਾਰੇ ਲੋਕ ਉਸੇ ਰਾਖਵੇਂਕਰਨ ਦੇ ਪ੍ਰਬੰਧ ਕਾਰਨ ਇਥੇ ਤੱਕ ਪਹੁੰਚੇ ਹਨ, ਜਿਸਨੂੰ ਛਤਰਪਤੀ ਸਾਹੂ

(ਬਾਕੀ ਅਗਲੇ ਸਫੇ 'ਤੇ)

# ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਮੁੱਢਲੇ ਸੰਘਰਸ਼ ਦੀ ਕੁਝ ਜਾਣਕਾਰੀ

ਜਗਦੀਸ਼ ਸੱਲ੍ਹਾਂ (91-98722-57807)

ਮਾਰਚ 1970 ਨੂੰ ਲੋਧੀ ਕਲੋਨੀ ਸਫਦਰਗੰਜ. ਏਅਰਪੋਰਟ ਕੋਲ ਮੇਰੀ ਰਿਹਾਇਸ ਸੀ ਕਿਉਂਕਿ ਮੈਂ ਐਗਰੀਕਲਚਰ ਨੈਵੀਏਸਨ ਵਿਚ ਇਲੈਕਟ੍ਰੀਕਲ ਇੰਜੀਨੀਅਰ ਲੱਗਾ ਸੀ ਕਿਉਂਕਿ 15 ਸਾਲ ਏਅਰਪੋਰਟ ਵਿਚ ਨੌਕਰੀ ਕਰਨ ਤੋਂ ਬਾਅਦ ਸਬਦਰਗੰਜ ਏਅਰਫੋਰਸ ਵਿਚ ਤਾਇਨਾਤ ਹੋਇਆ । ਮਾਰਚ 1977 ਐਤਵਾਰ ਵਾਲੇ ਦਿਨ ਮੇਰਾ ਭਰਾ ਐੱਸ. ਆਰ. ਲਾਖਾ ਆਈ ਏ ਐੱਸ ਹਰਭਜਨ ਸਿੰਘ ਜੀਦੋਵਾਲ ਆਈ ਆਰ ਐੱਸ ਸਾਡੇ ਹੀ ਪਿੰਡ ਕਰਨਾਣਾ ਦਾ ਸਵਿ ਰਾਮ ਧੀਰ ਜੋ ਗੋਬਿੰਦਪੁਰੀ ਕਾਲਜ ਵਿਖੇ ਦਿੱਲੀ ਵਿਚ ਉਸਦੀ ਰਿਹਾਇਸ ਸੀ ਸਕੂਟਰ ਤੇ ਇਕ ਆਦਮੀ ਨੂੰ ਲੈ ਕੇ ਘਰ ਆਇਆ। ਉਹ ਹਿੰਦੀ ਵਿਚ ਬੋਲਦਾ ਸੀ ਪੂਨੇ (ਮਹਾਂਰਾਸਟਰ) ਦੇ ਸਹਿਰ ਕਿਰਕੀ ਆਰਮੀਜ ਦੇ ਐਮੀਡੇਸਨ ਫੈਕਟਰੀ ਵਿਚ ਰਿਸਰਚ ਅਫਸਰ ਸੀ। ਅਤੇ ਉਸਦੇ ਦੱਸਿਆ ਕਿ ਮੈਂ ਕਾਂਸੀ ਰਾਮ ਹਾਂ ਅਤੇ ਸਮਾਜ ਦੀ ਇੱਜਤ ਔਰ ਅਣਖ ਦੀ ਲੜਾਈ ਲਈ 1964 ਵਿਚ ਅਸਤੀਫਾ ਦੇ ਦਿੱਤਾ। ਸੰਨ 1977 ਤੱਕ ਤੇਰਾ ਸਾਲ ਪੂਨਾ, ਬੰਬੇ, ਨਾਗਪੁਰ ਵਿਚ ਡਾ ਅੰਬੇਡਕਰ ਦੇ ਮਿਸਨ ਦਾ ਪ੍ਰਚਾਰ ਕਰਦਾ ਸੀ। ਤੇਰਾਂ ਸਾਲ ਕੰਮ ਕਰਨ ਤੋਂ ਬਾਅਦ ਕੋਈ ਬਹੁਤਾ ਰਿਜਲਟ ਨਹੀਂ ਨਿਕਲਿਆ। ਕਿਉਂਕਿ ਆਰ ਪੀ ਆਈ ਮੂਵਮੈਂਟ ਦੇ ਮੈਂਬਰਾਂ ਨੇ ਮੈਨੂੰ ਪੰਜਾਬੀ ਹੋਣ ਕਰਕੇ ਪੈਰ ਨਹੀਂ ਲੱਗਣ ਦਿੱਤੇ। ਮੈਂ ਸੋਚਿਆ ਦਿੱਲੀ ਨੂੰ ਸੈਂਟਰ ਬਣਾਕੇ ਆਪਣਾ ਡਾ ਸਾਹਿਬ ਮਿਸਨ ਔਰ ਇੱਜਤ ਔਰ ਅਣਖ ਦੀ ਲੜਾਈ ਲੜੀ ਜਾਵੇ ਤਾਂ ਕਿ ਸਮਾਜ ਦੇ ਵਿਚ ਜੋ ਸਾਡੀਆਂ ਔਰਤਾਂ ਦੀ ਲੋਕਾਂ ਦੇ ਖੇਤਾਂ ਵਿਚ ਇੱਜਤ ਲੁੱਟੀ ਜਾ ਰਹੀ ਹੈ। ਇਸ ਲਹਿਰ ਨੂੰ ਦੇਸ ਵਿਆਪੀ ਬਣਾਕੇ ਲੋਕਾਂ ਨੂੰ ਲਾਮਬੰਦ ਕੀਤਾ ਜਾਵੇ। ਮੈਂ ਵੀ ਨੌਕਰੀ ਕਰਦਾ ਸੀ ਤੁਸੀਂ ਵੀ ਨੌਕਰੀ ਕਰਦੇ ਹੋ ਤਾਂ ਸਮਾਜ ਦੀ ਗੁਲਾਮੀ ਦੀਆਂ ਜੰਜੀਰਾਂ ਤੋੜਨ ਲਈ ਕੌਣ ਲੜੇਗਾ। ਲੋਕ ਸਮਝਦੇ ਹਨ ਪਰ ਸਮਝਾਉਣ ਵਾਲਾ ਚਾਹੀਦਾ ਹੈ ਤਾਂ ਸਾਡਾ ਸਮਾਜ ਵੀ ਇਸ ਦੇਸ ਵਿਚ ਮਾਨ ਸਨਮਾਨ ਨਾਲ ਰਹਿ ਸਕਦਾ ਹੈ ਤਾਂ ਉਹਨਾਂ ਦੀ ਗੱਲਬਾਤ ਤੋਂ ਬਾਅਦ ਮੇਰੇ ਛੋਟੇ ਭਰਾ ਐੱਸ ਆਰ ਲਾਖਾ ਨੇ ਮੇਰੇ ਤੋਂ ਬਿਨਾ ਪੁੱਛੇ ਕਾਂਸੀ ਰਾਮ ਨੂੰ ਇਹ ਫੈਸਲਾ ਦੇ ਦਿੱਤਾ ਕਿਹਾ ਸਾਡੀ ਹੁਣ ਮਾਲੀ ਹਾਲਤ ਠੀਕ ਹੈ। ਪਾਰਟੀ ਜਮੀਨ ਹੈ, ਭੈਣ ਭਰਾ ਇੰਗਲੈਂਡ ਵਿਚ ਸੈਟਲ ਹਨ। ਮੈਂ ਆਈ ਏ ਐੱਸ ਹਾਂ। ਮੈਂ ਬੱਚਿਆਂ ਦੀ ਦੇਖਭਾਲ ਕਰ ਲਵਾਂਗਾ। ਅਸੀਂ ਇਸਨੂੰ ਤੁਹਾਡੀ ਗੱਲਾਂ ਦੀ ਕਦਰ ਕਰਦੇ ਹੋਏ ਇਸ ਮਾਨ ਸਨਮਾਨ ਦੀ ਲੜਾਈ ਵਿਚ ਹਰਭਜਨ ਲਾਖਾ ਤੁਹਾਡਾ ਸਹਿਯੋਗ ਕਰਨਗੇ ਬਿਨਾ ਘਰਵਾਲੀ ਅਤੇ ਘਰ ਵਾਲਿਆਂ ਤੋਂ ਬਿਨਾ ਪੁੱਛ ਫੈਸਲਾ ਕਰ ਲਿਆ ਅਤੇ ਸਹਿਯੋਗ ਦਾ ਵਚਨ ਦਿੱਤਾ, ਤਾਂ ਸਾਹਿਬ ਕਾਂਸੀ ਰਾਮ ਨੇ ਮੈਨੂੰ ਕਿਹਾ ਕਿ ਇਹ ਗੁਲਾਮਾਂ ਦੀ ਅਜਾਦੀ ਦੀ ਲੜਾਈ ਹੈ ਲੋਕਾਂ ਤੋਂ ਪੈਸਾ ਇਕੱਠਾ ਕਰਨਾ ਹੈ। ਲੋਕਾਂ ਦੀ ਅਜਾਦੀ ਦੀ ਲੜਾਈ ਵਿਚ ਲਾਉਣਾ ਹੈ। ਘਰ ਨਹੀਂ ਖਰਚਣਾ। ਘਰ ਦਾ ਦੂਸਰਾ ਆਦਮੀ ਮਿਸਨ ਲਈ ਨਹੀਂ ਲਾਉਣਾ . ਬੈਂਕ ਬੈਲੈਂਸ ਨਹੀਂ ਬਣਾਉਣਾ। ਤੁਹਾਡੇ ਰਾਹ ਵਿਚ ਰੋੜੇ ਆਉਣਗੇ ਬਚਕੇ ਚੱਲਣਾ ਹੋਵੇਗਾ। ਰੋੜੇ ਹਟਾਕੇ ਚੱਲਣਾ ਹੋਵੇਗਾ। ਆਖਰ ਰੋੜਿਆਂ ਨੂੰ ਕੁਚਲਕੇ ਅੱਗੇ ਵਧਣਾ ਹੋਵੇਗਾ। ਇੰਨੀ ਗੱਲ ਕਹਿਕੇ ਉਨ੍ਹਾਂ ਕਿਹਾ ਮੈਂ ਦਿੱਲੀ ਵਿਚ ਦਫਤਰ ਖੋਲਣਾ ਚਾਹੁੰਦਾ ਹਾਂ। ਦਿੱਲੀ ਦੇ ਕਰੋੜ ਬਾਗ ਕੋਲ ਆਪਣੇ ਸਮਾਜ ਦੇ ਲੋਕ ਜਆਿਦਾ ਰਹਿੰਦੇ ਹਨ ਤਾਂ 14 ਅਪ੍ਰੈਲ 1977 ਨੂੰ ਕਰੋਲ ਬਾਗ ਵਿਚ ਇਕ ਚੁਬਾਰਾ 12 ਗੁਣਾਂ 12 ਫੁੱਟ ਜੋ ਸਰਕਾਰੀ ਨੌਕਰ ਦਾ ਸੀ ਉਸਨੇ ਬਿਨਾ ਕਿਰਾਏ ਤੋਂ ਦੇ ਦਿੱਤਾ ਬਾਅਦ ਵਿਚ ਪਤਾ ਲੱਗਾ ਕਿ ਉਹ ਫਗਵਾੜੇ ਲਾਗੇ ਪਿੰਡ ਪੰਡਵਾ ਦਾ ਰਹਿਣ ਵਾਲਾ ਸੀ। ਦਫਤਰ ਦੇ ਉਦਘਾਟਨ ਸਮੇਂ 1520 ਵਿਅਕਤੀ ਸਾਮਲ ਹੋਏ। ਇਕ ਮੇਜ ਸੀ ਉੱਪਰ ਮਹਾਤਮਾ ਜੋਤੀਬਾ ਫੂਲੇ ਅਤੇ ਬਾਵਾ ਸਾਹਿਬ ਜੀ ਦੀ ਫੋਟੋ ਸੀ। ਇਸ ਦਫਤਰ ਨੂੰ ਮੁੱਖ ਰੱਖਕ ਇੱਜਤ ਅਣਖ ਦੀ ਲੜਾਈ ਲਈ ਸੁਰੂਆਤ ਕੀਤੀ। ਜੋ ਬਰੇਨ ਵਿੰਗ ਸਰਕਾਰੀ ਮੁਲਾਜਮ ਜਥੇਬੰਦੀ ਬਾਮਸੇਫ ਬਣਾਉਣ ਦੀ ਤਜਵੀਜ ਰੱਖੀ, ਉਸਦੀ ਮੈਂਬਰਸਿਪ 10 ਰੁਪਏ ਦੀ ਪਰਚੀ ਪਹਿਲੀ ਮੇਰੀ (ਹਰਭਜਨ ਲਾਖਾ) ਦੀ ਕੱਟੀ ਗਈ । ਫਿਰ ਜਥੇਬੰਦੀ ਬਾਮਸੇਫ ਨੂੰ ਜਾਗ੍ਰਿਤ ਕੀਤਾ ਅਤੇ 14 ਅਪ੍ਰੈਲ 1978 ਬਾਮਸੇਫ ਨਾਂ ਦੀ ਜਥੇਬੰਦੀ ਦਾ ਉਦਘਾਟਨ ਕੀਤਾ ਅਤੇ ਦੋ ਕਮਰਿਆਂ ਦਾ ਦਫਤਰ ਧਿਆਨ ਸਿੰਘ ਰੋਡ ਕਰੋਲ ਬਾਗ ਵਿਚ ਖੋਲਿਆ। ਉਹਨਾਂ ਦਿਨਾਂ ਵਿਚ ਕੋਈ ਗੱਲ ਸੁਣਨ ਨੂੰ ਤਿਆਰ ਨਹੀਂ ਸੀ , ਸਾਹਿਬ ਕਾਂਸੀ ਰਾਮ ਨੇ ਭੁੱਖੇ ਰਹਿਕੇ ਕਈ ਰਾਤਾਂ ਕੱਟੀਆਂ। ਦੋ ਭਰਾਵਾਂ ਰਲਵੇਂ ਮੁਲਾਜਮ ਜੋ ਦਿੱਲੀ ਵਿਚ ਨੌਕਰੀ ਕਰਦੇ ਸੀ। ਸਾਹਿਬ ਨੂੰ ਮਿਲੇ ਤੇ ਦਫਤਰ ਖੁੱਲ੍ਹਾ ਰੱਖਿਆ। ਹੌਲੀ ਹੌਲੀ ਕੁਨੈਕਸਨ ਚਾਲੂ ਕੀਤੀ। ਇਕ ਭਰਾ ਨੇ ਦਫਤਰ ਨੂੰ ਤਨਖਾਹ ਦਿੱਤੀ। ਦੂਜੇ ਨੇ ਘਰ ਖਰਚ ਵਾਸਤੇ ਦਿੱਤੇ। ਮਹਾਂਰਾਸਟਰ ਦੇ ਲੋਕਾਂ ਨੂੰ ਪਤਾ ਲੱਗਾ ਕਿ ਦਿੱਲੀ ਦਫਤਰ ਬਣਾ ਲਿਆ ਹੈ। ਖਪਰਾਵਾੜੇ, ਆਣ, ਖਾਪਰਤੇ ਵਰਕਰਾਂ ਨੇ ਸਹਿਯੋਗ ਦਿੱਤਾ ਤਾਂ ਪੰਜਾਬ ਵਿਚ ਤਜਿੰਦਰ ਸਿੰਘ ਝੱਲੀ, ਰਾਜਾ ਰਾਮੂ ਐਡਵੋਕੇਟ ਭਗਤ ਰਾਮ ਆਦਿ ਸਾਰੇ ਸਾਥੀਆਂ ਨੇ ਪੰਜਾਬ ਵਿਚ ਇਸ ਬਾਮਸੇਫ ਦੀ ਮੂਵਮੈਂਟ ਚਲਾਉਣ ਲਈ ਸਾਹਿਬ ਕਾਂਸੀ ਰਾਮ ਦਾ ਸਹਿਯੋਗ ਦਿੱਤਾ। ਅਪ੍ਰੈਲ 1978 ਵਿਚ ਮੈਂ ਵੀ ਨੌਕਰੀ ਤੋਂ ਅਸਤੀਫਾ ਦੇ ਦਿੱਤਾ ਅਤੇ ਪਿੰਡ ਕਰਨਾਵਾਂ ਜਲ੍ਹਿਾ ਜਲੰਧਰ ਹੁਣ ਸਹੀਦ ਭਗਤ ਸਿੰਘ ਨਗਰ ਆ ਕੇ ਬਾਮਸੇਫ ਦੀਆਂ ਮੀਟਿੰਗ ਕਰਾਉਣ ਦਾ ਸਭ ਦਾ ਸਹਿਯੋਗ ਦਿੱਤਾ। ਬੰਗਾ ਏਰੀਆ ਦੇ ਗੁਰਦੇਵ ਭਾਰਤੀ , ਕੇਵਲ ਸਾਂਵਰਾ, ਅਸੋਕ ਗੁਰੂ ਮੂਸਾਪੁਰ, ਰਤਨ ਲੋਧੀਪੁਰ ਅਤੇ ਹੋਰ ਸਾਥੀਆਂ ਨੇ ਸਹਿਯੋਗ ਦਿੱਤਾ। ਬਾਵਾ ਸਾਹਿਬ ਦਾ ਮਿਸਨ ਅਤੇ ਗੁਰੂ ਗ੍ਰੰਥ ਸਾਹਿਬ, ਗੁਰੂ ਰਵਿਦਾਸ ਜੀ ਦੀ ਗੱਲ ਲੋਕਾਂ ਵਿਚ ਲੈ ਕੇ ਗਏ ਤਾਂ ਹੌਲੀ ਹੌਲੀ ਗੱਲ ਬਣਨੀ ਸੁਰੂ ਹੋਈ ਤਾਂ 1980 ਵਿਚ ਬਾਮਸੇਫ ਦਾ ਸੰਮੇਲਨ ਚੰਡੀਗੜ੍ਹ ਵਿਖੇ ਹੋਇਆ । ਜਿਸ ਵਿਚ ਤਜਿੰਦਰ ਸਿੰਘ ਝੱਲੀ ਨੂੰ ਪੰਜਾਬ ਦੀ ਮੂਵਮੈਂਟ ਚਲਾਉਣ ਦੀ ਸੁਰੂਆਤ ਕੀਤੀ। ਇੰਪਲਾਈਜ ਬਾਮਸੇਫ ਨੂੰ ਤਿਆਰ ਕੀਤਾ। ਦਲਿਤ ਸਮਾਜ ਦੇ ਮਾਣ - ਸਨਮਾਨ ਦੀ ਲੜਾਈ ਲੜਨ ਲਈ ਤਿਅਰ ਕੀਤੀ। ਬਜਰੰਗ ਦਲ ਅਤੇ ਹਿੰਦੂ ਪ੍ਰੀਸਦ ਦੇ ਸਮਾਨ ਅੰਤਰ ਡੀ ਐੱਸ ਫੋਰ ਜੋ 6 ਦਸੰਬਰ 1981 ਨੂੰ ਜਿਸਦਾ ਨਾਮਕਰਨ ਹੋਇਆ ਫਿਰ 6 ਦਸੰਬਰ 1982 ਨੂੰ ਡੀ ਐੱਸ ਫੋਰ ਦੇ ਨਾਂ ਹੇਠ ਪਹਿਲੀ ਕਾਨਫਰੰਸ ਪਿੰਡ ਮੂਸਾਪੁਰ ਜਲ੍ਹਿਾ ਜਲੰਧਰ (ਹੁਣ ਸਹੀਦ ਭਗਤ ਸਿੰਘ ਨਗਰ) ਵਿਚ ਸਾਹਿਬ ਕਾਂਸੀ ਰਾਮ ਵੀ ਪ੍ਰਧਾਨਗੀ ਹੇਠ ਹੋਈ। ਜਿਸ ਦਾ ਸਟੇਜ ਸੈਕਟਰੀ ਮੈਂ ਸੀ ਹਰਭਜਨ ਲਾਖਾ। ਮਿਸਨਰੀ ਕਲਾਕਾਰਾਂ ਅਤੇ ਭੰਗੜਾ ਪਾਰਟੀਆਂ ਨੇ ਇਸ ਕਾਨਫਰੰਸ ਨੂੰ ਹੋਰ ਚਾਰ ਚੰਨ ਲਾਏ। ਇਸ ਕਾਨਫਰੰਸ ਵਿਚ ਸਾਹਿਬ ਕਾਂਸੀ ਰਾਮ ਨੇ ਕਿਹਾ ਕਿ ਇਸ ਦੇਸ ਵਿਚ ਮਨੂੰਵਾਦ ਦੇ ਸਤਾਏ ਲੋਕਾਂ ਨੂੰ ਇਕ ਪਲੇਟਫਾਰਮ ਤੇ ਇਕੱਠਾ ਕਰਨਾ ਹੈ ਅਤੇ ਸਮਾਜ ਲਈ ਇੱਜਤ ਔਰ ਅਣਖ ਦੀ ਲੜਾਈ ਲੜਨੀ ਹੈ। ਅਸੀਂ ਖੇਤਰ ਵਿਚ ਕੰਮ ਕਰਦੇ ਹਾਂ ਸਾਡੇ ਕੋਲ ਖੇਤ ਨਹੀਂ। ਜਿਨ੍ਹਾਂ ਕੋਲ ਖੇਤ ਹਨ ਉਹ ਦਲਿਤ ਲੋਕਾਂ ਦੀਆਂ ਔਰਤਾਂ ਦੀ ਇੱਜਤ ਨਾਲ ਖਿਲਵਾੜ ਕਰਦੇ ਹਨ। ਉਹਨਾਂ ਜਾਗ੍ਰਿਤ ਕਰਨਾ ਹੈ।ਕਾਫੀ ਲੰਬੇ ਚੌੜੇ ਭਾਸਨ ਨਾਲ ਦੁਆਬੇ ਦੀ ਧਰਤੀ ਤੇ ਜਾਗ੍ਰਿਤੀ ਆਈ। ਮੈਂ ਹਰਭਜਨ ਲਾਖਾ, ਗੁਰਦੇਵ ਭਾਰਤੀ, ਹੰਸ ਰਾਮ ਚੌਹਾਨ, ਕੇਵਲ ਸਾਵਰਾ ਅਤੇ ਸੋਹਣ ਲਾਲ ਰਤਨ ਦਿਨ ਰਾਤ ਪਿੰਡ ਪਿੰਡ ਜਾ ਕੇ ਮੀਟਿੰਗਾਂ ਕਰਕੇ ਵੋਟਾਂ ਬਣਾਉਂਦੇ ਰਹੇ ਅਤੇ ਹੌਲੀ ਹੌਲੀ ਹਰਿਆਣੇ ਵਿਚ ਵੀ ਕੰਮ ਸੁਰੂ ਕੀਤਾ। ਅਮਨ ਕੁਮਾਰ ਨਾਗਰਾ ਅਤੇ ਪਾਲਾ ਰਾਮ ਮੈਨ ਵਰਕਰਾਂ ਨੇ ਹਰਿਆਣੇ ਵਿਚ ਸਹਿਯੋਗ ਦਿੱਤਾ । ਹਰਿਆਣਾ ਵਿਚ ਪਹਿਲੀ ਵਾਰ 1982 ਵਿਚ ਡੀ ਐੱਸ ਫੋਰ ਦੇ ਮਾਧਿਅਮ ਰਾਹੀਂ ਨਰਾਇਣਗੜ੍ਹ ਚੋਣ ਲੜੀ । (ਨੋਟ : ਮੂਸਾਪੁਰ ਦੀ ਕਾਨਫਰੰਸ ਵਿਚ ਸਾਹਿਬ ਕਾਂਸੀ ਰਾਮ ਦਾ ਪਰਿਵਾਰ ਪਹਿਲੀ ਵਾਰੀ ਇਥੇ ਮਿਲੇ ਜਿਨ੍ਹਾਂ ਵਿਚ ਸਾਹਿਬ ਦੀ ਮਾਤਾ ਪਿਤਾ ਅਤੇ ਭੈਣ ਸਨ ਜੋ ਘਰੋਂ ਖੋਇਆ ਬਣਾ ਕੇ ਲਿਆਏ ਜੋ ਅਸੀਂ ਪੰਜਾਂ ਜਣਿਆਂ ਖਾਧਾ) ਨਰਾਇਣਗੜ੍ਹ ਹਰਿਆਣਾ ਪਹਿਲੀ ਚੋਣ ਪ੍ਰਰ ਲਈ ਲੜੀ। ਉਸ ਚੋਣ ਲਈ ਖਾਣ ਪੀਣ ਦੀ ਸਮੱਗਰੀ ਪੰਜਾਬ ਵਲੋਂ ਦਾਲ, ਚਾਵਲ, ਰੋਟੀ ਦਾ ਪ੍ਰਬੰਧ ਕੀਤਾ ਗਿਆ। ਮੇਰੀ ਅਗਵਾਈ ਬੰਗਾ ਯੂਨਿਟ ਵਲੋਂ ਸੀ। ਰੋਜਾਨਾ ਦੋ ਫੋਰਵੀਲਰ 75 ਰੁਪਏ ਰੋਜਨਾ ਲੈਂਦੇ ਸੀ। ਪੰਜਾਬ ਤੋਂ ਸਮੱਗਰੀ ਲਿਆਉਣ ਲਈ। ਪੰਜਾਬ ਵਿਚੋਂ ਤਕਰੀਬਨ 50 ਸਾਈਕਲ ਦਾ ਜਥਾ ਚੋਣ ਪ੍ਰਚਾਰ ਵਿਚ ਸਾਮਲ ਹੋਇਆ। ਚੋਣ ਪ੍ਰਰ ਸੁਰੂ ਕੀਤਾ ਤਾਂ ਸਾਨੂੰ ਡੀ ਐੱਸ ਫੋਰ ਦੇ ਮਾਧਿਅਮ ਤੋਂ 700 ਵੋਟ ਮਿਲੇ। ਜਿਸਦਾ ਚੋਣ ਨਿਸਾਨ ਘੋੜਾ ਸੀ । ਫਿਰ 1983 ਵਿਚ ਅਪ੍ਰੈਲ ਮਈ ਨੂੰ ਜੰਮੂ ਇਲੈਕਸਨ ਲਈ ਐਵੋਕੇਟ ਗਾਂਧੀ ਨੂੰ ਜੰਮੂ ਦਾ ਇੰਚਾਰਜ ਲਗਾਇਆ ਗਿਆ, ਵੀਰ ਕਲੋਨੀ ਜੰਮੂ ਵਿਚ ਕੈਂਪ ਲਗਾ ਕੇ ਪ੍ਰਰ ਕੀਤਾ ਅਤੇ ਛੇ ਫੋਰਵੀਲਰ ਪੰਜਾਬ ਤੋਂ ਲੈ ਕੇ ਗਈ ਸੀ। ਬੜੀਆਂ ਲੜਾਈਆਂ ਹੋਈਆਂ ਜੰਮੂ ਦੇ ਮਸਹੂਰ ਬਦਮਾਸ ਨੇ ਕੈਂਪ ਉੱਪਰ ਹਮਲੇ ਕਰਕੇ ਡਰਾਵੇ ਦਿੱਤੇ। ਫਿਰ ਜੰਮੂ ਤੋਂ ਬਾਅਦ ਦਿੱਲੀ ਵਿਚ ਪ੍ਰਚਾਰ ਲਈ ਸੱਦ ਲਿਆ 1984 ਵਿੱਚ 14 ਅਪ੍ਰੈਲ 1984 ਨੂੰ ਪੋਲੀਟੀਕਲ ਪਲੇਟਫਾਰਮ ਤੋਂ ਬਹੁਜਨ ਸਮਾਜ ਪਾਰਟੀ ਬਣਾਉਣ ਲਈ ਦਿੱਲੀ ਵਿਚ ਇਕ ਵੱਡਾ ਪੰਡਾਲ ਬਣਾਇਆ। ਪੰਜਾਬ ਵਿਚ ਮੈਨੂੰ ਹਰਭਜਨ ਲਾਖਾ ਪੰਜਾਬ ਦੀ ਮੂਵਮੈਂਟ ਤੇ ਬੋਲਣ ਲਈ ਮੈਨੂੰ ਸੱਦਾ ਦਿੱਤਾ। ਜਦ ਮੈਂ ਸਟੂਡੈਂਟ ਵਿੰਗ ਦੇ ਬਾਰੇ ਦੱਸਿਆ ਕਿ ਪਹਿਲੀ ਜਿੱਤ ਡੀ.ਏ.ਵੀ ਕਾਲਜ ਨਵਾਂ ਸਹਿਰ ਜੀਤ ਰਾਮ ਹਿਆਲਾ ਜਿੱਤਿਆ ਤਾਂ ਪੰਡਾਲ ਤਾੜੀਆਂ ਅਤੇ ਨਾਹਰਿਆਂ ਨਾਲ ਗੂੰਜ ਉਠਿਆ ਅਤੇ ਪੰਜਾਬ ਦੀ ਮੂਵਮੈਂਟ ਚਲਾਉਣ ਦੀ ਜੰਿਮੇਵਾਰੀ ਮੇਰੀ ਲਗਾਈ।

ਸਾਹਿਬ ਕਾਂਸੀ ਰਾਮ ਨੇ ਇਕ ਬੈਕਵਰਕ ਦਾ ਪ੍ਰਧਾਨ ਡਾ ਸੋਹਣ ਸਿੰਘ ਫਲੀਆਵਾਲਾ ਲਗਾਇਆ । ਫਿਰ ਬੀ ਐੱਸ ਪੀ ਵਲੋਂ ਪੀਲੀ ਇਲੈਕਸਨ ਨਵਾਂ ਸਹਿਰ ਤੋਂ ਲੜੀ 18 ਹਜਾਰ ਵੋਟਾਂ ਲੈ ਕੇ ਪੰਜਾਬ ਤੋਂ ਪਹਿਲਾਂ ਅਤੇ ਇੰਡੀਆ ' ਚੋਂ ਦੂਜੇ ਨੰਬਰ ਤੇ ਰਹੇ । ਪਹਿਲਾ ਸਥਾਨ ਯੂਪੀ ਹਲਕਾ ਰੁੜਕੀ ਤੋਂ ਮੁਸਲਮਾਨ ਕੈਂਡੀਡੇਟ ਨੇ 19 ਹਜਾਰ ਵੋਟਾਂ ਲਈਆਂ ਚੰਡੀਗੜ੍ਹ ਵਿਚ ਐਜੂਕੇਸਨ ਡੇ ਸੰਮੇਲਨ ਰੱਖਿਆ। ਉਸ ਸੰਮੇਲਨ ਤੋਂ ਬਾਅਦ ਉਸ ਮੀਟਿੰਗ ਵਿਚ ਮੈਨੂੰ ਪੰਜਾਬ ਦਾ ਜਨਰਲ ਸੈਕਟਰੀ ਦੀ ਜੰਿਮੇਵਾਰੀ ਸੌਂਪੀ। ਸਟੂਡੈਂਟ ਵਿੰਗ ਦਾ ਪ੍ਰਧਾਨ ਹਰਜਿੰਦਰ ਜੱਖੂ ਬਣਾਇਆ, ਯੂਥ ਵਿੰਗ ਦਾ ਪ੍ਰਧਾਨ ਸਤਨਾਮ ਸਿੰਘ ਲਗਾਇਆ, ਲੇਡੀਜ ਵਿੰਗ ਦੀ ਪ੍ਰਧਾਨ ਸੁਰਿੰਦਰ ਕੌਰ ਪੰਜਾਬ ਦਾ ਪ੍ਰਧਾਨ ਡਾ ਮੋਹਣ ਸਿੰਘ ਫਲੀਆਵਾਲਾ ਲਗਾਇਆ। 1989 ਦੀ ਲੋਕ ਸਭਾ ਦੀ ਸੀਟ ਮੈਨੂੰ ਫਿਲੌਰ ਹਲਕੇ ਤੋਂ ਜਿੱਤੀ।

1985 ਦੀ ਵਿਧਾਨ ਸਭਾ ਚੋਣ ਬੀ ਐੱਸ ਪੀ ਨੇ ਲੜੀ ਤਾਂ ਸੁਰਜੀਤ ਸਿੰਘ ਬਰਨਾਲਾ ਦੀ ਅਗਵਾਈ ਹੇਠ ਅਕਾਲੀ ਦਲ ਦੀ ਸਰਕਾਰ ਬਣੀ ਤਾਂ ਅਖਬਾਰਾਂ ਵਿਚ ਹੈੱਡ ਲਾਈਨਾਂ ਸਨ ਕਿ ਕਾਂਸੀ ਰਾਮ ਦੀ ਡੀ ਐੱਸ ਫੋਰ ਦਵਾਈ ਨੇ ਕਾਂਗਰਸ ਨੂੰ ਸੁਸਰੀ ਵਾਂਗ ਸੁਲਾ ਦਿੱਤਾ ਅਤੇ ਕਾਂਗਰਸ ਹਾਰ ਪੰਜਾਬ ਵਿਚੋਂ ਸੁਰੂ ਹੋਈ ਅਤੇ ਸੈਂਟਰ ਦੀ ਸਰਕਾਰ ਨੂੰ ਫੌੜੀਆਂ (ਵਿਸਾਖੀ) ਤੇ ਤੁਰਨ ਲਾ ਦਿੱਤਾ ਅਤੇ ਵਿਰੋਧੀ ਧਿਰ ਵਿਚ ਬੈਠਣ ਲਈ ਮਜਬੂਰ ਕੀਤਾ। 1989 ਵਿਚ ਪੰਜਾਬ ਵਿਚੋਂ ਪਹਿਲਾ ਐੱਮ. ਪੀ ਹਰਭਜਨ ਲਾਖਾ ਇਕ ਲੱਖ ਸੱਤਰ ਹਜਾਰ ਵੋਟਾਂ ਲੈ ਕੇ ਕਾਂਗਰਸ ਦੀ ਚੌਧਰੀ ਸੁੰਦਰ ਦਾਸ ਅਤੇ ਅਕਾਲੀ ਦਲ ਦੇ ਚਰਨਜੀਤ ਸਿੰਘ ਅਟਵਾਲਾ ਨੂੰ ਹਰਾਇਆ । 292 ਪੰਜਾਬ ' ਚੋਂ ਵੋਟਾਂ ਲੈ ਕੇ ਬੀ ਐੱਸ ਪੀ ਨੂੰ ਮਾਨਤਾ ਦਵਾਈ। ਭਾਰਤ ਬਸਪਾ ਦੇ ਪਹਿਲੇ ਇਕ ਪੰਜਾਬ ' ਚੋਂ ਹਰਭਜਨ ਲਾਖਾ ਯੂ ਪੀ ' ਚੋਂ ਦੋ ਭੈਣ ਕੁਮਾਰੀ ਮਾਇਆਵਤੀ ਅਤੇ ਰਾਮ ਕਿਸਨ ਯਾਦਵ ਜਿੱਤੇ।

# ਆਪਣੇ ਮਹਾਨ ਪੁਰਖਿਆਂ ਦੇ ਜੀਵਨ ਸੰਘਰਸ਼ਾਂ ਤੋਂ ਸਬਕ ਲੈਂਦੇ ਹੋਏ ਅੱਗੇ ਵਧਣਾ ਚਾਹੀਦਾ ਹੈ- ਕਾਂਸ਼ੀ ਰਾਮ

**(ਸਫ਼ਾ 23 ਦੀ ਬਾਕੀ)**

ਜੀ ਮਹਾਰਾਜ ਕੀਤੇ ਸੀ ਅਤੇ ਬਾਬਾ ਸਾਹਿਬ ਡਾ. ਅੰਬੇਡਕਰ ਨੇ ਸੰਵਿਧਾਨ ਰਾਹੀਂ ਉਸਨੂੰ ਮਜਬੂਤ ਸੰਵਿਧਾਨਕ ਅਧਾਰ ਦਿੱਤਾ। ਪਰ ਇਹ ਬੜੇ ਦੁੱਖ ਦੀ ਗੱਲ ਹੈ ਕਿ ਅੱਜ ਵੀ ਤੁਹਾਡੇ ਤੋਂ ਜਿਆਦਾਤਰ ਲੋਕ ਇਸ ਗੱਲ ਨੂੰ ਨਹੀਂ ਜਾਣਦੇ ਕਿ ਰਾਖਵੇਂਕਰਨ ਨੂੰ ਕੋਹਲਾਪੁਰ ਦੇ ਮਹਾਰਾਜੇ ਛਤਰਪਤੀ ਜੀ ਮਹਾਰਾਜ ਨੇ 26 ਜੁਲਾਈ 1902 ਨੂੰ ਸ਼ੁਰੂ ਕੀਤਾ । ਇਸ ਤਰ੍ਹਾਂ ਰਾਖਵੇਂਕਰਨ ਦਾ ਆਪਣਾ ਇਕ ਇਤਿਹਾਸ ਹੈ ਅਤੇ ਇਸੇ ਤਰ੍ਹਾਂ ਦਲਿਤ ਪਛੜਿਆਂ ਦੀ ਵਿੱਦਿਆ ਦੇ ਹੱਕ ਦਾ ਆਪਣਾ ਇਕ ਇਤਿਹਾਸ ਹੈ, ਜਿਸਨੂੰ ਜਾਣਨਾ ਅਤੇ ਸਮਝਣਾ ਬਹੁਜਨ ਸਮਾਜ ਦੇ ਇਤਿਹਾਸਕਾਰਾਂ, ਬੁੱਧੀਜੀਵੀਆਂ, ਸਮਾਜਿਕ ਕਾਰਕੁੰਨਾਂ ਅਤੇ ਬਹੁਜਨ ਸਮਾਜ ਲਈ ਬੇਹੱਦ ਜਰੂਰੀ ਹੈ। ਇਸਨੂੰ ਜਾਣੇ ਬਿਨਾਂ ਅਸੀਂ ਆਪਣੇ ਉਦੇਸ ਵਿਚ ਸਫਲ ਨਹੀਂ ਹੋ ਸਕਦੇ । ਇਸੇ ਤਰ੍ਹਾਂ ਛੂਤ ਛਾਤ ਦੇ ਖਾਤਮੇ ਦਾ ਇਤਿਹਾਸ ਵੀ ਸਾਨੂੰ ਚੰਗੀ ਤਰ੍ਹਾਂ ਮਾਲੂਮ ਹੈ, ਜੋ 26 ਜਨਵਰੀ 1950 ਨੂੰ ਬਾਬਾ ਸਾਹਿਬ ਡਾ ਅੰਬਡੇਕਰ ਰਾਹੀਂ ਸੰਵਿਧਾਨ ਕਾਰਨ ਸੰਭਵ ਹੋ ਸਕਿਆ। ਇਸ ਲਈ ਦਲਿਤਾਂ ਸਮਾਜ ਦੇ ਇਤਿਹਾਸਕਾਰਾਂ ਲਈ ਜਰੂਰੀ ਹੈ ਕਿ ਉਹ ਮੁਰਦਾ ਇਤਿਹਾਸ ਨੂੰ ਜਾਣਨ 'ਚ ਆਪਣਾ ਸਮਾਂ ਖਰਾਬ ਕਰਨ ਦੀ ਬਜਾਇ ਨਿਕਟ ਇਤਿਹਾਸ ਨੂੰ ਜਾਣਨ ' ਚ ਆਪਣਾ ਸਮਾਂ ਲਾਉਣ ਤਾਂ ਕਿ ਉਸ ਦੇ ਅਧਾਰ ਤੇ ਆਉਣ ਵਾਲੇ ਭਵਿਖ ਦੀ ਰੂਪ ਰੇਖਾ ਤਿਆਰ ਕੀਤੀ ਜਾ ਸਕੇ। ਸਾਨੂੰ ਹੜੱਪਾ ਅਤੇ ਮੋਹਿੰਜੋਦੜੋ ਤੱਕ ਜਾਣ ਦੀ ਜਰੂਰਤ ਨਹੀਂ ਹੈ। ਮੇਰਾ ਮੰਨਣਾ ਹੈ ਕਿ ਦਲਿਤਾਂ ਨੂੰ ਨਵਾਂ ਇਤਿਹਾਸ ਸਿਰਜਣ ਦੀ ਜਰੂਰਤ ਹੈ। ਸਾਨੂੰ ਸੋਚਣਾ ਹੋਵੇਗਾ ਕਿ ਅਸੀਂ ਨਵਾਂ ਇਤਿਹਾਸ ਇਸ ਤਰ੍ਹਾਂ ਬਨਾਉਣਾ ਚਾਹੀਦਾ ਹੈ ਕਿ ਉਹ ਮਨੁੱਖ ਜਾਤੀ ਦੇ ਭਵਿੱਖ ਲਈ ਲਾਭਦਾਇਕ ਸਿੱਧ ਹੋ ਸਕੇ । ਬਹੁਜਨ ਸਮਾਜ ਦੇ ਇਤਿਹਾਸ ਨੂੰ ਇਸ ਦੇਸ ਦੇ ਮਨੂੰਵਾਦੀ ਇਤਿਹਾਸਕਾਰਾਂ ਨੇ ਹਮੇਸਾ ਅਣਗੌਲਿਆਂ ਕੀਤਾ ਹੈ। ਜਦੋਂ ਮੈਂ ਮਹਾਂਰਾਸਟਰ 'ਚ ਸੀ ਤਾਂ ਮੈਨੂੰ ਉਥੋਂ ਦੇ ਲੋਕਾਂ ਨੇ ਦਸਿਆ ਕਿ ਸੰਨ 1945-46 ' ਚ ਸੰਵਿਧਾਨ ਘੜਣੀ ਅਸੈਂਬਲੀ ਦੀਆਂ ਚੋਣਾਂ ਮੌਕੇ ਕਾਂਗਰਸ ਨੇ ਇਹ ਸਰੇਆਮ ਪ੍ਰਚਾਰ ਕੀਤਾ ਕਿ ਇਸ ਅਸੈਂਬਲੀ ਵਿਚ ਕੋਈ ਵੀ ਚੁਣ ਕੇ ਆ ਸਕਦਾ ਹੈ ਪਰ ਅਸੀਂ ਕਿਸੇ ਵੀ ਕੀਮਤ ਤੇ ਡਾ. ਅੰਬੇਡਕਰ ਨੂੰ ਇਸ ਵਿਚ ਨਹੀਂ ਆਉਣ ਦਿਆਂਗੇ । ਉਨ੍ਹਾਂ ਇਸ ਲਈ ਸੰਵਿਧਾਨ ਘੜਣੀ ਅਸੈਂਬਲੀ ਦੇ ਦਰਵਾਜੇ ਖਿੜਕੀਆਂ ਪੂਰੀ ਤਰ੍ਹਾਂ ਬੰਦ ਹਨ । ਪਰ ਇਸਦੇ ਬਾਵਜੂਦ ਵੀ ਬਾਬਾ ਸਾਹਿਬ ਸੰਵਿਧਾਨ ਵਿਚ ਚੁਣ ਕੇ ਆਏ। ਅੱਜ ਵੀ ਬਹੁਤ ਸਾਰੇ ਲੋਕ ਇਹ ਨਹੀਂ ਜਾਣਦੇ ਕਿ ਇਹ ਸਭ ਕਿਵੇਂ ਹੋਇਆ। ਮਹਾਂਰਾਸਟਰ ਛੱਡਣ ਤੋਂ ਬਾਅਦ ਹੀ ਮੈਨੂੰ ਇਸ ਗੱਲ ਦਾ ਪਤਾ ਲੱਗਿਆ ਕਿ ਬਾਬਾ ਸਾਹਿਬ ਡਾ ਅੰਬੇਡਕਰ . ਬੰਗਾਲ ਦੇ ਜੈਸੋਰ ਤੇ ਖੁਲਨਾ ਹਲਕੇ ਤੋਂ ਚੁਣ ਕੇ ਸੰਵਿਧਾਨ ਸਭਾ 'ਚ ਪਹੁੰਚੇ । ਕਿਉਂਕਿ ਇਸ ਹਲਕੇ 'ਚ ਚੰਡਾਲ ਲੋਕਾਂ ਦੀ ਗਿਣਤੀ ਆਦਿ ਜਿਆਦਾ ਸੀ। 1947 ' ਚ ਭਾਰਤ ਦੀ ਵੰਡ ਸਮੇਂ, ਕਾਂਗਰਸ ਪਾਰਟੀ ਵਲੋਂ ਜੋ ਕਿ ਉਸ ਸਮੇਂ ਦੇਸ ਦੀ ਹੁਕਮਰਾਨ ਪਾਰਟੀ ਬਣ ਚੁੰਕੀ ਸੀ, ਜੈਸਰ ਅਤੇ ਖੁਲਨਾ ਨੂੰ ਪਾਕਿਸਤਾਨ (ਹੁਣ ਬੰਗਲਾ ਦੇਸ) ਨੂੰ ਦੇ ਦਿੱਤਾ ਗਿਆ । ਇਹੀ ਨਹੀਂ ਚਿਟਾਗਾਂਰਾ ਹਿੱਲ ਟ੍ਰੈਕਟ ਨਾਮੀ ਖੇਤਰ ਨੂੰ ਵੀ , ਜਿਥੇ 97 ਫੀਸਦੀ ਅਬਾਦੀ ਬੋਧੀ ਲੋਕਾਂ ਦੀ ਸੀ ਅਤੇ ਸਿਰਫ 3 ਫੀਸਦੀ ਲੋਕ ਹੀ ਮੁਸਲਿਮ ਭਾਈਚਾਰੇ ਦੇ ਸਨ ਦੇ ਖੇਤਰ ਨੂੰ ਵੀ ਪਾਕਿਸਤਾਨ ਦੇ ਹਵਾਲੇ ਕਰ ਦਿੱਤਾ ਗਿਆ । ਕਾਂਗਰਸ ਪਾਰਟੀ ਦੇ ਲੋਕਾਂ ਨੂੰ ਇਤਿਹਾਸ ਦੀ ਚੰਗੀ ਜਾਣਕਾਰੀ ਸੀ , ਇਸ ਲਈ ਉਨ੍ਹਾਂ ਨੇ ਸਾਰੇ ਖੇਤਰਾਂ ਨੂੰ ਜਿਥੇ ਡਾ. ਅੰਬੇਡਕਰ ਜਿੱਤ ਕੇ ਆ ਸਕਦੇ ਸਨ , ਪਾਕਿਸਤਾਨ ਦੇ ਹਵਾਲੇ ਕਰ ਦਿੱਤਾ। ਜਿਨ੍ਹਾਂ ਜਿਨ੍ਹਾਂ ਖੇਤਰਾਂ ਵਿਚ ਡਾ. ਅੰਬੇਡਕਰ ਦੀਆਂ ਜੜ੍ਹਾਂ ਖੇਤਰਾਂ ਵਿਚ ਮਜਬੂਤ ਸਨ , ਉਨ੍ਹਾਂ ਸਾਰੇ ਖੇਤਰਾਂ ਨੂੰ ਭਾਰਤ ਚੋਂ ਕੱਢ ਕੇ ਡਾ . ਅੰਬੇਡਕਰ ਦੀਆਂ ਰਾਜਨੀਤਿਕ ਜੜ੍ਹਾਂ ਕੱਟਣ ਦੀ ਕੋਸਿਸ ਕਾਂਗਰਸ ਪਾਰਟੀ ਨੇ ਕੀਤੀ । 1946 ' ਚ ਬਾਬਾ ਸਾਹਿਬ ਡਾ. ਅੰਬੇਡਕਰ ਜੈਸੋਰ ਅਤੇ ਜੁਲਨਾਂ ਤੋਂ ਚੁਣ ਕੇ ਆਉਣ ਦੇ ਕਾਰਨ ਅਸੈਂਬਲੀ ਤੱਕ ਤਾਂ ਪਹੁੰਚ ਗਏ . ਪਰ 1947 ' ਚ ਜਦੋਂ ਇਨ੍ਹਾਂ ਖੇਤਰਾਂ ਨੂੰ ਪਾਕਿਸਤਾਨ ਨੂੰ ਦੇ ਦਿੱਤਾ ਗਿਆ ਤਾਂ ਉਹ ਪਾਕਿਸਤਾਨ ਦੀ ਸੰਵਿਧਾਨ ਅਸੈਂਬਲੀ ਤੱਕ ਤਾਂ ਪਹੁੰਚ ਗਏ, ਪਰ 1947 'ਚ ਜਦੋਂ ਇਨ੍ਹਾਂ ਖੇਤਰਾਂ ਨੂੰ ਪਾਕਿਸਤਾਨ ਦੀ ਸੰਵਿਧਾਨ ਅਸੈਂਬਲੀ ਦੇ ਮੈਂਬਰ ਬਣ ਕੇ ਰਹਿ ਗਏ । 1 ਜੁਲਾਈ 1947 ' ਚ ਜਦੋਂ ਇਨ੍ਹਾਂ ਖੇਤਰਾਂ ਨੂੰ ਪਾਕਿਸਤਾਨ ਨੂੰ ਦੇ ਦਿੱਤਾ ਗਿਆ ਤਾਂ ਉਹ ਪਾਕਿਸਤਾਨ ਦੀ ਸੰਵਿਧਾਨ ਅਸੈਂਬਲੀ ਦੇ ਮੈਂਬਰ ਬਣ ਕੇ ਰਹਿ ਗਏ । 9 ਜੁਲਾਈ 1947 ਨੂੰ ਬਾਬਾ ਸਾਹਿਬ ਡਾ . ਅੰਬੇਡਕਰ ਕਾਂਗਰਸ ਦੀ ਸਹਾਇਤਾ ਨਾਲ ਪੂਨਾ ਤੋਂ ਚੁਣ ਕੇ ਅਸੈਂਬਲੀ ਆਏ । ਇਹ ਕਿਸ ਤਰ੍ਹਾਂ ਸੰਭਵ ਹੋਇਆ , ਇਸ ਬਾਰੇ ਜਆਿਦਾ ਲੋਕ ਨਹੀਂ ਜਾਣਗੇ । ਜਿਹੜੀ ਕਾਂਗਰਸ ਪਾਰਟੀ ਖੁਲ੍ਹੇਆਮ ਇਹ ਦਾਅਵਾ ਕਰਦੀ ਸੀ ਕਿ ਉਹ ਕਿਸੇ ਵੀ ਕੀਮਤ ਤੇ ਡਾ.ਅੰਬੇਡਕਰ ਨੂੰ ਚੁਣ ਕੇ ਨਹੀਂ ਆਉਣ ਦੇਵੇਗੀ , ਉਹੀ ਕਾਂਗਰਸ ਪਾਰਟੀ ਡਾ.ਅੰਬੇਡਕਰ ਦੇ ਚੁਣ ਕੇ ਅਸੈਂਬਲੀ ਵਿਚ ਆਉਣ ਦੇਣ ਲਈ ਕਿਸ ਤਰ੍ਹਾਂ ਤਿਆਰ ਹੋ ਗਈ । ਜੇ ਕੁਝ ਦਲਿਤ ਇਤਿਹਾਸਕਾਰ ਮੁਰਦਾ ਇਤਿਹਾਸ ਨੂੰ ਭੁੱਲ ਕੇ ਨੇੜੇ ਦੇ ਇਤਿਹਾਸ ਬਾਰੇ ਖੋਜ ਕਰਨ ਦੀ ਕੋਸਸਿ ਕਰਨ ਤਾ ਉਹ ਇਸ ਸੁਆਲ ਦਾ ਜੁਆਬ ਲੱਭ ਸਕਦੇ ਹਨ । ਪਰ ਜੋ ਉਹ ਸਿਰਫ ਹੜੱਪਾ ਤੇ ਮੋਹਿੰਜੋਦੜੋ ਤੱਕ ਹੀ ਆਪਣੇ ਆਪ ਨੂੰ ਸੀਮਤ ਰੱਖਣਾ ਚਾਹੁੰਦੇ ਹਨ ਤਾਂ ਉਹ ਇਸ ਦਾ ਜੁਆਬ ਕਿਵੇਂ ਲੱਭ ਸਕਦੇ ਹਨ ਕਿ ਡਾ ਕਿਵੇਂ ਚੁਣ ਕੇ ਪਾਰਲੀਮੈਂਟ ਅਤੇ ਸੰਵਿਧਾਨ ਸਭਾ 'ਚ ਪਹੁੰਚੇ? ਉਹ ਕਿਸ ਤਰ੍ਹਾਂ ਸੰਵਿਧਾਨ ਸਭਾ ਦੇ ਚੇਅਰਮੈਨ ਬਣੇ ? ਮੈਂ ਸੋਚ ਵਿਚਾਰ ਕੀਤਾ ਹੈ ਪਰ ਜਿਵੇਂ ਕਿ ਮੈਂ ਪਹਿਲਾਂ ਹੀ ਕਿਹਾ ਹੈ ਕਿ ਮੈਂ ਇਕ ਸੀਮਤ ਚਿੰਤਕ ਹਾਂ। ਮੈਂ ਸੋਚਿਆ ਕਿ ਸਾਇਦ ਇਸ ਸੁਆਲ ਦਾ ਜੁਆਬ ਮੈਂ ਬੁੱਧੀਜੀਵੀਆਂ ਤੋਂ ਪ੍ਰਾਪਤ ਕਰ ਸਕਦਾ ਹਾਂ। ਅੱਜ ਵੀ ਇਹ ਸੁਆਲ ਤੁਹਾਡੇ ਸਾਰਿਆਂ ਦੇ ਸਾਹਮਣੇ ਰੱਖ ਰਿਹਾ ਹਾਂ। ਮੇਰੇ ਵਿਚਾਰ ' ਚ ਕਾਂਗਰਸ ਪਾਰਟੀ ਨੂੰ ਮਜਬੂਰੀ 'ਚ ਡਾ ਅੰਬੇਡਕਰ ਨੂੰ ਪੂਨਾ ਤੋਂ ਚੁਣ ਕੇ ਭੇਜਣਾ ਪਿਆ । 9 ਜੁਲਾਈ 1947 ਨੂੰ ਉਹ ਸੰਵਿਧਾਨ ਸਭਾ 'ਚ ਚੁਣ ਕੇ ਆਏ। ਉਸ ਦੇ ਠੀਕ ਅਗਲੇ ਦਿੱਨ ਯਾਨੀ ਕਿ 10 ਜੁਲਾਈ 1947 ਨੂੰ ਬਰਤਾਨਵੀਂ ਸਰਕਾਰ ਨੇ ਭਾਰਤ ਨੂੰ ਅਜਾਦੀ ਦਿੱਤੇ ਜਾਣ ਦਾ ਦਿਨ ਨਿਸਚਿਤ ਕਰ ਦਿੱਤਾ। ਮੇਰੇ ਵਿਚਾਰ 'ਚ ਡਾ. ਅੰਬੇਡਕਰ ਦੀ ਚੋਣ ਅਤੇ ਭਾਰਤ ਦੀ ਅਜਾਦੀ ਦੇ ਦਿਨ ਦੇ ਐਲਾਨ ਵਿਚ ਇਕ ਗਹਿਰਾ ਸਬੰਧੀ ਹੈ। ਸਾਡੇ ਬੁੱਧੀਜੀਵੀਆਂ ਅਤੇ ਇਤਿਹਾਸਕਾਰਾਂ ਨੂੰ ਇਸ ਸਾਰੇ ਕੁਝ ਦਾ ਅਧਿਐਨ ਕਰਕੇ ਇਸ ਗੱਲ ਦੀ ਪੁਸਟੀ ਕਰਨੀ ਚਾਹਦਿੀ ਹੈ ਤਾਂ ਕਿ ਇਸ ਇਤਿਹਾਸ ਦੇ ਅਧਾਰ 'ਤੇ ਅਸੀਂ ਭਵਿੱਖ ਦੀ ਨੀਂਹ ਰੱਖ ਸਕੀਏ।

ਸੰਵਿਧਾਨ ਸਭਾ ਦੇ ਚੇਅਰਮੈਨ ਦੀ ਹੈਸੀਅਤ ਵਿਚ ਬਾਬਾ ਸਾਹਿਬ ਡਾ. ਅੰਬੇਡਕਰ ਨੇ ਕਿਹਾ ਕਿ ਅਸੀਂ ਇਕ ਐਸੇ ਯੁੱਗ ਵਿਚ ਦਾਖਲ ਹੋ ਗਏ ਹਾਂ ਜਿਥੇ ਰਾਜਨੀਤਿਕ ਰੂਪ 'ਚ ਤਾਂ ਬਰਾਬਰੀ ਆ ਗਈ ਹੈ, ਪਰ ਸਮਾਜਿਕ ਤੇ ਆਰਥਿਕ ਰੂਪ 'ਚ ਅਜੇ ਵੀ ਘੋਰ ਨਾ ਬਰਾਬਰੀ ਕਾਇਮ ਹੈ। ਆਹ! ਅਸੀਂ ਸਾਰੇ ਇਸ ਸੰਵਿਧਾਨ ਦੇ ਰਾਹੀਂ ਇਸ ਨਾ - ਬਰਾਬਰੀ ਨੂੰ ਖਤਮ ਕਰਨ ਦੀ ਕੋਸਿਸ ਕਰੀਏ। ਪਰ ਉਸ ਸਮੇਂ ਦੀ ਕੁਝ ਘੱਟ ਬ੍ਰਾਹਮਣਵਾਦੀ ਕਾਂਗਰਸ ਪਾਰਟੀ ਨੇ ਜੋਦ ਡਾ. ਅੰਬੇਡਕਰ ਦੀ ਗੱਲ ਮੰਨ ਕੇ ਸਮਾਜਿਕ, ਆਰਥਿਕ ਨਾਬਰਾਬਰੀ ਨੂੰ ਖਤਮ ਕਰਨ ਦੀ ਕੋਸਿਸ ਨਹੀਂ ਕੀਤੀ ਤਾਂ ਅੱਜ ਤੇ ਦੇਸ ਉਤੇ ਘਰ ਬ੍ਰਾਹਮਣਵਾਦੀ ਭਾਰਤੀ ਜਨਤਾ ਪਾਰਟੀ ਦਾ ਰਾਜ ਹੈ । ਉਨ੍ਹਾਂ ਨੇ ਡਾ . ਅੰਬੇਡਕਰ ਦੇ ਬਣਾਏ ਗਏ ਸੰਵਿਧਾਨ ਦਾ ਰੀਵੀਊ ਕਰਨ ਲਈ ਇਕ ਕਮਿਸਨ ਬਣਾਇਆ ਹੈ। ਡਾ . ਅੰਬੇਡਕਰ ਦੀ ਵਿਧਾਨ ਸਧਣ ਦੇ ਹੱਕ 'ਚ ਸਨ, ਉਨ੍ਹਾਂ ਦਾ ਉਦੇਸ ਸੰਵਿਧਾਨ ਦੀਆਂ ਕਮਜੋਰੀਆਂ ਨੂੰ ਖਤਮ ਕਰਕੇ ਉਸ ਦੇ ਰਾਹੀਂ ਦੇਸ ਵਿਚ ਕਾਇਮ ਸਮਾਜਿਕ ਆਰਥਿਕ ਨਾ-ਬਰਾਬਰੀਆਂ ਨੂੰ ਖਤਮ ਕਰਨਾ ਸੀ । ਸਾਡਾ ਵੀ ਇਹੀ ਨਿਸਾਨਾ ਹੈ। ਪਰ ਮੈਂ ਤੁਹਾਨੂੰ ਸਾਰੇ ਬੁੱਧੀਜੀਵੀ। ਇਤਿਹਾਸਕਾਰਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਬਾਬਾ ਸਾਹਿਬ ਨੇ ਕਿਹਾ ਸੀ ਕਿ 'ਜੋ ਸਮਾਜ ਵਿਚ ਇਹ ਨਾ ਬਰਾਬਰੀ ਦੂਰ ਨਾ ਕੀਤੀ ਗਈ ਤਾਂ ਜਿਹੜੇ ਲੋਕ ਇਸਦਾ ਸਕਿਾਰ ਬਣੇ ਹੋਏ ਹਨ, ਉਹ ਬਗਾਵਤ ਕਰ ਦੇਣਗੇ ਅਤੇ ਲੋਕਤੰਤਰ ਦਾ ਇਹ ਢਾਂਚਾ, ਜੋ ਅਸੀਂ ਏਨੀ ਮਿਹਨਤ ਨਾਲ ਖੜਾ ਕੀਤਾ ਹੈ , ਉਸ ਦੇ ਟੁਕੜੇ ਹੋ ਜਾਣਗੇ। 25 ਨਵੰਬਰ 1947 ਨੂੰ ਉਨ੍ਹਾਂ ਨੇ ਇਹ ਚੇਤਾਵਨੀ ਸੰਵਿਧਾਨ ਸਭਾ ' ਚ ਦਿੱਤੀ ਸੀ । ਅੱਜ ਇਸ ਗੱਲ ਨੂੰ 50 ਸਾਲ ਤੋਂ ਵੱਧ ਹੋ ਗਈ ਪਰ ਅਸੀਂ ਦੇਖ ਰਹੇ ਹਾਂ ਕਿ ਅੱਜ ਤੱਕ ਕਿਸੇ ਨੇ ਬਗਾਵਤ ਨਹੀਂ ਕੀਤੀ, ਜਿਸਦੀ ਬਾਬਾ ਸਾਹਿਬ ਨੇ ਚੇਤਾਵਨੀ ਦਿੱਤੀ ਸੀ । ਸਾਡੇ ਇਤਿਹਾਸਕਾਰਾਂ ਨੂੰ ਇਹ ਸੋਚਣ ਦੀ ਜਰੂਰਤ ਹੈ ਕਿ ਐਸਾ ਕਿਉਂ ਨਹੀਂ ਹੋਇਆ। ਅੱਜ ਵੀ ਬਹੁਜਨ ਸਮਾਜ ਸਮਾਜਿਕ ਅਤੇ ਆਰਥਿਕ ਨਾ - ਬਰਾਬਰੀ ਦਾ ਸਿਕਾਰ ਹੈ । ਜੋ ਲੋਕ ਅੱਜ ਜੀਵਤ ਹਨ, ਉਨ੍ਹਾਂ ਨੂੰ ਇਸ ਬਾਰੇ ਕੁਝ ਕਰਨ ਦੀ ਜਰੂਰਤ ਹੈ । ਅਸੀਂ ਇਹ ਦੇਖਦੇ ਹਾਂ ਕਿ ਪਿਛਲੇ 50 ਸਾਲਾਂ 'ਚ ਉਨ੍ਹਾਂ ਨੇ ਆਪਣੀਆਂ ਜਿੰਮੇਵਾਰੀਆਂ ਨੂੰ ਨਹੀਂ ਨਿਭਾਇਆ। ਬੰਗਾਲ ਦੇ ਚੰਡਾਲ, ਜਿਨ੍ਹਾਂ ਨੇ 19 ਵੀਂ ਸਦੀ ਵਿਚ ਇਹ ਬ੍ਰਾਹਮਣਵਾਦੀ ਪ੍ਰਬੰਧ ਦੇ ਖਿਲਾਫ ਆਪਣੇ ਦਮ ਥਮ ਤੇ ਅੰਦੋਲਨ ਚਲਾਇਆ, ਅੱਜ ਉਹ ਕੀ ਕਰ ਰਹੇ ਹਨ? ਉਸੇ ਤਰ੍ਹਾਂ ਮਹਾਂਰਾਸਟਰ ਦੇ ਮਹਾਰ, ਜਿਨ੍ਹਾਂ ਨੇ ਬਾਬਾ ਸਾਹਿਬ ਡਾ. ਅੰਬੇਡਕਰ ਦੀ ਅਗਵਾਈ 'ਚ ਅੰਦੋਲਨ ਚਲਾਇਆ, ਅੱਜ ਉਹ ਵੀ ਚੁੱਪਚਾਪ ਬੈਠੇ ਹਨ। ਪੂਰੇ ਦੇਸ ਭਰ 'ਚ ਜਿਨ੍ਹਾਂ ਜਿਨ੍ਹਾਂ ਲੋਕਾਂ ਨੇ ਬਾਬਾ ਸਾਹਿਬ ਡਾ.ਅੰਬੇਡਕਰ ਦੀ ਅਗਵਾਈ 'ਚ ਬ੍ਰਾਹਮਣਵਾਦੀ ਪ੍ਰਬੰਧ ਦੇ ਖਿਲਾਫ ਅੰਦੋਲਨ ਚਲਾਇਆ, ਉਹ ਸਾਰੇ ਅੱਜ ਜਿੰਮੇਵਾਰੀਆਂ ਵਲੋਂ ਮੂੰਹ ਮੋੜ ਕੇ ਖਾਮੋਸ ਬੈਠੇ ਹਨ। ਸਾਡੇ ਇਤਿਹਾਸਕਾਰਾਂ ਨੂੰ ਇਹ ਸੋਚਣਾ ਹੋਵੇਗਾ ਕਿ ਐਸਾ ਕਿਉਂ ਹੋ ਰਿਹ ਹੈ? ਜੇ ਅਸੀਂ ਮੁਰਦਾ ਇਤਿਹਾਸ ਬਾਰੇ ਸੋਚਣਾ ਬੰਦ ਕਰ ਦਿਆਂਗੇ ਤਾਂ ਆਪਣੇ ਨੇੜੇ ਦੇ ਇਤਿਹਾਸ ਬਾਰੇ ਅਸੀਂ ਚੰਗੀ ਤਰ੍ਹਾਂ ਸੋਚਣ ਦੇ ਸਮਰੱਥ ਹੋਵਾਂਗੇ।

ਆਪਣੇ ਨੇੜਲੇ ਇਤਿਹਾਸ ਨੂੰ ਜਾਣ ਕੇ ਸਮਝ ਕੇ ਹੀ ਅਸੀਂ ਕੁਝ ਕਰ ਸਕਣ 'ਚ ਸਫਲ ਹੋ ਸਕਦੇ ਹਾਂ। ਇਸ ਲਈ ਮੇਰੀ ਤੁਹਾਨੂੰ ਸਾਰਿਆਂ ਨੂੰ ਇਹੀ ਅਪੀਲ ਹੈ ਕਿ ਤੁਸੀਂ ਵੀ ਗਿੱਦੜ ਦੀ ਤਰ੍ਹਾਂ ਇਹ ਸੋਰ ਮਚਾਉਣਾ ਬੰਦ ਕਰ ਦਿੱਤਾ ਕਿ ਸਾਡੇ ਪੁਰਖੇ ਰਾਜਾ ਸਨ। ਸਾਨੂੰ ਇਹ ਸੋਚਣਾ ਚਾਹੀਦਾ ਹੈ ਕਿ ਅੱਜ ਅਸੀਂ ਕੀ ਹਾਂ? ਅਸੀਂ ਆਪਣਾ ਭਵਿੱਖ ਬਣਾਉਣ ਲਈ ਅੱਜ ਕੀ ਯਤਨ ਕਰ ਰਹੇ ਹਾਂ? 19 ਵੀਂ ਅਤੇ 20 ਵੀਂ ਸਦੀ ਦੇ ਆਪਣੇ ਮਹਾਨ ਪੁਰਖਿਆਂ ਦੇ ਜੀਵਨ ਸੰਘਰਸ ਤੋਂ ਸਬਕ ਅਤੇ ਪ੍ਰੇਰਨਾ ਲੈਂਦੇ ਹੋਏ ਸਾਨੂੰ ਆਪਣਾ ਨਵਾਂ ਭਵਿੱਖ ਬਣਾਉਣ ਦੀ ਦਿੱਸਾ 'ਚ ਅੱਗੇ ਵਧਣਾ ਚਾਹਦਿਾ ਹੈ। ਇਨ੍ਹਾਂ ਸਬਦਾਂ ਨਾਲ ਹੀ ਮੈਂ ਤੁਹਾਡੇ ਕੋਲੋਂ ਵਿਦਾ ਲੈਂਦਾ ਹਾਂ।

ਜੈ ਭੀਮ ਜੈ ਭਾਰਤ

# ਸਾਹਿਬ ਕਾਂਸ਼ੀ ਰਾਮ ਤੇ ਅੰਦੋਲਨ ਦੀਆਂ ਪੰਜਾਬ 'ਚ ਪ੍ਰਾਪਤੀਆਂ ਅਤੇ ਸਾਡਾ ਦੁਖਾਂਤ

ਸਾਹਿਬ ਕਾਂਸ਼ੀ ਰਾਮ ਭਾਵੇਂ ਪੰਜਾਬ ਸੂਬੇ ਨਾਲ ਸਬੰਧ ਰੱਖਦੇ ਸਨ ਜ਼ਿੰਦਗੀ ਚ ਬਾਬਾ ਸਾਹਿਬ ਮਹਾਤਮਾ ਬੁੱਧ ਜੈਅੰਤੀ ਦੀ ਛੁੱਟੀ ਨਾ ਹੋਣ ਤੇ ਉਹ ਆਖਰ ਖੁਦ ਹੀ ਤਿਆਰ ਹੋਏ ਤੇ ਸ਼ਾਇਦ ਕਹਿੰਦੇ ਹੋਣਗੇ ਜੁਬਾਨਾਂ ਹੋਣ ਹਜ਼ਾਰਾਂ ਸਾਲਾਂ ਤੋਂ ਭਾਰਤ ਵਿੱਚ ਚੱਲ ਰਿਹਾ ਨਾ ਬਰਾਬਰੀ ਵਾਲਾ ਸਿਸਟਮ ਨੂੰ ਤੂੰ ਹੀ ਠੀਕ ਕਰਨਾ ਹੈ ਕਿਉਂ ਮੁਗਲ ਮਾਰੀ ਬੈਠਾ ਏ ਉੱਠ ਦਲਿਤ ਭਰਾਵਾ ਲੱਜ ਕਰ ਲੈ ਕੰਮ ਤੈਨੂੰ ਕਰਨਾ ਪੈਣਾ ਹੈ ਚਾਹੇ ਅੱਜ-ਕੱਲ੍ਹ ਚਾਹੇ ਕੱਲ ਕਰ ਲੈ ਆਖਰ ਘਰ ਬਾਰ ਛੱਡ ਤਿਆਗੀ ਬਣ ਕੇ ਇਕ ਸੰਤ ਵਾਂਗ ਮਹਾਰਾਸ਼ਟਰ ਵਿਚ ਵਿਚਰਨ ਲੱਗੇ ਤੇ ਇੱਕ ਦਿਨ ਦੁਖੀ ਮਨ ਨਾਲ ਕਹਿਣ ਲੱਗੇ ਜੇ ਕੋਈ ਕਾਂਸ਼ੀ ਰਾਮ ਦੀ ਗੱਲ ਨਹੀਂ ਸੁਣੇਗਾ ਮੰਨੇਗਾ ਤਾਂ ਉਹ ਲੋਕ ਝੋਲਾ ਚੁੱਕ ਕੇ ਤੁਰ ਪੈਣਗੇ ਪ੍ਰੰਤੂ ਕੌਮ ਦਾ ਸੌਦਾ ਨਹੀਂ ਕਰਨਗੇ। ਉੱਤਰੀ ਭਾਰਤ ' ਚ ਕਾਂਸ਼ੀ ਰਾਮ ਕਾਂਸੀ ਰਾਮ ਹੋਣ ਲੱਗੀ । ਹੁਕਮਰਾਨ ਪਾਰਟੀਆਂ 'ਚ, ਦੇਸ ਦੀ ਰਾਜਨੀਤੀ 'ਚ, ਸਮਾਜ 'ਚ ਚਮਚਿਆਂ, ਦੇਖੋ ਕੁਚਲੇ ਸਮਾਜ 'ਚ ਗੋਲ ਚੱਲ ਪਈ ਜਦ ਵਿਰੋਧੀ ਤੁਹਾਡੇ ' ਚ ਨੁਕਸ ਕੱਢਣ ਲੱਗ ਪੈਣ ਤਾਂ ਸਮਝੀ ਗੱਲ ਬਦਨ ਜਾ ਰਹੀ ਹੈ) ਆਖ਼ਰ ਲੰਮੀ ਸੋਚ ਵਿਚਾਰ ਉਪਰੰਤ ਭਾਰਤ ਦੀ ਪਹਿਲੀ ਕਾਨਵਸ ਮੂਸਾਪੁਰ ਨੇੜੇ ਨਵਾਂਸਹਿਰ - ਬੰਗਾ ਜਿਸ ਮੈਨੂੰ ਆਪਣੇ ਸਰਾ ਗੁਰਮੇਲ ਸਿੰਘ ਨਾਲ ਸਾਇਕਲ ' ਤੇ ਮੋਹਰ ਬੈਠ ਕੇ ਜਾਣ ਦਾ ਮੌਕਾ ਮਿਲਿਆ। (ਗੁਰਮੇਲ ਸਿੰਘ ਜੱਸੀ ਨੂੰ. ਸਾਹਿਬ ਨਾਲ ਦਿਲੀ ਦਫ਼ਤਰ ' ਤੇ ਬੰਗਾ ਲੋਕ ਅੰਬੈਸਡਰ ਕਾਰ ਰਾਹੀਂ ਆਉਣ ਦਾ ਮਾਣ ਹਾਸਲ ਹੈ)। ਉਦੋਂ ਮੈਂ ਪਹਿਲੀ ਵਾਰ ਲਾਗਲੇ ਪਿੰਡ ਸਤਰਾਂ ਦੇ ਜੰਜ ਘਰ ਤੇ ਕਾਲਾ ਚਿੱਟਾ ਡੀਐਸਟਰ ਦਾ ਛੋਟਾ ਪੋਸਟਰ ਲੱਗਾ ਦੇਖਿਆ ਸੀ । ਉਸ ਤੋਂ ਬਾਅਦ ਇਹ ਸਾਹਿਬ ਦੀ ਅਵਾਜ਼ ਦਲਿਤਾਂ ਦੇ ਕੰਨਾ ' ਚ ਪੈਣ ਲੱਗੀ। ਪੰਜਾਬ ਦੀਆਂ ਸੱਥਾਂ ' ਚ ਚਰਚਾ ਛਿੜ ਗਈ । ਪ੍ਰੰਤੂ ਦੁਆਬਾ ਜਿਥੇ ਪਹਿਲਾਂ ਹੀ ਕੁਝ ਜਾਗਰਤੀ ਸੀ ਵਿਚ ਡੀਐਸਫੋਰ ਦੇ ਮਾਂ-ਧਅਮ ਤਾਂ ਚੋਣਾਂ ਵੀ ਲੜਾਈਆਂ ਗਈਆਂ । ਆਖਰ ਨੂੰ ਪੰਜਾਬ ' ਚ ਹਰਭਜਨ ਲਾਖਾ , ਮੋਹਣ ਸਿੰਘ ਫਲੀਆਵਾਲਾ ਤੇ ਸਾਹਿਬ ਕਾਂਸੀ ਰਾਮ ਜੀ ਜਿੱਤ ਕੇ ਸੰਸਦ ਵੱਲ ਨੂੰ ਚੱਲ ਪਏ । ਦਲਿਤਾਂ , ਬਹੁਜਨਾਂ ' ਚ ਉਹ ਉਠ ਖੜੇ ਹੋਏ ਪ੍ਰਤੀਤ ਹੋਏ । ਇਸ ਸਾਰੇ ਸਮਾਜ ਦੀ ਸੋਚ ਬਣ ਗਈ ਕਿ ਹੁਣ ਰਾਜ ਆਉ ਆਉ ਆਖਰ 1992 ਨੂੰ ਸ਼੍ਰੋਮਣੀ ਅਕਾਲੀ ਦਲ ਦੇ ਬਾਈਕਾਟ ਕਾਰਨ ਪੰਜਾਬ ਦੇ ਲੋਕਾਂ ਨੇ ਸੀਸ ਤਲੀ ਤੇ ਰੱਖ ਕੇ 9 ਐਮ.ਐਲ.ਏ. ਨੂੰ ਕਾਮਯਾਬ ਕੀਤਾ। ਜਿਨ੍ਹਾਂ ਵਿਚੋਂ ਬਹੁਤਿਆਂ ਨੇ ਲੋਕਾਂ 'ਚ ਵਿਚਰਨ ਦੀ ਥਾਂ ਉਨ੍ਹਾਂ ਦੇ ਦੁੱਖਾਂ ਸੁੱਖਾਂ ਦੇ ਸਾਥੀ ਬਣਨ ਦੀ ਥਾਂ ਆਪੋ ਆਪਣੀ ਡਫਲੀ ਵਜਾਉਣੀ ਸ਼ੁਰੂ ਕਰ ਦਿੱਤੀ। ਅਸਲ ਵਿਚ ਪੰਜਾਬ ' ਚ ਸਿਆਸੀ ਹਾਲਤਾਂ ਕਾਰਨ ਜਿੱਤ ਹੋਈ ਸੀ ਇਹ ਵੀ ਇਕ ਪੁਆਇੰਟ ਸਾਨੂੰ ਯਾਦ ਰੱਖਣਾ ਚਾਹੀਦਾ। ਇਸੇ ਗਲਤ ਫਹਿਮੀ ਦਾ ਲੀਡਰ ਲੋਕ ਸ਼ਿਕਾਰ ਹੋ ਗਏ। ਜਦਕਿ ਸਾਹਿਬ ਚਾਹੁੰਦੇ ਸਨ ਕਿ ਇਹ 9 ਤੋਂ 99 ਬਣਾਉਣ ਪ੍ਰੰਤੂ ਅਗਲੀ ਵਾਰ ਸਿਰਫ਼ ਇਕ ਰਹਿ ਗਿਆ। ਤੇ ਆਖਰ ਕਈ ਪ੍ਰਯੋਗ ਕੀਤੇ ਗਏ ਪ੍ਰੰਤੂ ਅਸਫਲ। ਕਈ ਲੀਡਰ ਆਪਣੇ ਆਪ ਨੂੰ ਰਾਜਨੀਤੀ ਦਾ ਚਾਣਕਿਆ ਸਮਝਣ ਲੱਗੇ. ਕਈ ਚੁੱਪ ਕਰ ਗਏ ਤੇ ਕਈ ਲੀਡਰ ਦੂਜੀਆਂ ਪਾਰਟੀਆਂ ਦੀ ਸਰਨ 'ਚ ਚਲੇ ਗਏ ਤੇ ਕਈ ਖ਼ੁਦਗਰਜ਼ ਬਣ ਗਏ। ਅੱਜ ਝਾਤੀ ਮਾਰੀਏ ਤਾਂ 1992 ਦੇ 9 ਵਿਧਾਇਕਾਂ 'ਚ ਕਿੰਨੇ ਅੱਜ ਪਾਰਟੀ ਨਾਲ ਹਨ। ਸ਼ਾਇਦ 2 ਹੀ . ਕਿਨ ਲੀਡਰ ਸੀ ਕਿਥੇ ਗਏ , ਕੀ ਹਾਲਾਤ ਵਾਪਰੇ ਸਾਰੇ ਦੋਸ਼ ਮੁੜ ਰਹੇ ਹਨ ਪ੍ਰੰਤੂ ਕੋਣ ਕਹੇ ਕਿ ਤੁਹਾਡੀਆਂ ਗਲਤੀਆਂ ਨਾਲ ਹਜ਼ਾਰਾਂ ਵਰਕਰਾਂ ਦੀ ਜ਼ਿੰਦਗੀ ਬਦ ਤੋਂ ਬਦਤਰ ਹੋ ਚੁੱਕੀ ਹੈ। ਕਈ ਵਿਚਾਰ ਦੁਨੀਆਂ ਤੋਂ ਕੂਚ ਕਰ ਗਏ . ਕਈ ਮਰ ਮਰ ਅੱਜ ਵੀ ਜ਼ਿੰਦਗੀ ਜਿਉਂਦੇ ਹਨ। ਸਾਡੇ ਲੀਡਰ ਕੋਠੀਆਂ, ਕਾਰਾਂ, ਮਹਿਲਾਂ ' ਚ ਰਹਿ ਰਹੇ ਹਨ ਤੇ ਉਹ ਵਿਚਾਰੇ ਫਿਰ ਸੜਕ ਤੇ ਰੋੜੀ ਕੁੱਟ ਰਹੇ ਹਨ। ਸੜਕ ਤੇ ਹੀ ਕੁਟ ਰਹੀਆਂ ਮੁਟਿਆਰਾਂ ਨੂੰ ਦੇਖੋ ਮਹਿਲੀ ਰੰਗ ਮਨਾ ਰਹੀਆਂ ਬਹਾਰਾਂ ਨੂੰ ਦੇਖੋ ਪੰਜਾਬ ਵਿਚ ਸਾਹਿਬ ਨੇ ਜਿਥੇ ਪੀਲੀ ਪਹਿਲੀ ਕਾਨਫਰੰਸ ਕੀਤੀ । ਪ੍ਰੰਤੂ ਉਨ੍ਹਾਂ ਯੂ.ਪੀ. 'ਚ ਰਾਜਭਾਗ ਵੀ ਲੈ ਲਿਆ। ਸਾਹਿਬ ਨੇ ਕਿਹਾ ਕਿ ਪੰਜਾਬ ਦੇ ਲੋਕ ਸ਼ਾਇਦ ਮੇਰੀ ਗੋਲ ਨਹੀਂ ਮਾਇਆਵਤੀ ਦੀ ਗੱਲ ਸਮਝ ਲੈਣ । ਉਹ ਮਾਇਆਵਤੀ ਨੂੰ ਵੀ ਨਾਲ ਲੈ ਕੇ ਦੀ ਆਏ । ਪ੍ਰੰਤੂ ਅਸੀਂ ਅੱਜ ( ਮੈਨੂੰ ਸਾਹਿਬ ਨਾਲ 1997 ਵਿਚ ਮੁਲਾਕਾਤ ਕਰਨ ਦਾ ਮੌਕਾ ਮਿਲਿਆ ਤਾਂ ਉਨ੍ਹਾਂ ਗੱਲ ਕਰਦੇ ਕਿਹਾ ਕਿ ਮੈਨੂੰ ਲਗਦਾ ਹੈ ਕਿ ਆਪਣੀ ਸਰਕਾਰ ਬਣ ਜਾਣੀ ਹੈ ਪ੍ਰੰਤੂ ਨਤੀਜਿਆਂ ਤੋਂ ਬਾਅਦ ਰਿਜ਼ਲਟ ਜ਼ੀਰੋ ਰਿਹਾ ਅਤੇ ਸਾਹਿਬ ਨੂੰ ਮਾਇਆਵਤੀ ਖੁਦ ਨਮੋਸ਼ੀ ਭਰੇ ਹਾਲਾਤਾਂ ਵਿਚੋਂ ਕੱਢਣ ਲਈ ਲੈ ਕੇ ਗਏ ਸੀ)। ਆਉ ਅੰਤਰ ਝਾਤ ਮਾਰੀਏ । ਬੀਤ ਗਿਆ ਮੁੜ ਨਹੀਂ ਆਉਣਾ। ਸਾਹਿਬ ਨੇ ਮੁੜ ਨਹੀਂ ਆਉਣਾ. ਨੋਟ ਕਰੋ ਤੁਹਾਡਾ ਰਾਜ ਭਾਗ ਇਕ ਦਿਨ ਆਉਣਾ ਹੈ ਕਿਉਂਕਿ ਦੁਨੀਆਂ ਦਾ ਇਤਿਹਾਸ ਪੜ੍ਹਦਿਆਂ, ਸੁਣਦਿਆਂ ਇਹ ਹੁੰਦਾ ਹੀ ਹੈ। ਦੂਰ ਨਾ ਜਾਇਓ ਤੁਸੀਂ ਦੁਨੀਆ ਭਰ ਵਿਚ ਸਭ ਤੋਂ ਵੱਡੀ ਕਮਿਊਨਿਸਟ ਲਹਿਰ ਦੇਖੀ ਹੋਵੇਗੀ। ਸੁੰਗੜ ਕੇ ਰਹਿ ਗਈ ਲਹਿਰ . ਉਠ ਜਵਾਨ, ਸਾਡੇ ਬਜ਼ੁਰਗਾਂ ਨੇ ਕਿੰਨੀਆਂ ਮੁਸ਼ਕਲਾਂ, ਮੁਸੀਬਤਾਂ ਝੱਲੀਆਂ ਹੋਣਗੀਆਂ 'ਬਾਬਾ ਸਾਹਿਬ ਦੀਆਂ ਉਹ ਲਿਖੀਆਂ ਲਾਈਨਾਂ ਵੀ ਚੇਤੇ ਆਉਂਦੀਆਂ ਹਨ 'ਮੈਨੂੰ ਅਜਿਹੇ ਖ਼ਤ ਮਿਲ ਰਹੇ ਹਨ ਜਿਨ੍ਹਾਂ ਵਿਚ ਮੈਨੂੰ ਖਤਮ ਕਰ ਦੇਣ ਦੀਆਂ ਧਮਕੀਆਂ ਦਿੱਤੀਆਂ ਗਈਆਂ। ਮੈਂ ਆਪਣੇ ਸਕੱਤਰ ਨੂੰ ਦੋਸ਼ ਰਿਹਾ ਸੀ ਕਿ ਕਾਨੂੰਨ ਵਿਚ ਜਦ ਅਸੀਂ ਕਿਸੇ ਨੂੰ ਫਾਂਸੀ ਚੜ੍ਹਾ ਹਾਂ ਤਾਂ ਉਸਨੂੰ ਜੁਰਮਾਨੇ ਦੀ ਸਜਾ ਦਿੰਦੇ ਹਾਂ। ਇਹ ਹੱਤਿਆਰੇ ਮੇਰੀ ਜਾਨ ਲੈਣ ਦੇ ਨਾਲ ਨਾਲ ਬਿਨਾਂ ਟਿਕਟ ਲਾਏ ਖ਼ਤ ਭੇਜ ਜਦੋਂ ਅਜਿਹੇ ਮਹਾਂਪੁਰਸ਼ ਕੇ ਮੈਨੂੰ ਜੁਰਮਾਨਾ ਕਿਉਂ ਕਰਦੇ ਹਨ । ਨਾਲ ਜਿੰਦਗੀ ਭਰ ਪਲ ਪਲ ਅਪਮਾਨ ਹੋਇਆ ਹੋਵੇ ਤਾਂ ਉਹ ਸਾਨੂੰ ਕਾਨੂੰਨੀ ਤੌਰ ਤੇ ਜਿਊਂਦੇ ਕਰ ਗਏ।ਪ੍ਰੰਤੂ 20 ਵੀਂ ਤੇ 21 ਵੀਂ ਸਦੀ ਦੇ ਸਭ ਮੁੱਢਲੇ ਸਾਲਾਂ 'ਚ ਰਹਿਬਰਾਂ ਦੇ ਮਿਸ਼ਨ ਨੂੰ ਸਮਝਣ ਵਾਲੇ, ਜ਼ਿੰਦਗੀ ' ਚ ਇਕ ਇਕ ਪਲ ਆਪਣੇ ਸਮਾਜ ਲਈ ਲਗਾਉਣ ਵਾਲੇ ਰਹਿਬਰਾਂ ਨੂੰ ਤਾਂ ਅਸੀਂ ਖੁਦ ਦੇਖਿਆ, ਸੁਣਿਆ , ਸਮਝਿਆ ਤੇ ਬਹੁਤਿਆਂ ਨੇ ਮੰਨਿਆ ਵੀ । ਅੱਜ ਹਾਲਾਤ ਹਨ, ਕਈਆਂ ਦੇ ਪੈਰਾ ਵਿਚ ਲੱਖ ਪਦਾਰਥ ਹੀਰੇ ਮੋਤੀ ਕਈ ਵਿਚਾਰੇ ਰੋਟੀ ਖਾਤਰ ਪੈਰਾ ਦੇ ਵਿਚ ਰੁਲ ਜਾਂਦੇ ਆ। ਹੁਣ ਕੀ ਕਰੀਏ, ਕੀਹਦੇ ਕੋਲ ਜਾਈਏ, ਕੀਹਨੂੰ ਦੁਖੜੇ ਸੁਣਾਈਏ । ਲਿਖਣ ਨੂੰ ਤਾਂ ਚਿਤ ਕਰਦਾ ਹੈ 2 ਸਾਲ 11 ਮਹੀਨੇ 18 ਦਿਨ ਸੰਵਿਧਾਨ ਲਿਖਣ ਵਾਂਗ ਲਾਈਏ। ਪ੍ਰੰਤੂ ਕੁਝ ਕਰਨਾ ਪੈਣਾ , ਭਾਈ ਜ਼ਿੰਦਗੀ ਵਾਰ ਵਾਰ ਨਹੀਂ ਮਿਲਣੀ । ਸਾਹਿਬ ਕਹਿੰਦੇ ਸੀ ਕੁਦਰਤ ਦਾ ਨਿਯਮ ਹੈ। ਗੋਲ ਪਿਛਲੀਆਂ ਚੋਣਾਂ ਤੋਂ ਇਕ ਪੰਛੀ ਝਾਤ ਵੀ ਪਾਉਣੀ ਹੈ । ਜਦੋਂ ਫਿਲੌਰ ਤੋਂ ਬਲਦੇਵ ਸਿੰਘ ਖਹਿਰਾ ਨੇ ਬੀਐਸਪੀ ਦੇ ਉ-ਮੀਦਵਾਰਾਂ 'ਚੋਂ ਸਭ ਤੋਂ ਵੋਟਾਂ 43000 ਹਜ਼ਾਰ ਲਈਆਂ, ਬਲਾਚੌਰ ਤੋਂ ਉਮੀਦਵਾਰ ਜਨਾਬ ਪਾਲੀ ਸਨ ਜਿਨ੍ਹਾਂ ਨੇ ਦੂਜੇ ਸਥਾਨ ਤੇ ਰਹਿਣ ਵਾਲੇ ਇਕ ਇਸ ਉਮੀਦਵਾਰ ਸਨ। ਖਰਬ ਤੋਂ ਅਰਜਨ ਕੌਂਸਲ, ਨਵਾਂਸਹਿਰ ਤੋਂ ਵਿਨੋਦ ਕੁਮਾਰ ਸੀ, ਠੇਕੇਦਾਰ ਰਜਿੰਦਰ ਸਿੰਘ, ਆਦਮਪੁਰ ਤੇ ਸੁਖਵਿੰਦਰ ਸਿੰਘ ਕੰਦਲੀ, ਜਰਨੈਲ ਨੰਗਲ ਫਗਵਾੜਾ ਅਤੇ ਹੋਰ ਅਨੇਕਾਂ ਉਮੀਦਵਾਰਾਂ ਨੂੰ 20 ਹਜ਼ਾਰ ਤੋਂ ਬੰਧ ਵੋਟਾਂ ਲਈਆਂ . ਜੋ ਖੁਸ਼ੀ ਦੀ ਗੱਲ ਵੀ ਹੈ। ਆਓ ਵਖਤ ਅਤੇ ਸਮੇਂ ਦੇ ਆਉਣ ਲਈ ਨਵੀਂ ਲੀਡਰਸਿਪ ਤੋਂ ਆਸ ਕਰੀਏ ਕਿ ਲੰਮੇ ਸਮੇਂ ਤੋਂ ਅਣਗੌਲੇ ਵਰਕਰਾਂ ਨੂੰ 5-5 , 7-7 ਪਿੰਡਾਂ ' ਚ ਬਿਠਾ ਕੇ ਉਨ੍ਹਾਂ ਨੂੰ ਜਾਣਨ ਤੇ ਸੁਣਨ। ਜੇਕਰ ਅਜਿਹਾ ਵਰਕਰਾਂ ਨੂੰ ਮਹਿਸੂਸ ਹੋਣ ਲੱਗ ਪਿਆ ਕਿ ਉਨ੍ਹਾਂ ਦੇ ਦੁੱਖਾਂ, ਮੁਸੀਬਤਾਂ ਅਤੇ ਪ੍ਰਾਪਤੀਆਂ ਨੂੰ ਸਮਝਣ ਵਾਲਾ ਕੋਈ ਹੈ ਤਾਂ ਉਹ ਜਰੂਰ ਉਠ ਖੜਨਗੇ ਜਿਹੜੇ ਲੀਡਰ ਪਾਰਟੀ 'ਚ ਲੈ ਜਾ ਸਕਦੇ ਹਨ , ਉਨ੍ਹਾਂ ਨੂੰ ਪਾਰਟੀ ' ਚ ਲਿਆ ਜਾਣਾ ਚਾਹੀਦਾ ਹੈ। ਗਲਤੀਆਂ ਬਾਰੇ ਅੰਤਿਮ ਮੰਥਨ ਕਰਦੇ ਹੋਏ ਸਾਨੂੰ ਸੁਚੇਤ ਹੋ ਕੇ ਚੱਲਣਾ ਹੋਵੇਗਾ। ਅੱਜ ਪੰਜਾਬ 'ਚ ਗੁਰੂ ਰਵਿਦਾਸ ਜੀ ਦੇ ਨਾਮ ਤੇ ਸਤਾ ਯਾਤਰਾ ਕੱਢੀ ਜਾ ਰਹੀ ਹੈ। ਵਧੀਆ ਗੱਲ ਹੈ ਕਿ ਭੁੱਲ ਨਾ ਜਾਇਓ ਆਪਣੇ ਰਹਿਬਰਾਂ ਨੂੰ। ਗੱਲ ਮੁੜ ਫਿਰ ਉਹੀ ਆਉਂਦੀ ਹੈ ਕਿ ਸਧਾਰਨ ਵਰਕਰ ਗੁਰੂ ਦੇ ਕਿੰਨੇ ਪੈਰੋਕਾਰਾਂ ਨੂੰ ਪਿੰਡਾਂ, ਗਲੀਆਂ, ਮੁਹੱਲਿਆਂ ' ਚ ਇਹ ਸੱਚਾ ਸੁਨੇਹਾ ਸੱਚਮੁੱਚ ਪੁੱਜਿਆ ਕਿ ਗੁਰੂ ਜੀ ਦੇ ਨਾਮ ਤੇ ਰੱਥ ਯਾਤਰਾ ਨਿਕਲਣੀ ਹੈ? ਪੰਜਾਬ ' ਚ ਕਿਸੇ ਵਖਤ ਪਾਰਟੀ ਮੁੱਖ ਵਿਰੋਧੀ ਪਾਰਟੀ ਬਣ ਗਈ। ਆਉ ਮੁੜ ਵਿਰਸੇ ਨੂੰ ਸੰਭਾਲੀਏ। ਕਮਲੀ ਦੇ ਖਿੱਲਰੇ ਝਾਟੇ ਨੂੰ ਮੁੜ ਤੋਂ ਸਵਾਰੀਏ ਅਤੇ ਇਕ ਮਿਕ ਹੋ ਕੇ ਸਾਡੇ ਗੁਰੂਆਂ ਅਤੇ ਸਾਹਿਬ ਦੇ ਸੱਚੇ ਸਿਪਾਹੀ ਬਣੀਏ। ਕਿਉਂਕਿ ਮੇਰਾ ਪੱਕਾ ਵਿਸ਼ਵਾਸ ਹੈ ਕਿ ਸਾਡੇ ਤੋਂ ਬਾਅਦ ਇਕ ਅਜਿਹੀ ਪੀੜ੍ਹੀ ਆਵੇਗੀ ਜੋ ਇਤਿਹਾਸ ਦੀਆਂ ਖ਼ਿਤਾਬਾਂ 'ਚ ਪੜ੍ਹਿਆ ਕਰੇਗੀ ਕਿ ਇਕ ਕਾਂਸੀ ਰਾਮ ਨੇ ਦੁਨੀਆਂ ਭਰ ਦੇ ਸੰਘਰਸ਼ਾਂ , ਭਾਰਤ ਦੀ ਰਾਜਨੀਤੀ ਨੂੰ ਪੜ੍ਹਿਆ ਖੋਜਿਆ ਹੋਵੇਗਾ, ਉਸ ਤਿਆਗੀ ਸੰਤ ਨੇ ਆਪਣੇ ਕਰੋੜਾ ਪੈਰੋਕਾਰਾਂ ਨੂੰ ਰਾਜ ਭਾਗ ਲੈਣ ਦੀ ਭਗਤੀ ਦੇ ਮੂਲ ਮੰਤਰ ਦਿੱਤੇ ਹੋਣਗੇ। ਸਮੇਂ ਦੀਆਂ ਸਰਕਾਰਾਂ ਉਨ੍ਹਾਂ ਨੂੰ ਕੋਈ ਰਾਸਟਰਪਿਤਾ, ਕੋਈ ਗੁਰੂ, ਕੋਈ ਰਹਿਬਰ, ਕੋਈ ਤਿਆਗੀ ਸੰਤ , ਕੋਈ ਸ਼ੇਰ-ਦਿਲ ਇਨਸਾਨ ਕੋਈ ਕਹਿਣੀ ਕਰਨੀ ਦੇ ਪੱਕੇ ਇਰਾਦੇ ਵਾਲਾ ਕਾਂਸੀ ਰਾਮ, ਸਮਾਜਿਕ ਵਿਗਿਆਨੀ ਵਜੋਂ ਪੜ੍ਹਿਆ ਕਰਨਗੇ ਕਿ ਇਕ ਮਨੁੱਖ ਨੇ ਪੰਜਾਬ ਦੀ ਧਰਤੀ ਤੇ ਜਨਮ ਲੈ ਕੇ ਮਨੂੰ ਦੀ ਧਰਤੀ ( ਯੂ.ਪੀ.) 'ਤੇ ਕਿਵੇਂ ਰਾਜ ਸਥਾਪਿਤ ਕੀਤਾ ਅਤੇ ਪੰਜਾਬ ਦੇ ਕਿਵੇਂ ਪਿੰਡ ਪਿੰਡ ਵਿਚ ਹੋਕਾ ਦਿੱਤਾ । ਸਾਹਿਬ ਕਾਂਸੀ ਰਾਮ ਨੂੰ ਇਸ ਤਰ੍ਹਾਂ ਵੀ ਯਾਦ ਕੀਤਾ ਜਾਵੇਗਾ ਕਿ ਉਸਦੀ ਪਾਰਟੀ ਨਾਲ ਗੱਦਾਰੀ ਕਰਨ ਵਾਲੇ ਦਾ ਸਮਾਨ ਚੁੱਕ ਕੇ ਉਨ੍ਹਾਂ ਸੜਕ ਤੇ ਖਿਲਾਰ ਦਿੱਤਾ ਸੀ ਤਾਂ ਜੋ ਗੱਦਾਰਾਂ ਵਾਰੇ ਲੋਕ ਜਾਣੂ ਹੋਣ। ਉਨ੍ਹਾਂ ਪੰਜਾਬ ਵਿਚ ਵਾਰ ਵਾਰ ਇਹ ਵੀ ਕਿਹਾ ਸੀ ਕਿ ਮੈਂ ਮਿੱਟੀ ਤੇ ਮਾਧੋ ਤਿਆਰ ਕਰਦਾ ਹਾਂ , ਜਿਹੜਾ ਮਿਸ਼ਨ ਨਾਲ ਗੱਦਾਰੀ ਕਰੇਗਾ ਉਹ ਮਿੱਟੀ ਵਿਚ ਮਿਲ ਜਾਵੇਗਾ। ਪੰਜਾਬ ਵਿਚ ਡਾ. ਅੰਬੇਡਕਰ ਸਾਹਿਬ ਵੀ ਆਏ। ਸਾਹਿਬ ਨੇ ਆਪਣੇ ਕੀਮਤੀ 'ਚੋਂ ਕੀਮਤੀ ਸਮਾਂ ਕੱਢ ਕੇ ਪੰਜਾਬ ਦੇ ਲੋਕਾਂ ਨੂੰ ਜਗਾਇਆ ਕਿ ਉੱਠੋ, ਜਾਗੋ, ਹੋਸ਼ ਕਰੋ ਪਿਛ ਲੱਗੂ ਨਾ ਬਣੋ, ਸੀਰੀ ਨਾ ਬਣੋ, ਦੂਜੀਆਂ ਪਾਰਟੀਆਂ ਤੁਹਾਨੂੰ ਬਾਬਾ ਸਾਹਿਬ ਦੀ ਵੋਟ ਕਾਰਨ ਵਰਤਦੀਆਂ ਹਨ। ਤੁਸੀਂ ਚਮਚੇ ਕਿਉਂ ਬਣਦੇ ਹੋ। ਆਉ ਅਸੀਂ ਉਨ੍ਹਾਂ ਦੇ 79 ਵੇਂ ਜਨਮ ਦਿਨ ਤੇ ਉਨ੍ਹਾਂ ਨੂੰ ਯਾਦ ਕਰਦੇ ਹੋਏ ਉਨ੍ਹਾਂ ਦੀਆਂ ਉਹ ਇਤਿਹਾਸਕ ਤਕਰੀਰਾਂ, ਵਿਚਾਰਾਂ, ਮਿਲਣੀਆਂ ਅਤੇ ਸੰਦੇਸਾਂ ਨੂੰ ਯਾਦ ਕਰੀਏ ਜੋ ਸਾਡੇ ਲਈ ਸਨ ਪਰ ਅਸੀਂ ਕੀ ਹਾਂ?

**ਕਾਂਸੀ ਰਾਮ ਜਿੰਦਾਬਾਦ , ਜਿੰਦਾਬਾਦ**

# ਸਾਹਿਬ ਸ੍ਰੀ ਕਾਂਸ਼ੀ ਰਾਮ ਜੀ



**ਸੋਹਣ ਸਹਿਜਲ**

ਇਕ ਆਮ ਜਿਹੇ ਘਰ ਵਿਚ ਜਨਮ ਹੋਇਆ, ਵੱਡੇ ਵੱਡੇ ਕਈ ਕੰਮ ਅੰਜਾਮ ਦਿੱਤੇ। ਜਿਨ੍ਹਾਂ ਲੋਕਾਂ ਦੀ ਨਹੀਂ ਸੀ ਪੁੱਛ ਕੋਈ, 'ਬਹੁਜਨ' ਵਰਗੇ ਉੱਚੇ ਨਾਮ ਦਿੱਤੇ। ਵੱਡੇ ਵੱਡੇ ਨੇਤਾਵਾਂ ਦੇ ਹੋਸ਼ ਉਡ ਗਏ, ਜੈ ਭੀਮ ਦਾ ਨਾਅਰਾ ਬੁਲੰਦ ਹੋਇਆ। ਦੇਣ ਵਾਲਾ ਸਮਾਜ ਬਣਾ ਦਿਆਂਗਾ, ਹੱਥ ਅੱਡਣਾ, ਮੰਗਣਾ ਬੰਦ ਹੋਇਆ। ਅਹੁਦਾ ਕੋਈ ਨਾ ਲੈਣਾ ਸਰਕਾਰ ਅੰਦਰ, ਨਹੀਂ ਕਿਸੇ ਪਰਿਵਾਰ ਨੂੰ ਪਾਲਣਾ ਮੈਂ ਇੱਕ ਇੰਚ ਜਮੀਨ ਨਹੀਂ ਨਾਂ ਮੇਰੇ, ਕੀ ਹੁੰਦਾ ਤਿਆਗ ਦਿਖਾਲਣਾ ਮੈਂ। ਰਾਜਨੀਤੀ ਦੇ ਵਿਚ ਖੜੋਤ ਆਈ, ਕਾਂਸੀ ਰਾਮ ਖੜੋਤ ਨੂੰ ਤੋੜ ਦਿੱਤਾ। ਜਮ੍ਹਾਂ, ਗੁਣਾ, ਘਟਾਓ ਹਿਸਾਬ ਲਾਇਆ, ਲੁੱਟੇ ਜਾਂਦੇ ਸਮਾਜ ਨੂੰ ਜੋੜ ਦਿੱਤਾ। ਵੱਡੇ ਦੋਨੋਂ ਹੀ ਦਲ ਹੈਰਾਨ ਰਹਿ ਗਏ, ਰਾਜਨੀਤੀ ਨੂੰ ਨਵਾਂ ਹੀ ਮੋੜ ਦਿੱਤਾ। ਜਿਹੜਾ ਢਾਂਚਾ ਨਾ ਹਿੱਲਿਆ ਕਿਸੇ ਕੋਲੋਂ, ਇਕ ਵਾਰ ਤਾਂ ਜੜ੍ਹੋਂ ਝੰਜੋੜ ਦਿੱਤਾ। ਸਭ ਗਿਣਤੀਆਂ ਮਿਣਤੀਆਂ ਠੁੱਸ ਹੋਈਆਂ, ਰਾਜਨੀਤੀ ਦੀ ਦਿਸ਼ਾ ਹੀ ਹੋਰ ਹੋ ਗਈ। ਜਿਨ੍ਹਾਂ ਹੱਥਾਂ ਦੀ ਛੋਹ ਵੀ ਭਿੱਟਦੀ ਸੀ, ਉਨ੍ਹਾਂ ਹੱਥਾਂ ਵਿਚ ਯੂ.ਪੀ. ਦੀ ਡੋਰ ਹੋ ਗਈ। ਚਰਚਾ ਮੰਡਲ ਰਿਪੋਰਟ ਦੀ ਕਰ ਕਰ ਕੇ, ਪੱਛੜੇ ਵਰਗਾਂ ਦੇ ਲੋਕ ਜਗਾ ਦਿੱਤੇ।

ਬਹੁਜਨ ਸਮਾਜ ਦੀ ਏਕਤਾ ਲਈ, ਮਾਸਿਕ, ਵੀਕਲੀ ਕਈ ਚਲਾ ਦਿੱਤੇ । ਦੇਸ ਵਿਚ ਕ੍ਰਾਂਤੀ ਕਰਨ ਖਾਤਰ, ਨਹੀਂ ਕਿਸੇ ਹਥਿਆਰ ਨੂੰ ਹੱਥ ਲਾਇਆ . ਆਗੂ ਸਿਰਫ਼ ਵਜੀਰੀਆਂ ਭਾਲਦੇ ਨੇ, ਉਨ੍ਹਾਂ ਦੇਸ ਦੀ ਸੱਤਾ ਨੂੰ ਹੱਥ ਪਾਇਆ। ਜਿਹੜੀ ਅਫਸਰੀ ਨੂੰ ਲੋਕ ਤਰਸਦੇ ਨੇ, ਕਾਂਸੀ ਰਾਮ ਨੇ ਨੌਕਰੀ ਛੱਡ ਦਿੱਤੀ। ਕੇਂਦਰ ਵਿਚ



ਸਰਕਾਰ ਨੂੰ ਡੇਗ ਦਿੱਤਾ, ਮਨੂੰਵਾਦ ਦੀ ਹਵਾ ਹੀ ਕੱਢ ਦਿੱਤੀ। ਜਦ ਤੱਕ ਰਹੇ ਹੋਸ਼ ਹਵਾਸ ਅੰਦਰ, ਕਾਂਸੀ ਰਾਮ ਨੇ ਹੋਸ਼ ਉਡਾਈ ਰੱਖੀ। ਪੂਰੇ ਮੁਲਕ ਵਿਚ ਘਰ ਘਰ ਜਾ ਜਾ ਕੇ, ਕਾਂਸੀ ਰਾਮ ਤੜਥੱਲੀ ਮਚਾਈ ਰੱਖੀ। ਸਾਹੂਜੀ ਮਹਾਰਾਜ ਨੂੰ ਰੱਖ ਅੱਗੇ, ਪੱਛੜੇ ਲੋਕਾਂ ਦੀ ਅਣਖ ਜਗਾਈ ਰੱਖੀ। ਸ਼ੋਸ਼ਿਤ ਪੀੜਤਾਂ ਨੂੰ ਰਾਹਤ ਦੇਣ ਖਾਤਰ, ਰਾਜਨੀਤੀ ਦੀ ਚਾਬੀ ਘੁਮਾਈ ਰੱਖੀ । ਕਾਂਸੀ ਰਾਮ ਦਾ ਮਨ ਭਰਮ-ਾਉਣ ਦੇ ਲਈ, ਕਹਿੰਦੇ ਰਾਸ਼ਟਰਪਤੀ ਬਣਾ ਦਿਆਂਗੇ. ਜਿੰਦਾਂ ਹਰ ਮਿਟਾਏ ਨੇ ਕਈ ਆਗੂ, ਕਾਂਸੀ ਰਾਮ ਵੀ ਓਦਾਂ ਮਿਟਾ ਦਿਆਂਗੇ ਧੋਖੇਬਾਜ਼ ਜਿਹੜੀ ਬੋਲੀ ਬੋਲਦੇ ਸੀ, ਉਸੇ ਭਾਸ਼ਾ ਦੇ ਵਿਚ ਜਵਾਬ ਦਿੱਤੇ । ਆਮ ਲੋਕਾਂ ਦੇ ਵਿਚ ਅਗਵਾਈ ਵੰਡੀ , ਚੜ੍ਹਦੀ ਕਲਾ ਵਿਚ ਰਹਿਣ ਦੇ ਖਾਬ ਦਿੱਤੇ। ਬਾਬਾ ਸਾਹਿਬ ਨੇ ਜੋ ਹਥਿਆਰ ਦਿੱਤਾ, ਵੋਟ ਬੈਂਕ ਨੂੰ ਬੰਬ ਬਣਾ ਦਿੱਤਾ। ਯੂ.ਪੀ. ਰਾਜ ਦੇ ਵਿਚ ਟਰਾਈ ਕੀਤੀ, ਮਨੂੰਵਾਦ ਦਾ ਕਿਲਾ ਹੀ ਢਾਹ ਦਿੱਤਾ। ਸਾਡੇ ਸਾਹਿਬ ਜੀ ਛੱਡ ਕੇ ਗਏ ਜਿਥੇ, ਕਾਰਵਾਂ ਨੂੰ ਅੱਗੇ ਵਧਾਵਣਾ ਹੈ। ਸਹਿਜਲ ਸੌ ਦੇ ਵਿਚੋਂ ਪਚਾ-ਸੀਆਂ ਦਾ, ਰਾਜ ਦੇਸ ਦੇ ਵਿਚ ਲਿਆਵਣਾ ਹੈ। ਮੇਰੀ ਚਾਹਤ ਹੈ ਬਹੁਜਨ ਸਮਾਜ ਮੇਰਾ, ਰਾਜਨੀਤੀ ਦੀ ਚਾਬੀ ਨੂੰ ਹੱਥ ਪਾਵੇ। ਦੇਸ ਦੁਸ਼ਮਣਾਂ ਦੇਸ ਦੇ ਲੋਟੂਆਂ ਨੂੰ, ਸਖ਼ਤੀ ਵੋਟ ਦੀ ਵਰਤ ਕੇ ਨੱਥ ਪਾਵੇ। ਲੀਡਰ ਉਹ ਹੁੰਦਾ ਜਿਹੜਾ ਲਹਿਰ ਅੰਦਰ, ਜਾਨ ਆਪਣੀ, ਆਪਣੀ ਰੱਤ ਪਾਵੇ। ਨਿੱਜ ਅਤੇ ਪਰਿਵਾਰ ਲਈ ਕੋਠੀਆਂ ਥਾਂ, ਪਹਿਲਾਂ ਕੁੱਲੀਆਂ ਦੇ ਉੱਤੇ ਛੱਤ ਪਾਵੇ। ਆਮ ਲੋਕ ਤਾਂ ਬੜੇ ਉਤਾਵਲੇ ਨੇ, ਘਾਟ ਯੋਗ ਅਗਵਾਈ ਦੀ ਰੜਕਦੀ ਹੈ, ਸਹਿਜਲ ਦੱਸੋ ਕੀ ਕਰੇ ਸਮਾਜ ਸਾਡਾ, ਜਦੋਂ ਲੀਡਰਾਂ ਦੀ ਜੁੱਤੀ ਖੜਕਦੀ ਹੈ।

## ਕਾਂਸ਼ੀ ਰਾਮ ਦਾ ਬਾਮਸੇਫ਼ ਤੋਂ ਬਹੁਜਨ ਸਮਾਜ ਪਾਰਟੀ ਤੱਕ ਦਾ ਸਫ਼ਰ

ਕਾਂਸੀ ਰਾਮ ਦਾ ਜਨਮ 1934 ਵਿਚ ਰਾਏਦਾਸੀ ਸਿੱਖ ਸਮਾਜ ਜੋ ਕਿ ਪੰਜਾਬ ਦੀ ਚਮਾਰ ਜਾਤੀ ਤੋਂ ਸਿੱਖ ਧਰਮ ਆਪਣਾ ਚੁੱਕੀ ਸੀ , ਵਿਚ ਹੋਇਆ ਪਰਿਵਾਰ ਦੇ ਕੋਲ 4 ਜਾਂ 5 ਏਕੜ ਜਮੀਨ ਸੀ ਕੁੱਝ ਜੱਦੀ ਪੁਸ਼ਤੀ ਸੀ ਅਤੇ ਬਾਕੀ ਦੀ ਆਜ਼ਾਦੀ ਤੋਂ ਉਪਰੰਤ ਸਰਕਾਰ ਵਲੋਂ ਮਿਲੀ ਹੋਈ ਸੀ। ਥੋੜੀ ਭੂਮੀ ਦਾ ਪਿਛੋਕੜ ਅਨੁਸੂਚਿਤ ਜਾਤੀ ਵਿਚਾਨਕਾਰਾਂ ਦੀ ਅਤ ਖਾਸੀਅਤ ਕਾਰਨ ਹੈ ਪਰ ਆਮ ਤੌਰ ਤੇ ਮੁਕਾਬਲਾਨ ਦਲਿਤਾਂ ਵਾਸਤੇ ਦੁਰਲਭ ਹੈ। ਕਾਂਸੀ ਰਾਮ ਦਾ ਪਿਤਾ ਥੋੜਾ ਜਿਹਾ ਪੜ੍ਹਿਆ ਲਿਖਿਆ ਸੀ, ਪਰ ਉਸਨੇ ਆਪਣੀਆਂ 4 ਲੜਕੀਆਂ ਅਤੇ ਤਿੰਨ ਪੁੱਤਰਾਂ ਦੀ ਪੜ੍ਹਾਈ ਦਾ ਪ੍ਰਬੰਧ ਕੀਤਾ। ਕਾਂਸੀ ਰਾਮ ਜੋ ਕਿ ਸਭ ਤੋਂ ਵੱਡਾ ਸੀ, ਇਕੱਲਾ ਹੀ ਗਰੈਜੂਏਟ ਹੋਇਆ। ਬੀ.ਐਸ.ਸੀ. ਦੀ ਡਿਗਰੀ ਪ੍ਰਾਪਤ ਕਰਨ ਤੋਂ ਬਾਅਦ ਉਸਨੂੰ ਸਰਵੇ ਆਫ਼ ਇੰਡੀਆ ਵਿਚ ਦਾ ਰਾਖਵਾਂਕਰਨ ਦੇ ਅਧੀਨ ਨੌਕਰੀ ਦਿੱਤੀ ਗਈ ਸੀ, ਇਹ 1958 ਵਿਚ ਉਨ੍ਹਾਂ ਨੂੰ ਡੀਫੈਂਸ ਪ੍ਰੋਡਕਸਨ ਡਿਪਾਰਟਮੈਂਟ ਵਿਚ ਪੂਨਾ ਵਿਖੇ ਅਸਲਾ ਫੈਕਟਰੀ ਵਿਚ ਵਿਗਿਆਨਕ ਸਹਾਇਕ ਦੇ ਤੌਰ ' ਤੇ ਬਦਲ ਦਿੱਤਾ ਗਿਆ। ਕਾਂਸੀ ਰਾਮ ਦੇ ਬਚਪਨ ਵਿਚ ਛੁਆਛੂਤ ਦਾ ਕੋਈ ਮਹੱਤਵ ਨਹੀਂ ਸੀ ਅਤੇ ਉਸਦੇ ਬਾਲਗ ਜੀਵਨ ਵਿਚ ਪੜ੍ਹੇ ਲਿਖੇ ਦਾਇਰੇ ਵਿਚ ਖੁੱਲ੍ਹੇਆਮ ਵਿਤਕਰੇ ਦੀ ਕੋਈ ਘਟਨਾ ਨਹੀਂ ਸੀ। ਪਰੰਤੂ 1965 ਵਿਚ ਉਸਦੇ ਦ੍ਰਿਸ਼ਟੀਕੋਣ ਵਿਚ ਅਚਾਨਕ ਤਬਦੀਲੀ ਆ ਗਈ ਜਦੋਂ ਉਹ ਦੂਸਰੇ ਅਨੁਸੂਚਿਤ ਜਾਤੀ ਮੁਲਾਜ਼ਮਾਂ ਵਲੋਂ ਡਾ. ਅੰ-ਬੇਡਕਰ ਦੇ ਜਨਮ ਦਿਨ ਤੇ ਕੀਤੀ ਜਾਂਦੀ ਛੁੱਟੀ ਦੀ ਬੰਦਿਸ਼ ਨੂੰ ਖ਼ਤਮ ਕਰਾਉਣ ਦੇ ਘੋਲ ਵਿਚ ਸ਼ਾਮਿਲ ਹੋਇਆ। ਇਸ ਜੱਦੋ ਜਹਿਦ ਦੇ ਵਿਚ ਕਾਂਸੀ ਰਾਮ ਨੂੰ ਉੱਚ ਜਾਤੀਆਂ ਦੀ ਨਫ਼ਰਤ ਅਤੇ ਦਲਿਤਾਂ ਪ੍ਰਤੀ ਵੈਰ ਭਾਵ ਡੂੰਘਾਈ ਨਾਲ ਸਾਹਮਣਾ ਕਰਨ ਦਾ ਇਲਜ਼ਾਮ ਹੋਇਆ। ਅੰਬੇਡਕਰ ਦੀ ਲਿਖੀ ਹੋਈ ਪੁਸਤਕ 'ਜਾਤੀ ਦਾ ਖੁਰਾ-ਖੋਜ ਮਿਟਾਉਣਾ' ਪੜ੍ਹਨ ਨਾਲ ਉਸਦੀ ਸੋਚ ਇਕ ਦਮ ਗਰਮ ਖਿਆਲਾਂ ਦੀ ਹੋ ਗਈ। ਉਸਦੇ ਬਿਨਾਂ ਸੌਣ ਤੋਂ ਇਹ ਪੁਸਤਕ ਰਾਤ ਨੂੰ ਤਿੰਨ ਵਾਰ ਪੜ੍ਹੀ ਕਾਂਸੀ ਰਾਮ ਦੀ ਡਾ. ਅੰਬੇਡਕਰ ਦੇ ਰਾਜਨੀਤਿਕ ਵਿਚਾਰਾਂ ਦੀ ਜਾਣ ਪਛਾਣ ਉਹ ਕਦੇ ਵੀ ਬੁੱਧ ਮਤ ਵਲ ਪ੍ਰਭਾਵਤ ਨਹੀਂ ਹੋਇਆ ਸੀ ਪਰ ਉਹ ਅਸਲਾ ਫੈਕਟਰੀ ਵਿਚ ਆਪਣੇ ਮਿੱਤਰ ਡੀ.ਕੇ. ਖਾਪਰਡੇ ਦੇ ਰਾਹੀਂ ਜਾਣਕਾਰੀ ਹੋਇਆ ਜੋ ਕਿ ਰਹਾਰ ਬੋਧੀ ਸੀ। ਫਿਰ ਇਨ੍ਹਾਂ ਦੋਹਾਂ ਨੇ ਅਨੁਸੂਚਿਤ ਜਾਤੀ ਪਛੜੀ ਸ਼੍ਰੇਣੀਆਂ ਦੇ ਪੜ੍ਹੇ ਲਿਖੇ ਮੁਲਾਜ਼ਮਾਂ ਦੀ ਇਕ ਜਥੇਬੰਦੀ ਖੜ੍ਹੀ ਕਰਨ ਤੇ ਵਿਚਾਰ ਵਟਾਂਦਰਾ ਕਰਨਾ ਸ਼ੁਰੂ ਕਰ ਦਿੱਤਾ। ਅਜਿਹੀ ਸੰਸਥਾ ਉੱਚ ਜਾਤੀ ਅਫਸਰਾਂ ਵਲੋਂ ਰਾਖਵੇਂ ਕਰਨ ਵਾਲੇ ਮੁਲਾਜ਼ਮਾਂ ਨੂੰ ਪ੍ਰੇਸਾਨ ਕਰਨ ਅਤੇ ਦਬਾਅ ਕੇ ਰੱਖਣ ਦੀ ਨੀਤੀ ਦੇ ਵਿਰੁੱਧ ਕੰਮ ਕਰੇਗੀ। ਇਹ ਰਾਖਵੇਂ ਕਰਨ ਸਥਾਨਾਂ ਤੇ ਕੰਮ ਕਰ ਰਹੇ ਅੰਤਰ ਮੁਖੀ ਮੁਲਾਜ਼ਮਾਂ ਵਲੋਂ ਆਪਣੇ ਸਮਾਜ ਨੂੰ ਵਾਪਿਸ ਕੁਝ ਦੇਣ ਦੇਣ ਦੇ ਯੋਗ ਵੀ ਬਣਾਏਗੀ। ਸੋ ਕਾਂਸੀ ਰਾਮ ਅਤੇ ਖਾਪਰਡੇ ਪੂਨਾ ਵਿਚ ਆਪਣੇ ਹਮਖ਼ਿਆਲੀ ਸਿਖਾਂਦਰੂਆਂ ਨਾਲ ਸੰਪਰਕ ਕਰਨਾ ਸ਼ੁਰੂ ਕਰ ਦਿੱਤਾ। ਇਸ ਸਮੇਂ ਕਾਂਸੀ ਰਾਮ ਨੇ ਆਪਣੇ ਵਿਆਹ ਦਾ ਵਿਚਾਰ ਤਿਆਗ ਦਿੱਤਾ ਕਿਉਂਕਿ ਇਹ ਉਸਦੇ ਜੀਵਨ ਵਿਚ ਠੀਕ ਨਹੀਂ ਰਹੇਗਾ ਜੋ ਕਿ ਉਹ ਆਮ ਲੋਕਾਂ ਨੂੰ ਸਮਰਪਿਤ ਕਰਨਾ ਚਾਹੁੰਦਾ ਸੀ । ਉਸਨੂੰ ਆਪਣਾ ਭਵਿੱਖ ਸੰਵਾਰਨ ਵਿਚ ਵੀ ਕੋਈ ਰੁਚੀ ਨਹੀਂ ਸੀ ਭਾਵੇਂ ਕਿ ਉਹ 1971 ਤੱਕ ਆਪਣੀ ਨੌਕਰੀ ਵਿਚ ਰਿਹਾ। ਇਕ ਉੱਚ ਯੋਗਤਾ ਪ੍ਰਾਪਤ ਅਨੁਸੂਚਿਤ ਜਾਤੀ ਦੀ ਨੌਜਵਾਨ ਔਰਤ ਦੀ ਨਿਯੁਕਤੀ ਨਾ ਹੋਣ ਦੇ ਕਾਰਨ ਤਲਖ ਤਕਰਾਰ ਤੋਂ ਬਾਅਦ ਉਸਨੇ ਆਪਣੀ ਨੌਕਰੀ ਛੱਡ ਦਿੱਤੀ। ਉਹ ਇਸ ਝਗੜੇ ਦੇ ਦੌਰਾਨ ਇਕ ਉੱਚ ਅਧਿਕਾਰੀ ਨੂੰ ਚੋਟ ਪਹੁੰਚਾਉਣ ਤੱਕ ਵੀ ਗਿਆ ਅਤੇ ਉਸਨੇ ਬਹੁਤ ਸਾਰੀਆਂ ਅਨੁਸ਼ਾਸਨੀ ਕਾਰਵਾਈਆਂ ਦੀ ਵੀ ਪ੍ਰਵਾਹ ਨਹੀਂ ਕੀਤੀ। ਉਸਨੇ ਆਪਣਾ ਮਨ ਪਹਿਲਾਂ ਹੀ ਪੂਰੇ ਸਮੇਂ ਲਈ ਹਰਕਤ ਵਿਚ ਰਹਿਣ ਦਾ ਬਣਾ ਲਿਆ ਸੀ ਅਤੇ ਉਸ ਸਮੇਂ ਤੱਕ ਇਹ ਅੰਦੋਲਨ ਉਸਦੀਆਂ ਸੁਸ਼ੀਲ ਲੋੜਾਂ ਦੀ ਪ੍ਰਾਪਤੀ ਲਈ ਜੋਰ ਫੜ ਗਿਆ ਸੀ। 1971 ਵਿਚ ਕਾਂਸੀ ਰਾਮ ਉਸਦੇ ਸਾਥੀਆਂ ਨੇ ਅਨੁਸੂਚਿਤ ਜਾਤੀ, ਅਨੁਸੂਚਿਤ ਕਬੀਲੇ, ਦੂਸਰੀਆਂ ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀ ਮੁਲਾਜ਼ਮਾਂ ਦੀ ਭਲਾਈ ਸੰਸਥਾ ਖੜ੍ਹੀ ਕਰ ਦਿੱਤੀ ਸੀ, ਜਿਹੜੀ ਕਿ ਪੂਨਾ ਚੋਰਟੀ ਕਮਿਸ਼ਨਰ ਦੇ ਅਧੀਨ ਰਜਿਸਟਰ ਕਰਵਾਈ ਗਈ ਸੀ । ਉਨ੍ਹਾਂ ਦਾ ਮੁੱਢਲਾ ਉਦੇਸ਼ ਸੀ ਸਾਡੇ ਮੁਲਾਜ਼ਮਾਂ ਦਾ ਆਮ ਕਰਕੇ ਅਤੇ ਪੜ੍ਹੇ ਲਿਖੇ ਮੁਲਾਜ਼ਮਾਂ ਖਾਸ ਕਰਕੇ ਉਨ੍ਹਾਂ ਦੀਆਂ ਅਨਿਆਏ ਅਤੇ ਪਰੇਸ਼ਾਨੀ ਦੀਆਂ ਮੁਸ਼ਕਲਾਂ ਦੀ ਸੂਖਮ ਛਾਣਬੀਣ ਕਰਨੀ ਅਤੇ ਉਨ੍ਹਾਂ ਦਾ ਤੁਰੰਤ ਅਤੇ ਇਕਸਾਰ ਪੱਕਾ ਹੱਲ ਲੱਭਣਾ। ਸੰਸਥਾ ਦੀ ਸਮਾਵੇਸੀ ਪਹੁੰਚ ਦੇ ਬਾਵਜੂਦ, ਇਸਦੀ ਅੰਬੇਡਕਰਵਾਦੀ ਧੱਕੜ ਨੀਤੀ ਨੇ ਮਹਾਰ ਬੋਧੀਆਂ ਨੂੰ ਇਸਦੇ ਬਹੁਤੇ ਮੈਂਬਰ ਬਣਾਇਆ। ਇਸਦੀ ਸਥਾਪਨਾ ਦੇ ਇਕ ਸਾਲ ਦੇ ਅੰਦਰ ਅੰਦਰ ਇਕ ਹਜ਼ਾਰ ਤੋਂ ਵੱਧ ਮੈਂਬਰ ਬਣ ਗਏ ਅਤੇ ਇਹ ਪੂਨਾ ਵਿਚ ਆਪਣਾ ਦਫ਼ਤਰ ਖੋਲ੍ਹਣ ਦੇ ਯੋਗ ਹੋ ਗਈ। ਇਸਦੇ ਬਹੁਤ ਸਾਰੇ ਮੈਂਬਰ ਡੀਫੈਂਸ ਅਤੇ ਪੋਸਟ ਅਤੇ ਫੈਲੀਗਰਾਫ ਵਿਭਾਗ ਵਿ'ਚੋਂ ਸਨ । ਉਨ੍ਹਾਂ ਦੀ ਪਹਿਲੀ ਸਲਾਨਾ ਕਾਨਫਰੰਸ ਨੂੰ ਡੀਫੈਂਸ ਰਜਿਸਟਰ ਜਗਜੀਵਨ ਰਾਮ ਨੇ ਸੰ-ਬੋਧਨ ਕੀਤਾ। ਕਾਂਸੀ ਰਾਮ ਦਾ ਦੂਸਰਾ ਕਦਮ ਸੀ ਕੌਮੀ ਪੱਧਰ ਤੇ ਅਨੁਸੂਚਿਤ ਜਾਤੀ ਸਰਕਾਰੀ ਮੁਲਾਜ਼ਮਾਂ ਦੀ ਸੰਸਥਾ ਬਣਾਉਣੇ ਦਾ ਅਧਾਰ ਤਿਆਰ ਕਰਨਾ। ਸੰਨ 1973 ਦੇ ਸ਼ੁਰੂ ਵਿਚ ਉਹ ਅਤੇ ਉਸਦੇ ਸਾਥੀਆਂ ਨੇ ਸਰਵ ਭਾਰਤ ਪਛੜੇ ਅਤੇ ਘੱਟ ਗਿਣਤੀ ਮੁਲਾਜਮ ਫੈਡਰੇਸਨ (ਬੀ.ਏ.ਐਮ.ਸੀ.ਈ.ਐਫ.) ਨੂੰ ਸਥਾਪਤ ਕਰਨਾ ਅਤੇ 1976 ਵਿਚ ਦਿੱਲੀ ਵਿਚ ਕਾਰਜਕਾਰੀ ਦਫ਼ਤਰ ਖੋਲ੍ਹਿਆ ਗਿਆ। 6 ਦਸੰਬਰ 1978 ਨੂੰ ਬੀ.ਏ. ਐਮ.ਸੀ. ਈ.ਐਫ. ਨੂੰ ਦੁਬਾਰਾ ਬੜੇ ਜੋਸੋ - ਖਰੋਸ ਨਾਲ ਅੰਬੇਡਕਰ ਜੀ ਦੀ ਬਰਸੀ 'ਤੇ ਕੀਤਾ ਗਿਆ। ਦੋ ਹਜ਼ਾਰ ਡੈਲੀਗੇਟ ਇਕ ਜਲੂਸ ਦੀ ਸਕਲ ਵਿਚ ਬੋਟ ਕਲਬ ਨਾਲ ਨਵੀਂ ਦਿੱਲੀ ਵਿਚ ਪਹੁੰਚੇ। ਬੀ.ਏ.ਐਮ.ਸੀ.ਈ.ਐਫ. ਭਾਵੇਂ ਨਵੀਂ ਸੰਸਥਾ ਦੇ ਦੱਸੇ ਗਏ ਉਦੇਸ਼ ਮੁੱਖ ਤੌਰ ਤੇ ਪਹਿਲੀ ਸੰਸਥਾ ਵਾਲੇ ਹੀ ਸਨ ਪਰ ਪ੍ਰਭਾਵਸਾਲੀ ਭਾਸਨ ਕਾਰਨ ਹੋਰ ਵੀ ਨਿਡਰਤਾ ਆ ਗਈ ਸੀ। ਸਿਰਫ਼ ਦਮਨਕਰਤਾ ਹੀ ਨਹੀਂ ਸਗੋਂ ਰਾਖਵੀਆਂ ਆਸਾਮੀਆਂ ਦੇ ਕੰਮ ਕਰਦੇ ਅਫਸਰ ਵੀ ਉੱਤੇਜਿਤ ਹੋ ਕੇ ਜੋਖਮ ਉਠਾਉਣ ਲਈ ਪਹਿਲੀ ਲਾਇਨ ਵਿਚ ਆ ਗਏ ਸਨ। ਜਿਵੇਂ ਕਿ ਖੇਤੀਬਾੜੀ, ਵਪਾਰ, ਕਾਮਰਸ ਅਤੇ ਉਦਯੋਗ ਵਿਚ ਅੱਗੇ ਵਧਣ ਦੇ ਸਾਰੇ ਰਸਤੇ ਇਨ੍ਹਾਂ

**(ਬਾਕੀ ਅਗਲੇ ਸਫੇ 'ਤੇ)**

# ਸਾਹਿਬ ਸ੍ਰੀ ਕਾਂਸ਼ੀ ਰਾਮ ਜੀ



(ਸਫਾ 25 ਦੀ ਬਾਕੀ)

ਲਈ ਬੰਦ ਹੋ ਗਏ ਹਨ। ਸੋ ਤਕਰੀਬਨ ਦੱਬੇ ਕੁਚਲੇ ਸਮਾਜ ਦੇ ਵਿ'ਚੋਂ ਸਾਰੇ ਪੜ੍ਹੇ ਲਿਖੇ ਲੋਕ ਸਰਕਾਰੀ ਸੇਵਾਵਾਂ ਵਿਚ ਆ ਗਏ ਸਨ। ਪਿਛਲੇ 26 ਸਾਲਾਂ ਵਿਚ ਦੱਬੇ ਕੁਚਲੇ ਭਾਰਤੀ ਲੋਕਾਂ ਵਿਚ 20 ਲੱਖ ਲੋਕ ਪਹਿਲਾਂ ਹੀ ਕਈ ਪ੍ਰਕਾਰ ਦੀਆਂ ਨੌਕਰੀਆਂ ਪ੍ਰਾਪਤ ਕਰ ਚੁੱਕੇ ਸਨ। ਸਿਵਲ ਸਰਵਿਸ ਕੰਡਕਟ ਨਿਗਮ ਉਨ੍ਹਾਂ ਤੇ ਕੁਝ ਪਾਬੰਦੀਆਂ ਲਗਾਉਂਦੇ ਹਨ। ਪ੍ਰੰਤੂ ਇਨ੍ਹਾਂ ਦੀ ਪੁਸਤੈਨੀ ਡਰਾਕਲਾਪੁਣਾ, ਕਾਇਰਤਾ, ਸੁਆਰਥ ਆਪਣੇ ਹੀ ਧਰਮ ਦੇ ਲੋਕਾਂ ਦੀ ਸਮਾਜ ਸੇਵਾ ਦੀ ਇਛਿਆ ਦੀ ਘਾਟ ਨੇ ਇਨ੍ਹਾਂ ਨੂੰ ਦੱਬੇ ਕੁਚਲੇ ਭਾਰਤੀ ਲੋਕਾਂ ਲਈ ਉੱਚੇਚੇ ਤੌਰ ਤੇ ਨਕੰਮੇ ਬਣਾ ਦਿੱਤਾ ਹੈ। ਇਕ ਹੀ ਆਸ ਦੀ ਕਿਰਨ ਹੈ ਕਿ ਲਗਭਗ ਸਾਰੇ ਭਾਰਤ ਵਿਚ ਕੁਝ ਪੜ੍ਹੇਲਿਖੇ ਮੁਲਾਜਮ ਹਨ ਜਿਹੜੇ ਕਿ ਆਪਣੇ ਭਰਾਵਾਂ ਦੀ ਤਰਸਯੋਗ ਤੇ ਦੁਖਦਾਈ ਹੋਂਦ ਪ੍ਰਤੀ ਗੰਭੀਰਤਾ ਨਾਲ ਸੋਚਦੇ ਹਨ। 1970 ਦੇ ਮੱਧ ਵਿਚ ਕਾਂਸੀ ਰਾਮ ਨੇ ਸਾਰੇ ਮਹਾਂਰਾਸਟਰ ਅਤੇ ਇਸਦੇ ਆਲੇ ਦੁਆਲੇ ਦੇ ਇਲਾਕਿਆਂ ਵਿਚ ਇਕ ਬੋਰਡ ਦੀ ਸਥਾਪਨਾ ਕੀਤੀ ਜੋ ਕਿ ਆਪਣੇ ਸੰਪਰਕ ਕਰਨ ਦਾ ਜਾਲ ਵਿਛਾ ਸਕੇ। ਆਮ ਤੌਰ ਤੇ ਆਪਣੀ ਪੂਨਾ ਤੋਂ ਦਿੱਲੀ ਤੱਕ ਦੀ ਰੇਲ ਯਾਤਰਾ ਦੇ ਦੌਰਾਨ ਉਸਨੇ ਰਸਤੇ ਵਿਚ ਪੈਂਦੇ ਮੁੱਖ ਸਟੇਸਨ ਨਾਗਪੁਰ, ਜਬਲਪੁਰ, ਭੋਪਾਲ ਆਦਿ ਤੇ ਉਤਰਨ ਦੀ ਆਦਤ ਬਣਾਈ ਤਾਂ ਜੋ ਉਹ ਦੂਸਰੇ ਲੋਕਾਂ ਨਾਲ ਹਮਦਰਦੀ ਪ੍ਰਗਟ ਕਰ ਸਕੇ ਅਤੇ ਉਨ੍ਹਾਂ ਨੂੰ ਸੰਸਥਾ ਲਈ ਭਰਤੀ ਕਰ ਸਕੇ। ਇਕ ਵਾਰ ਉਹ ਦਿੱਲੀ ਗਿਆ ਤੇ ਉਹ ਪੰਜਾਬ, ਹਰਿਆਣਾ ਅਤੇ ਉਤਰ ਪ੍ਰਦੇਸ ਦੇ ਨਾਲ ਨਾਲ ਮੱਧ ਪ੍ਰਦੇਸ ਵਿਚ ਵੀ ਗਿਆ। ਕਾਂਸੀ ਰਾਮ ਨੇ ਪੜ੍ਹੇ ਲਿਖੇ ਲੋਕਾਂ ਵਿਚ ਕੰਮ ਕਰਨ ਤੋਂ ਇਲਾਵਾ ਵੱਡੀ ਗਿਣਤੀ ਵਿਚ ਅੰਬੇਦਕਰ ਦੀਆਂ ਸਿਖਿਆਵਾਂ ਰਾਹੀਂ ਸਰੋਤਿਆਂ ਦੇ ਵੱਡੇ ਇਕੱਠ ਕੀਤੇ। ਇਸ ਤਰ੍ਹਾਂ 1980 ਵਿਚ ਉਸਨੇ ਇਕ 'ਅੰਬੇਡਕਰ ਮੇਲਾ' ਨਾਂ ਦਾ ਰੋਡ ਸੋਅ ਕੀਤਾ। ਇਹ ਅੰਬੇਡਕਰ ਦੇ ਜੀਵਨ ਅਤੇ ਵਿਚਾਰਾਂ ਬਾਰੇ ਜੁਬਾਨੀ ਅਤੇ ਚਿਤਰਾਂ ਰਾਹੀਂ ਵਰਨਣ ਸੀ। ਸਾਥ ਹੀ ਸਮਾ ਕਾਲੀਨ ਸਮੱਗਰੀ , ਦੱਬੇ ਕੁਚਲ, ਜੁਲਮ ਦੇ ਸ਼ਿਕਾਰ ਅਤੇ ਗਰੀਬੀ ਬਾਰੇ ਸੀ।ਅਪ੍ਰੈਲ ਤੋਂ ਜੂਨ , 1980 ਦੇ ਵਿਚਾਰ 34 ਦੂਰ ਦੁਰਾਡੀਆਂ ਥਾਵਾਂ ਤੇ ਸੋਅ ਕੀਤੇ ਗਏ ਜੋ ਕਿ ਉਤਰ ਭਾਰਤ ਦੇ 9 ਰਾਜਾਂ ਵਿਚ ਕੀਤੇ ਗਏ।ਜੰਗ ਬਹਾਦਰ ਪਟੇਲ, ਇਕ ਕੁਰਸੀ (ਪੱਛੜੀ ਜਾਤੀ) ਅਤੇ ਬਹੁਜਨ ਸਮਾਜ ਪਾਰਟੀ ਦੀ ਉਤਰ ਪ੍ਰਦੇਸ ਦੀ ਬਰਾਂਚ ਦਾ ਪ੍ਰਧਾਨ 1995 ਤੱਕ, ਕਾਂਸੀ ਰਾਮ ਨਾਲ ਪਹਿਲੀ ਮਿਲਣੀ ਨੂੰ ਯਾਦ ਕਰਦਾ ਹੈ ਜਦੋਂ ਉਹ ਲਖਨਊ ਨੂੰ ਰੋਡ ਸੋਅ ਲੈ ਕੇ ਆਇਆ। ਕਾਂਸੀ ਰਾਮ ਨੇ ਖੁੱਲ੍ਹ ਕੇ ਗੱਲਬਾਤ ਕੀਤੀ ਕਿ ਕਿਵੇਂ ਅੰਬੇਡਕਰ ਨੇ ਲਿਤਾੜੇ ਹੋਏ ਲੋਕਾਂ , ਅਨੁਸੂਚਿਤ ਜਾਤੀਆਂ, ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀਆਂ ਦੇ ਉਧਾਰ ਵਾਸਤੇ ਘੋਲ ਕੀਤਾ ਜਿਹੜੇ ਕਿ ਬ੍ਰਾਹਮਣਵਾਦ ਦੇ ਸ਼ਿਕਾਰ ਸਨ। ਇਨ੍ਹਾਂ ਦੇ ਗਿਣਤੀ ਦੇ ਵਜਨ ਅਨੁਸਾਰ ਇਹ ਲੋਕ ਆਪਣੇ ਆਫ਼ ਨੂੰ ਭਿਖਾਰੀਆਂ ਤੋਂ ਰਾਜੇ' ਵਿਚ ਬਦਲਣ ਦੀ ਸਮਰੱਥਾ ਰੱਖਦੇ ਸਨ। ਇਹ ਸਾਰੀ ਸੰਗਠਨ ਕਰਨ ਦੀ ਮੱਲ ਸੀ। ਪਟੇਲ ਨੇ ਤੁਰੰਤ ਥਾਮਸੇਫ ਆਪਣਾ ਲਈ ਭਾਵੇਂ ਉਸ ਨਾਲ ਅਛੂਤ ਘੱਟ ਗਿਣਤੀ ਵਿਚ ਸੀ। ਅਛੂਤ ਸਾਰੀ ਮੈਂਬਰਸ਼ਿਪ ਦਾ 90 ਫੀਸਦੀ ਸਨ। ਦੂਸਰੇ 10 ਪ੍ਰਤੀਸਤ ਲੋਕ ਕਬੀਲਿਆਂ ਅਤੇ ਪਛੜੀ ਸ਼੍ਰੇਣੀਆਂ ਵਿਚ ਵੰਡੇ ਹੋਏ ਸਨ।

ਬੀ.ਏ.ਐਮ.ਸੀ.ਈ.ਐਫ. ਦਾ ਮਾਟੋ ਹੈ : ਪੜ੍ਹੋ, ਜੁੜੋ ਅਤੇ ਸੰਘਰਸ ਕਰੋ। ਇਹ ਅੰਬੇਡਕਰ ਤੋਂ ਲਿਆ ਗਿਆ ਹੈ ਅਤੇ ਇਸਦੀਆਂ ਸੁਕਿਰਿਆਵਾਂ ਉਪਚਾਰਕ ਤੌਰ ਤੇ ਕਈ ਵੈਲਫੇਅਰ ਅਤੇ ਧਰਮ ਪਰਿਵਰਤਨ ਟੀਚਿਆਂ ਵਿਚ ਵੰਡੀਆਂ ਹੋਈਆਂ ਸਨ । ਪ੍ਰੰਤੂ ਕਾਂਸੀ ਰਾਮ ਦੀਆਂ ਮੁਜਾਹਰਾ ਵਾਦੀ ਕਿਰਿਆਵਾਂ ਉਨ੍ਹਾਂ ਨੂੰ ਰਾਜਨੀਤੀ ਵੱਲ ਲੈ ਕੇ ਜਾਣ ਵਾਲੀਆਂ ਸਨ। 70 ਵਿਆਂ ਦੇ ਅਖੀਰ ਵਿਚ ਉਹ ਰਾਖਵੀਆਂ ਸੀਟਾਂ ਪ੍ਰਾਪਤ ਮੁਲਾਜ਼ਮਾਂ ਦਾ ਨੇਤਾ ਹੀ ਨਹੀਂ ਰਹਿਣਾ ਚਾਹੁੰਦਾ ਸੀ, ਉਹ ਸ੍ਰੇਣੀ ਜਿਸ ਲਈ ਉਸ ਕੋਲ ਸੰਪੂਰਨ ਆਦਰਮਾਣ ਤੋਂ ਘੱਟ ਕੁਝ ਨਹੀਂ ਸੀ । ਕਾਂਸੀ ਰਾਮ ਦਾ ਪਹਿਲਾ ਯਤਨ ਦਲਿਤਾਂ ਦੀ ਵੱਡੀ ਗਿਣਤੀ ਨੂੰ ਗਤੀਸੀਲ ਕਰਨ ਲਈ ਇਕ ਗਰਮ ਖਿਆਲ ਰਾਜਨੀਤਿਕ ਗੱਡੀ ਤਿਆਰ ਕਰਨਾ ਅਤੇ ਉਹ ਸੀ ਦਲਿਤ ਸੋਸ਼ਿਤ ਸਮਾਜ ਸੰਘਰਸ ਸਮਿਤੀ ਡੀ.ਐਸ.4, ਜੋ ਕਿ 1981 ਵਿਚ ਗਠਿਤ ਕੀਤੀ ਗਈ । ਇਹ ਬੀ.ਏ.ਐਮ.ਸੀ.ਈ.ਐਫ. ਦੇ ਸਮਾਨ ਅੰਤਰ ਤਿਆਰ ਕੀਤੀ ਗਈ। ਇਕ ਰਾਜਨੀਤਿਕ ਸੰਸਥਾ ਸੀ। ਇਸ ਦੇ ਪ੍ਰਧਾਨ ਕਾਂਸੀ ਰਾਮ । ਹੀ ਸਨ , ਉਹੀ ਦਫ਼ਤਰ ਸੀ ਤੇ ਉਹ ਹੀ ਬਹੁਤੇ ਮੈਂਬਰ ਸਨ । ਡੀ. ਐਸ .4 . ਇਕ ਅਧੂਰੀ ਪੁਲੀਟੀਕਲ ਪਾਰਟੀ ਸੀ ਕਿਉਂਕਿ ਸਰਕਾਰੀ ਮੁਲਾਜ਼ਮਾਂ ਨੂੰ ਚੁਣਾਵੀ ਰਾਜਨੀਤੀ ਵਿਚ ਹਿੱਸਾ ਲੈਣ ਤੋਂ ਰੋਕ ਸੀ। ਪਰੰਤੂ. ਡੀ.ਐਸ .4 ਨੇ ਥੋੜੀ ਜਿਹੀ ਮਜਬੂਤ ਤਰੱਕੀ ਕੀਤੀ। 1984 ਦੇ ਅਖੀਰ ਵਿਚ ਕਾਂਸੀ ਰਾਮ ਨੇ ਛਲਾਗ ਲਗਾਈ ਅਤੇ ਬਹੁਜਨ ਸਮਾਜ ਪਾਰਟੀ ਬਣਾਈ। ਲਗਾਈ ਅਤੇ ਬਹੁਜਨ ਸਮਾਜ ਪਾਰਟੀ ਬਣਾਈ। ਫੂਲੇ ਦੀ 19 ਵੀਂ ਸਦੀ ਦੀ ਸੰਸਥਾ ਦੇ ਨਾਂਅ ਦਾ ਰੂਪਾਂਤਰ ਲਾਜਮੀ ਤੌਰ ਤੇ ਇਸ ਨੇ ਬੀ.ਏ.ਐਮ.ਸੀ.ਈ.ਐਫ. ਦੇ ਰੁਤਬਿਆਂ ਤੇ ਵੱਡਾ ਤਣਾਅ ਪੈਦਾ ਕਰ ਦਿੱਤਾ। ਉਨ੍ਹਾਂ ਦੀਆਂ ਮੁਜਾਹਰਾਕਾਰੀ ਸਰਗਰਮੀਆਂ ਨੇ ਪੂਨਾ ਤੋਂ ਉਨ੍ਹਾਂ ਦੇ ਬਹੁਤ ਸਾਰੇ ਸਾਥੀਆਂ ਤੇ ਪਹਿਲਾ ਪਹਿਲ ਦਿੱਲੀ ਵਿਚ ਸਰਕਾਰੀ ਮੁਲਾਜ਼ਮਾਂ ਦੀ ਸਥਿਤੀ ਨਾਜੁਕ ਬਣਾ ਦਿੱਤੀ ਅਤੇ ਕਿਸੇ ਵੀ ਹਾਲਤ ਵਿਚ ਉਨ੍ਹਾਂ ਵਿ'ਚੋਂ ਬਹੁਤ ਸਾਰਿਆਂ ਦੀ ਰਾਜਨੀਤਿਕ ਵਫਾਦਾਰੀ ਰਿਪਬਲੀਕਰਨ ਪਾਰਟੀ ਦੀਆਂ ਬਹੁਤ ਸਾਰੀਆਂ ਲੜਾਈਆਂ ਨਾਲ ਸੀ। ਕਾਂਸੀ ਰਾਮ ਦੀ ਇਨ੍ਹਾਂ . ਤਿੰਨਾਂ ਸੰਸਥਾਵਾਂ ਤੇ ਗਲਬੇ ਦੀ ਭਾਵਨਾ ਵੀ ਤਣਾਅ ਪੈਦਾ ਕਰ ਰਹੀ ਸੀ। ਰਾਜਨੀਤੀ ਵਿਚ ਘੁਸਣ ਦੀ ਤਾਂਘ ਪੈਸੇ ਦੀ ਜਰੂਰਤ ਪੈਦਾ ਕਰ ਰਹੀ ਸੀ। ਮਹਾਂਰਾਸਟਰ ਦਾ ਇਕ ਵਰਕਰ ਯਾਦ ਕਰਦਾ ਹੈ ਕਿ ਕਾਂਸੀ ਰਾਮ ਨੂੰ 1984 ਵਿਚ ਮਹਾਂਰਾਸਟਰ ਤੋਂ ਇਕੱਤਰ ਕੀਤੇ ਗਏ 40,000 ਰੁਪਏ ਦਾ ਪੁਰਸ ਦਿੱਤਾ ਸੀ । ਇਹ ਬਹੁਤ ਸਾਰੇ ਤਣਾਅ ਅਗਲੇ 2 ਸਾਲਾਂ ਵਿਚ ਹੋਰ ਵੀ ਘਾਤਕ ਹੋ ਗਏ । 1986 ਦੇ ਆਰੰਭ ਵਿਚ ਇਕ ਵੱਡਾ ਦੋਫਾੜ ਹੋਇਆ। ਉਸ ਸਮੇਂ ਕਾਂਸੀ ਰਾਮ ਨੇ ਐਲਾਨ ਕੀਤਾ ਕਿ ਉਹ ਬਹੁਜਨ ਸਮਾਜ ਪਾਰਟੀ ਤੋਂ ਇਲਾਵਾ ਕਿਸੇ ਹੋਰ ਸੰਸਥਾ ਵਿਚ ਕਾਰਜਸੀਲ ਨਹੀਂ ਰਹੇਗਾ। ਉਸਦਾ ਸਮਾਜ ਸੁਧਾਰਕ ਤੋਂ ਰਾਜਨੀਤਿਕ ਨੇਤਾ ਤੱਕ ਦਾ ਸਫਰ ਪੂਰਾ ਹੋ ਗਿਆ ਸੀ।

ਕਾਂਸੀ ਰਾਮ ਇਕ ਨਵਾਂ ਪਰਿਵਰਤਨ ਲਿਆਉਣ ਵਾਲੇ ਵਿਚਾਰਵਾਨ ਜਾਂ ਪ੍ਰਭਾਵਸਾਲੀ. ਪਬਲਿਕ ਬੁਲਾਰੇ ਨਾਲ ਇਕ ਪ੍ਰਬੰਧਕ (ਸੰਗਠਨਾਤਮਕ) ਅਤੇ ਰਾਜਨੀਤਿਕ ਨੀਤੀਘਾੜਾ ਜਿਆਦਾ ਸੀ। ਉਸਦੀ ਅੰਬੇਡਕਰਵਾਦੀ ਵਿਚਾਰਧਾਰਾ ਸਥਿਰ ਰਹੀ ਹੈ ਅਤੇ ਕਿਸੇ ਵੀ ਨਵੇਂ ਪਰਿਵਰਤਨ ਵਿਚ ਘਾਟ ਰਹੀ ਹੈ। ਉਸਦੇ ਪ੍ਰਭਾਵਸਾਲੀ ਭਾਸਣ ਵਿਚ ਬਹੁਤ ਤੇਜ ਤਰੱਕੀ ਰਹੀ ਹੈ। ਬੀ.ਏ.ਐਮ.ਸੀ.ਈ.ਐਫ.ਦੇ ਮਾਸਿਕ ਮੈਗਜੀਨ ਦੇ ਪਹਿਲੇ ਸੰਸਕਰਨ, ਦੱਬੇ ਕੁਚਲੇ ਭਾਰਤੀ, ਅੰਬੇਡਕਰ ਦੇ ਭਾਰਤੀ ਸਮਾਜ ਦੇ ਵਿਚਾਰਧਾਰਾ ਦੀ ਭਰਪੂਰ ਸਿੱਖਿਆ ਦਾ ਇਕ ਪ੍ਰਦਰਸਨੀ ਰਹੀ ਹੈ।

ਇਨ੍ਹਾਂ ਨੇ ਹੁਣ ਸਾਧਾਰਨ ਸਤਰੀਕਣ , ਬਹੁਤ ਸਾਰੇ ਅਖਬਾਰਾਂ ਵਿਚ ਵਰਣਾਤਮਕ ਦੁਹਰਾਅ, ਪਬਲਿਕ ਅਤੇ ਪ੍ਰਾਈਵੇਟ ਭਾਸਣਾਂ ਵਿਚ ਰਾਹ ਦੁਸੇਰੇ ਦਾ ਕੰਮ ਕੀਤਾ ਹੈ। ਕੇਂਦਰੀ ਤਜਵੀ ਇਹ ਹੈ ਕਿ ਭਾਰਤੀ ਸੁਸਾਇਟੀ ਤੇ 10 ਫੀਸਦੀ ਰਾਜ ਕਰਨ ਦੇ ਲੋਕ ਵੱਖ ਵੱਖ ਜਾਤਾਂ ਨਿਆਂਸੰਗਤੀ ਹਨ, ਉਹ ਆਪਣੀ ਰਾਜਨੀਤਿਕ ਵਿਚਾਰਧਾਰਾ ਬ੍ਰਾਹਮਣਵਾਦ ਤੋਂ ਲੈਂਦੇ ਹਨ। ਸਮਾਜ ਦੀਆਂ . ਸਾਰੀਆਂ ਸੰਸਥਾਵਾਂ ਇਹ ਰਾਜ ਕਰਨ ਦੀ ਵਿਚਾਰਧਾਰਾ ਅਤੇ ਤਰੋੜ ਮਰੋੜ ਕੇ ਪੇਸ ਕਰਨ ਦੀ ਕਿਰਿਆ ਸਮੇਤ ਪੰਜ (ਮੀਡੀਆ) ਪਦਰਸਤ ਕਰਦੀਆਂ ਹਨ। ਇਨ੍ਹਾਂ ਸੰਸਥਾਵਾਂ ਨੂੰ ਇਸ ਕਰਕੇ ਮਨੂੰਵਾਦੀ ਦਾ ਨਾਮ ਦਿੱਤਾ ਜਾ ਸਕਦਾ ਹੈ। ਮਹਾਨ ਬ੍ਰਾਹਮਣਵਾਦ ਤੋਂ ਪ੍ਰੇਰਿਤ ਅਜਮੂਨ ਦੇ ਕਾਰਨ। ਇਸਨੂੰ ਬ੍ਰਾਹਮਣਵਾਦੀ ਵੀ ਕਿਹਾ ਜਾ ਸਕਦਾ ਹੈ। ਚੋਣਾਂ ਦੇ ਇਸ ਬਜਾਰ (ਮੰਡੀ) ਵਿਚ ਇਹ ਸਫਲਤਾ ਅੱਕੋ ਹੋਰ ਅਖੜਪੁਣੇ ਅਤੇ ਉਪਨਾਮ ਵਿਚ ਘਟ ਗਈ ਹੈ। ਡੀ.ਐਸ.4 ਦੀ ਬਣਤ ਤੋਂ ਮਗਰੋਂ ਇਕ ਨਾਅਰਾ ਘੜਿਆ ਗਿਆ, ਬ੍ਰਾਹਮਣ, ਬਾਣੀਆ, ਠਾਕੁਰ ਚੋਰ, ਬਾਕੀ ਸਭ ਹਮ ਬੀ ਐਸ ਫੋਰ।" ਇਸਦਾ ਸਾਦਾ ਅਨੁਵਾਦ ਹੋ ਕਿ ਇਹ ਦੋਹਰਾ ਦਸਦਾ ਹੈ ਕਿ ਬ੍ਰਾਹਮਣ, ਬਾਣੀਆਂ ਅਤੇ ਰਾਜਪੂਤ ਚੋਰ ਹਨ, 2 ਜਦੋਂਕਿ ਬਾਕੀ ਸਾਰਾ ਸਮਾਜ ਉਨ੍ਹਾਂ ਦੇ ਸ਼ਿਕਾਰ ਹਨ। ਇਹ ਗੁਣਵਾਚਕ ਵਿਸੇਸਣ (ਉਪਨਾਮ) 1993 ਵਿਚ ਉਤਰ ਪ੍ਰਦੇਸ ਦੀਆਂ ਵਿਧਾਨ ਸਭਾ ਦੀਆਂ ਚੋਣਾਂ ਦੀ ਮੁਹਿੰਮ ਦੇ ਦੌਰਾਨ ਬੁਲਦੀ ਤੇ ਪਹੁੰਚ ਗਿਆ, ਬਹੁਤ ਬਦਨਾਮ ਇਸ ਤਰ੍ਹਾਂ ਹੋਇਆ, "ਤਿਲਕ, ਤਰਾਜੂ, ਤਲਵਾਰ, ਮਾਰ ਉਨਕੇ ਜੂੜੇ ਚਾਰ। ਇਹ ਨਾਅਰਾ ਹਿੰਦੀ ਭਾਸ਼ਾ ਵਿਚ ਆਪਣੇ ਜਿਦੀ ਬਹਿਰ ਵਿਚ ਪੈਰਵਾਈ ਕਰਦਾ ਹੈ ਕਿ ਬ੍ਰਾਹਮਣ, ਬਾਣੀਏ ਅਤੇ ਰਾਜਪੂਤ, ਹਰੇਕ ਦੀ ਪਛਾਣ ਅਣਗੌਲੀ ਕੀਤੀ ਜਾਵੇ ਅਤੇ ਚਾਰ ਜੁੱਤੀਆਂ ਮਾਰੀਆਂ ਜਾਣ - ਚਮੜੇ ਦੀ ਰਸਮੀ ਅਸਧਤਾ ਕਾਰਨ ਸਜਾ ਦੇਣ ਦਾ ਇਕ ਪ੍ਰੰਪਰਾਵਾਦੀ ਘਟੀਆ ਢੰਗ। ਜਦੋਂਕਿ ਕਾਂਸੀ ਰਾਮ ਅਤੇ ਮਾਇਆਵਤੀ ਨੇ ਅਜਿਹੇ ਨਾਅਰਿਆਂ ਦੇ ਘਾੜੇ ਹੋਣ ਤੋਂ ਇਨਕਾਰ ਕੀਤਾ ਹੈ। ਉਨ੍ਹਾਂ ਨੇ ਸਾਦਾ ਅਤੇ ਨਾਟਕੀ ਢੰਗ ਨਾਲ ਪਾਰਟੀ ਦੀ ਵਿਚਾਰਧਾਰਾ ਦੀ ਰੱਖਿਆ ਕੀਤੀ ਹੈ।

ਕਾਂਸੀ ਰਾਮ ਦੀ ਰਣਨੀਤੀ ਅਤੇ ਉਸਦੀ ਸਮਾਜਿਕ ਤਬਦੀਲੀ ਦੀ ਵਧੇਰੇ ਸਮਝ ਦਾ ਹੁਣ ਸੋਚ ਸਮਝਕੇ ਉਤਾਰ ਕੀਤਾ ਜਾਂਦਾ ਹੈ। ਉਹ ਹੁਣ ਸਮਾਜ ਸੁਧਾਰ ਦੀ ਪ੍ਰਮੁਖ਼ਤਾ ਵਿਚ ਵਿਸ਼ਵਾਸ ਨਹੀਂ ਰੱਖਦਾ। ਬਿਜਾਏ ਇਸਦੇ ਕਿ ਸਰਕਾਰ ਤੇ ਕਬਜਾ ਕਰਨ ਨਾਲੋਂ ਕਿਸੇ ਹੋਰ ਟੀਚੇ ਤੇ ਯਤਨ ਕਰਨ ਲਈ ਖਰਚਾ ਕਰਨਾ ਫਜੂਲ ਹੈ। ਇਹ ਪ੍ਰਬੰਧਕੀ ਤਾਖ਼ਤ ਹੈ ਜੋ ਮਨਇਛਤ ਸਮਾਜਿਕ ਤਬਦੀਲੀ ਲਿਆਵੇਗੀ, ਹੋਰ ਕੋਈ ਤਰੀਕਾ ਨਹੀਂ ਹੈ। ਸੋ ਉਹ ਲਿਬਰਾਲਾਈਜੇਸਨ ਆਫ਼ ਇੰਡੀਅਨ ਇਕੋਨਮੀ ਜਾਂ ਭੂਮੀ ਸੁਧਾਰ ਵਰਗੇ ਵਿਸ਼ਿਆ ਤੇ ਰਾਜਨੀਤੀ ਦੀ ਵਿਆਖਿਆ ਕਰਨ ਤੋਂ ਇਨਕਾਰ ਕਰਦਾ ਹੈ, ਉਸਦਾ ਵਿਚਾਰ ਹੈ ਕਿ ਅਜਿਹੇ ਮੁੱਦੇ ਸਤਾ ਪ੍ਰਾਪਤੀ ਦੇ ਪ੍ਰੋਜੈਕਟ ਲਈ ਅਪ੍ਰਸੰਗਿਕ ਹਨ ਅਤੇ ਇਕ ਵਾਰ ਸੱਤਾ ਪ੍ਰਾਪਤ ਹੋ ਜਾਵੇ ਫਿਰ ਢੁੱਕਵੀਆਂ ਨੀਤੀਆਂ ਆਪਣੇ ਆਫ਼ ਸਿਰ ਆ ਜਾਣਗੀਆਂ। ਉਸਦੀ ਭਾਰਤ ਦੀ ਤਸਵੀਰ ਬਹੁਜਨ ਸਮਾਜ ਵਲੋਂ ਬ੍ਰਾਹਮਣਵਾਦੀ ਜਾਲਮਾਂ ਦੇ ਖਿਲਾਫ ਜਹਾਦ ਦੀ ਕਿਸਮ ਦੀ ਹੈ। ਇਹ ਸੁੱਧ ਮੂਲਵਾਦ ਦਾ ਪੈਂਤੜਾਂ ਹੈ । ਪ੍ਰੰਤੂ ਇਹ ਉਸਨੂੰ ਸੱਤਾਪ੍ਰਾਪਤੀ ਦੇ ਨਾਮ ਤੇ ਕਠੋਰ ਪਡੰਤਾ ਉਪਣਾ ਕਰਨ ਦੀ ਖੁੱਲ ਦਿੰਦਾ ਹੈ।

ਇਸ ਪੈਂਤੜੇ ਦੇ ਪ੍ਰਸੰਗ ਵਿਚ ਕਾਂਸੀ ਰਾਮ ਸਰਕਾਰੀ ਨੌਕਰੀਆਂ ਵਿਚ ਰਾਖਵਾਕਰਨ ਦੀ ਪ੍ਰਥਾ ਲਈ ਵਧੇਰੇ ਗੰਭੀਰ ਹੋ ਜਾਂਦਾ ਹੈ। ਰਾਖਵਾਂਕਰਨ ਇਕ ਫੜੀ ਹੈ , ਇਕ ਅਪੰਗ ਲਈ ਲਾਭਦਾਇਕ ਹੈ, ਪ੍ਰੰਤੂ ਉਸ ਲਈ ਪੱਕੇ ਤੌਰ 'ਤੇ ਅੜਚਣ ਹੈ ਜੋ ਆਪਣੇ ਦੋ ਪੈਰਾਂ ਤੇ ਦੌੜਨਾ ਚਾਹੁੰਦਾ ਹੈ।

ਉਸਨੇ ਹੁਣ ਉਹ ਲਾਈਨ ਪਰ੍ਹੇ ਸੁੱਟ ਦਿੱਤੀ ਹੈ ਕਿ ਇਕ ਵਾਰ ਜਦੋਂ ਬਹੁਜਨ ਸਮਾਜ ਸਾਰੇ ਭਾਰਤ ਤੇ ਸੱਤਾ ਪ੍ਰਾਪਤ ਕਰ ਲਵੇਗਾ, ਉਦੋਂ ਉਹ ਬ੍ਰਾਹਮਣਾਂ ਨੂੰ ਉਨ੍ਹਾਂ ਦੀ ਅਬਾਦੀ ਅਨੁਸਾਰ ਰਾਖਵਾਂਕਰਨ ਦੇ ਕੇ ਖੁੱਡੇ ਲਾਈਨ ਲਗਾ ਦੇਣਗੇ।

ਇਹ ਇਕ ਦਮਗਜੇ ਤੋਂ ਕੁਛ ਜਿਆਦਾ ਹੈ, ਪ੍ਰੰਤੂ ਇਸ ਵਿਚ ਕੋਈ ਸੱਕ ਨਹੀਂ ਹੈ ਕਿ ਕਾਂਸੀ ਰਾਮ ਉਸ ਪਹਿਲ ਵਾਲੇ ਰੀਤੀ ਪ੍ਰਬੰਧ ਪ੍ਰਤੀ ਵਿਰੋਧ ਭਾਵਨਾ ਰੱਖਦਾ ਹੈ ਜੋ ਕਿ ਉਸਦੇ ਜਾਤੀ ਅਤੇ ਰਾਜਨੀਤਿਕ ਭਵਿੱਖ ਦੇ ਕੀਮਤੀ ਅਧਾਰ ਲਈ ਸੀ। ਅਜਿਹਾ ਲਗਦਾ ਹੈ ਕਿ ਉਸਦਾ ਵਿਸ਼ਵਾਸ ਹੈ ਕਿ ਰਾਖਵਾਂਕਰਨ ਹੁਣ ਅਨੁਸੂਚਿਤ ਜਾਤੀਆਂ ਲਈ ਕਾਫੀ ਹੋ ਚੁੱਕਾ ਹੈ। ਉਹ ਦੱਸਦਾ ਹੈ ਕਿ ਉਤਰ ਪ੍ਰਦੇਸ ਵਿਚ 500 ਆਈ.ਏ.ਐਸ. ਆਜੀਸਰਜ ਵਿ'ਚੋਂ 137 ਅਨੁਸੂਚਿਤ ਜਾਤੀ ਦੇ ਹਨ। ਮੁਕਾਬਲਤਨ ਬੈਕਵਾਰਡ ਕਾਸਟਸ ਵਿਚ 7 ਆਈ.ਏ.ਐਸ. ਹਨ , ਉਨ੍ਹਾਂ ਵਿ'ਚੋਂ 6 ਯਾਦਵ ਹਨ। ਉਸਦਾ ਇਸਾਰਾ ਇਹ ਨਹੀਂ ਕਿ ਹੁਣ ਅਨੁਸੂਚਿਤ ਜਾਤੀ ਅਫਸਰ ਬਹੁਤ ਹਨ, ਉਨ੍ਹਾਂ ਦੀ ਗਿਣਤੀ ਬਿਲਕੁਲ ਵਿਧਾਨਕ ਕੋਟ ਅਨੁਸਾਰ ਹੋ ਪਰ ਬੈਕਵਾਰਡ ਕਾਸਟਸ ਵਿ'ਚੋਂ ਬਹੁਤ ਘੱਟ ਹਨ। ਉਹ ਪ੍ਰਤੱਖ ਰੂਪ ਵਿਚ ਕਲਪਨਾ ਕਰਦਾ ਹੈ ਕਿ ਰਾਜਨੀਤਿਕ ਸੱਤਾ ਹਥਿਆਉਣ ਤੋਂ ਉਪਰੰਤ ਸੋਸਣ ਵਰਗ ਦੀ ਅਫਸਰਸਾਹੀ ਦੀ ਬਣਤਰ ਆਪਣੇ ਆਫ਼ ਬਦਲ ਜਾਵੇਗੀ।

ਬਹੁਜਨ ਸਮਾਜ ਪਾਰਟੀ ਨੇ ਸਭ ਤੋਂ ਪਹਿਲਾਂ ਕਾਂਸੀ ਰਾਮ ਦੀ ਆਪਣੀ ਸਟੇਟ ਪੰਜਾਬ ਵਿਚ ਪ੍ਰਗਤੀ ਦੀ ਲਹਿਰ ਚਲਾਈ। ਪ੍ਰੰਤੂ ਉਹਦਾ ਮੁੱਢਲਾ ਕੰਮ ਸੀ ਉਤਰ ਪ੍ਰਦੇਸ ਦੇ ਚਮਾਰਾਂ ਨੂੰ ਕਾਂਗਰਸ ਤੋਂ ਵੱਖ ਕਰਨਾ। ਇਹ ਕਾਂਸੀ ਰਾਮ ਦੀ ਕਿਸਮਤ ਸੀ ਕਿ ਉਸਨੇ ਪਾਰਟੀ ਦੀ ਸਥਾਪਨਾ ਉਸ ਇਤਿਹਾਸਕ ਪੁਲ ਤੋਂ ਕੀਤੀ ਜਦੋਂ ਲੰਬੇ ਸਮੇਂ ਤੋਂ ਕਾਂਗਰਸ ਦੀ ਭਾਰੀ ਜਿੱਤ ਉਤਰਾਅ ਵਲ ਜਾ ਰਹੀ ਸੀ। ਇਸ ਪਾਰਟੀ ਦੀ ਰਸਮੀ ਐਂਟਰੀ ਉੱਤਰ ਪ੍ਰਦੇਸ ਵਿਚ ਉਦੋਂ ਹੋਈ ਜਦੋਂ 1985 ਵਿਚ ਬਿਜਨੌਰ ਸੀਟ ਲਈ ਲੋਕ ਸਭਾ ਦੀ ਜਿਮਨੀ ਚੋਣ ਹੋਈ ਸੀ, ਮਾਇਆਵਤੀ ਇਸਦੀ ਉਮੀਦਵਾਰ ਸੀ। ਉਹ ਇਕ ਜਾਤਵ ਜਾਂ ਚਮਾਰ) ਦੀ ਧੀ ਸੀ ਜੋ ਕਿ ਦਿੱਲੀ ਵਿਚ ਇਕ ਛੋਟਾ ਸਰਕਾਰੀ ਅਫਸਰ ਸੀ ਅਤੇ ਉਸਨੇ ਦਿੱਲੀ ਯੂਨੀਵਰਸਿਟੀ ਤੋਂ ਬੀ.ਏ. ਅਤੇ ਐਲ.ਐਲ.ਬੀ. ਪਾਸ ਕੀਤੀ ਸੀ । ਮਾਇਆਵਤੀ ਨੇ ਕਾਂਸੀ ਰਾਮ ਨਾਲ ਉਸ ਵੇਲੇ ਤਾਲਮੇਲ ਕੀਤਾ ਜਦੋਂ ਉਹ 1977 ਵਿਚ ਅਜੇ ਇਕ ਵਿਦਿਆਰਥੀ ਸੀ ਅਤੇ ਹੌਲੀ ਹੌਲੀ ਉਹ ਉਸਦੀ ਸੰਸਥਾ ਵਿਚ ਦਾਖਲ ਹੋ ਗਈ ਸੀ। ਉਸਦੇ ਵਿਰੋਧੀਆਂ ਵਿਚ ਬਿਜਨੌਰ ਵਿਚ ਰਾਮ ਵਿਲਾਸ ਪਾਸਵਾਨ ਸੀ। ਇਲੈਕਸਨ ਤੋਂ ਪਹਿਲਾਂ ਦੋਹਾਂ ਦੇ ਸਬੰਧ ਨਾਮਾਤਰ ਸਨ ਅਤੇ ਮੀਰਾ ਕੁਮਾਰ, ਜਗਜੀਵਨ ਰਾਮ ਦੀ ਲੜਕੀ ਕਾਂਗਰਸ ਦੀ ਨੁਮਾਇੰਦਗੀ ਕਰਦੀ ਸੀ। ਉਸ ਸਮੇਂ ਰਾਜੀਵ ਗਾਂਧੀ ਆਪਣੀ ਪ੍ਰਸਿੱਧਤਾ ਦੀਆਂ ਬੁਲੰਦੀਆਂ ਤੇ ਸੀ ਅਤੇ ਮੀਰਾ ਕੁਮਾਰ ਨੇ ਸੀਟ ਆਸਾਨੀ ਨਾਲ ਜਿੱਤ ਲਈ ਪ੍ਰੰਤੂ 1989 ਤੱਕ ਬਹੁਜਨ ਸਮਾਜ ਪਾਰਟੀ ਨੇ ਯੂ.ਪੀ. ਵਿਚ ਆਪਣੀ ਪੱਕੀ ਸਥਾਪਨਾ ਕਰਨ ਲਈ ਪੰਜ ਸਾਲ ਲਗਾ ਦਿੱਤੇ ਸਨ ਅਤੇ ਗੁਆਂਢੀ ਰਾਜਾਂ ਦੇ ਇਲਾਕਿਆਂ ਜਿਵੇਂ ਮੱਧ ਪ੍ਰਦੇਸ , ਪੰਜਾਬ , ਦਿੱਲੀ ਅਤੇ ਹਰਿਆਣਾ ਦੇ ਕੁਝ ਭਾਗਾਂ ਵਿਚ ਜਮਾ ਲਏ ਸਨ । ਅਤੇ ਉਸ ਸਮੇਂ ਕਾਂਗਰਸ ਪਾਰਟੀ ਦੀ ਹਰਮਨ ਪਿਆਰਤਾ ਗਿਰਾਵਟ ਵੱਲ ਆ ਗਈ । ਕਾਂਸੀ ਰਾਮ ਨੇ ਬੜੇ ਧਿਆਨ ਨਾਲ ਆਬਾਰ ਤਿਆਰ ਕੀਤਾ । ਉਸਨੇ ਪ੍ਰਬੰਧਕਾਂ ਅਤੇ ਉਮੀਦਵਾਰਾਂ ਦੀ ਚੋਣ ਭਿੰਨ ਭਿੰਨ ਪਿਛੋਕੜ ਦੇ ਸਮਾਜ ਵਿ'ਚੋਂ ਕੀਤੀ। ਉਸਦੇ ਪ੍ਰਬੰਧਕਾਂ ਵਿਚ ਇਕ ਡਾ ਮਹਸੂਦ ਅਰਮਦ ਸੀ ਜੋ ਕਿ ਅਲੀਗੜ ਮੁਸਲਿਮ ਯੂਨੀਵਰਸਿਟੀ ਵਿਚ ਆਰਜੀ ਹਿਸਟਰੀ ਦਾ ਲੈਕਚਰਾਰ ਸੀ। ਮਹਸੂਦ ਦਾ ਕਾਂਗਰਸ ਤੋਂ ਮੋਹ ਭੰਗ ਹੋ ਗਿਆ ਸੀ ਜਦੋਂ 1980 ਦੇ ਸ਼ੁਰੂ ਵਿਚ ਇੰਦਰਾ ਗਾਂਧੀ ਨੇ ਹਿੰਦੂਆਂ ਪ੍ਰਤੀ ਆਪਣਾ ਬਦਨਾਮ ਝੁਕਾਅ ਕੀਤਾ ਸੀ। ਉਸਨੇ ਬੀ.ਏ.ਐਮ.ਸੀ.ਈ.ਐਫ ਵਿਚ ਦਾਖਲਾ ਲਿਆ ਅਤੇ ਫਿਰ 1983 ਵਿਚ ਬੀਐਸਪੀ ਵਿਚ ਚਲ ਗਿਆ ਤੇ ਪੂਰੇ ਸਮੇਂ ਲਈ ਪ੍ਰਬੰਧਕ ਅਤੇ ਫੰਡ ਇਕੱਠਾ ਕੀਤਾ। ਬਾਅਦ ਵਿਚ ਮਹਸੂਦ ਨੂੰ ਬਹੁਜਨ ਸਮਾਜ ਪਾਰਟੀ ਲਈ ਪੂਰੇ ਪੂਰਬੀ ਉੱਤਰ ਪ੍ਰਦੇਸ ਦਾ ਇੰਚਾਰਜ ਥਾਪਿਆ ਗਿਆ। ਸਾਲਾਂ ਦੇ ਜਥੇਬੰਦਕ ਕੰਮ ਨੂੰ 1989 ਅਤੇ 1991 ਵਿਚ ਫਲ ਲੱਗਾ। ਉਤਰ ਪ੍ਰਦੇਸ ਵਿਚ 1989 ਤੋਂ 1991 ਤੱਕ 4 ਵਿਧਾਨ ਸਭਾ ਅਤੇ ਲੋਕ ਸਭਾ ਚੋਣਾਂ ਵਿਚ ਬਹੁਜਨ ਸਮਾਜ ਪਾਰਟੀ ਦਾ ਵੋਟਾਂ ਦਾ ਹਿੱਸਾ 87 ਅਤੇ 94 ਫੀਸਦੀ ਦੇ ਦਰਮਿਆਨ ਦੇ ਫਰਕ ਨਾਲ ਰਿਹਾ। ਪ੍ਰੰਤੂ ਇਸ ਪ੍ਰਭਾਵਸਾਲੀ ਵੋਟ ਨੇ ਨਿਰਾਸਾਜਨਕ ਗਿਣਤੀ ਵਿਚ ਸੀਟਾਂ ਪੈਦਾ ਕੀਤੀਆਂ। 1989 ਵਿਚ ਪਾਰਟੀ ਨੇ 425 ਵਿਧਾਨ ਸਭਾ ਸੀਟਾਂ ਵਿ'ਚੋਂ 13 ਜਿੱਤੀਆਂ ਅਤੇ 1991 ਵਿਚ ਇਸਨੇ 12 ਜਿੱਤੀਆਂ। ਪਾਰਟੀ ਨੇ 1989 ਵਿਚ ਦੋ ਲੋਕ ਸਭਾ ਅਤੇ 1991 ਵਿਚ ਇਕ ਸੀਟ ਜਿੱਤੀ। ਕਾਂਸੀ ਰਾਮ ਆਫ਼ ਨਤੀਜੇ ਦੇ ਤੌਰ ਤੇ 1992 ਵਿਚ ਯੂ.ਪੀ. ਵਿਚ ਜਿਮਨੀ ਚੋਣ ਜਿੱਤ ਗਿਆ। ਇਸ ਪਾਰਟੀ ਦੀ ਸਨਅਤੀ ਅਤੇ ਕਮਜੋਰੀ ਦਵੇਂ ਇਹ ਹੈ ਕਿ ਇਸਦਾ ਮੁੱਢਲਾ ਵੋਟ ਬੈਂਕ ਚਮਾਰ, ਅਨੁਸੂਤਕ ਤੌਰ ਤੇ ਇਕਸਾਰ ਸਾਰੇ ਯੂ.ਪੀ. ਵਿਚ ਖਿੱਲਰੇ ਹੋਏ ਸਨ । ਇਹ ਬਹੁਜਨ ਸਮਾਜ ਨੂੰ ਜਿਆਦਾ ਗਿਣਤੀ ਵਿਚ ਸੀਟਾਂ ਲੈਣ ਦਾ ਮੌਕਾ ਦਿੰਦਾ ਹੈ ਅਤੇ ਇਹ ਤਰਕ ਤੌਰ ਤੇ ਅਸਤੋਂਵ ਵੀ ਬਣਾ ਦਿੰਦਾ ਹੈ ਕਿ ਦੂਸਰੀਆਂ ਜਾਤੀਆਂ ਦੇ ਸਹਿਯੋਗ ਤੋਂ ਬਿਨਾਂ ਇਕ ਵੀ ਸੀਟ ਨਹੀਂ ਜਿਤੀ ਜਾ ਸਕਦੀ। ਭਾਵੇਂ ਇਸਨੂੰ ਬੜੀ ਗਿਣਤੀ ਵਿਚ ਮੁਸਲਮਾਨ , ਪਿਛੜੀਆਂ ਜਾਤਾਂ ਅਤੇ ਦੂਜੀਆਂ ਅਨੁਸੂਚਿਤ ਜਾਤਾਂ ਦਾ ਸਹਿਯੋਗ ਆਪਣੇ ਵੱਲ ਖਿਚਿਆ ਹੈ। ਇਸਨੇ ਨਿਸਾਨੇ ਤੇ ਜਾਤੀਆਂ ਨੂੰ ਮਹੱਤਵਪੂਰਨ ਮੁਕਾਬਲਾ ਦਿੱਤਾ ਹੈ। ਸਾਨੂੰ ਇਸ ਸਮੱਸਿਆ ਤੋਂ ਜਿਆਦਾ ਧਿਆਨ ਦੇਣ ਦੀ ਲੋੜ ਹੈ।


ਸਭ ਤੋਂ ਪਹਿਲਾਂ ਇਹ ਪ੍ਰਸਨ ਪੈਦਾ ਹੁੰਦਾ ਹੈ ਕਿ ਪਛਮੀ ਯੂ.ਪੀ. ਦੀ ਭਾਰੀ ਗਿਣਤੀ ਵਿਚ ਜਾਤਣ ਪੂਰਬੀ ਭਾਗ ਦੇ ਆਪਣੇ ਸਕੇ ਸਬੰਧੀਆਂ ਨਾਲ ਵਿਖਰੇ (ਭਿੰਨ ਵਿਚਾਰਾਂ ਦੇ) ਹੋਏ ਹਨ ਉਨ੍ਹਾਂ ਨੇ 1989 ਅਤੇ 1991 ਵਿਚ ਕਾਂਗਰਸ ਨੂੰ ਵੋਟ ਪਾਉਣੀ ਜਾਰੀ ਰੱਖੀ। ਇਸ ਪ੍ਰਸਨ ਦਾ ਉਤਰ ਪੂਰੀ ਤਰ੍ਹਾਂ ਸਪਸਟ ਨਹੀਂ ਹੈ। ਕਈਆਂ ਨੇ ਇਲਜ਼ਾਮ ਲਾਇਆ ਹੈ ਕਿ ਮਾਇਆਵਤੀ ਦੀ ਘਟੀਆਂ ਜਥੇਬੰਦਕ ਸਮਰਥਾ ਦਾ ਨਤੀਜਾ ਹੈ ਉਹ ਇਸ ਇਲਾਕੇ ਦੀ ਇੰਚਾਰਜ ਸੀ ਪਰ ਡੂੰਘਾਈ ਵਿਚ ਦੇਖਿਆ ਕਾਰਨ ਪਤਾ ਲਗਦਾ ਹੈ ਕਿ ਜਾਤਾਵਾਂ ਦਾ ਬੀ.ਐਸ.ਪੀ. ਨਾਲ ਇਤਿਹਾਸਕ ਜੁੜਾਵ ਲਗਦਾ ਹੈ। ਕੁਝ ਨਿਰਾਸਤਾ ਦੇ ਚਲਦਿਆਂ ਕਾਂਗਰਸ ਨੇ 70 ਸਾਲਾਂ ਬੁੱਢੇ ਮੋਰੀਆ ਨੂੰ 1996 ਦੀਆਂ ਚੋਣਾਂ ਦੀ ਦੌੜ ਵਾਸਤੇ 4 ਕੌਮੀ ਮੀਤ ਪ੍ਰਧਾਨਾਂ ਵਿ'ਚੋਂ ਇਕ ਮੁੜ ਸੁਰਜੀਤ ਕਰ ਦਿੱਤਾ। ਪ੍ਰੰਤੂ ਉਦੋਂ ਤੱਕ ਮਾਇਆਵਤੀ ਪੂਰਬੀ ਯੂ.ਪੀ. ਵਿਚ ਚੁਣਾਵੀ ਪ੍ਰਸਿੱਧੀ ਵਾਲੀ ਹਸਤੀ ਬਣ ਚੁੱਕੀ ਸੀ। ਚਮਾਰ ਤੋਂ ਇਲਾਵਾ ਅਨੁਸੂਚਿਤ ਜਾਤੀਆਂ ਵਿ'ਚੋਂ ਪਾਸੀਜ ਬਹੁਗਿਣਤੀ ਵਿਚ ਕਾਂਸੀ ਰਾਮ ਦੀ ਪਾਰਟੀ ਨੂੰ ਵੋਟ ਦਿੰਦੇ ਲਗਦੇ ਹਨ। ਬਾਲਮੀਕੀਆਂ (ਪਹਿਲਾਂ ਭੰਗੀ ਕਹੇ ਜਾਂਦੇ ਸਨ) ਨੇ 1993 ਵਿਚ ਪੱਕੇ ਤੌਰ ਤੇ ਬੀਜੇਪੀ ਨੂੰ ਵੋਟ ਦਿੱਤੀ , ਵਿਧਾਨ ਸਭਾ ਚੋਣਾਂ ਵਿਚ ਅਤੇ 1991 ਵਿਚ ਬੀਜੇਪੀ ਵਲੋਂ ਸਿਰਫ਼ ਇਕ ਹੀ ਬਾਲਮੀਕੀ ਲੋਕ ਸਭਾ ਚੋਣ ਜਿੱਤਿਆ । ਭਾਵੇਂ 1980 ਵਿਚ ਉਹ ਜਨਤਾ ਪਾਰਟੀ ਵਾਸਤੇ ਜਿੱਤਿਆ ਸੀ। ਐਮ.ਪੀ. ਮਹੰਤ ਰਾਮ ਪ੍ਰੇਮੀ ਜਿਸਦੀ ਜੀਵਨ ਹਿਸਟਰੀ ਚੈਪਟਰ 8 ਵਿਚ ਖਿਚੀ ਗਈ ਹੈ । ਬੀਜੇਪੀ ਦੀ ਵਾਲਮੀਕ ਸਹਿਯੋਗ ਲਈ ਮਹੱਤਵਪੂਰਨ ਹੈ, ਸਿਰਫ਼ ਚਮਾਰਾ ਦੁਆਰਾ ਭੰਗੀ ਸਮਾਜ ਦੀ ਨਾਪਸੰਦਗੀ ਨੂੰ ਪ੍ਰਚਾਰਨ ਕਰਦੇ । ਚਮਾਰਾਂ ਦੀ ਗਿਣਤੀ ਵੱਧ ਹੈ ਅਤੇ ਪੜ੍ਹੋ ਲਿਖੇ ਹਨ ਅਤੇ ਰਾਖਵੀਆਂ ਸੀਟਾਂ ਦਾ ਬਾਲਮੀਕੀਆਂ ਨਾਲੋਂ ਜਿਆਦਾ ਲਾਭ ਲੈਣ ਵਿਚ ਸਫਲ ਹੋਏ ਹਨ, ਇਹ ਵੀ ਵਿਰੋਧਤਾ ਪੈਦਾ ਕਰਦਾ ਹੈ। ਬਹੁਤ ਸਾਰੇ ਧੋਬੀਆਂ ਨੇ ਵੀ ਪਿਛੇ ਜਿਹੇ ਬੀਜੇਪੀ ਨੂੰ ਵੋਟ ਦਿੱਤੀ ਹੈ। ਸੰਖੇਪ ਵਿਚ ਕਾਂਸੀ ਰਾਮ ਦੀ ਪਾਰਟੀ ਨੇ ਇਸ ਮੁਸਕਲ ਦਾ ਕੋਈ ਵੀ ਹੱਲ ਨਹੀਂ ਲੱਭਿਆ ਕਿ ਬਹੁਤ ਸਾਰੀਆਂ ਅਨੁਸੂਚਿਤ ਜਾਤੀਆਂ ਨੂੰ ਨਾਲ ਕਿਵੇਂ ਤੋਰਨਾ ਹੈ। ਉਤਰ ਪ੍ਰਦੇਸ ਵਿਚ ਅੰਬੇਦਕਰਵਾਦੀ ਅੜੀਅਲ ਵਤੀਰੇ ਦੀ ਸਮੱਸਿਆ ਨੇ ਆਪਣੇ ਆਫ਼ ਦੁਹਰਾ ਕੀਤਾ ਹੈ, ਭਾਵੇਂ ਕਾਂਸੀ ਰਾਤ ਦੇ ਚਮਾਰ, ਅੰਬੇਦਕਰ ਦੇ ਮਹਾਰ ਜੋ ਕਿ ਭਾਰਤ ਦੇ ਪੱਛਮੀਂ ਭਾਗ ਵਿਚ ਹਨ, ਨਾਲੋਂ ਗਿਣਤੀ ਵਿਚ ਜਿਆਦਾ ਹਨ ਅਤੇ ਉਹ ਅਛੂਤਾਂ ਵਿਚ ਜਿਆਦਾ ਧੱਕੜ ਹਨ।

ਪਛੜੀਆਂ ਜਾਤਾਂ ਵਿਚ ਕਾਂਸੀ ਰਾਮ ਨੂੰ ਕੁਰਮੀਜ ਤੋਂ ਜਬਰਦਸਤ ਸਹਿਯੋਗ ਮਿਲਿਆ ਹੈ। ਬਿਹਾਰ ਵਿਚ ਇਹ ਪੇਂਡੂ ਕਿਸਾਨਾਂ ਦਾ ਗਤੀਸੀਲ ਉਭਾਰ ਹੈ ਜੋ ਕਿ ਦਲਿਤਾਂ ਦੇ ਖਿਲਾਫ ਬਹੁ ਸਾਰੇ ਭਿਆਨਕ ਜੁਲਮ ਕਰਨ ਲਈ ਜਿੰਮੇਵਾਰ ਹੈ। ਉਤਰ ਪ੍ਰਦੇਸ ਵਿਚ ਕਰਮੀਸ ਮੁਕਾਬਲਤਨ ਘੱਟ ਖੁਸਹਾਲ ਹਨ। ਇਸ ਤੋਂ ਵੱਧ ਕਿ ਉਨ੍ਹਾਂ ਕੋਲ ਬ੍ਰਾਹਮਣੀ ਜੁਲਮ ਵਿਰੁੱਧ ਇਕ ਇਤਿਹਾਸ ਹੈ। ਇਨ੍ਹਾਂ ਵਿ'ਚੋਂ ਕੁੱਝ ਇਕ ਲਈ ਕਹਲਪੁਰ ਦੇ ਸਾਧੂ ਮਹਾਰਾਜ ਜੀ ਦੇ ਪ੍ਰੇਰਣਾ ਸਰੋਤ ਹਨ । ਉਨ੍ਹਾਂ ਵਿਚੋਂ ਕੁਝ ਰਿਪਬਲੀਕਨ ਪਾਰਟੀ ਦੇ ਮੈਂਬਰ ਹਨ। ਕੁਰਮੀਜ ਉਸਮਾਰਟੀ ਨਾਲ ਜੁੜਨ ਦਾ ਫਾਇਦਾ ਨਹੀਂ ਲੈ ਸਕਦੇ ਜਿਹੜੀ ਕਿ ਬਹੁਗਿਣਤੀ ਜਾਨਵਾਂ ਦੁਆਰਾ ਕੌਮੀਨੇਟ ਨਹੀਂ ਹੋਈ। ਜਿਨ੍ਹਾਂ ਦੀ ਪੱਕੀ ਸਾਂਝ ਮੁਲਾਇਮ ਸਿੰਘ ਦੀ ਸਮਾਜਵਾਦੀ ਪਾਰਟੀ ਨਾਲ ਹੈ। ਯੂ ਪੀ ਵਿਚ ਦੂਜੀਆਂ ਪੱਛੜੀਆਂ ਜਾਤੀਆਂ ਦਾ ਸਹਿਯੋਗ ਪ੍ਰਾਪਤ ਕਰਨ ਲਈ ਬੀਜੇਪੀ, ਬੀਐਸਪੀ ਤੇ ਐਸ.ਪੀ. ਦੀ ਬੜੀ ਜਬਰਦਸਤ ਤਿਕੋਣੀ ਟੱਕਰ ਹੈ। ਇਨ੍ਹਾਂ ਤਿੰਨਾਂ ਪਾਰਟੀਆਂ ਨੂੰ ਕੁਝ ਸਫਲਤਾ ਵੀ ਪ੍ਰਾਪਤ ਹੋਈ ਹੈ। ਪ੍ਰੰਤੂ ਸ਼ਾਇਦ ਇਸ ਵੋਟ ਦਾ ਵੱਡਾ ਭਾਗ ਅਸਥਿਰ ਹੈ ਤੇ ਸਮੇਂ ਦੀ ਲਿਹਾਜ ਨਾਲ ਮੁੱਖ ਰਾਜਨੀਤਿਕ ਧਾਮ ਵੱਲ ਨੂੰ ਵਹਿ ਜਾਂਦਾ ਹੈ। ਆਖਰੀ ਸਮਾਜ ਜਿਸ ਤੇ ਵਿਚਾਰ ਕੀਤੀ ਜਾ ਸਕਦੀ ਹੈ ਉਹ ਹੈ ਮੁਸਲਮਾਨ। ਬਾਬਰੀ ਮਸਜਿਦ ਦੇ ਢਹਿ ਢੇਰੀ ਕਰਨ ਵਿਚੋਂ ਅਣਸੁਖਾਵੇਂ ਨਤੀਜੇ ਦੇ ਤੌਰ ਤੇ ਮੁਸਲਮਾਨ ਰਾਜਨੀਤਿਕ ਤੌਰ ਤੇ ਨੇਤਾਹੀਣ ਹੋ ਗਏ ਹਨ। ਉਨ੍ਹਾਂ ਨੇ ਕਾਂਗਰਸ ਤੋਂ ਦਰ ਕਿਨਾਰਾ ਕਰ ਲਿਆ ਹੈ ਕਿਉਂਕਿ ਉਹ ਮਹਿਸੂਸ ਕਰਦੇ ਹਨ ਕਿ ਕਾਂਗਰਸ ਉਨ੍ਹਾਂ ਦੀ ਮਸਜਿਦ ਦੇ ਤੋੜ ਫੜ ਨੂੰ ਰੋਕਣ ਵਿਚ ਬੁਰੀ ਤਰ੍ਹਾਂ ਫੇਲ ਹੋਈ ਹੈ। ਅਤੇ ਉਨ੍ਹਾਂ ਨੇ ਮੁਲਾਇਮ ਸਿੰਘ ਯਾਦਵ ਦੀ ਐਸ.ਪੀ. ਨੂੰ ਬਹੁਤ ਜਿਆਦਾ ਸਹਿਯੋਗ ਦਿੱਤਾ ਹੈ ਅਤੇ ਕੁਝ ਸਹਿਯੋਗ ਕਾਂਸੀ ਰਾਮ ਨੂੰ ਵੀ ਮਿਲਿਆ ਹੈ। ਇਸ ਤਰ੍ਹਾਂ ਨਵੰਬਰ 1995 ਵਿਚ ਮਿਉਂਸਿਪਲ ਚੋਣਾਂ ਦੌਰਾਨ ਅਤੇ ਕੌਮੀ ਅਤੇ ਯੂ.ਪੀ. ਵਿਧਾਨ ਸਭਾ ਚੋਣਾਂ 1996 ਵਿਚ ਇਹ ਪ੍ਰਤੀਤ ਹੁੰਦਾ ਸੀ ਕਿ ਮੁਸਲਮਾਨ ਸਥਾਨਕ ਤੌਰ ਤੇ ਉਸ ਪਾਰਟੀ ਨੂੰ ਵੋਟ ਦੇਣ ਲਈ ਤਿਆਰ ਸਨ ਜਿਹੜੀ ਕਿ ਬੀਜੇਪੀ ਦੇ ਖਿਲਾਫ ਜਬਰਦਸਤ ਤਾਖ਼ਤ ਹੋਵੇ। ਕਿਸੇ ਵੀ ਪਾਰਟੀ ਦੀ ਰਾਜਨੀਤਿਕ ਰਣਨੀਤੀ ਅਜਿਹੀ ਸਥਿਤੀ ਹੁੰਦੀ ਹੈ ਕਿ ਉਹ ਆਪਣਾ ਕੇਂਦਰੀ ਵੋਟ ਬੈਂਕ ਕਿਵੇਂ ਬਚਾ-ਰੱਖੇ ਅਤੇ ਦੂਸਰੀਆਂ ਕਿਨਾਰੇ ਤੇ ਇਧਰ ਉਧਰ ਫਿਰਦੀਆਂ ਵੋਟਾਂ ਨੂੰ ਆਪਣੇ ਵੱਲ ਖਿੱਚ ਸਕੇ। ਘੱਟ-ਘੱਟ ਕਾਂਸੀ ਰਾਮ ਨੇ ਕਿਸੇ ਵੀ ਦੂਸਰੇ ਖਿਲਾੜੀ ਵਾਲੇ ਗਿਣੀ ਰੀ ਯੋਗਤਾ ਨਾਲ ਇਸ ਖੇਡ ਪ੍ਰਤੀ ਸਮਰਪਿਤ ਕਰ ਦਿੱਤਾ ਹੈ।

# ਨਾਅਰਿਆਂ ਨੇ ਕੀਤਾ ਮੇਰੇ ਅੰਦੋਲਨ ਨੂੰ ਜਵਾਬ ਕਿੰਗ ਮੇਕਰ - ਸਾਹਿਬ ਸ੍ਰੀ ਕਾਂਸ਼ੀ ਰਾਮ ਜੀ

ਜੋਗਿੰਦਰ ਪਾਲ ਜੌਹਰੀ

ਆਪਣੀ ਪੜ੍ਹਾਈ ਦੇ ਦਿਨਾਂ ਤੋਂ ਹੀ ਮੇਰੀ ਰੁਚੀ ਸਾਹਿਤ ਪੜ੍ਹਨ ਅਤੇ ਲਿਖਣ ਵੱਲ ਰਹੀ ਲਿਖਣ ਲਈ ਵੀ ਮੋਟੇ ਤੌਰ ਉੱਪਰ ਇਕ ਇਰਾਦਾ ਮਿੱਥ ਲਿਆ ਜੋ ਲਿਖਣਾ ਹੈ, ਆਦਿਵਾਸੀ ਮੂਲ ਨਿਵਾਸੀ ਸਮਾਜ ਦੀ ਚੇਤਨਤਾ ਹਿੱਤ ਲਿਖਦਾ ਹੈ। ਜੋ ਸਤਿਗੁਰੂ ਰਵਿਦਾਸ ਜੀ, ਗੁਰੂ ਨਾਮਦੇਵ ਜੀ, ਗੁਰੂ ਸੈਨ ਜੀ, ਗੁਰੂ ਕਬੀਰ ਜੀ, ਗੁਰੂ ਸਧਨਾ, ਗੁਰੂ ਨਾਨਕ ਜੀ ਅੱਗੇ ਮੁਤਾਤਮਾਂ ਜੋਤੀ ਰਾਓ ਵਲੋਂ, ਛਤਰਪਤੀ ਸਾਹੂ ਜੀ, ਰਾਮ ਸੁਆਮੀ ਨਾਇਕਰ ਜੀ, ਗੁਰੂ ਆਸੀ ਦਾਸ ਜੀ, ਬਿਹਲਾ ਮੁੰਡਾ ਜੀ, ਬਾਬਾ ਮੰਗੂ ਰਾਮ ਜੀ ਮੁਗੋਵਾਲੀਆ, ਬਾਬਾ ਬੰਤਾ ਰਾਮ ਘੇੜਾ ਜੀ, ਡਾ ਅੰਬੇਡਕਰ ਜੀ ਆਦਿ ਬਾਰੇ ਲਿਖਣਾ ਹੈ। ਕਹਿਣ ਨੂੰ ਇਹ ਇਕ ਹੱਦਬੰਦੀ ਹੋ ਗਈ, ਪਰ ਮੈਂ ਸਮਝਦਾ ਹਾਂ, ਇਸ ਦਾਇਰੇ ਵਿਚ ਵੀ ਸਮਾਜ ਦੇ ਬਹੁ ਗਿਣਤੀ, ਆਦਿਵਾਸੀ ਲੋਕ ਆ ਜਾਂਦੇ ਹਨ, ਬਹੁਜਨ ਫਲਸਫਾ ਕੁਲ ਮਾਨਵਤਾ ਦਾ ਫਲਸਫਾ ਹੈ। ਅੱਜ ਸਮਾਂ ਉਹ ਹੈ ਜਦੋਂ ਕੋਈ ਆਪਣੇ ਸੀਮਤ ਦਾਇਰੇ ਲੈਬਲੀ ਅਹੁਦੇਦਾਰ ਜਾਂ ਮੋਹਰੀ ਬਣ ਜਾਵੇ ਤਾਂ ਉਹ ਇਹ ਨਿਯੁਕਤੀ ਹੁੰਦਿਆਂ ਹੀ ਅੰਦਰੋ ਅੰਦਰੀ ਆਪਣੇ ਆਪ ਨੂੰ ਮਹਾਨ ਜਿਹਾ ਮਹਿਸੂਸ ਕਰਨ ਲੱਗ ਪੈਂਦਾ ਹੈ ਉਹ ਇਹ ਨਹੀਂ ਸੋਚਦਾ ਕਿ ਸਾਡਾ ਅੱਗੇ ਏਮ ਕੀ ਹੈ। ਕਿਨ੍ਹਾਂ ਯਤਨਾਂ ਨਾਲ ਪ੍ਰਾਪਤੀਆਂ ਕਰਨੀਆਂ ਹਨ ਤਾਂ ਜੋ ਉਸਦਾ ਸੀਮਤ ਦਾਇਰਾ ਅੱਗੇ ਵੱਧ ਸਕੇ ਉਹ ਸਿਰਫ਼ ਨਾਮ ਅਤੇ ਉਹਦੇ ਤੱਕ ਹੀ ਸੀਮਤ ਹੋ ਕੇ ਰਹਿ ਜਾਂਦਾ ਹੈ। ਬਹੁਤ ਘੱਟ ਲੋਕ ਹਨ ਜਿਹੜੇ ਉਪਰੋਖ਼ਤ ਉਦਾਹਰਣਾਂ ਨੂੰ ਬਦਲਵਾਂ ਰੰਗ ਦਿੰਦੇ ਹਨ। ਅਜਿਹਾ ਰੰਗ ਜੋ ਸਿਰਫ਼ ਨਿੱਜ ਨੂੰ ਹੀ ਨਹੀਂ ਸਗੋਂ ਸਮੁੱਚੇ ਦਾਇਰੇ ਅਤੇ ਇਸ ਤੋਂ ਬਾਹਰਲੇ ਖੇਤਰ ਨੂੰ ਪ੍ਰਾਪਤੀਆਂ 'ਚ ਰੰਗਦਾ ਹੈ। ਇਹ ਭੂਮਿਕਾ ਇਸ ਕਾਲਮ 'ਚ ਇਸ ਵਾਰ ਲਿਖੇ ਜਾ ਰਹੇ ਬਹੁਜਨ ਸਮਾਜ ਦੇ ਮਹਾਨ ਨਾਇਕ ਯੁਗ ਪੁਰਸ ਕਿੰਗ ਮੇਕਰ, ਆਦਿਵਾਸੀ ਕੌਮ ਦੇ ਚਿੰਤਕ ਬਹੁਜਨ ਸਮਾਜ ਪਾਰਟੀ ਦੇ ਜਨਮ ਦਾਤਾ ਸਾਹਿਬ ਕਾਂਸੀ ਰਾਮ ਜੀ ਵਾਰੇ ਨਹੀਂ ਲਿਖੀ ਜਾ ਰਹੀ, ਸਗੋਂ ਇਕ ਸੱਚਾਈ ਦਾ ਵਰਨਣ ਹੈ, ਇਹ ਤਾਂ ਹਰ ਕੋਈ ਜਾਣਦਾ ਹੈ ਕਿ ਸਾਹਿਬ ਕਾਂਸੀ ਰਾਮ ਇਕ ਸੰਘਰਸ ਦਾ ਨਾਮ ਹੈ ਜੋ ਹੈ।ਆਰਜੀ ਰਸਮਾਂ ਰਿਵਾਜਾਂ ਤੋਂ ਕੋਹਾਂ ਦੂਰ ਉਹ ਸੋਚ ਦੀ ਚਾਦਰ ਵਿਛਾ ਕੇ ਹੱਕ ਤੇ ਸੱਚ, ਬਰਾਬਰਤਾ ਸਵੈਮਾਣ ਦੀ ਹੱਟ ਖੋਲ੍ਹ ਬੈਠਾ। ਪਿਤਾ ਹਰੀ ਸਿੰਘ ਜੀ ਦੇ ਗ੍ਰਹਿ ਵਿਖੇ ਪਿੰਡ ਖੁਆਸਪੁਰ ਜਿਲ੍ਹਾ ਰੋਪੜ ਮਾਤਾ ਬਿਸਨ ਕੌਰ ਜੀ ਦੀ ਪਵਿੱਤਰ ਕੁੱਖ ਤੋਂ 15 ਮਾਰਚ ਸੰਨ 1934 ਦਿਨ ਬੁੱਧਵਾਰ ਆਪਣੇ ਨਾਨਕੇ ਪਿੰਡ ਬੁੰਗਾ ਸਾਹਿਬ ਵਿਖੇ ਜਨਮ ਲਿਆ। ਸਾਹਿਬ ਕਾਂਸੀ ਰਾਮ ਜੀ ਨੇ ਆਪਣੇ ਜਿੰਦਗੀ ਦੇ ਲੱਗ ਭੱਗ 30 ਵੇਂ ਤੇ 31 ਵੇਂ ਦਹਾਕੇ ' ਚ ਨੌਕਰੀ ਕਰੀਏਆ (ਦੇਹਰਾਦੂਨ ਵਿਖੇ) ਸ੍ਰੀ ਪਰਸਰਾਮ ਪਿੰਡ ਮਨਣਹਾਨਾ ਵਾਲਿਆ ਤੋਂ ਬਾਬਾ ਸਹਿਬ ਡਾ ਭੀਮ ਰਾਓ ਅੰਬੇਡਕਰ ਜੀ ਦਾ ਨਾਮ ਸੁਣਿਆ। ਇਹ ਦਿਨ ਬਾਬਾ ਸਾਹਿਬ ਡਾ ਅੰਬੇਡਕਰ ਜੀ ਦੇ ਪ੍ਰੀਨਿਮਾਣ ਦਾ ਦਿਨ ਸੀ। ਉਸ ਦਿਨ ਤੋਂ ਹੀ ਸਾਹਿਬ ਕਾਂਸੀ ਰਾਮ ਜੀ ਦੇ ਮਨ ਅੰਦਰ ਸਮਾਜਿਕ ਚੇਤਨਾਂ ਦਾ ਚਹਾਰਾ ਰੋਸਨ ਹੋ ਗਿਆ। ਜਦੋਂ ਚੇਤਨਾ ਉਪਰ ਸੁਆਰਥ ਭਾਰੂ ਹੋ ਜਾਵੇ ਫਿਰ ਸੰਘਰਸ ਦਾ ਜਨਮ ਹੁੰਦਾ ਹੈ। ਉਹ ਸੰਘਰਸ ਚਾਹੇ ਅਮੀਰ ਗਰੀਬ ਦਾ ਹੋਵੇ, ਮਾਲਕ - ਨੌਕਰ ਦਾ ਹੋਵੇ, ਸਮਾਜਿਕ ਗੈਰ ਬਰਾਬਰੀ, ਰਾਜਨੀਤਕ ਜਾਂ ਦੋ ਮੁਲਕਾਂ ਦਾ ਹੋਵੇ ਅਚੇਤ ਮਨ ਵਿਚ ਸਵੀਕਾਰੀਆਂ ਛੋਟੀਆਂ - ਵੱਡੀਆਂ ਜਾਤਾਂ ਦਾ ਹੋਵੇ, ਪਰਿਵਾਰ ਦਾ ਹੋਵੇ, ਫਿਰ ਇਸਨੇ ਹਿੰਸਾ ਅਤੇ ਨਫ਼ਰਤ ਦੇ ਹਥਿਆਰ ਨਾਲ ਮਨੁੱਖ਼ਤਾ ਦਾ ਘਾਣ ਕਰਨਾ ਸ਼ੁਰੂ ਕਰਨਾ ਹੈ। ਸੰਸਾਰ ਦੇ ਹਰ ਕੋਨੇ ਅੰਦਰ ਸੁਆਰਥੀ ਰੁੱਚੀਆਂ ਨੂੰ ਪਰ ਕਰਨ ਹਿੱਤ ਮਨੁੱਖ - ਮਨੁੱਖ ਦਾ ਗਲਾ ਘੁੱਟਣ ਤੋਂ ਆਇਆ ਹੈ। ਭਾਰਤੀ ਜਾਤੀ ਪਾਤੀ ਪ੍ਰਬੰਧ ਸੰਸਾਰ ਦੇ ਸਾਰੇ ਸਮਾਜ ਦੇ ਫਿਰਕਿਆ ਵਿਚਲੇ ਸੰਘਰਸ ਅਤੇ ਖਿਚੋਤਾਣ ਨਾਲੋਂ ਉਮਲੋ ਵੱਖਰਾ ਹੈ। ਅੱਜ ਅੰਤਰਰਾਸਟਰੀ ਜਗਾਹ ਵਿਚ ਜਿੰਨੇ ਵੀ ਹਿੰਸਾਤਮਕ ਕਾਰਜ ਇਕ ਮੁਲਕ ਦੂਸਰੇ ਮੁਲਕ ਦੇ ਪ੍ਰਤੀ ਕਰ ਰਿਹਾ ਜਾ ਕਰਵਾ ਰਿਹਾ ਹੈ। ਇਹਨਾਂ ਦਾ ਸੰਬੰਧ ਕਿਸੇ ਨਾ ਕਿਸੇ ਰੂਪ ਵਿਚ ਸਮਾਜ ਦੇ ਕਿਸੇ ਵਿਸੇਸ ਵਰਗ ਦੇ ਅਧਿਕਾਰਾਂ ਦੇ ਦਬਾਏ ਜਾਣ ਕਰਕੇ ਹੈ। ਦੂਜੇ ਸਬਦਾਂ ਵਿਚ ਅਸੀਂ ਆਖ ਸਕਦੇ ਹਾਂ ਕਿਸੇ ਵੀ ਸਮੁਦਾਇ ਦੇ ਅਧਿਕਾਰਾਂ ਨੂੰ ਜਦ ਅਸੀਂ ਸਦੀਆਂ ਤੱਕ ਦਬਾਉਂਦੇ ਹਾਂ ਫਿਰ ਇਕ ਨਾ ਇਕ ਦਿਨ ਜਵਾਲਾ ਦੀਆਂ ਲਪਟਾਂ ਨੇ ਉਹਨਾਂ ਦੇ ਹਿਰਦਿਆਂ ਵਿ'ਚੋਂ ਉਠਣਾ ਹੈ ਤੇ ਫਿਰ ਐਲਾਨ - ਏ - ਜੰਗ ਹੋਣਾ ਹੈ। ਭਲਾ ਐਸੀ ਹਾਲਤ ਵਿਚ ਸਮਾਜਿਕ ਸਥਿਰਤਾ ਕਿਵੇਂ ਹੋ ਸਕਦੀ ਹੈ? ਸਾਡੇ ਭਾਰਤ ਅੰਦਰ ਆਦਿਵਾਸੀ / ਮੂਲ ਨਿਵਾਸੀ (ਦਲਿਤ) ਭਾਈਚਾਰਾ ਅਸਲੋ ਨਿਵੇਕਲਾ ਹੈ, ਜਿਸਨੂੰ ਸੰਸਾਰ ਅੰਦਰ ਸਭ ਤੋਂ ਜਿਆਦਾ ਦਬਾਇਆ ਗਿਆ ਹੈ ਤੇ ਫਿਰ ਇਸ ਸਮਾਜ ਦੇ ਲੋਕਾਂ ਨੂੰ ਸਤਿਗੁਰੂ ਰਵਿਦਾਸ ਜੀ ਵਰਗੇ ਗੁਰੂ ਮਹਾਂ ਪੁਰਖਾਂ ਮੀਰੀ ਅਤੇ ਪੀਰੀ ਦੇ ਮਹਾਂ ਯੋਧਿਆ ਨੇ ਬਿਨਾ ਖੰਭਾ ਦੇ ਉੱਚੀਆਂ ਪਰਵਾਜਾਂ ਭਰਕੇ ਐਸੇ - ਐਸੇ ਕੰਮ ਅੰਜਾਮ ਦਿੱਤੇ ਜਿਸ ਦੀਆਂ ਬਾਤਾਂ ਪਾਉਣ ਦਾ ਲੇਖਕ ਨੂੰ ਵੀ ਸੁਭਾਗ ਪ੍ਰਾਪਤ ਸਤਿਗੁਰੂ ਰਵਿਦਾਸ ਜੀ ਮਹਾਂਰਾਜ ਨੇ ਆਦਿਵਾਸੀ ਚੇਤਨਾ ਦੇ ਮਾਣ - ਸਨਮਾਨ ਸਨ, ਜਿਹਨਾਂ ਨੇ 14 ਵੀਂ 15 ਵੀਂ ਸਦੀ ਚ ਸੀਰ ਗਵਰਧਨ ਪਪਰ ਸਨਾਰਥ ਬਨਾਰਸ ਦੀ ਧਰਤੀ ਤੇ ਅਵਤਾਰ ਧਾਰਨ ਕੀਤਾ, ਤੇ ਅੱਢ ਦੇ ਪਛੜੇ ਵਰਗ ਵਿਚ ਮਨੁੱਖੀ ਅਧਿਕਾਰਾਂ ਦੀ ਮਸਾਲ ਉਜਵਲ ਕੀਤੀ। ਅਧਿਕਾਰ ਵੀ ਉਹਨਾਂ ਲੋਕਾਂ ਜਿਹਨਾਂ ਲੋਕਾਂ ਨੂੰ ਭਾਰਤ ਦੇਸ ਤੇ ਹਾਵੀ ਆਰੀਆ ਪੁੱਤਰਾਂ ਨੇ ਮਨੁੱਖ਼ਤਾ ਦੀ ਜਾਨਵਰ ਵੀ ਨਹੀਂ ਸਮਝਿਆ ਸੀ। ਐਸੇ ਹਾਲਾਤ ਬਣਾ ਦਿਤੇ ਬ੍ਰਾਹਮਣਵਾਦੀ - ਆਰੀਆ ਪੁੱਤਰ ਪੋਹਿੱਥਾਂ ਨੇ, ਹਰ ਪਾਸੇ ਬ੍ਰਾਹਮਣ ਦੀ ਹੀ ਅਜਾਰੇਦਾਰੀ ਕਾਇਮ ਕੀਤੀ ਗਈ, ਜਿਸ ਨੇ ਵੱਡੀ ਪੱਧਰ ਤੇ ਸਮੁੱਚੀ ਮਨੁੱਖ਼ਤਾ ਪਸੂ ਜੀਵਨ ਤੋਂ ਵੀ ਭੈੜੀ ਜਿੰਦਗੀ ਜਿਉਣ ਲਈ ਮਜਬੂਰ ਕਰ ਦਿੱਤਾ। ਐਸੀਆਂ ਪ੍ਰਸਥਿਤੀਆਂ ਜੋ ਬਦਲਾਓ ਲਿਆਣ ਦਾ ਸਿਧਾਂਤ ਸਿਰਜਿਆ ਹੈ ਤਾਂ ਉਹ ਸਤਿਗੁਰੂ ਰਵਿਦਾਸ ਜੀ ਨੇ, ਜਿਨ੍ਹਾਂ ਸਖ਼ਤੀਸਾਲੀ ਮਹਾਂ-ਬਲੀ ਅਜਿੱਤ ਯੋਧੇ ਵਾਂਗ ਜਾਤ - ਪਾਤ ਨੂੰ ਮਿਟਾ ਕੇ ਹਿੰਦੂ ਧਰਮ/ਬ੍ਰਾਹਮਣਵਾਦੀ ਧਰਮ ਦੀ ਮਾਨਵਤਾ ਮਾਰੂ ਵਿਚਾਰਧਾਰਾ ਨੂੰ ਸਦਾ ਸਦਾ ਲਈ ਮਿਟਾ ਦਿੰਦੇ ਹਨ। ਜਿਨ੍ਹਾਂ ਨੇ ਮਹਾਂਬਲੀ ਯੋਧਾ ਨਿਆ ਪੂਰਨ ਕ੍ਰਾਂਤੀ ਸੱਚਾਈ ਅਤੇ ਆਦਿਵਾਸੀ / ਆਦਿ ਧਰਮੀ ਸਮਾਂ ਨੂੰ ਅਜੇਹਾ ਕਰਨ ਦਾ ਸੰਦੇਸ ਦਿੱਤਾ। ਇਸ ਹੁਕਮ ਦਾ ਅਧਾਰ ਹੈ ਭਾਈਚਾਰਕ , ਸਮਾਨਤਾ - ਮਾਨਵਤਾ ਲਈ ਨਿਆ, ਸਮਾਜਿਕ, ਰਾਜਨਿਤਕ ਅਤੇ ਆਰਥਿਕ ਬਰਾਬਰੀ। ਗੁਰੂ ਰਵਿਦਾਸ ਜੀ ਬ੍ਰਹਮ ਗਿਆਨ ਦੇ ਚਿੰਤਕ ਹੋਣ ਦੇ ਨਾਲ ਨਾਲ ਕ੍ਰਾਂਤੀ ਕਾਰੀ ਮਹਾਂਬਲੀ ਸੂਰਮੇ ਵੀ ਹਨ ਭਾਵ ਉਹ ਮਹਾਨ ਸੰਤ ਸਿਪਾਹੀ ਹਨ। ਗੁਰੂ ਸਾਹਿਬ ਆਪਣੇ ਹੋਦਾਂ ਦੀ ਰਾਖੀ ਲਈ ਮਰ ਮਿਟਣ ਵਾਲੇ ਮਹਾਂਬਲੀ, ਕ੍ਰਾਂਤੀਕਾਰੀ ਸੂਰਮਿਆਂ ਦੀ ਸਿਰਜਣਾ ਵੀ ਕਰਦੇ ਹਨ। ਸਤਿ ਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਮ ਮੁਖੀਰਾ ਬੇਗਮ ਪੁਰਾ ਸਹਰ ਸੋ ਪਾਉ।। ਆਦਿ ਇਲਾਹੀ ਬਾਣੀ ਦੇ ਆਧਾਰਤ ਹੀ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਜੀ ਨੇ ਚਾਲੀ ਸਾਲ ਲੰਬਾ ਸੰਘਰਸ ਕਰਦੇ ਵੇਦਾਂ ਪੁਰਾਣਾ ਉਪਨਿਸਦਾ ਸਿਮਰਤੀਆਂ ਦੀ ਵਿਚਾਰਧਾਰਾ ਨੂੰ ਰੱਦ ਕਰਕੇ ਇਕ



ਸਮਤਾ ਮੂਲਕ ਭਾਰਤੀ ਸੰਵਿਧਾਨ ਬਣਾ ਕੇ ਦਿੱਤਾ ਹੈ। ਬਾਬਾ ਸਾਹਿਬ ਜੀ ਦਾ ਵਿਚਾਰ ਸੀ ਕਿ ਰਾਜ ਸਤਾ ਪਾਵਰ ਭਾਵ ਰਾਜ ਸਤਾ ਦੀ ਕੁੰਜੀ ਇਕ ਉਹ ਤਾਖ਼ਤ ਹੈ ਜਿਸ ਨਾਲ ਮੁਸਕਲ ਤੋਂ ਮੁਸਕਲ ਤਾਲਾ ( ਸਮੱਸਿਆ ਦਾ ਹੱਲ ) ਖੋਲਿਆ ਜਾ ਸਕਦਾ ਹੈ। ਸੰਨ 1947 ਤੋਂ ਦੇਸ ਆਜਾਦ ਹੋਇਆ ਹੈ ਪਰ 1988 ਤੱਕ ਇਸ ਦੇਸ ਦੇ ਮੂਲ ਨਿਵਾਸੀ। ਆਦਿਵਾਸੀ/ਆਦਿ ਧਰਮੀ ਸਮਾਜ ਨੂੰ ਸਤਾ ਦੇ ਨੇੜੇ ਨਹੀਂ ਜਾਣਚ ਦਿੱਤਾ ਗਿਆ। ਬਾਬਾ ਸਾਹਿਬ ਡਾ ਅੰਬੇਡਕਰ ਜੀ ਨੇ ਆਦਿਵਾਸੀ ਭਾਰਤੀ ਲੋਕਾਂ ਨੂੰ ਸੰਦੇਸ ਦਿੱਤਾ ਕਿ ਮੈਂ ਜੋ ਕੁਝ ਵੀ ਤੁਹਾਡੇ ਲਈ ਕੀਤਾ ਹੈ, ਇਹ ਮੈਂ ਆਪਣੇ ਜੀਵਨ ਵਿਚ ਤਰ੍ਹਾਂ ਹੁਰਾਂ ਦੀਆਂ ਔਕੜਾ, ਆਫ਼ਤਾਂ ਅਤੇ ਮੁਸੀਬਤਾਂ ਨੂੰ ਲੱਝ ਕੇ ਕੀਤਾ ਹੈ ਅਤੇ ਮੈਨੂੰ ਆਪਣੇ ਵਿਰੋਧੀਆਂ ਨਾਲ ਲੜਾਈਆਂ ਲੜਨੀਆਂ ਪਈਆਂ ਹਨ। ਬੜੀ ਕਠਿਨਾਈ ਨਾਲ ਮੈਂ ਇਹ ਕਾਫਲਾ ਜਿਥੇ ਅੱਜ ਹੈ ਲਿਆ ਸਕਿਓ ਹਾਂ । ਚਾਹੇ ਕੁਝ ਵੀ ਹੋ ਜਾਣੇ ਔਕੜਾ ਦੇ ਬਾਵਜੂਦ ਇਹ ਕਾਫਲਾ ਅੱਗੇ ਤੋਂ ਅੱਗੇ ਵਧਣਾ ਚਾਹੀਦਾ ਹੈ। ਜੇਕਰ ਤੁਸੀ ਇਹ ਕਾਫਲੇ ਨੂੰ ਅੱਗੇ ਲਿਜਾ ਸਕੇ ਤਾਂ ਤੁਸੀਂ ਇਸ ਕਾਂਫਲੇ ਨੂੰ ਕਿਸੇ ਵੀ ਹਾਲਾਤ ਵਿਚ ਪਿੱਛੇ ਨਾ ਜਾਣ ਦਿਉ। ਜਦੋਂ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਜੀ ਦਾ ਉਪਰੋਕਤ ਸੰਦੇਸ ਸਾਹਿਬ ਕਾਂਸੀ ਰਾਮ ਜੀ ਤੱਕ ਪਹੁੰਚਿਆ ਤਾਂ ਉਹਨਾਂ ਸੋਚ ਵਿਚਾਰ ਕਰਨ ਤੋਂ ਬਾਅਦ ਆਪਣਾ ਪੂਰਾ ਜੀਵਨ ਹੀ ਆਦਿ ਵਾਸੀ ਬਹੁਜਨ ਸਮਾਜ ਦੇ ਲੇਖੇ ਲਾਉਣ ਦਾ ਪ੍ਰਣ ਕਰ ਲਿਆ। ਹੋਇਆ ਇੰਝ ਕਿ ਜਦੋਂ ਸਾਹਿਬ ਕਾਂਸੀ ਰਾਮ ਜੀ ਪੂਨਾਂ ਵਿਖੇ ਸੈਂਟਰਲ ਇੰਸਟੀਚਿਊਟ ਆਫ਼ ਮਿਲਟਰੀ ਐਕਸਪਲੋਸਿਵ ਵਿਚ ਨੌਕਰੀ ਕਰ ਰਹੇ ਸਨ। ਉਸ ਸਮੇਂ ਉੱਤੇ ਕੰਮ ਕਰ ਰਹੇ ਕਰਮਚਾਰੀਆਂ ਨੇ ਬੁੱਧ ਜੈਅੰਤੀ ਅਤੇ ਬਾਬਾ ਸਾਹਿਬ ਦੇ ਜਨਮ ਦਿਨ ਦੀ ਛੁੱਟੀ ਬੰਦ ਕਰਨ ਦੇ ਰੋਸ ਵਜੋਂ ਸੰਘਰਸ ਸ਼ੁਰੂ ਕੀਤਾ।

ਜਿਨ੍ਹਾਂ ਦੀ ਅਗਵਾਈ ਰਾਜਸਥਾਨ ਸੂਬੇ ਦੇ ਜੰਮਪਲ ਸੀ ਦੀਨਾ ਭਾਨਾ ਕਰ ਰਹੇ ਸਨ। ਜੋ ਕਿ ਬਾਬਾ ਸਾਹਿਬ ਅੰਬੇਡਕਰ ਜੀ ਦੇ ਜੀਵਨ ਅਤੇ ਸੰਘਰਸ ਤੋਂ ਪ੍ਰੇਰਿਤ ਸਨ । ਉਹ ਹੋਰਨਾਂ ਨੂੰ ਵੀ ਆਪਣੇ ਨਾਲ ਹੋ ਰਹੇ ਹਰ ਤਰ੍ਹਾਂ ਦੇ ਅਨਿਆ ਦੇ ਖਿਲਾਫ ਲੜਨ ਲਈ ਪ੍ਰੇਰਦੇ ਸਨ। ਇਸ ਸੰਘਰਸ ਦਾ ਨਤੀਜਾ ਇਹ ਹੋਇਆ ਸ੍ਰੀ ਦੀਨਾ ਭਾਨਾ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ। ਇਹ ਘਟਨਾ ਸਾਹਿਬ ਕਾਂਸੀ ਰਾਮ ਜੀ ਨੂੰ ਦੀਨਾ ਭਾਨਾ ਤੋਂ ਬਾਬਾ ਸਾਹਿਬ ਦੇ ਜੀਵਨ ਸੰਘਰਸ ਬਾਰੇ ਮੁੱਢਲੀ ਜਾਣਕਾਰੀ ਪ੍ਰਾਪਤ ਹੋਈ। ਫਿਰ ਉਹਨਾਂ ਬਾਬਾ ਸਾਹਿਬ ਦੀਆਂ ਲਿਖੀਆਂ ਪੁਸਤਕਾਂ ਦਾ ਅਧਿਐਨ ਕਰਨ ਵਾਸਤੇ ਲਿਆ ਦਿੱਤੀਆਂ। ਜਿਥੋਂ ਉਪਰੋਖ਼ਤ ਸੰਦੇਸ ਸਾਹਿਬ ਕਾਂਸੀ ਰਾਮ ਜੀ ਤੱਕ ਪਹੁੰਚਾਇਆ ਜਿਸ ਨੇ ਉਹਨਾ ਦੇ ਮਨ ਵਿਚ ਇਕ ਤੜਪ ਪੈਦਾ ਕਰ ਦਿੱਤੀ ਅਤੇ ਆਪਣੇ ਆਫ਼ ਪ੍ਰਤੀ ਵੀ ਰੋਸ ਜਿਹਾ ਹੋਣ ਲੱਗਾ। ਨਤੀਜਾ ਉਹਨਾਂ ਨੇ ਬਾਬਾ ਸਾਹਿਬ ਦੇ ਸਮਾਜਿਕ ਵਿਵਸਥਾ ਪਰਿਵਰਤਨ ਦੇ ਮਿਸ਼ਨ ਖਾਤਰ ਸਾਰਾ ਜੀਵਨ ਹੀ ਅਰਪਣ ਕਰਨ ਦਾ ਵੱਡਾ ਫੈਸਲਾ ਕਰ ਲਿਆ। ਜਿਸ ਉਪਰੰਤ ਸਾਹਿਬ ਕਾਂਸੀ ਰਾਮ ਜੀ ਨੇ ਆਪਣੀ ਨੌਕਰੀ ਤੋਂ ਅਸਤੀਫਾ ਦੇ ਦਿੱਤਾ ਅਤੇ 24 ਪੰਨਿਆ ਦਾ ਇਕ ਪੱਤਰ ਆਪਣੇ ਮਾਤਾ ਪਿਤਾ ਵੱਲ ਲਿਖ ਭੇਜਿਆ। ਜਿਸ ਵਿਚ ਸਖ਼ਤ ਪ੍ਰਣ ਕੀਤੇ ਹੋਏ ਸਨ ਕਿ ਅੱਜ ਤੋਂ ਬਾਅਦ ਕਦੀ ਵੀ ਘਰ ਨਹੀਂ ਆਂਵਗਾ। ਮੇਰਾ ਘਰ ਹੈ। ਮੈਂ ਸਾਰੀ ਉਮਰ ਵਿਆਹ ਨਹੀਂ ਕਰਵਾਂਵਾਗਾ। ਮੈਂ ਅੱਜ ਤੋਂ ਬਾਅਦ ਸਾਰਾ ਜੀਵਨ ਹੀ ਸਮਾਜ ਦੇ ਲੇਖੇ ਲਾਵਾਂਗਾ। ਮੈਂ ਪਰਿਵਾਰ ਦੇ ਕਿਸੇ ਵੀ ਖੁਸ਼ੀ ਗਮੀ ਦੇ ਸਮਾਗਮ ਵਿਚ ਸਾਮਲ ਨਹੀਂ ਹੋਵਾਂਗਾ। ਮੈਂ ਅੱਜ ਤੋਂ ਬਾਅਦ ਸਾਰੇ ਰਿਸਤਿਆਂ ਤੋਂ ਮੁਖ਼ਤ ਹੁੰਦਾ ਹਾਂ। ਮੈਂ ਖ਼ਿਤੇ ਵੀ ਹੋਰ ਨੌਕਰੀ ਨਹੀਂ ਕਰਾਗਾਂ। ਮੈਂ ਆਪਣੀ ਜਿੰਦਗੀ ਦਾ ਸਾਰਾ ਸਮਾਂ ਸਮਾਜਿਕ ਪਰਿਵਰਤਨ ਅਤੇ ਆਰਥਿਕ ਮੁੱਦਤੀ ਦੇ ਉਦੇਸ਼ ਨੂੰ ਪੂਰਾ ਕਰਨ ਲਈ ਲਗਾ ਦਿਆਂਗੇ। ਸਾਹਿਬ ਕਾਂਸੀ ਰਾਮ ਜੀ ਦੇ ਬਾਬਾ ਸਾਹਿਬ ਦਾ ਸਾਹਿੱਥ ਪੜਦਿਆਂ ਸਮਝ ਲਿਆ ਸੀ ਕਿ ਜਿਉਂਦੇ ਰਹਿਣਾ ਹੀ ਕੋਮੀ ਵਿਸੇਸਤਾ ਨਹੀਂ ਹੁੰਦੀ । ਵਿਸੇਸ ਗੱਲ ਜਿਉਂਦੇ ਰਹਿਣ ਦੇ ਪੱਧਰ ਦੀ ਹੈ। ਕੋਈ ਬਹਾਦਰ ਬਣ ਕੇ ਜਿਉਂਦੇ ਰਹਿਣ ਵਿਚ ਫਖਰ ਕਰਦੇ ਹਨ। ਉਹ ਜਾਣ ਗਏ ਸਨ ਕਿ ਸਾਨੂੰ ਆਖਰੀ ਗੁਲਾਮੀ ਆਫ਼ ਹੀ ਖ਼ਤਮ ਕਰਨੀ ਪੈਂਦੀ ਹੈ। ਇਸ ਨੂੰ ਖ਼ਤਮ ਕਰਨ ਲਈ ਕਿਸੇ ਰੱਬ ਜਾਂ ਦੇਵ ਪੁਰਸ ਕੇ ਨਹੀਂ ਆਉਂਦਾ। ਜੇ ਅਸੀਂ ਸਹੀ ਮਨੁੱਖੀ ਜੀਵਨ ਜਿਉਂਦਾ ਚਾਹੁੰਦੇ ਹਾਂ ਹਾਂ ਸਾਨੂੰ ਆਪਣੇ ਪੈਰਾਂ ਤੇ ਮੱਝੋਟਾ ਪਵੇਗਾ। ਮੰਗਣ ਜਾ ਤਰਸਮਈ ਅਪੀਲਾਂ ਕਰਨ ਨਾਲ ਅਧਿਕਾਰ ਪ੍ਰਾਪਤ ਨਹੀਂ ਕੀਤੇ ਜਾ ਸਕਦੇ ਇਹ ਸੰਘਰਸ ਨਾਲ ਹੀ ਪ੍ਰਾਪਤ ਕੀਤੇ ਜਾ ਸਕਦੇ ਹਨ। ਪ੍ਰੰਤੂ ਪ੍ਰਾਪਤੀ ਦੀ ਕੀਮਤ ਅਦਾ ਕਰਨੀ ਪੈਂਦੀ ਹੈ। ਜਿਹੜੇ ਕਰਦੇ ਹਨ, ਉਹ ਸਭ ਕੁਝ ਪ੍ਰਾਪਤ ਕਰ ਹੀ ਲੈਂਦੇ ਹਨ। ਸਾਨੂੰ ਆਪਣੇ ਮਾਨਵੀ ਫਰਜਾਂ ਦੀ ਪੂਰਤੀ ਕਰਦੇ ਰਹਿਣਾ ਚਾਹੀਦਾ ਹੈ। ਸਫਲਤਾ ਹੋਵੇ ਚਾਹੇ ਨਾ ਪਰ ਕੰਮ ਵਿਚ ਜੁਟੇ ਰਹਿਣਾ ਚਾਹੀਦਾ ਹੈ। ਜਦ ਇਹ ਸਾਬਤ ਹੋ ਜਾਵੇਗਾ ਕਿ ਸਾਡੇ ਉਦੇਸ਼ ਚੰਗੇ ਹਨ ਅਤੇ ਸੱਚਾਈ ਨਾਲ ਲੋਕ ਭਲਾਈ ਦਾ ਕੰਮ ਕਰ ਰਹੇ ਹਾਂ। ਤਦ ਵਿਰੋਧੀ ਵੀ ਸਾਡੇ ਸਮਰਥਕ ਬਣ ਜਾਣਗੇ ਅਤੇ ਪ੍ਰਸੰਸਾ ਤੇ ਸਤਿਕਾਰ ਕਰਨਗੇ। ਬਾਬਾ ਸਾਹਿਬ ਦੀਆਂ ਇਹਨਾਂ ਸਿਖਿਆਵਾਂ ਤੇ ਚੱਲ ਦਿਆਂ ਸਾਹਿਬ ਕਾਂਸੀ ਰਾਮ ਨੇ ਕਦੇ ਪਿਛੇ ਮੁੜ ਕੇ ਨਹੀਂ ਦੇਖਿਆ।ਉਹ ਕਿਹਾ ਕਰਦੇ ਸਨ, ਜਿਨ੍ਹਾਂ ਸਮਾਂ ਅਸੀਂ ਦੂਜਿਆਂ ਦੀਆਂ ਕਮੀਆਂ ਗਿਣਨ ਵਿਚ ਲਗਾਉਂਦੇ ਹਾਂ, ਜੇਕਰ ਉਹੀ ਸਮਾਂ ਆਪਣੀਆਂ ਕਮੀਆਂ ਸਧਾਰਨ ਵਿਚ ਲਗਾ ਦਈਏ ਤਾਂ ਬਹੁਤ ਜਲਦੀ ਤਰੱਕੀ ਕਰ ਲਵਾਂਗੇ। ਉਹ ਮੌਸਮ ਅਤੇ ਪ੍ਰਸਥਿਤੀਆਂ ਦੀ ਪ੍ਰਵਾਹ ਕੀਤੇ ਬਿਨਾਂ ਲਗਾਤਾਰ ਸੰਘਰਸ ਦੇ ਰਾਹ ਤੁਰਦੇ ਰਹੇ। ਬਾਬਾ ਸਾਹਿਬ ਜੀ ਦੇ ਨਿਰਮਾਣ ਦਿਵਸ 6 ਦਸੰਬਰ 1978 ਨੂੰ ਬਕਾਇਦਾ ਬਾਮਸੇਫ ਨਾ ਦਾ ਸੰਗਠਨ ਕਾਇਮ ਕੀਤਾ । ਭਾਵੇਂ ਇਸ ਦੀ ਨੀਂਹ 1964 ਵਿਚ ਰੱਖ ਦਿੱਤੀ ਸੀ। ਥਾਮਸੇਫ (ਦੀ ਆਲ ਇੰਡੀਆ ਬੈਕਵਰਡ ਐਂਡ ਮਾਇਨਰੀਜ ਕਮਿਊਨੀਟੀਜ ਐਂਪਲਾਈਜ ਫੈਡਰੇਸਨ) ਦਾ ਮਕਸਦ ਬਹੁਜਨ ਆਦਿ ਵਾਸੀ ਸਮਾਜ ਦੇ ਮੁਲਾਜ਼ਮਾਂ ਨੂੰ ਜਥੇਬੰਦ ਕਰਦੇ ਜਿੱਥੇ ਮੰਗਾਂ ਅਤੇ ਅਧਿਕਾਰਾਂ ਪ੍ਰਤੀ ਸੁਚੇਤ ਕਰਨਾ ਸੀ। ਉਥੇ ਨਾਲ ਦੀ ਨਾਲ ਦਲ ਸਮਾਜਿਕ ਪਰਿਵਰਤਨ ਦੇ ਮਿਸ਼ਨ ਪ੍ਰਤੀ ਵੀ ਤਿਆਰ ਕਰਨ ਸੀ। ਉਹਨਾਂ ਨੂੰ ਇਸ ਗੱਲ ਦਾ ਅਹਿਸਾਸ ਕਰਵਾਇਆ ਜਾਂਦਾ ਸੀ ਕਿ ਭਾਂਵੇ ਤੁਸੀਂ ਬਹੁਤ ਵੱਡੇ ਸਰਕਾਰੀ ਰੁਤਬੇ ਹਾਸਲ ਕਰ ਲਏ ਹਨ ਪਰ ਜੇਕਰ ਤੁਹਾਡੇ ਸਮਾਜ ਦਾ ਸਨਮਾਨ ਨਹੀਂ, ਤਾਂ ਤੁਹਾਡਾ ਵੀ ਸਨਮਾਨ ਨਹੀਂ ਹੋਣਗੇ। ਸਮਾਜ ਦੇ ਸਨਮਾਨ ਵਾਸਤੇ ਸਮਾਂ ਦਿਮਾਗ ਅਤੇ ਪੈਸਾ ਖਰਚਣਾ ਹੋਵੇਗਾ। ਇੰਝ ਦੋਵੇਂ ਕੁਚਲੇ ਸਮਾਜ ਲਈ ਦਿਖਾਉਣ ਵਾਲਾ ਦਿਸ਼ਾ ਕੇਂਦਰ ਪੈਦਾ ਅਤੇ ਸਾਧਨ ਪੈਦਾ ਕਰਕੇ ਪ੍ਰਧਾਨ ਕਰਨ ਦਾ ਕਾਰਜ ਕੀਤਾ ਜਾ ਰਿਹਾ ਸੀ। ਇਸ ਤੋਂ ਤਿੰਨ ਸਾਲ ਬਾਅਦ ਬਾਮਸੇਫ ਦੇ ਆਧਾਰ ਉੱਤੇ ਦਲਿਤ ਸ਼ੋਸ਼ਿਤ ਸਮਾਜ ਸੰਘਰਸ ਸੰਮਤੀ (ਡੀਐਸ ਫੋਰ) ਦਾ ਗਠਨ 6 ਦਸੰਬਰ 1981 ਨੂੰ ਕੀਤਾ ਗਿਆ ਇਸ ਦਾ ਮਕਸਦ ਮੁਲਾਜ਼ਮਾਂ ਤੋਂ ਇਲਾਵਾ ਦੂਜੇ ਵਰਗਾਂ ਨੂੰ ਚੇਤਨ ਕਰਕੇ ਸੰਘਰਸ ਦੇ ਰਾਹ ਤੋਰਨਾ ਸੀ। ਇਸ ਦੇ ਮਾਧਿਅਮ ਤੋਂ ਕਈ ਤਰਾਂ ਦੇ ਅੰਦੋਲਨ ਕੀਤੇ ਗਏ ਡੀਐਸ ਫੋਰ ਬਹੁਜਨ ਸਮਾਜ ਦੀ ਰੀੜ੍ਹ ਦੀ ਹੱਡੀ ਮੰਨਿਆ ਕਰਦੇ ਸਨ ਸਾਹਿਬ ਕਾਂਸੀ ਰਾਮ ਜੀ। ਇਹੀ ਸੰਘਰਸ ਦਾ ਮੇਨ ਧੁਰਾ ਹੈ ਜਿਸ ਪਹਿਲਾ ਨਾਅਰਾ ਸੀ- ਡੀ ਐਸ ਫੋਰ ਦਾ ਨਾਅਰਾ ਹੈ - ਭਾਰਤ ਦੇਸ ਹਮਾਰਾ ਇਸ ਤੋਂ ਅੱਗੇ ਐਸਾ ਨਾਅਰ ਦਿਤੇ ਜਿਹਨਾਂ ਨੇ ਸਾਹਿਬ ਕਾਂਸੀ ਰਾਮ ਜੀ ਦੇ ਸੰਘਰਸ ਨੂੰ ਪੂਰਾ ਬਲ ਦਿੱਤਾ ਜਾਤ ਤੋੜੋ ਸਮਾਜ ਜੋੜੋ ਜੋ ਜਮੀਨ ਸਰਕਾਰੀ ਹੈ- ਵੋਹ ਜਮੀਨ ਹਮਾਰੀ ਹੈ। ਡੀ-ਐਸ ਫੋਰ ਦੀ ਕੀ ਪਹਿਚਾਨ ਨੀਲਾ ਝੰਡਾ ਹਾਥੀ ਨਿਸਾਨ। ਰੋਜੀ ਰੋਟੀ ਦੇ ਨਾ ਸਕ ਜੋ ਵੋਹ ਸਰਕਾਰ ਨਿਕੰਮੀ ਹੈ। ਜੋ ਸਰਕਾਰ ਨਿਕੱਮੀ ਹੈ ਉਹ ਸਰਕਾਰ ਬਦਲਣੀ ਹੈ। ਬਾਬਾ ਸਾਹਿਬ ਕਾ ਦੂਜਾ ਨਾਮ ਕਾਂਸੀ ਰਾਮ, ਕਾਂਸੀ ਰਾਮ। ਸਾਹਿਬ ਕਾਂਸੀ ਰਾਮ ਜੀ ਨੇ ਪਹਿਲੀ ਜਨਵਰੀ 1983 ਨੂੰ ਬੰਗਾ ਵਿਖੇ ਇਕ ਜਾਤੀ ਕਲਾਂ ਕੇਂਦਰ ਦੀ ਸਥਾਪਨਾ ਕੀਤੀ ਜੋ ਨਜਦੀਕ ਪਟਰੋਲ ਪੌਪ ਫਗਵਾੜਾ ਰੋਡ ਬੰਗਾ ਨੂੰ ਮੁੱਖ ਦਫ਼ਤਰ ਬਣਾਇਆ ਗਿਆ। ਜਿਸ ਦੇ ਇੰਚਾਰਜ ਸ੍ਰੀ ਕੇਵਲ ਸਾਂਵਰਾ ਜੀ ਬਾਹੜੋਵਾਲ ਬਣਾਏ ਗਏ। ਪਰ ਉਹ ਸਰਕ-ਾਰੀ ਨੌਕਰੀ ਤੇ ਹੋਣ ਕਾਰਨ (ਸੀ ਜੌਹਰੀ) ਲੇਖਕ ਨੂੰ ਸਾਰਾ ਕਾਜ ਸੰਭਾਲ ਦਿੱਤਾ ਗਿਆ। ਇਸ ਕੇਂਦਰ ਨੇ ਕਵੀ ਨਾਟਕ ਮੰਡਲੀਆਂ ਤਿਆਰ ਕੀਤੀਆਂ ਜਿਨ੍ਹਾਂ ਦੇ ਨਾਮ ਬੀਸਲਾ ਮੰਡਲੀ , ਕਰੀਹਾ ਮੰਡਲੀ, ਅਮਰਗੜ੍ਹ (ਭੰਗਲਾਂ) ਮੰਡਲੀ, ਗੜਪੁੜ ਮੰਡਲੀ, ਚੱਕ ਗੁਰੂ ਮੰਡਲੀ, ਵਣਕੋਆ ਮੰਡਲੀ, ਗੜ੍ਹਸੰਕਰ ਮੰਡਲੀ ਭੰਗਾਲਾ ਮੰਡਲੀ, ਮਹਿਲ ਇਹਨਾਂ ਮੰਡਲੀਆਂ ਵਲੋਂ ਰੂਹ ਸਮਾਜਿਕ ਜਾਗ੍ਰਿਤੀ ਵਾਲੇ ਨਾਟਕ ਪਿੰਡ ਪਿੰਡ ਜਾ ਕੇ ਖੇਡੇ ਗਏ। ਸਭ ਤੋਂ ਵੱਧ ਜੋ ਨਾਟਕ ਪੰਜਾਬ ਦੇ ਹਰ ਕੋਨੇ 'ਚ ਖੇਡਿਆ ਗਿਆ ਜਿਸ ਨੇ ਡੀ ਐੱਸ ਫੋਰ ਅਤੇ ਬਹੁਜਨ ਸਮਾਜ ਪਾਰਟੀ ਨੂੰ ਮਜਬੂਤ ਬਣਾਉਣ ਲਈ ਮੁੱਖ ਭੂਮਿਕਾ ਨਿਭਾਈ, ਜਿਸਦੇ ਲੇਖਕ ਤੇ ਨਿਰਦੇਸਕ ਜੋਗਿੰਦਰ ਪਾਲ ਜੌਹਰੀ ਸੱਚੀ ਵਾਪਰੀ ਘਟਨਾ ਦੇ ਆਧਾਰ 'ਨਵਾਂ ਚਰਾਗ ਨਵੀਂ ਰੌਸਨੀ' ਲਿਖਿਆ ਇਸ ਤੋਂ ਇਲਾਵਾ ਬਦਲਦੀ ਹਵਾ, ਬਗਾਵਤ ਜਾਰੀ ਹੈ, ਪਹਿਲਾ ਭਗਤ ਸਿੰਘ, ਮੁਰਦੀਆ, ਸੱਚ ਦੀ ਲੋਆ ਆਦਿ ਨੇ ਗੀਤ-ਸੰਗੀਤ ਆਦਿ ਰਾਹੀਂ ਜਾਗ੍ਰਿਤੀ ਮੁਹਿੰਮ ਨੂੰ ਚਲਾਇਆ ਗਿਆ। ਪਿੰਡ ਪੱਧਰ ਤੇ ਯੂਨਿਟ ਸਥਾਪਿਤ ਕੀਤੇ। ਫਿਰ ਡੀ ਐੱਸ ਫੋਰ ਦੁਆਰਾ ਕੀਤੀਆਂ ਸਾਇਕਲ ਰੈਲੀਆਂ ਨੇ ਸਾਹਿਬ ਕਾਂਸੀ ਰਾਮ ਜੀ ਦੇ ਸਮਾਜਿਕ ਪਰਿਵਰਤਨ ਅਤੇ ਆਰਥਿਕ ਮੁਖ਼ਤੀ ਅੰਦੋਲਨ ਨੂੰ ਵੱਡਾ ਹੁਲਾਰਾ ਪ੍ਰਦਾਨ ਕੀਤਾ। ਚਾਰ ਵੱਡੀਆਂ ਸਾਇਕਲ ਰੈਲੀਆਂ ਦੇਸ ਦੇ ਚਾਰੇ ਕੋਨਿਆਂ ਤੋਂ 6 ਦਸੰਬਰ 1982 ਨੂੰ ਸ਼ੁਰੂ ਕੀਤੀਆਂ ਗਈਆਂ। ਜੋ ਕਿ ਕੰਨਿਆ ਕੁਮਾਰੀ (ਦੱਖਣ) ਕੋਹਿਮਾਂ (ਉੱਤਰ) ਪੋਰ ਬੰਦਰ (ਪੱਛਮ) ਪੁਰੀ (ਪੂਰਬ ਤੋਂ ਚੱਲ ਕੇ ਸੌ ਦਿਨਾਂ ਦਾ ਮਾਰਚ ਕਰੀਏਆਂ ਦਿੱਲੀ ਵਿਖੇ ਲਗਭਗ ਤਿੰਨ ਲੱਖ ਸਾਇਕਲ ਯਾਤਰੀਆਂ ਦੀ ਗਿਣਤੀ ਵਿਚ ਪਹੁੰਚੀਆਂ। ਅਜਿਹੀ ਪ੍ਰਚਾਰ ਮੁਹਿੰਮ ਦੇ ਚਲਦਿਆਂ ਲੋਕਾਂ ਤੋਂ ਭੀਮ ਰਾਓ ਅੰਬੇਡਕਰ ਜੀ ਦੀ ਵਿਚਾਰਧਾਰਾ ਜਾਤ ਤੋੜੋ-ਸਮਾਜ ਜੋੜੋ ਨੂੰ ਭਰਪੂਰ ਹੁੰਗਾਰਾ ਮਿਲਣ ਲੱਗ ਪਿਆ। ਸਾਹਿਬ ਕਾਂਸੀ ਰਾਮ ਨੇ ਸਮੇਂ ਦੀ ਨਜਬ ਪਛਾਣਦੇ ਹੋਏ, ਬਾਬਾ ਸਾਹਿਬ ਜੀ ਦੇ ਜਨਮ ਦਿਨ ਤੇ 14 ਅਪ੍ਰੈਲ 1984 ਨੂੰ ਦਿੱਲੀ ਵਿਖੇ ਰਜਾਨੀਤਕ ਬਹੁਜਨ ਸਮਾਜ ਪਾਰਟੀ ਦੇ ਗਠਨ ਦਾ ਐਲਾਨ ਕਰ ਦਿੱਤਾ। ਬਸਪਾ ਦੇ ਬਣਨ ਤੋਂ ਬਾਅਦ ਸਾਹਿਬ ਕਾਂਸੀ ਰਾਮ ਜੀ ਦੀ ਮਿਹਨਤ ਅਤੇ ਵਰਕਰਾਂ ਦੇ ਸਹਿਯੋਗ ਸਦਕਾ ਲਹਿਰ ਦਾ ਖੇਤਰ ਲਗਾਤਾਰ ਵਧਦਾ ਗਿਆ। ਸਾਹਿਬ ਕਾਂਸੀ ਰਾਮ ਜੀ ਕਿਹਾ ਕਰਦੇ ਕਿ ਬਸਪਾ ਪਾਰਟੀ ਬਾਅਦ ਵਿਚ ਹੈ, ਬਹੁਜਨ ਮਿਸ਼ਨ ਪਹਿਲਾ ਹੈ। ਬਸਪਾ ਸੰਘਰਸ ਦਾ ਦੂਜਾ ਨਾਮ ਹੈ, ਜੋ ਡਾ ਅੰਬੇਡਕਰ ਮਿਸ਼ਨ ਦੀ ਪਛਾਣ ਹੈ। ਬਾਬਾ ਸਾਹਿਬ ਅੰਬੇਡਕਰ ਜੀ ਦੀ ਵਿਚਾਰਧਾਰਾ ਤੇ ਅਮਲ ਕਰੀਏਆਂ ਦਿਸ਼ਾ ਨਿਰਦੇਸਾਂ ਤੇ ਚੱਲਣ ਦਾ ਨਤੀਜਾ ਹੀ ਹੈ ਕਿ ਸਾਹਿਬ ਕਾਂਸੀ ਰਾਮ ਜੀ 12 ਸਾਲ ਬਾਅਦ ਅਪ੍ਰੈਲ 1996 ਵਿਚ ਬਸਪਾ ਨੂੰ ਦੇਸ ਦੀ ਨੈਸਨਲ ਪਾਰਟੀ ਬਣਾਉਣ ਵਿਚ ਕਾਮਯਾਬ ਹੋਵੇ। ਉਹ ਕਿਹਾ ਕਰਦੇ ਸਨ ਕਿ ਬਹੁਜਨ ਸਮਾਜ ਪਾਰਟੀ ਰਾਜਨੀਤੀ ਕਰਨ ਵਾਸਤੇ ਨਹੀਂ ਬਣਾਈ, ਸਗੋਂ ਬਹੁਜਨ ਸਮਾਜ ਦੇ ਲੋਕਾਂ ਨੂੰ ਦੇਸ ਦੇ ਸਾਸਨ ਬਣਾਉਣ ਲਈ ਗਠਨ ਕੀਤੀ ਗਈ ਹੈ। ਬਾਬਾ ਸਾਹਿਬ ਦਾ ਖ਼ਤਨ ਹੈ ਕਿ ' ਰਾਜਨੀਤਿਕ ਸੱਤਾ ਉਹ ਚਾਬੀ ਹੈ। ਜਿਸ ਨਾਲ ਤੁਸੀਂ ਆਪਣੀ ਤਰੱਕੀ ਦੇ ਸਾਰੇ ਰਸਤੇ ਖੋਲ੍ਹ ਸਕਦੇ ਹੋ? ਪ੍ਰੰਤੂ ਇਸ ਤੋਂ ਪਹਿਲਾਂ ਸਮਾਜਿਕ ਅਤੇ ਆਰਥਿਕ ਕ੍ਰਾਂਤੀ ਦਾ ਹੋਣਾ ਬਹੁਤ ਜਰੂਰੀ ਹੈ। ਨਹੀਂ ਤਾਂ ਰਾਜਨੀਤਕ ਕ੍ਰਾਂਤੀ ਅਰਥਹੀਣ ਹੋ ਜਾਵੇਗੀ। ਇਸ ਅੰਬੇਡਕਾਰੀ ਵਿਚਾਰਾਂ ਤੇ ਪਹਿਰਾ ਦਿੰਦੇ ਹੋਏ ਸਾਹਿਬ ਕਾਂਸੀ ਜੀ ਨੇ 6 ਹਜ਼ਾਰ ਜਾਤਾਂ ਵਿਚ ਵੰਡੇ ਹੋਏ ਸਮਾਜ ਦੇ ਲੋਕਾਂ ਨੂੰ ਇਕ ਝੰਡੇ ਥੱਲੇ ਇਕੱਠੇ ਕਰਨ ਦੇ ਕਾਰਜ ਨੂੰ ਕਰੀਏਆਂ 500 ਤੋਂ ਵੱਧ ਜਾਤਾਂ ਨੂੰ ਇਕਮੁੱਠ ਕਰਨ ਦਾ ਟੀਚਾ ਤੈਅ ਕਰ ਲਿਆ। ਉਹ ਅੰਬੇਡਕਰੀ ਕਾਫਲੇ ਨੂੰ ਅੱਗੇ ਤੋਰਨ ਵਿਚ ਸਫਲ ਰਹੇ। ਸਾਹਿਬ ਕਾਂਸੀ ਰਾਮ ਜੀ ਨੇ ਕਿਹਾ ਮੈਂ ਇਕੱਲਾ ਹੀ ਚੱਲਿਆ ਸੀ ਲੋਕ ਮਿਲਦੇ ਗਏ ਤੇ ਕਾਫਲਾ ਬਣਦਾ ਗਿਆ। ਇਸ ਕਾਫਲੇ ਨੂੰ ਮੈਂ ਨਾ ਟਿਕਣ ਵਾਲਾ ਬਣਾਉਣਾ ਚਾਹੁੰਦਾ ਹਾਂ ਨਾ ਵਿਕਣ ਵਾਲੇ ਕਾਫਲੇ' 'ਚੋਂ ਨਾ ਵਿਕਟ ਵਾਲੇ ਨੇਤਾ ਪੈਦਾ ਕਰਨੇ ਹਨ। ਫਿਰ ਦੁਨੀਆਂ ਦੀ ਕੋਈ ਤਾਖ਼ਤ ਨਹੀਂ ਹੈ ਜੋ ਇਸ ਕਾਫਲੇ ਨੂੰ ਬਿਖੇੜ ਸਕੇ। ਜਿਸ ਹੱਦ ਤੇ ਬਾਬਾ ਸਾਹਿਬ ਬਹੁਜਨ ਆਦਿਵਾਸੀ ਸਮਾਜ ਦਾ ਕਾਰਵਾ ਛੱਡ ਕੇ ਗਏ ਸਨ । ਉਹ ਬਿਨਾ ਸੱਕ ਉਸ ਤੋਂ ਕਈ ਕਦਮ ਅੱਗੇ ਵੱਲ ਲੈ ਜਾਣ ਵਿਚ ਕਾਮਯਾਬ ਹੋਵੇ ।

ਇਹ ਸਾਹਿਬ ਕਾਂਸੀ ਰਾਮ ਜੀ ਦੇ ਸਮੁੱਚੇ ਜੀਵਨ ਸੰਘਰਸ, ਕੁਰਬਾਨੀ, ਦ੍ਰਿੜਤਾ, ਆਤਮ ਵਿਸ਼ਵਾਸ, ਬਹੁਜਨ ਪ੍ਰਤੀ ਤੜਪ, ਬਾਬਾ ਸਾਹਿਬ ਪ੍ਰਤੀ ਸੱਚੀ ਸਰਧਾ ਦਾ ਸਿੱਟਾ ਹੈ। ਜਿਸ ਸਦਕਾ ਉਹ ਬਹੁਜਨ ਆਦਿਵਾਸੀ ਸਮਾਜ ਦਾ ਮਾਣ ਬਣੇ ਹਨ। ਡਾ ਅੰਬੇਡਕਰ ਜੀ ਦੇ ਰਾਹ ਦੇ ਪਾਂਧੀ ਹੀ ਨਹੀਂ ਸਗੋਂ ਬਹੁਜਨ ਸਮਾਜ ਅਗਲੇ ਪੜਾਅ ਹੱਦ ਲੈ ਕੇ ਜਾਣ ਵਾਲੇ ਹੱਦ ਤੋਂ ਪਾਰ ਦੇ ਨਾਇਕ ਬਣ ਗਏ ਹਨ, ਸਚਮੁੱਚ ਹੀ ਯੁੱਗ ਪੁਰਸ ਬਹੁਜਨ ਨਾਇਕ ਕਿੰਗ ਮੇਕਰ ਭਾਰਤ ਰਤਨ 9 ਅਖ਼ਤੂਬਰ 2006 ਬਣ ਚਲੇ ਗਏ। ਜੋ ਕਿਹਾ ਕਰਦੇ ਸਨ ਇਹ ਕਾਫਲਾ 108 ਸਾਲ ਬਾਅਦ ਸੰਗਠਨ ਹੋਇਆ ਇਸ ਕਾਫਲੇ 'ਚ ਕਈ ਸਵਾਰਥੀ ਸੋਹਰਤ ਦੇ ਭੁੱਖੇ ਆਉਂਦੇ ਜਾਂਦੇ ਰਹਿਣਗੇ, ਪਰ ਇਸ। ਕਾਫਲੇ ਨੂੰ ਮੰਜਲ ਤੱਕ ਪਹੁੰਚਣ ਤੋਂ ਦੁਨੀਆਂ ਦੀ। ਕੋਈ ਤਾਖ਼ਤ ਨਹੀਂ ਜੋ ਰੋਕ ਸਕੇ, ਕਾਂਸੀ ਰਾਮ ਨੇ ਐਸਾ ਪ੍ਰਬੰਧ ਕਰ ਦਿੱਤਾ ਹੈ।

# ਬਹੁਜਨ ਸਮਾਜ ਪਾਰਟੀ ਬਣਾਉਣ ਦੀ ਲੋੜ ਕਿਉਂ ਪਈ ?

ਚਰਨਜੀਤ ਸੱਲ੍ਹਾਂ ( 81460-91035), ਇੰਦਰਜੀਤ ਅਟਾਰੀ ( 94634-82145)

ਬਹੁਜਨ ਸਮਾਜ ਪਾਰਟੀ ਬਣਾਉਣ ਦੀ ਲੋੜ ਕਿਉਂ ਪਈ ਅਤੇ ਇਹ ਕਿਨ੍ਹਾਂ ਦੀ ਪਾਰਟੀ ਹੈ। ਕਾਂਗਰਸ ਪਾਰਟੀ ਬਹੁਤ ਹੀ ਪੁਰਾਣੀ ਹੈ। ਜਿਸ ਦੇ ਵਿਰੋਧ ਵਿਚ ਆਰ ਪੀ ਆਈ ਨੇ ਕੰਮ ਕੀਤਾ ਪਰ ਬਾਅਦ ਵਿਚ ਉਸ ਪਾਰਟੀ ਦੇ ਕਈ ਨੇਤਾ ਦਾ ਖੁਦ ਕਾਂਗਰਸੀ ਬਣ ਗਏ। ਦਲਿਤਾਂ ਦਾ ਜਆਿਦਾਤਰ ਸਮਰਥਨ ਪਾਉਣ ਵਾਲੀ ਕਾਂਗਰਸ ਪਾਰਟੀ ਹੈ। ਜਿਸ ਦੇ ਵਿਰੋਧ ਵਿਚ ਆਰ ਪੀ ਆਈ ਨੇ ਕੰਮ ਕੀਤਾ ਪਰ ਬਾਅਦ ਵਿਚ ਉਸ ਪਾਰੀ ਦੇ ਕਈ ਨੇਤਾ ਦਾ ਖੁਦ ਕਾਂਗਰਸੀ ਬਣ ਗਏ। ਪਰ ਕਾਂਗਰਸ ਪਾਰਟੀ ਮਨੂੰਵਾਦ ਦੀ ਏ ਟੀਮ ਹੈ। ਜਿਸ ਦੇ ਵਿਰੋਧ ਵਿਚ ਬਹੁਜਨ ਸਮਾਜ ਪਾਰਟੀ ਦਾ ਜਨਮ ਹੋਇਆ ਕਿਉਂਕਿ ਬਹੁਜਨ ਸਮਾਜ ਪਾਰਟੀ ਦੇ ਸੰਸਥਾਪਕ ਸਾਹਿਬ ਸ੍ਰੀ ਕਾਂਸੀ ਰਾਮ ਜੀ ਨੇ ਬਾਬਾ ਸਾਹਿਬ ਡਾ ਅੰਬੇਦਕਰ ਜੀ ਦੀ ਖ਼ਿਤਾਬ ਨੂੰ ਆਫ਼ ਤਿੰਨ ਚਾਰ ਵਾਰ ਪੜ੍ਹਿਆ ਉਸ ਖ਼ਿਤਾਬ ਦਾ ਨਾਂ ਜਾਤ ਪਾਤ ਦਾ ਬੀਜ ਨਾਸ ਸੀ। ਉਸ ਵੇਲੇ, ਉਸ ਦਿਨ ਤੋਂ ਹੀ ਸਾਹਿਬ ਦੇ ਦਿਮਾਗ ਵਿਚ ਬਹੁਜਨ ਸਮਾਜ ਨੂੰ ਅੱਗੇ ਲਿਆਉਣ ਲਈ ਤੂਫਾਨ ਠਾਠਾਂ ਮਾਰਨ ਲੱਗਾ। ਬਾਅਦ ਵਿਚ ਉਨ੍ਹਾਂ ਨੇ ਬਾਮਸੇਫ ਪੜ੍ਹੇ ਲਿਖੇ ਲੋਕਾਂ ਨੂੰ ਇਕੱਠੇ ਕਰਨਾ ਅਤੇ ਬਾਬਾ ਸਾਹਿਬ ਜੀ ਨਾਲ ਕਾਂਗਰਸ ਪਾਰਟੀ ਨੇ ਕੀਤਾ ਅਤੇ ਹੁਣ ਅਸੀਂ ਇਸ ਨਾਲ ਕੀ ਕਰਨਾ ਹੈ। ਬਾਮਸੇਫ ਤੋਂ ਬਾਅਦ ਡੀ ਐੱਸ ਫੋਰ ਅਤੇ ਬਾਅਦ ਵਿਚ ਬੀ ਐੱਸ ਪੀ ਦੀ ਨੀਂਹ ਰੱਖੀ। ਜਿਹੜੀ ਕਿ ਸਭ ਨੂੰ ਬਰਾਬਰ ਦੇਖਣਾ ਚਾਹੁੰਦੀ ਹੈ ਕੋਈ ਅਮੀਰ ਗਰੀਬ, ਛੋਟਾ ਵੱਡਾ ਨਾ ਹੋਵੇ ਇਸ ਧਰਤੀ ਤੇ ਸਭ ਨੂੰ ਕੱਪੜਾ, ਮਕਾਨ ਅਤੇ ਰੋਟੀ ਮਿਲੇ ਅਤੇ ਆਪਸ ਵਿਚ ਸਮਾਜਿਕ, ਆਰਥਿਕ ਤੌਰ ਤੇ ਭਾਈਚਾਰਕ ਏਕਤਾ ਹੋਣੀ ਚਾਹੀਦੀ ਹੈ ਇਹ ਉਸ ਰਹਿਬਰ ਦਾ ਸੁਫਨਾ ਸੀ ਜਿਸ ਨੂੰ ਅੱਜ ਵੀ ਦੁਨੀਆਂ ਯਾਦ ਕਰਦੀ ਹੈ ਅਤੇ ਕਰਦੀ ਰਹੇਗੀ। ਪਹਿਲਾਂ ਜਾਣੀਕੇ ਬਹੁਜਨ ਸਮਾਜ ਪਾਰਟੀ ਤੋਂ ਪਹਿਲਾਂ ਬਾਬਾ ਸਾਹਿਬ ਜੀ ਨੂੰ ਚੰਦ ਕੁ ਲੋਕ ਹੀ ਜਾਣਦੇ ਹੋਣਗੇ ਉਹ ਵੀ ਉਸ ਰਹਿਬਰ ਦਾ ਨਾਂ ਲੈਣ ਨੂੰ ਪਸੰਦ ਨਹੀਂ ਕਰਦੇ ਸਨ। ਜਦੋਂ ਤੋਂ ਬਹੁਜਨ ਸਮਾਜ ਪਾਰਟੀ ਹੋਂਦ ਵਿਚ ਆਈ ਹੈ ਉਸ ਦਿਨ ਤੋਂ ਹੀ ਦਲਿਤਾਂ ਦੀ ਕੀਮਤ ਪੈਣ ਲੱਗੀ ਹੈ ਉਹ ਚਾਰੇ ਕਿਸੇ ਹੀ ਰਾਜਨੀਤਿਕ ਪਾਰਟੀ ਦਾ ਮੈਂਬਰ ਹੋਵੇ। ਜੇਕਰ ਕਾਂਗਰਸ , ਭਾਜਪਾ , ਕਮਿਊਨਿਸਟ, ਸਪਾ, ਅਕਾਲੀ ਆਦਿ ਪਾਰਟੀ 'ਚ ਅੱਜ ਵੀ ਕਿਸੇ ਦਲਿਤ ਨੇਤਾ ਦੀ ਕੀਮਤ ਪੈਂਦੀ ਹੈ ਤਾਂ ਉਸ ਦਾ ਕਾਰਨ ਬਹੁਜਨ ਸਮਾਜ ਪਾਰਟੀ ਹੀ ਹੈ ਕਿ ਦਲਿਤਾਂ ਦੀ ਕੀਮਤ ਦਲਿਤਾਂ ਦੀ ਪੁੱਛ ਪ੍ਰਤੀਆਂ ਵਧ ਗਈ ਹੈ। ਇਸ ਗੱਲ ਨੂੰ ਚਾਰੇ ਲਈ ਸੋਨੇ ਚਾਹੇ ਨਾ ਮੰਨੇ ਕਿਉਂਕਿ ਕਾਂਗਰਸ, ਭਾਜਪਾ, ਸਪਾ ਅਤੇ ਅਕਾਲੀ ਦਲ ਜਿਉਂ ਦਾ ਤਿਉਂ ਮਹੌਲ ਜਾਂ ਸਿਸਟਮ ਰੱਖਣਾ ਚਾਹੁੰਦੇ ਹਨ ਉਹ ਸ਼ਾਇਦ ਤਬਦੀਲੀ ਹੁੰਦੀ ਨਹੀਂ ਦੇਖਣਾ ਚਾਹੁੰਦੇ। ਉਹ ਅਮੀਰ ਨੂੰ ਹੋਰ ਅਮੀਰ ਦੇਖਣਾ ਪਸੰਦ ਕਰਦੇ ਹਨ ਅਤੇ ਗਰੀਬ ਨੂੰ ਹੋਰ ਗਰੀਬ ਦੇਖਣਾ ਚਾਹੁੰਦੇ ਹਨ। ਅਮੀਰੀ ਗਰੀਬੀ ਦੇ ਪਾੜੇ ਨੂੰ ਮਿਟਾਉਣਾ ਨਹੀਂ ਚਾਹੁੰਦੇ। ਉਨ੍ਹਾਂ ਨੂੰ ਬਰਾਬਰਤਾ ਦਾ ਪਸੰਦ ਨਹੀਂ ਹੈ ਕਿਉਂਕਿ 15 ਪ੍ਰਤੀਸਤ ਲੋਕ ਚਾਹੁੰਦੇ ਕਿ 85 ਪ੍ਰਤੀਸਤ ਲੋਕ ਸਾਡੇ ਬਰਾਬਰ ਨਾ ਜਾਣ। ਪਰ ਸਾਹਿਬ ਸ੍ਰੀ ਕਾਂਸੀ ਰਾਮ ਜੀ ਦੀ ਬਹੁਜਨ ਸਮਾਜ ਪਾਰਟੀ ਜਦੋਂ ਤੋਂ ਹੋਂਦ ਵਿਚ ਆਈ ਹੈ ਉਸ ਦਿਨ ਤੋਂ ਕੁਝ ਨਾ ਕੁਝ ਤਬਦੀਲੀ ਜਰੂਰ ਨਜਰ ਆ ਰਹੀ ਹੈ। ਕਾਂਗਰਸ , ਭਾਜਪਾ, ਸਪਾ ਅਤੇ ਅਕਾਲੀ ਦਲ ਰਾਜਨੀਤਿਕ ਪੱਖ ਤੋਂ ਹੀ ਲੈ ਲਵੋ, ਚਾਹੇ ਉਹ ਆਪਣੀਆਂ ਵੋਟਾਂ ਖਾਤਰ ਹੀ ਸਹੀ ਪਰ ਹਰੇਕ ਪਾਰਟੀ ਬਾਬਾ ਸਾਹਿਬ ਜੀ ਦੇ ਜਨਮ ਦਿਨ ਮਨਾਉਣੇ ਅਤੇ ਨਿਰਮਾਣ ਦਿਵਸ ਮਨਾਉਂਦੀ ਨਜਰ ਆਉਂਦੀਆਂ ਹਨ। ਇਹ ਸਭ ਕਾਂਸੀ ਰਾਮ ਜੀ ਦੀ ਬਹੁਜਨ ਸਮਾਜ ਪਾਰਟੀ ਕਰਕੇ ਹੀ ਹੈ। ਨਹੀਂ ਤਾਂ ਬਾਬਾ ਸਾਹਿਬ ਦਾ ਕਿਸੇ ਨੂੰ ਪਤਾ ਹੀ ਨਹੀਂ ਸੀ। ਹਰੇਕ ਮਨੁਵਾਦੀ ਪਾਰਟੀ ਬਾਬਾ ਸਾਹਿਬ ਤੋਂ ਰਾਜਨੀਤਿਕ ਫਾਇਦਾ ਲੈਣਾ ਚਾਹੀਦਾ ਹੈ ਅਤੇ ਦਲਿਤਾਂ ਤੋਂ ਵਗੈਰ ਕਿਸੇ ਦੀ ਪਾਰਟੀ ਦੀ ਬੇੜੀ ਕੰਢੇ ਲਗਦੀ ਨਜਰ ਨਹੀਂ ਆਉਂਦੀ। ਹੁਣ ਦਲਿਤਾਂ ਵਿਚ ਸਾਹਿਬ ਕਾਂਸੀ ਰਾਮ ਜੀ ਨੇ ਬਿਨਾ ਜਿਆਦਾ ਗਿਆਨ ਦਾ ਬਾਰੂਦ ਭਰ ਦਿੱਤਾ ਹੈ ਕਿ ਹਰੋਕ ਵਰਕਰ ਸੱਚ ਦੀ ਖਾਤਰ ਮਰਨ ਲਈ ਵੀ ਤਿਆਰ ਬਰ ਤਿਆਰ ਰਹਿੰਦਾ ਹੈ। ਸਾਹਿਬ ਸ੍ਰੀ ਕਾਂਸੀ ਰਾਮ ਜੀ ਦੀ ਬਹੁਜਨ ਸਮਾਜ ਪਾਰਟੀ ਅੱਤਿਆਚਾਰ ਅਤੇ ਅਨਿਆਂ ਦੇ ਖਾਸ ਵਿਰੁੱਧ ਹੈ। ਜਦੋਂ ਤੋਂ ਬਹੁਜਨ ਸਮਾਜ ਪਾਰਟੀ ਆਈ ਹੈ ਉਸ ਦਿਨ ਤੋਂ ਇਕ ਨਵੀਂ ਰੌਸਨੀ ਭਰ ਦਿੱਤੀ ਹੈ ਦਲਿਤ ਲੋਕਾਂ ਵਿਚ ਬਹੁਜਨ ਸਮਾਜ ਵਿਚ ਹੁਣ ਇਨ੍ਹਾਂ ਲੋਕਾਂ ਦੀ ਫੌਜ ਤਿਆਰ ਹੈ ਰਹੀ ਹੈ ਅਨਿਆ, ਅੱਤਿਆਚਰ, ਜ਼ੁਲਮ ਦੇ ਵਿਰੁੱਧ ਲੜਨ ਅਤੇ ਖੜ੍ਹਨ ਦੀ ਜ਼ੁਰਰਤ ਪੈਦਾ ਕੀਤੀ ਹੈ ਬਸਪਾ ਨੇ। ਜਿਸ ਵੇਲੇ ਮਨੂੰਵਾਦੀ ਪਾਰਟੀਆਂ ਨੇ ਦਲਿਤਾਂ ਤੇ ਜ਼ੁਲਮ ਅੱਤਿਆਚਾਰ ਕਰਨਾ ਜਾਰੀ ਰੱਖਿਆ, ਔਰ ਬਾਬਾ ਸਾਹਿਬ ਦੁਆਰਾ ਲਿਖੇ ਗਏ ਸੰਵਿਧਾਨਕ ਹੱਕਾਂ ਤੇ ਡਾਕੇ ਮਾਰਨੇ ਜਾਰੀ ਰੱਖੇ ਸਨ। ਜਿਸ ਦੀ ਮਿਸਾਲ ਅੱਜ ਵੀ ਦਲਿਤਾਂ ਨੂੰ ਨੌਕਰੀਆਂ ਵਿਚ ਪ੍ਰਤੀਨਿਧਤਾ ਤੋਂ ਮਿਲਦੀ ਹੈ। ਕਾਂਗਰਸ ਪਾਰਟੀ ਦਲਿਤਾਂ ਲਈ ਇਕ ਮਿੱਠਾ ਜਹਿਰ ਹੈ ਜੋ ਸਾਡੇ ਬਹੁਜਨ ਸਮਾਨ ਨੂੰ ਚਿੰਬੜੀ ਹੋਈ ਹੈ। ਇਸ ਲਈ ਬਹੁਜਨ ਸਮਾਜ ਪਾਰਟੀ ਤਾਂ ਗਠਨ ਹੋਣਾ ਬਹੁਤ ਜਰੂਰੀ ਸੀ। ਤਾਂ ਜੋ ਹੱਕ ਹਕੂਕ ਦਲਿਤਾਂ ਨੂੰ ਮਿਲ ਸਕਣ। ਜਿਵੇਂ ਕਿ ਤੁਸੀਂ ਪੰਜ ਸਾਲ ਦੇਖਿਆ ਹੋਣਾ ਹੈ ਕਿ ਬਾਬਾ ਸਾਹਿਬ ਦੁਆਰਾ ਦਿੱਤੇ ਹੋਏ ਹੱਕ ਐੱਸ ਸੀ, ਐੱਸ ਟੀ, ਓ ਬੀ ਸੀ ਨੂੰ ਬਸਪਾ ਨੇ ਉੱਤਰ ਪ੍ਰਦੇਸ ਵਿਚ ਦਿੱਤੇ ਹਨ। ਬਾਬਾ ਸਾਹਿਬ ਡਾ ਅੰਬੇਡਕਰ ਜੀ, ਸਾਹਿਬ ਸ੍ਰੀ ਕਾਂਸੀ ਰਾਮ ਜੀ ਅਤੇ ਹੋਰ ਬਹੁਤ ਸਾਰੇ ਦਲਿਤਾਂ ਰਹਿਬਰਾਂ ਦੇ ਨਾਂ ਤੇ ਯੂਨੀਵਰਸਿਟੀਆਂ, ਕਾਲਜਾਂ, ਮੂਰਤੀਆਂ ਅਤੇ ਪਾਰਕ ਉਨ੍ਹਾਂ ਦੇ ਨਾਂ ਤੇ ਬਣਾਏ ਅਤੇ ਉਨ੍ਹਾਂ ਨੂੰ ਮਾਨ ਸਨਮਾਨ ਦਿੱਤਾ, ਭੈਣ ਕੁਮਾਰੀ ਮਾਇਆਵਤੀ ਜੀ ਨੇ। ਇਸ ਲਈ ਜੇਕਰ ਪੰਜ ਸਾਲ ਕਾਂਸੀ ਰਾਮ ਜੀ ਦੀ ਪਾਰਟੀ ਬਸਪਾ ਨੂੰ ਕੇਂਦਰ ਵਿਚ ਰਾਜ ਕਰਨ ਦਾ ਮੌਕਾ ਤੁਸੀਂ ਦਿੰਦੇ ਹੋ ਤਾਂ ਦੇਸ ਵਿਚ ਕਾਫੀ ਵੱਡੀ ਤਬਦੀਲੀ ਆ ਜਾਵੇਗੀ। ਇਸ ਲਈ ਹਰ ਇੱਕ ਮਨੂੰਵਾਦੀ ਪਾਰਟੀ ਦਾ ਟਾਕਰਾ ਕਰਨ ਲਈ ਬਹੁਜਨ ਸਮਾਜ ਪਾਰਟੀ ਬਣੀ ਹੈ। ਦੇਸ ਵਿ'ਚੋਂ ਅਨਿਆ , ਅੱਤਿਆਚਾਰ , ਜ਼ੁਲਮ ਦੇ ਵਿਰੁੱਧ ਬਸਪਾ ਹੋਂਦ ਵਿਚ ਆਈ ਹੈ।



ਨਿਰਧਨਾਂ ਨੂੰ ਪ੍ਰਤੀਨਿਧਤਾ ਦਿਵਾਉਣ ਖਾਤਰ ਬਹੁਜਨ ਸਮਾਜ ਪਾਰਟੀ ਪੈਦਾ ਹੋਈ ਹੈ। 15 ਪ੍ਰਤੀਸਤ ਲੋਕ ਚਲਾਕ ਨਾਲ 85 ਪ੍ਰਤੀਸਤ ਲੋਕਾਂ ਨੂੰ ਮੂਰਖ ਬਣਾਕੇ ਰਾਜ ਕਰੀ ਜਾਂਦੇ ਸਨ ਇਨ੍ਹਾਂ 15 ਪ੍ਰਤੀਸਤ ਲੋਕਾਂ ਦੀ ਚਲਾਕੀ ਬਹੁਜਨ ਸਮਾਜ ਨੂੰ ਜਗਾ ਕੇ ਟੁਕੜਿਆਂ ਵਿਚ ਵੰਡਿਓ ਸਮਾਜ ਨੂੰ ਇਕ ਜਗ੍ਹਾ ਇਕੱਠਾ ਕਰਨ ਲਈ ਬਹੁਜਨ ਸਮਾਜ ਪਾਰਟੀ ਦਾ ਗਠਨ ਹੋਇਆ . ਜਾਤਾਂ ਪਾਤਾਂ ਤੋੜ ਕੇ ਬਹੁਜਨ ਸਮਾਜ ਨੂੰ ਜੋੜਕੇ ਸਮਾਜਿਕ ਭਾਈਚਾਰਾ ਪੈਦਾ ਕਰਨ ਬਹੁਜਨ ਸਮਾਜ ਪਾਰਟੀ ਹੋਂਦ ਵਿਚ ਆਈ।

# ਬਹੁਜਨਾਂ ਨੂੰ ਖੁਦ ਹੁਕਮਰਾਨ ਬਣਾਉਣ ਵਾਲਾ



ਸੰਤੋਖ ਸਿੰਘ ਜੱਸੀ
91-70876–19800

ਬਾਬਾ ਸਾਹਿਬ ਡਾ . ਭੀਮ ਰਾਓ ਜੀ ਅੰਬੇਡਕਰ ਜਦੋਂ ਮਾਰਚ 1956 ਨੂੰ ਜ਼ਿੰਦਗੀ ਦੇ ਅੰਤਲੇ ਸਮੇਂ 'ਚ ਮਾਯੂਸੀ ਭਰੇ ਹਾਲਾਤ 'ਚ ਰੋ ਰਹੇ ਸਨ ਕਿ ਉਨ੍ਹਾਂ ਕਰੋੜਾਂ ਲੋਕਾਂ ਦਾ ਮੇਰੇ ਜਾਣ ਤੋਂ ਬਾਅਦ ਸਹਾਰਾ ਕੌਣ ਬਣੇਗਾ, ਜਿਨ੍ਹਾਂ ਨੂੰ ਮੈਂ ਉਂਗਲੀ ਫੜ ਕੇ ਤੁਰਨਾ ਸਿਖਾਇਆ .. ਆਖਰ 1963 ਨੂੰ ਭਾਰਤ ਦੀ ਧਰਤੀ ਤੇ ਉਹ ਇਤਿਹਾਸਕ ਦਿਨ ਵੀ ਮੁੜ ਆ ਗਿਆ ਜਦੋਂ ਕਾਂਸੀ ਰਾਮ ਦੇ ਰੂਪ ਵਿਚ ਮਸੀਹਾ ਸਾਹਮਣੇ ਆਇਆ। ਜਿਸਨੇ ਬਾਬਾ ਸਾਹਿਬ ਦੇ ਜਨਮ ਦਿਨ ਦੀ ਛੁੱਟੀ ਨਾ ਹੋਣ ਤੋਂ ਇਥੋਂ ਦੇ ਸਿਸਟਮ ਨੂੰ ਪੜ੍ਹਿਆ, ਖੋਜਿਆ ਅਤੇ ਅਧਿਐਨ ਕੀਤਾ। ਸਮੇਂ ਸਮੇਂ ਤੇ ਪੈਦਾ ਹੋਏ ਮਹਾਂਪੁਰਸ਼ਾਂ ਦੇ ਜੀਵਨ ਮਿਸ਼ਨ ਤੋਂ ਸੇਧ ਲੈ ਕੇ ਬਾਮਸੇਫ, ਡੀਐਸਫੋਰ ਅਤੇ ਬਹੁਜਨ ਸਮਾਜ ਪਾਰਟੀ ਦੀ ਸਥਾਪਨਾ ਕਰਕੇ ਭਾਰਤ ਦੇ ਮੂਲ ਨਿਵਾਸੀਆਂ ਨੂੰ ਲਾਮਬੰਦ ਕਰਕੇ ਰਾਜਨੀਤੀ ਨੂੰ ਨਵੀਂ ਤਰ੍ਹਾਂ ਪ੍ਰਭਾਵਿਤ ਕੀਤਾ। ਉਨ੍ਹਾਂ ਸਦੀਆਂ ਤੋਂ ਜਾਤੀਪਾਤ ਦੇ ਪਥਰੀਲੇ ਤੇ ਸਖ਼ਤੀਸਾਲੀ ਕਿਲੇ ਨੂੰ ਢਹਿ ਢੇਰੀ ਕੀਤਾ। ਜ਼ਿੰਦਗੀ ' ਚ ਆਪਣੀਆਂ ਖੁਸ਼ੀਆਂ ਨੂੰ ਤਿਲਾਂਜਲੀ ਦੇ ਕੇ ਸਮਾਜ ਨੂੰ ਪਿਛਲਗੂ ਬਣਨ ਦੀ ਥਾਂ ਸੱਤਾ ਆਪਣੇ ਹੱਥਾਂ ਵਿਚ ਖੁਦ ਲੈਣ ਦਾ ਮੂਲ ਮੰਤਰ ਦਿੱਤਾ। ਦੁਨੀਆਂ ਭਰ ਦੇ ਇਤਿਹਾਸ 'ਚ ਇਹ ਪਹਿਲੀ ਵਾਰ ਵਾਪਰਿਆ ਜਦ ਇਕ ਆਗੂ ਨੇ ਆਪਣੇ ਮਿਸ਼ਨ ਦੇ ਪ੍ਰਚਾਰ ਲਈ 4200 ਕਿਲੋਮੀਟਰ ਸਾਇਕਲ ਖੁਦ ਚਲਾ ਕੇ ਸੁੱਤੀ ਹੋਈ ਕੌਮ ਨੂੰ ਸੱਤਾ ਦਾ ਜਾਗ ਲਾਇਆ। ਦੇਸ ਵਿਚ 10 ਅੰਦੋਲਨਾਂ ਰਾਹੀਂ ਦੇਸ ਦੇ ਦਲਿਤਾਂ, ਬਹੁਜਨਾਂ ਨੂੰ ਜਾਗਰਤ ਕਰਕੇ ਲੰਮੇ ਸਮੇਂ ਤੋਂ ਰਾਜ ਕਰ ਰਹੀਆਂ ਮਜਬੂਤ ਸਰਕਾਰ ਨੂੰ 'ਮਜਬੂਰ' (ਬਹੁਮਤ ਤੋਂ ਦੂਰ) ਕਰ ਦਿੱਤਾ ਤੇ ਆਪਣੇ ਦੇਸ ਦੇ ਸਭ ਤੋਂ ਵੱਡੇ ਸੂਬੇ ਉਤਰ ਪ੍ਰਦੇਸ ਵਿਚ ਮਾਇਆਵਤੀ ਨੂੰ ਕੌਮ ਦੀ ਰਾਣੀ ਬਣਾ ਦਿੱਤਾ। ਉੱਤਰੀ ਭਾਰਤ ਤੋਂ ਇਲਾਵਾ ਦੱਖਣੀ ਭਾਰਤ ਵਿਚ ਸੱਤਾ ਦੀ ਜਾਗ ਲਗਾ ਦਿੱਤੀ। ਜਿਸ ਦੇ ਫਲਸਰੂਪ ਜਿਹੜੀਆਂ ਪਾਰਟੀਆਂ ਬਾਬਾ ਸਾਹਿਬ ਦੇ ਜਨਮ ਦਿਨ 'ਤੇ ਛੁੱਟੀ ਕਰਨ ਤੋਂ ਇਨਕਾਰੀ ਸਨ ਉਨ੍ਹਾਂ ਨੂੰ ਐਸੀਆਂ ਰਾਜਨੀਤਿਕ ਭੁਆਟਣੀਆਂ ਦਵਾਈਆਂ ਕਿ ਬਾਬਾ ਸਾਹਿਬ ਦੇ ਜਨਮ ਦਿਨ ਦੀ ਛੁੱਟੀ ਹੀ ਨਹੀਂ ਸਗੋਂ ਦੇਸ਼ ਦਾ ਸਭ ਤੋਂ ਵੱਡਾ ਸਨਮਾਨ ਦੇਣ ਲਈ ਮਜਬੂਰ ਹੋਈਆਂ।

15 ਮਾਰਚ 1934 ਨੂੰ ਪੰਜਾਬ ਦੀ ਧਰਤੀ ਤੇ ਪੈਦਾ ਹੋਏ ਮਹਾਨ ਇਨਸਾਨ ਨੇ ਭਰ ਜਵਾਨੀ ਚ ਵਿਆਹ ਨਾ ਕਰਵਾਉਣ ਘਰਦਿਆਂ ਨਾਲ ਤਾਲਮੇਲ ਨਾ ਰੱਖਣ ਅਤੇ ਬੈਂਕ ਬੈਲੇਂਸ ਨਾ ਬਣਾਉਣ ਦੇ ਫੈਸਲੇ ਲਏ ਅਤੇ ਇਹ ਤਿਆਗ ਜ਼ਿੰਦਗੀ ਭਰ ਨਿਭਾਇਆ ਤੇ ਕਹਿਣੀ ਤੇ ਕਰਨੀ ਦਾ ਰਾਤ ਦਾ ਅਸਲ ਸੱਚ ਕਰ ਦਿਖਾਇਆ ਉਨ੍ਹਾਂ ਇਤਿਹਾਸ ਤੋਂ ਸਬਕ ਲੈਂਦਿਆਂ ਫਗਵਾੜਾ ਨੇੜੇ ਪੈਂਦੇ ਪਿੰਡ ਬਿਰਕਾਂ 'ਚ ਇਕ 7-8 ਸਾਲਾਂ ਦੀ ਬੱਚੀ ਦੇ ਸਿਰ ਤੇ ਹੱਥ ਰੱਖਦਿਆਂ ਉਨ੍ਹਾਂ ਜਨਸਮੂਹ ਵਿਚ ਐਲਾਨ ਕੀਤਾ ਮੈਂ ਚਾਰ ਪੀੜੀਆਂ ਤਿਆਰ ਕਰ ਚੋਲਿਆਂ ਹਾਂ, ਅਗਰ ਸਮੇਂ ਦੀਆਂ ਸਰਕਾਰਾਂ ਮੇਲੇ ਅੰਦੋਲਨ ਨੂੰ ਸਮਾਪਤ ਕਰਨ ਲਈ ਗੰਭੀਰ ਕੋਸਸਿ ਵੀ ਕਰ ਤਾਂ 100 ਸਾਲ ਤੱਕ ਵੀ ਸਰਕਾਰਾਂ ਅੰਦੋਲਨ ਨੂੰ ਖ਼ਤਮ ਨਹੀਂ ਕਰ ਸਕਣਗੀਆਂ। ਉਨ੍ਹਾਂ ਕਿਹਾ ਕਿ ਕੁਦਰਤ ਦੇ ਨਿਯਮ ਮੁਤਾਬਕ ਇਕ ਦਿਨ ਉਸਨੇ ਵੀ ਤੁਰ ਜਾਣਾ ਹੈ, ਜਿਸ ਕਰਕੇ ਉਨ੍ਹਾਂ ਆਪਣੇ ਜਿਉਦੇ ਜੀਅ ਮਾਇਆਵਤੀ ਨੂੰ ਆਪਣਾ ਸਿਆਸੀ ਉਤਰਾ ਅਧਿਕਾਰੀ ਬਣਾ ਦਿੱਤਾ। ਅੱਜ ਦਲਿਤ, ਬਹੁਜਨ ਤੋਂ ਸਰਬ ਸਮਾਜ ਬਣਾਉਣ ਦੀ ਲੋੜ ਮਹਿਸੂਸ ਕੀਤੀ ਜਾ ਰਹੀ ਹੈ।

ਸਦੀਆਂ ਤੋਂ ਸੋਸਤ ਵਰਗ ਇਕ ਦਿਨ ਸਾਸਕ ਬਣਨ ਦੀ ਉਡੀਕ 'ਚ ਹਨ। ਸਾਨੂੰ ਉਨ੍ਹਾਂ ਦੇ ਦਿੱਤੇ ਇਤਿਹਾਸਕ ਸਬਕ ਨੂੰ ਯਾਦ ਰੱਖਣਾ ਚਾਹੀਦਾ ਹੈ ਜੋ ਉਨ੍ਹਾਂ ਦੁਆਰਾ ਲਿਖੀ ਗਈ ਇਕੋ ਇਕ ਪੁਸਤਕ 'ਚਮਚਾ ਯੁਗ' ਵਿਚ ਦਰਜ ਹਨ ਕਿ ਸੰਪੂਰਨ ਗੈਰ ਬਰਾਬਰੀ ਦੀ ਵਿਵਸਥਾ ਨੂੰ ਪੂਰਣ ਸਮਾਨਤਾ ਦੀ ਵਿਵਸਥਾ ਵਿਚ ਬਦ ਲਈ ਅਸੀਂ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਕੰਮ ਕਰਾਂਗੇ, ਜੋ ਸਾਡੇ ਜੀਵਨ ਦਾ ਇਕ ਮਾਤਰ ਉਦੇਸ਼ ਹੈ। ਕਿਸੇ ਵੀ ਹਾਲਤ ਵਿਚ ਇਸ ਦੀ ਕਿਸੇ ਵੀ ਕਿਸਮ ਦੀ ਚੌਕ ਥਲ ਜਾਂ ਤਾਰਪੀਡੋ ਨਾ ਹੋਵੇ।

ਇਹ ਉਹ ਪਾਠ ਹੈ ਕਿ ਸਾਨੂੰ ਮੌਰੀਆਂ ਵੰਸ ਦੇ ਪਤਨ ਤੋਂ ਲੈਣਾ ਚਾਹੀਦਾ ਹੈ। ਅੱਜ ਉੱਚ ਕੋਟੀ ਦੇ ਸੰਗਠਨ ਨਿਰਮਾਤਾ, ਮਹਾਮਾਨਵ, ਬਹੁਜਨਾਂ ਦੇ ਮਸੀਹਾ, ਮਹਾਨ ਤਿਆਗੀ ਮਹਾਂਪੁਰਸ਼ ਦੇ ਜਨਮ ਦਿਨ ਤੇ ਪੰਜਾਬੀ ਦੇ ਇਕ ਵਿਦਵਾਨ ਦੀਆਂ ਸੱਤਰਾਂ ਸਾਂਝੀਆਂ ਕਰਨਾ ਚਾਹੁੰਦਾ ਹਾਂ ਕਿਉਂ ਸੂਦਰ ਅਤੇ ਅਤਿ ਸੂਦਰ ਵਰਗ ਦੇ ਲੋਕ ਹੁਣ ਰੋਸਨਮਈ ਯੁਗ ਵਿਚ ਪ੍ਰਵੇਸ ਕਰ ਚੁੱਕੇ ਹਨ। ਆਉਣ ਵਾਲਾ ਸਮਾਂ ਦਲਿਤਾਂ ਦਾ ਹੈ।

# ਬਾਬਾ ਸਾਹਿਬ ਡਾ ਅੰਬੇਡਕਰ ਜੋ ਸਾਹਿਬ ਕਾਂਸ਼ੀ ਰਾਮ ਦੇ ਪ੍ਰੇਰਨਾ ਸਰੋਤ ਬਣੇ

ਭਾਰਤ ਇਕ ਅਜਿਹਾ ਦੇਸ ਹੈ ਜਿਸ 'ਤੇ ਕੁਦਰਤ ਬਹੁਤ ਮਿਹਰਬਾਨ ਹੈ। ਇਥੋਂ ਦਾ ਜਲਵਾਯੂ ਭਾਰਤ ਨੂੰ ਹਰ ਪੱਖੋਂ ਖੁਸਹਾਲ ਕਰਨ ਵਾਲਾ ਹੈ। ਦੁਨੀਆਂ ਦੇ ਬਹੁਤ ਘੱਟ ਦੇਸ ਅਜਿਹੇ ਹਨ ਜਿੱਥੇ ਹਰ ਪ੍ਰਕਾਰ ਦੇ ਕੁਦਰਤੀ ਸ੍ਰੋਤ ਮਿਲਦੇ ਹੋਣ ਦੇ ਭਾਰਤ ਇਸ ਲਿਹਾਜ ਨਾਲ ਕਾਫੀ ਮਾਲਾਮਾਲ ਹੈ। ਇਥੇ ਜੋ ਮੈਦਾਨੀ ਖੇਤਰ ਹਨ ਉਹ ਖੇਤੀਬਾੜੀ ਲਈ ਸਹਾਇਕ ਹਨ। ਪਹਾੜੀ ਖੇਤਰ ਖਣਿਜ ਪਦਾਰਥਾਂ ਲਈ ਲਾਹੇਵੰਦ ਹਨ। ਜੰਗਲਾਂ ਤੋਂ ਲੱਕੜ ਦੀ ਬਹੁਤਾਤ ਹੁੰਦੀ ਹੈ। ਜੀਵ ਲਈ ਨੂੰ ਜ਼ਿੰਦਗੀ ਬਸਰ ਕਰਨ ਲਈ ਪਾਣੀ ਅਤਿ ਜਰੂਰੀ ਹੈ ਤੇ ਭਾਰਤ ਵਿਚ ਗਰਮੀ, ਸਰਦੀ, ਬਰਸਾਤ ਹਰ ਰੰਗ ਦੇਖਣ ਨੂੰ ਮਿਲਦਾ ਹੈ। ਮੌਸਮ ਦੀ ਮਿਹਰਬਾਨੀ ਕਰਕੇ ਇੱਥੇ ਹਰ ਪ੍ਰਕਾਰ ਦੀ ਫਸਲ ਦੀ ਪੈਦਾਵਾਰ ਹੋ ਸਕਦੀ ਹੈ। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਕੁਦਰਤ ਮਾਂ ਦੀ ਕ੍ਰਿਪਾ ਸਦਕਾ ਭਾਰਤ ਦੇਸ ਖੁਸਹਾਲ ਅਤੇ ਅਮੀਰ ਦੇਸ ਹੈ। ਇਥੋਂ ਖੁਸਹਾਲੀ ਦੇ ਕਰਕੇ ਭਾਰਤ ਹਜ਼ਾਰਾਂ ਸਾਲ ਗੁਲਾਮ ਰਿਹਾ ਹੈ। ਸਮੇਂ ਸਮੇਂ ਤੋਂ ਭਾਰਤ ਉੱਪਰ ਹੁਣਾਂ, ਕੁਸਾਣ, ਤੁਕਾਂ, ਮੁਗਲਾਂ ਅਤੇ ਅੰਗਰੇਜਾਂ ਨੇ ਹਮਲੇ ਕੀਤੇ ਅਤੇ ਭਾਰਤ ਨੂੰ ਆਪਣਾ ਗੁਲਾਮ ਬਣਾ ਕੇ ਸਦੀਆਂ ਤੱਕ ਹੁਕਮਰਾਨ ਬਣਕੇ ਇਥੋਂ ਦੀ ਜਨਤਾ ਦਾ ਸੋਸਣ ਕਰਦੇ ਰਹੇ। ਭਾਰਤ ਵਰਗਾ ਖੁਸਹਾਲ ਅਤੇ ਹਰ ਪੱਖੋਂ ਸੰਪੰਨ ਦੇਸ ਕਿਉਂ ਹਰ ਵਾਰ ਹਮਲਾਵਤਾਂ ਤੋਂ ਹਾਰਦਾ ਰਿਹਾ ਅਤੇ ਆਸਾਨੀ ਨਾਲ ਕਿਉਂ ਗੁਲਾਮੀ ਸਵੀਕਾਰ ਕਰਦਾ ਰਿਹਾ? ਇਹ ਚਰਚਾ ਦਾ ਵਿਸਾ ਹੈ ਇਸ ਗੱਲ ਨੂੰ ਸਮਝਣ ਲਈ ਸਾਨੂੰ ਭਾਰਤ ਦੇ ਧਾਰਮਿਕ ਰਾਜਨੀਤਿਕ ਤੇ ਆਰਥਿਕ ਪਹਿਲੂਆਂ



'ਤੇ ਨਜਰ ਮਾਰਨੀ ਪਵੇਗੀ। ਜੇਕਰ ਅਸੀਂ ਸਭ ਤੋਂ ਪਹਿਲਾਂ ਆਰਥਿਕ ਹਾਲਾਤਾਂ ਦੀ ਗੱਲ ਕਰੀਏ ਤਾਂ ਭਾਰਤ ਆਰਥਿਕ ਪੱਖੋਂ ਕਾਫੀ ਮਜਬੂਤ ਦੇਸ ਰਿਹਾ ਹੈ। ਜਦੋਂ ਅਸੀਂ ਇਤਿਹਾਸ ਦੇ ਪੰਨੇ ਫਰੋਲਦੇ ਹਾਂ ਤਾਂ ਸਿੰਧੂ ਘਾਟੀ ਦੀ ਵਿਸਾਲ ਸੱਭਿਅਤਾ ਬਾਹਾਂ ਖਿਲਾਰੀ ਸਾਡਾ ਸਵਾਗਤ ਕਰਦੀ ਹੈ। ਮੋਹਨਜੋਦੜੋ ਅਤੇ ਹੜੱਪਾ ਦੀ ਖੁਦਾਈ 'ਚ ਮਿਲੇ ਅਵਸੇਸ ਭਾਰਤ ਦੀ ਖੁਸਹਾਲੀ ਦੀ ਮੂੰਹ ਬੋਲਦੀ ਤਸਵੀਰ ਹੈ। ਖੁਸਹਾਲੀ ਕਾਰਨ ਲੋਕਾਂ ਵਿਚ ਆਪਸੀ ਪਿਆਰ ਤੇ ਭਾਈਚਾਰਾ ਸੀ , ਵੈਰ ਵਿਰੋਧ ਜਾਂ ਲੜਾਈ ਝਗੜਿਆਂ ਤੋਂ ਲੋਕ ਦੂਰ ਸਨ ਪਰ ਉਸ ਸਮੇਂ ਆਰੀਅਨ ਲੋਕਾਂ ਨੇ ਭਾਰਤ ਤੇ ਹਮਲਾ ਕਰਕੇ ਇਥੋਂ ਦੇ ਭਾਈਚਾਰਕ ਸਬੰਧਾਂ ਵਾਲੇ ਮਾਸੂਮ ਲੋਕਾਂ ਨੂੰ ਆਪਣਾ ਗੁਲਾਮ ਬਣਾ ਲਿਆ ਕੁਝ ਲੋਕਾਂ ਨੇ ਆਸਾਨੀ ਨਾਲ ਉਹਨਾਂ ਦੀ ਅਧੀਨਤਾ ਮੰਜੂਰ ਕਰ ਲਈ, ਪਰ ਕੁਝ ਲੋਕਾਂ ਨੇ ਉਹਨਾਂ ਦਾ ਮੁਕਾਬਲਾ ਕੀਤਾ। ਜਿਨ੍ਹਾਂ ਨੇ ਆਸਾਨੀ ਨਾਲ ਹਾਰ ਨਹੀਂ ਮੰਨੀ ਉਨ੍ਹਾਂ ਨੂੰ ਅਛੂਤ ਬਣਾ ਦਿੱਤਾ ਗਿਆ। ਹੌਲੀ ਹੌਲੀ ਇਨ੍ਹਾਂ ਵਿਦੇਸੀ ਆਰੀਅਨ ਲੋਕਾਂ ਨੇ ਭਾਰਤ ਦੀ ਖੁਸਹਾਲ ਵਿਰਾਸਤ ਨੂੰ ਕੰਗਾਲ ਕਰ ਦਿੱਤਾ। ਆਪਣੀਆਂ ਕੋਝੀਆਂ ਚਾਲਾਂ ਨਾਲ ਸਮਾਜ ਨੂੰ ਚਾਰ ਵਰਣਾਂ ਵਿਚ ਵੰਡ ਦਿੱਤਾ ਅਤੇ ਧਾਰਮਿਕ ਤੌਰ ਤੇ ਭਾਰਤ ਦੇ ਟੁਕੜੇ ਟੁਕੜੇ ਕਰ ਦਿੱਤੇ। ਜਿਸ ਅਨੁਸਾਰ ਉਨ੍ਹਾਂ ਬ੍ਰਾਹਮਣਾਂ ਨੂੰ ਸਾਡੇ ਮਲਾਈ ਵਾਲੇ ਕੰਮ ਕਸੱਤਰੀਆਂ ਨੂੰ ਫੌਜਦਾਰੀ ਕੰਮ, ਵੇਸਾਂ ਨੂੰ ਵਪਾਰ ਅਤੇ ਸੂਦਰਾਂ ਨੂੰ ਇਨ੍ਹਾਂ ਉਪਰਲੇ ਤਿੰਨਾਂ ਵਰਗਾਂ ਦੀ ਬਿਨਾਂ ਕਿਸੇ ਮਿਹਨਤ ਮਜਦੂਰੀ ਤੋਂ ਸੇਵਾ ਕਰਨ ਦਾ ਵਤਮਾਨ ਮਿਲਿਆ। ਸੂਦਰਾਂ ਨਾਲ ਜਾਤ ਪਾਤ ਦੇ ਆਧਾਰ ਤੇ ਵਿਤਕਰਾ, ਨਫ਼ਰਤ ਹੋਣਾ ਸ਼ੁਰੂ ਹੋ ਗਿਆ ਅਤੇ ਭਾਰਤ ਦੇ ਮੂਲ ਨਿਵਾਸੀ ਲੋਕਾਂ ਜਿਨ੍ਹਾਂ ਨੂੰ ਸੂਦਰ ਬਣਾ ਦਿੱਤਾ ਗਿਆ, ਉਹਨਾਂ ਦੀ ਜਿੰਦਗੀ ਜਾਨਵਰਾਂ ਤੋਂ ਵੀ ਬੁਰੀ ਬਣਾ ਦਿੱਤੀ ਗਈ। ਵਰਣ ਅਨੁਸਾਰ ਹਥਿਆਰ ਰੱਖਣ, ਫੌਜ ਵਿਚ ਭਾਰਤੀ ਹੋਣ ਅਤੇ ਰਾਜ ਕਰਨ ਦਾ ਅਧਿਕਾਰ ਸਿਰਫ਼ ਕਸੱਤਰੀਆਂ ਨੂੰ ਹੀ ਸੀ ਬਾਕੀ ਦੇ ਤਿੰਨਾਂ ਵਰਣਾਂ ਦਾ ਇਸ ਨਾਲ ਕੋਈ ਲੈਣ ਦੇਣ ਨਹੀਂ ਸੀ। ਇਸ ਲਈ ਵੱਖ ਵੱਖ ਸਮੇਂ ਜਦੋਂ ਵੀ ਹੁਣਾ, ਕੁਸਾਣਾਂ, ਚੌਲਾਂ, ਮੁਗਲਾਂ, ਅੰਗਰੇਜਾਂ ਆਦਿ ਨੇ ਭਾਰਤ ਤੋਂ ਹਮਲਾ ਕੀਤਾ ਤਾਂ ਭਾਰਤੀ ਜਨਸੰਖਿਆ ਦਾ ਬਹੁਤ ਵੱਡਾ ਹਿੱਸਾ ਸਿਰਫ਼ ਇਸ ਲਈ ਹਥਿਆਰ ਚੁੱਕ ਕੇ ਯੁੱਧ ਦੇ ਮੈਦਾਨ ਵਿਚ ਨਹੀਂ ਜਾ ਸਕਿਆ ਕਿਉਂਕਿ ਆਰੀਆ ਦਾ ਧਰਮ ਇਸ ਗੱਲ ਦੀ ਆਗਿਆ ਨਹੀਂ ਦਿੰਦਾ ਸੀ। ਇਕੱਲੇ ਕਸੱਤਰੀਆਂ ਇਨ੍ਹਾਂ ਸਾਤੇ ਹਮਲਾਵਰਾਂ ਦਾ ਮੁਕਾਬਲਾਨਹੀਂ ਕਰ ਸਕੇ ਅਤੇ ਭਾਰਤ ਹਰ ਵਾਰ ਕਿਸੇ ਨਾ ਕਿਸੇ ਹਮਲਾਵਤ ਦਾ ਗੁਲਾਮ ਹੁੰਦਾ ਗਿਆ। ਭਾਰਤ ਵਿਚ ਸਮੇਂ

(ਬਾਕੀ ਅਗਲੇ ਸਫੇ 'ਤੇ)

# 'ਪਲਾਂ ਵਿਚ ਮੁੱਕ ਜਾਂਦੀਆਂ ਨੇ ਦੂਰੀਆਂ' ਨਾਲ ਚਰਚਿਤ ਹੋਇਆ ਗਾਇਕ - ਵਿਜੇ ਭੱਟੀ



ਬਲਜਿੰਦਰ ਮਾਨ
91-98150-18947

ਜਿਨ੍ਹਾਂ ਨੇ ਉੱਚੀਆਂ ਮੰਜ਼ਿਲਾਂ ਸਰ ਕਰਨੀਆਂ ਹੁੰਦੀਆਂ ਨੇ ਉਹ ਕਦੀ ਅਰਾਮ ਨਾਲ ਨਹੀਂ ਬੈਠਦੇ।ਉਹ ਤਾਂ ਪਰਬਤਾਂ ਨਾਲ ਵੀ ਮੱਥਾ ਲਾ ਕੇ ਮੰਜ਼ਿਲ ਦਾ ਰਾਹ ਲੱਭ ਲੈਂਦੇ ਹਨ।ਅਜਿਹੇ ਹੀ ਰਾਹਾਂ ਦਾ ਪਾਂਧੀ ਬਣਿਆ ਹੋਇਆ ਹੈ ਸਾਡਾ ਬਹੁ ਪੱਖੀ ਇਨਸਾਨ, ਕਲਾਕਾਰ, ਸਾਹਿਤਕਾਰ, ਸੰਗੀਤਕਾਰ ਤੇ ਸੂਫੀ ਗਾਇਕ ਵਿਜੇ ਭੱਟੀ।ਉਹ ਆਪਣੇ ਨਾਂ ਵਾਂਗ ਹਰ ਮੈਦਾਨ ਨੂੰ ਫਤਿਹ ਕਰਦਾ ਹੋਇਆ ਤੁਰਿਆ ਹੋਇਆ ਹੈ।ਉਹ ਸਟੇਜ ਤੇ ਵੀ ਇਹ ਗੱਲ ਬੜੇ ਮਾਣ ਨਾਲ ਮੈਂਨੂੰ ਆਖ ਦਿੰਦਾ ਹੈ ਕਿ ਜੇਕਰ ਤੁਸੀਂ ਮੈਂਨੂੰ ਖਾਲਸਾ ਕਾਲਜ ਮਾਹਿਲਪੁਰ ਵਿਖੇ ਐਮ ਏ ਵਿਚ ਦਾਖਲਾ ਨਾ ਦਿਵਾਉਂਦੇ ਤਾਂ ਸ਼ਾਇਦ ਮੈਂ ਡਰਾਇਵਰੀ ਕਰਨ ਜੋਗਾ ਹੀ ਰਹਿ ਜਾਂਦਾ। ਉਸ ਅੰਦਰ ਲੋਹੜੇ ਦੀ ਸਾਦਗੀ ਅਤੇ ਨਿਮਰਤਾ ਹੈ। ਹਰ ਕੰਮ ਨੂੰ ਆਪਣੇ ਹੀ ਢੰਗ ਨਾਲ ਸਿਰੇ ਚੜ੍ਹਾ ਦਿੰਦਾ ਹੈ। 1990-1991 ਵਿਚ ਉਹ ਕਮਲਜੀਤ ਨੀਲੋਂ ਵਰਗੇ ਉੱਘੇ ਬਾਲ ਕਲਾਕਾਰ ਨਾਲ ਸੰਗੀਤਕਾਰ ਵਜ਼ੋਂ ਪੂਰੇ ਪੰਜਾਬ ਅਤੇ ਭਾਰਤ ਦੇ ਅਹਿਮ ਸਥਾਨਾਂ ਤੇ ਬਾਲ ਕਾਫਲੇ ਰਾਹੀਂ ਪੁੱਜਾ। ਬਾਲਾਂ ਲਈ ਕੋਮਲ ਧੁਨਾਂ ਦੀ ਸਿਰਜਣਾ, ਤਬਲਾ ਵਾਦਕ ਭਰਪੂਰ ਅਲੀ ਨਾਲ ਮਿਲਕੇ ਕੀਤੀ।

ਅਜਕਲ ਉਹ ਕਦੀ ਸੂਫੀ ਰੰਗ ਵਿਚ ਰੰਗਿਆ ਅਤੇ ਕਦੀ ਅਧੁਨਿਕ ਸਮੇਂ ਦੇ ਜੁਆਨਾਂ ਨੂੰ ਮੰਤਰ ਮੁਗਧ ਕਰਦਾ ਮਿਲਦਾ ਹੈ। ਉਸਨੇ ਕੌਮਾਂਤਰੀ ਪ੍ਰਸਿੱਧੀ ਖੱਟਣ ਵਾਲੀ ਗਾਇਕਾ ਤੇ ਅਦਾਕਾਰਾ ਬਲਜੀਤ ਨਾਲ ਡਿਊਟ ਗਾ ਕੇ ਵੀ ਸਰੋਤਿਆਂ ਨੂੰ ਕੀਲਿਆ। ਉਸਦੇ ਗੀਤਾਂ ਦੇ ਫਿਲਮਾਂਕਣ ਤੋਂ ਇਸ ਗੱਲ ਦਾ ਅੰਦਾਜ਼ਾ ਸਹਿਜੇ ਹੀ ਲੱਗ ਜਾਂਦਾ ਹੈ ਕਿ ਉਹ ਆਪਣੇ ਅਮੀਰ ਸੱਭਿਆਚਾਰ ਨੂੰ ਪਿਆਰਨ ਤੇ ਸਤਿਕਾਰਨ ਵਾਲਾ ਕਲਾਕਾਰ ਹੈ। ਜਦੋਂ ਵਜਦ ਵਿਚ 'ਪਲਾਂ ਵਿਚ ਮੁੱਕ ਜਾਂਦੀਆਂ ਨੇ ਦੂਰੀਆਂ, ਰੱਬ ਜਦੋਂ ਕਰਦੈ ਮੁਰਾਦਾਂ ਪੂਰੀਆਂ' ਗੀਤ ਪੇਸ਼ ਕਰਦਾ ਹੈ ਤਾਂ ਹਰ ਉਮਰ ਵਰਗ ਦੇ ਸਰੋਤੇ ਉਸਦੇ ਦੀਵਾਨੇ ਬਣ ਜਾਂਦੇ ਹਨ। ਸੁਰ ਅਤੇ ਸੰਗੀਤ ਦੀ ਡੂੰਘੀ ਸੋਝੀ ਰੱਖਣ ਵਾਲਾ ਇਹ ਕਲਾਕਾਰ ਆਪਣੀ ਕਲਾਤਮਿਕ ਪ੍ਰਤਿਭਾ ਕਰਕੇ ਵੀ ਜਾਣਿਆ ਜਾਂਦਾ ਹੈ। ਕੁੱਝ ਫਿਲਮਾਂ ਵਿਚ ਵੀ ਉਸਦੇ ਗੀਤ ਫਿਲਮਾਏ ਜਾ ਰਹੇ ਹਨ। ਪਿਛਲੇ ਸਮੇਂ ਵਿਚ ਉਸਦੀਆਂ ਸੂਫੀ ਮਹਿਫਲਾਂ ਨੇ ਖਾਲਸਾ ਕਾਲਜ ਮਾਹਿਲਪੁਰ, ਹੁਸ਼ਿਆਰਪੁਰ, ਹਰਿਆਣਾ, ਨਵਾਂਸ਼ਹਿਰ, ਜਲੰਧਰ, ਅੰਮ੍ਰਿਤਸਰ ਅਤੇ ਚੰਡੀਗੜ੍ਹ ਆਦਿ ਸ਼ਹਿਰਾਂ ਵਿਚ ਬੜੀ ਧੁੰਮ ਪਈ। ਇਹਨਾਂ ਮਹਿਫਲਾਂ ਵਿਚ ਉੱਘੇ ਸਾਹਿਤਕਾਰ ਗੁਰਦੀਪ ਸਿੰਘ ਸਮੇਤ ਅਨੇਕਾਂ ਹੋਰ ਕਲਾਕਾਰਾਂ ਨੇ ਉਸਦੀ ਕਲਾ ਦੀ ਸ਼ਲਾਘਾ ਕੀਤੀ। ਸਰਕਾਰੀ ਸਕੂਲਾਂ ਦੇ ਦਾਖਲੇ ਦੀ ਮੁਹਿੰਮ ਨੂੰ ਭਖਾਉਣ ਵਾਲਾ ਬਲਜਿੰਦਰ ਮਾਨ ਦੁਆਰਾ ਲਿਖਿਆ ਤੇ ਉਸ ਦੁਆਰਾ ਪੇਸ਼ ਗੀਤ 'ਚੱਲੋ ਚੱਲੀਏ ਸਕੂਲੇ ਸਾਥੀ ਚਲੇ ਗਏ ਨੇ ਸਾਰੇ' ਨਾਲ ਪੂਰੇ ਸਿੱਖਿਆ ਜਗਤ ਵਿਚ ਧੁੰਮ ਪਾਈ। ਮਿਸਜ਼ ਇੰਡੀਆ ਯੂਨੀਵਰਸ ਅਦਾਕਾਰਾ ਬਲਜੀਤ ਸ਼ਰਮਾ ਨਾਲ ਉਸਦੇ ਗੀਤਾਂ ਦੀ ਮੰਗ ਦੇਸ਼ ਵਿਦੇਸ਼ ਵਿਚ ਵਧੀ ਹੈ। ਇਸੇ ਕਰਕੇ ਨਿਰਮਾਤਾ ਨਿਰਦੇਸ਼ਕ ਅਸ਼ੋਕ ਪੁਰੀ ਨੇ ਉਸ ਨਾਲ ਕੁਝ ਸੰਗੀਤਕ ਅਤੇ ਸਿਨਮੈਟੋਗ੍ਰਾਫੀ ਦੇ ਪ੍ਰੋਜੈਕਟ ਵੀ ਅਰੰਭੇ ਹਨ। ਉਸਦੀਆਂ ਸੂਫੀ ਮਹਿਫਲਾਂ ਵਿਚ ਜਿੱਥੇ ਸਾਂਈ ਬੁੱਲ੍ਹੇ ਸ਼ਾਹ ਦਾ ਕਲਾਮ ਬੜੇ ਅਦਬ ਨਾਲ ਸੁਣਿਆ ਜਾਂਦਾ ਹੈ ਉਥੇ ਉਸਦੇ ਸਾਹਿਤਕ ਰੰਗ ਵੀ ਬੜੇ ਮਸ਼ਹੂਰ ਹੋਏ ਹਨ।



ਇਹਨਾਂ ਗੀਤਾਂ ਵਿਚ 'ਤੇਰੇ ਮੇਰੇ ਪਿਆਰ ਦੀ ਕਹਾਣੀ'। ਅੰਮੀਏ ਨੀ ਅੰਮੀਏ ਨਾ ਭੇਜ ਮੈਂਨੂੰ ਖੇਤਾਂ ਵੱਲ, ਖੇਤਾਂ ਵਾਲੇ ਬੜੇ ਹੱਥਿਆਰੇ, ਤਿੜਾਂ ਵੱਟੇ ਮੰਗਦੇ ਨੇ ਰੂਪ ਤੇ ਜੁਆਨੀ ਮੇਰੀ,ਹੁਸਨਾਂ ਦੇ ਭੁੱਖੇ ਵਣਜਾਰੇ ਅਸੀਂ ਖੇਡਣ ਜਾਣਾ ਮਾਏਂ ਆਟੇ ਦੀਆਂ ਚਿੜੀਆਂ ਲੈ ਕੇ, ਕਾਵਾਂ ਦੇ ਸ਼ਹਿਰੀਂ। ਹੁਣ ਪਤਾ ਲੱਗਾ ਏ ਤੂੰ ਬਾਣੀਏ ਦੇ ਪੱਤ ਵਾਂਗੂ, ਲਾਇਆ ਏ ਪਿਆਰ ਨੂੰ ਵਿਆਜ ਸੱਜਣਾ। ਲਾ ਕੇ ਨਾ਼ਲ ਗਮਾਂ ਦੇ ਯਾਰੀ ਜਿੱਤੀ ਪਿਆ ਦੀ ਬਾਜ਼ੀ ਹਾਰੀ' ਵਰਗੇ ਪਾਏਦਾਰ ਮਨੋਰੰਜਕ ਗੀਤਾਂ ਨਾਲ ਉਹ ਹਰ ਮਹਿਫਲ ਵਿਚ ਸਰੋਤਿਆਂ ਦੀਆਂ ਖੂਬ ਤਾੜੀਆਂ ਬਟੋਰ ਜਾਂਦਾ ਹੈ।ਉਸ ਕੋਲ ਕੰਨੜ ਅਤੇ ਹਿੰਦੀ ਵਿਚ ਵੀ ਗਾਉਣ ਦੀ ਵੀ ਮੁਹਾਰਤ ਹੈ। ਉਸਨੇ ਪੰਡਤ ਰਾਮ ਚੰਦ ਜੀ ਤੋਂ ਸੰਗੀਤ ਵਿੱਦਿਆ ਦਾ ਗਿਆਨ ਹਾਸਿਲ ਕੀਤਾ ਤਾਂ ਕਿ ਸੁਰ ਸਾਗਰ ਵਿਚ ਡੂੰਘੀਆਂ ਚੁੱਭੀਆਂ ਮਾਰ ਸਕੇ। ਵਿਜੇ ਭੱਟੀ ਦੀਆਂ ਇਹਨਾਂ ਸ਼ਾਨਦਾਰ ਪ੍ਰਾਪਤੀਆਂ ਵਿਚ ਜੀਵਨ ਸਾਥਣ ਸੁਮਨ ਭੱਟੀ ਦਾ ਵਿਸ਼ੇਸ਼ ਹੱਥ ਹੈ। ਉਹ ਉਸਦੀ ਕਲਾਤਮਿਕ ਪ੍ਰਤਿਭਾ ਨੂੰ ਆਪਣੀ ਨਿਵੇਕਲੀ ਤੇ ਨਰੋਈ ਸੋਚ ਨਾਲ ਚਮਕਾਉਣ ਵਿਚ ਜੁਟੀ ਹੋਈ ਹੈ। ਬਹੁਪੱਖੀ ਪ੍ਰਾਪਤੀਆਂ ਵਾਸਤੇ ਉਸਨੂੰ 'ਕਰੂੰਬਲਾਂ ਪੁਰਸਕਾਰ' ਸਮੇਤ ਕਈ ਹੋਰ ਵੱਕਾਰੀ ਸੰਸਥਾਵਾਂ ਵਲੋਂ ਮਾਣ ਸਨਮਾਨ ਮਿਲ ਚੁਕੇ ਹਨ। ਉਸਨੇ ਹਰਮੋਨੀਅਮ ਤੋਂ ਇਲਾਵਾ ਲੋਕ ਸਾਜਾਂ ਤੇ ਵੀ ਮੁਹਾਰਤ ਹਾਸਿਲ ਕੀਤੀ ਹੋਈ ਹੈ। ਉਹ ਇਕੋ ਵੇਲੇ ਅਨੇਕਾਂ ਕਲਾਵਾਂ ਦਾ ਸੰਗਮ ਬਣਿਆ ਹੋਇਆ ਹੈ। ਉਸਨੇ ਜਿੱਥੇ ਐਮ ਏ,ਬੀ ਐਡ, ਐਮ ਐਡ ਤੇ ਪੀ ਐਚ ਡੀ ਕੀਤੀ ਹੋਈ ਹੈ ਉਥੇ ਦੂਸਰੀ ਡਾਕਟ੍ਰੇਰ ਡਿਗਰੀ ਪੰਜਾਬੀ ਨਾਟਕ ਤੇ ਕਰ ਰਿਹਾ ਹੈ। ਕਲਾ ਸਾਹਿਤ ਅਤੇ ਸੱਭਿਆਚਾਰ ਦੇ ਖੇਤਰ ਵਿਚ ਉਹ ਇਕ ਸਮਰਪਿਤ ਕਲਾਕਾਰ ਤੇ ਲਗਨ ਵਾਲਾ ਇਨਸਾਨ ਹੈ। ਉਸਦੀਆਂ ਕਲਾਤਮਿਕ ਸਰਗਰਮੀਆਂ ਅਤੇ ਪੇਸ਼ਕਾਰੀਆਂ ਦੀ ਸਰਕਾਰੇ ਦਰਬਾਰੇ ਵੀ ਬੜੇ ਸਤਿਕਾਰ ਨਾਲ ਚਰਚਾ ਹੁੰਦੀ ਹੈ। ਯੂ ਟਿਊਬ ਅਤੇ ਕਈ ਹੋਰ ਚੈਨਲਾਂ ਤੇ ਉਸਦੇ ਗੀਤਾਂ ਦੀ ਚੰਗੀ ਧੁੰਮ ਹੈ। ਲੱਖਾਂ ਦਰਸ਼ਕ ਦੇ ਲਾਈਕ ਇਕੱਠੇ ਕਰਨ ਵਾਲਾ ਇਹ ਗਾਇਕ ਤੇ ਗੀਤਕਾਰ ਬਹੁਪੱਖੀ ਪ੍ਰਤਿਭਾ ਦਾ ਮਾਲਕ ਹੈ। ਉਹ ਡੀ ਏ ਵੀ ਕਾਲਜ ਆਫ ਐਜੂਕੇਸ਼ਨ ਹੁਸ਼ਿਆਰਪੁਰ ਵਿਚ ਵੀ ਪੜ੍ਹਾਉਂਦਾ ਹੋਇਆ ਸੰਗੀਤ ਦਾ ਗਿਆਨ ਵੀ ਦਿੰਦਾ ਰਿਹਾ।ਕੁੱਝ ਵੀ ਹੋਵੇ ਉਹ ਸੁਰ ਸਾਧਨਾ ਨਾਲ ਸਫਲਤਾ ਦੀਆਂ ਪੌੜੀਆਂ ਚੜ੍ਹਦਾ ਸਾਹਿਤ ਤੇ ਸਿੱਖਿਆ ਜਗਤ ਵਿਚ ਨਿਵੇਕਲੇ ਮਰਹਲੇ ਸਰ ਕਰ ਰਿਹਾ ਹੈ। ਜ਼ਿਲ੍ਹਾ ਹੁਸ਼ਿਆਰਪੁਰ ਦੇ ਸ਼ਹਿਰ ਗੜ੍ਹਸ਼ੰਕਰ ਦਾ ਵਾਸੀ ਵਿਜੇ ਭੱਟੀ ਸਰਕਾਰੀ ਸੈਕੰਡਰੀ ਸਕੂਲ ਫਤਹਿਪੁਰ ਖੁਰਦ ਵਿਚ ਪੰਜਾਬੀ ਲੈਕਚਰਾਰ ਵਜ਼ੋਂ ਸ਼ਾਨਦਾਰ ਸੇਵਾਵਾਂ ਨਿਭਾਉਂਦਾ ਹੋਇਆ ਪ੍ਰਸ਼ਾਸਕੀ ਕਾਰਜ ਵੀ ਸੰਚਾਲਿਤ ਕਰ ਰਿਹਾ ਹੈ। ਉਹ ਕਲਾ ਦਾ ਚੰਗਾ ਪਾਰਖੂ ਅਤੇ ਪਿਆਰ ਮੁਹੱਬਤ ਦਾ ਮਜੱਸਮਾ ਹੈ।

# ਬਾਬਾ ਸਾਹਿਬ ਡਾ ਅੰਬੇਡਕਰ ਜੋ ਸਾਹਿਬ ਕਾਂਸ਼ੀ ਰਾਮ ਦੇ ਪ੍ਰੇਰਨਾ ਸਰੋਤ ਬਣੇ

**(ਸਫਾ 28 ਦੀ ਬਾਕੀ)**

ਸਮੇਂ ਤੇ ਅਨੇਕਾਂ ਗੁਰੂ ਪੀਰਾਂ ਸੰਤ, ਮਹਾਤਮਾ, ਮਹਾਂਪੁਰਸ਼ ਜਨਮ ਲੈਂਦੇ ਰਹੇ ਪਰ ਗੁਲਾਮਾਂ ਦੇ ਵੀ ਗੁਲਾਮ ਇਨ੍ਹਾਂ ਲਿਤਾੜੇ ਹੋਏ ਲੋਕਾਂ ਦੀਆਂ ਗੁਲਾਮੀ ਦੀਆਂ ਜੰਜੀਰਾਂ ਨਾ ਕੱਟ ਸਕੀਆਂ । ਇਸੇ ਘੁੰਮਣਘੇਰੀ ਚ ਘਿਰੇ ਭਾਰਤ ਦੀ ਧਰਤੀ ' ਤੇ 14 ਅਪ੍ਰੈਲ 1891 ਨੂੰ ਇਕ ਅਜਿਹੇ ਮਹਾਂਪੁਰਸ਼ ਨੇ ਜਨਮ ਲਿਆ ਜਿਸਨੇ ਆਪਣੀ ਲਿਆਕ਼ਤ ਅਤੇ ਸੰਘਰਸ ਦੇ ਸਦਕਾ ਸੂਦਰਾਂ ਦੀ ਗੁਲਾਮੀ ਦੀਆਂ ਜੰਜੀਰਾਂ ਨੂੰ ਕੱਟ ਕੇ ਉਨ੍ਹਾਂ ਨੂੰ ਦੇਸ਼ ਦੇ ਸਰਵਉੱਚ ਅਹੁਦੇ ਤੱਕ ਪਹੁੰਚਾ ਦਿੱਤਾ। ਉਸ ਮਹਾਂਪੁਰਸ਼ ਦਾ ਨਾਮ ਉਸ ਸਮੇਂ ਉਸਦੇ ਮਾਂ ਬਾਪ ਨੇ ਤਾਂ ਭੀਮ ਰਾਓ ਰੱਖਿਆ ਸੀ ਪਰ ਹੌਲੀ ਹੌਲੀ ਉਹ ਬੋਧੀ ਸੰਤਵ ਭਾਰਤ ਰਤਨ ਬਾਬਾ ਸਾਹਿਬ ਡਾ . ਭੀਮ ਰਾਓ ਅੰਬੇਡਕਰ ਬਣ ਗਏ। ਜਨਮ ਤੋਂ ਲੈ ਕੇ ਆਪਣੀ ਜਿੰਦਗੀ ਦੇ ਅਖੀਰਲੇ ਦਿਨਾਂ ਤੱਕ ਉਸ ਮਹਾਂਪੁਰਸ਼ ਨੂੰ ਜਿੰਦਗੀ ਦੇ ਹਰ ਪਹਿਲੂ ' ਚ ਅਛੂਤ / ਸੂਦਰ ਪਰਿਵਾਰ ਵਿਚ ਪੈਦਾ ਹੋਣ ਕਾਰਣ ਅਪਮਾਨ ਸਹਿਣਾ ਪਿਆ । ਜਨਮ ਤੋਂ ਮੌਤ ਤੱਕ ਅਪਮਾਨਿਤ ਹੋਣ ਦੇ ਬਾਵਜੂਦ ਉਸ ਮਹਾਂਪੁਰਸ਼ ਨੇ 5 ਐਮ . ਏ . (ਰਾਜਨੀਤੀ ਸਾਸਤਰ , ਆਚਰਣ ਦਰਸਨ ਸਾਸਤਰ , ਮਾਨਵ ਵਿਗਿਆਨ, ਸਮਾਜ ਵਿਗਿਆਨ, ਅਰਥ ਸਾਸਤਰ) ਪੀ. ਐਚ. ਡੀ. ਕੋਲੰਬੀਆ, ਡੀ. ਐਸ. ਸੀ ਲੰਡਨ, ਐਲ. ਐਲ. ਡੀ. ਕੋਲੰਬੀਆ, ਡੀ . ਲਿਟ ਉਸਮਾਨੀਆ, ਬਾਰ ਐਂਡ ਲਾਅ ਲੰਡਨ ਵਰਗੀਆਂ ਵੱਕਾਰੀ ਡਿਗਰੀਆਂ ਹਾਸਲ ਕੀਤੀਆਂ ਛੋਟੀ ਉਮਰ ਵਿੱਚ ਹੀ ਉਨ੍ਹਾਂ ਦਾ ਵਿਆਹ ਰਮਾਬਾਈ ਨਾਲ ਹੋ ਗਿਆ। ਮਜਬੂਤ ਇਰਾਦੇ ਤੋਂ ਸਾਊ ਸੁਭਾਅ ਦੀ ਰਾਮਾ ਬਾਈ ਦਾ ਭੀਮ ਰਾਓ ਨੂੰ "ਬਾਬਾ ਸਾਹਿਬ" ਬਣਾਉਣ ਵਿਚ ਬਹੁਤ ਯੋਗਦਾਨ ਰਿਹਾ। ਬਾਬਾ ਸਾਹਿਬ ਨੇ ਜਵਾਨੀ ਵਿਚ ਹੀ ਆਪਣੇ ਸਮਾਜ ਲਈ ਭਰਪੂਰ ਸੰਘਰਸ ਕਰਨਾ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ ਸਮਾਜ ਨੂੰ ਭੀਮ ਰਾਓ ਅੰਬੇਡਕਰ ਦੇ ਰੂਪ ਵਿਚ ਆਪਣਾ ਮਸੀਹਾ ਮਿਲ ਗਿਆ। ਦੁਨੀਆਂ ਵਿਚ ਆਪਣੇ ਨਿਜੀ ਸਵਾਰਥਾਂ ਲਈ ਬਹੁਤ ਲੋਕਾਂ ਪ੍ਰਤਿਗਿਆਵਾਂ ਕੀਤੀਆਂ ਹੋਣਗੀਆਂ ਪਰ ਆਪਣੀ ਕੌਮ ਨੂੰ ਆਜਾਦ ਨਾ ਕਰਾ ਸਕਣ ਦੀ ਸੂਰਤ ਵਿਚ ' ਆਪਣੇ ਆਫ਼ ਨੂੰ ਗੋਲੀ ਮਾਰ ਕੇ ਖ਼ਤਮ ਕਰ ਲੈਣ ਦੀ ਪ੍ਰਤੀਗਿਆ ਸਿਰਫ਼ ਬਾਬਾ ਸਾਹਿਬ ਡਾ . ਭੀਮ ਰਾਓ ਅੰਬੇਡਕਰ ਜੀ ਨੇ ਹੀ ਕੀਤੀ ਸੀ। ਛਤਰਪਤੀ ਸਾਹੂ ਜੀ ਮਹਾਰਾਜ ਨੇ ਉਨ੍ਹਾਂ ਨੂੰ ਅਛੂਤਾਂ ਦਾ ਮੁਕ਼ਤੀਦਾਤਾ ਕਹਿ ਕੇ ਉਹਨਾਂ ਦੀ ਜਿੰਮੇਵਾਰੀ ਹੋਰ ਵਧਾ ਦਿੱਤੀ। ਸਮਾਜ ਦੀਆਂ ਗੁਲਾਮੀ ਵਾਲੀਆਂ ਜੰਜੀਰਾਂ ਤੋੜਨ ਲਈ ਦਿਨ ਵਿਚ 20 ਘੰਟੇ ਤੱਕ ਪੜ੍ਹਦੇ ਰਹਿਣਾ ਉਨ੍ਹਾਂ ਲਈ ਆਮ ਗੱਲ ਹੋ ਗਈ ਸੀ। ਗਾਰਡੀਅਨ ਅਖਬਾਰ ਦੇ ਪੱਤਰਕਾਰ ਜੋ ਮਹਾਤਮਾ ਗਾਂਧੀ ਅਤੇ ਜਿਨ੍ਹਾਹ, ਨੂੰ ਇਸ ਲਈ ਨਹੀਂ ਮਿਲ ਸਕੇ ਸਨ ਕਿਉਂਕਿ ਉਹ ਸੌਂ ਰਹੇ ਸਨ ਅਤੇ ਰਾਤ ਦੇ ਕਰੀਬ 1 ਵਜੇ ਉਹ ਬਾਬਾ ਸਾਹਿਬ ਕੋਲ ਪਹੁੰਚੇ ਤਾਂ ਬਾਬਾ ਸਾਹਿਬ ਉਦੋਂ ਵੀ ਪੜ੍ਹ ਰਹੇ ਸਨ। ਪੱਤਰਕਾਰ ਨੇ ਹੈਰਾਨੀ ਨਾਲ ਕਿਹਾ ਕਿ ਮਹਾਤਮਾ ਗਾਂਧੀ ਅਤੇ ਮੁਹੰਮਦ ਅਲੀ ਜਿਨ੍ਹਾਂਹ ਸੌਂ ਰਹੇ ਸੀ ਪਰ ਤੁਸੀਂ ਜਾਗ ਰਹੇ ਹੋ। ਤਾਂ ਬਾਬਾ ਸਾਹਿਬ ਨੇ ਕਿਹਾ ਉਹ ਸੌਂਦੇ ਹਨ ਕਿਉਂਕਿ ਉਹਨਾਂ ਦੀ ਕੌਮ ਜਾਗ ਰਹੀ ਹੈ।ਸੱਚਮੁਚ ਬਾਬਾ ਸਾਹਿਬ ਨੇ ਸਾਰੀ ਉਮਰ ਜਾਗ ਕੇ ਅਤੇ ਭੁੱਖੇ ਪਿਆਸੇ ਰਹਿ ਕੇ ਲੰਘਾਈ, ਪਰ ਆਪਣੀ ਕੰਮ ਨੂੰ ਇਸ ਕਾਬਿਲ ਕਰ ਗਏ ਕਿ ਮਨਭਾਉਂਦੇ ਪਦਾਰਥ ਖਾ ਸਕਦੇ ਹਨ ਅਤੇ ਮਹਿਲਾਂ ਵਿਚ ਸੌਂ ਸਕਦੇ ਹਨ।

ਭਾਰਤ ਦੇ ਆਜਾਦ ਹੁੰਦਿਆਂ ਸਾਰ ਹੀ ਦੇਸ ਨੂੰ ਚਲਾਉਣ ਲਈ ਇਕ ਸੰਵਿਧਾਨ ਦੀ ਲੋੜ ਸੀ ਤੇ ਸੰਵਿਧਾਨ ਲਿਖਣ ਦਾ ਮੌਕਾ ਉਸ ਸਮੇਂ ਦੇ ਮਹਾਂਵਿਦਵਾਨ ਬਾਬਾ ਸਾਹਿਬ ਡਾ. ਅੰਬੇਡਕਰ ਨੂੰ ਮਿਲਿਆ। ਦੁਨੀਆਂ ਦੇ ਮਹਾਨ ਛੇ ਦਿਮਾਗਾਂ ਵਿ'ਚੋਂ ਇਕ, ਜਿਸ ਵਿਚ ਹਿੰਮਤ ਸੀ ਕਿ ਵਾਇਸਰਾਏ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ 'ਕਿ ਕੀ 500 ਗ੍ਰੈਜੂਏਟ ਦੇ ਬਰਾਬਰ ਨਹੀਂ ਹਾਂ? ਤੇ ਵਾਇਸਰਾਏ ਕਹਿੰਦਾ ਹੈ ਕਿ ਬਿਨਾਂ ਸੱਕ ਤੁਸੀਂ ਹੋ। ਸਮਾਨਤਾ, ਸੁਤੰਤਰਤਾ ਅਤੇ ਭਾਈਚਾਰੇ ਤੇ ਆਧਾਰਿਤ ਇਕ ਅਜਿਹਾ ਸੰਵਿਧਾਨ ਲਿਖਿਆ ਜਿਸਦੀ ਪੂਰੀ ਦੁਨੀਆਂ ਮਿਸਾਲ ਦਿੰਦੀ ਹੈ। ਸੰਵਿਧਾਨ ਵਿਚ ਲਿੰਗ, ਜਾਤੀ, ਨਸਲ, ਧਰਮ, ਖੇਤਰ ਆਦਿ ਦੇ ਆਧਾਰ ਤੇ ਕਿਸੇ ਤਰ੍ਹਾਂ ਦੇ ਵਿਤਕਰੇ , ਭੇਦਭਾਵ ਨੂੰ ਕਾਨੂੰਨੀ ਤੌਰ ਤੇ ਰੋਕਿਆ ਗਿਆ ਹੈ, ਸਜਾਯੋਗ ਅਪਰਾਧ ਐਲਾਨਿਆ ਗਿਆ ਹੈ। ਜਿਸਦੀ ਬਦੌਲਤ ਅੱਜ ਅਖੌਤੀ ਨੀਚ ਜਾਤੀ ਦੇ ਲੋਕ ਸਕੂਲ, ਕਾਲਜਾਂ ਵਿਚ ਬੇਖੌਫ ਪੜ੍ਹਾਈ ਕਰਦੇ ਹਨ। ਮੰਦਿਰਾਂ, ਗੁਰਦੁਆਰਿਆਂ, ਮਸੀਤਾਂ, ਗਿਰਜਾ ਘਰਾਂ 'ਚ ਆਜ਼ਾਦੀ ਨਾਲ ਆ ਜਾ ਕੇ ਨਤਮਸਤਕ ਹੋ ਸਕਦੇ ਹਨ। ਸੰਵਿਧਾਨ ਦੁਆਰਾ ਮਿਲੇ ਰਾਖਵਾਂਕਰਨ ਦੇ ਅਧਿਕਾਰ ਨਾਲ ਅੱਜ ਚਪੜਾਸੀ ਤੋਂ ਲੈ ਕੇ ਦੇਸ ਦੇ ਸਰਵਉੱਚ ਅਹੁਦੇ ਤੱਕ ਅਜਿਹੇ ਲੱਖਾਂ ਕਰੋੜਾਂ ਲੋਕ ਪਹੁੰਚ ਚੁੱਕੇ ਹਨ ਜਿਨ੍ਹਾਂ ਨੂੰ ਅਛੂਤ ਕਹਿ ਕੇ ਦਹਿਲੀਜ ਵੀ ਟੱਪਣ ਨਹੀਂ ਦਿੱਤੀ ਜਾਂਦੀ ਸੀ। ਇਹ ਸਭ ਬਾਬਾ ਸਾਹਿਬ ਕਰਕੇ ਹੋਇਆ।ਜੋ ਇਕ ਸਮੇਂ ਸਮਾਜ ਸਾਸਤਰੀ, ਆਰਥਿਕ ਵਿਗਿਆਨੀ, ਰਾਜਨੀਤਿਕ ਅਤੇ ਧਾਰਮਿਕ ਆਗੂ ਵੀ ਸਨ। ਹਿੰਦੂ ਧਰਮ ਵਿਚ ਸਦੀਆਂ ਤੋਂ ਹੁੰਦੇ ਅਪਮਾਨ ਅਤੇ ਸੁਧਾਰ ਨਾ ਹੋਣ ਦੀ ਵਜ੍ਹਾ ਕਾਰਨ ਬਾਬਾ ਸਾਹਿਬ ਨੇ ਧਰਮ ਪਰਿਵਰਤਨ ਕਰਨ ਦਾ ਫੈਸਲਾ ਕਰ ਲਿਆ। ਅਖੀਰ 14 ਅਕ਼ਤੂਬਰ 1956 ਨੂੰ ਬਾਬਾ ਸਾਹਿਬ ਨੇ ਆਪਣੇ 10 ਲੱਖ ਪੈਰੋਕਾਰਾਂ ਦੇ ਨਾਲ ਬੁੱਧ ਧਰਮ ਗ੍ਰਹਿਣ ਕਰ ਲਿਆ। ਜਿਸ ਨਾਲ ਭਾਰਤ ਦੇ ਅਛੂਤਾਂ ਨੂੰ ਆਪਣਾ ਇਕ ਵੱਖਰਾ ਧਰਮ ਮਿਲ ਗਿਆ।

ਜਿਸ ਵਿਚ ਉਹ ਜਾਤ - ਪਾਤ ਦੇ ਸੱਭਿਆਚਾਰਾਂ ਤੋਂ ਮੁਕ਼ਤ ਹੋ ਗਏ। ਬਾਬਾ ਸਾਹਿਬ ਨੇ ਆਪਣੇ ਸਮਾਜ ਨੂੰ ਤਰੱਕੀ ਕਰਨ ਲਈ ਤਿੰਨ ਮੂਲ ਮੰਤਰ ਦਿੱਤੇ ਸਨ, ਸਿੱਖਿਆ ਹੋਵੇ, ਸੰਘਰਸ ਕਰੋ, ਸੰਗਠਿਤ ਹੋਵਗੋਲਮੇਜ ਕਾਨਫਰੰਸ 'ਚ ਭਾਸਣ, ਪੂਨਾ ਪੈਕਟ, ਕਾਲਾ ਰਾਮ ਮੰਦਿਰ ਦਾ ਮੋਰਚਾ, ਚੰਦਾਰ ਤਲਾਬ ਦਾ ਮੋਰਚਾ, ਅੰਗਰੇਜੀ ਹਕੂਮਤ ਵਿਚ ਲੇਵਰ ਮਨਿਸਟਰੀ ਦੇ ਮੈਂਬਰ ਆਜਾਦ ਭਾਰਤ ਦੇ ਪਹਿਲੇ ਕਾਨੂੰਨ ਮੰਤਰੀ ਭਾਰਤੀ ਸੰਵਿਧਾਨ ਦੇ ਪ੍ਰਮੁੱਖ ਨਿਰਮਾਤਾ, ਵਰਤਮਾਨ ਸਮੇਂ ਦੇ ਮਹਾਨ ਸਾਂਤਮਈ ਕ੍ਰਾਂਤੀ ਦੇ ਸੂਤਰਧਾਰ , ਦੱਬੇ ਕੁਚਲੇ ਲੋਕਾਂ ਦੇ ਸਕ਼ਤੀ ਦਾਤਾ, ਔਰਤ ਜਾਤੀ ਦੇ ਮਸੀਹਾ, ਆਧੁਨਿਕ ਭਾਰਤ ਵਿਚ ਬੁੱਧ ਧਰਮ ਦੇ ਪੁਨਰ ਜੀਵਨਦਾਤਾ, ਸਮਾਨਤਾ ਅਤੇ ਮਨੁੱਖੀ ਗੌਰਵ ਲਈ ਲੜਨ ਵਾਲਾ ਮਹਾਨ ਯੋਧਾ ਦਸੰਬਰ 1956 ਦੀ ਕਾਲੀ ਰਾਤ ਨੂੰ ਆਪਣੇ ਕਰੋੜਾਂ ਪੈਰੋਕਾਰਾਂ ਨੂੰ ਬੇਸਹਾਰਾ ਤੇ ਰੋਂਦੇ ਕੁਰਲਾਉਂਦੇ ਛੱਡ ਕੇ ਸਰੀਰਕ ਰੂਪ ਵਿਚ ਦੁਨੀਆਂ ਨੂੰ ਅਲਵਿਦਾ ਆਖ ਗਿਆ। ਉਨ੍ਹਾਂ ਦੇ ਕਰੋੜਾ ਪੈਰੋਕਾਰਾਂ ਨੇ ਉਨ੍ਹਾਂ ਨੂੰ ਹੰਝੂਆਂ ਭਰੀ ਵਿਦਾਈ ਦਿੱਤੀ। ਭਾਰਤੀ ਸਮਾਜ ਵਿਚ ਜਾਤ - ਪਾਤ ਦੇ ਕੋਹੜ ਵਾਲੀ ਕਾਲੀ ਰਾਤ ਵਿਚ ਇਸ ਕੋਹੜ ਨੂੰ ਦੂਰ ਕਰਨ ਵਾਲਾ ਚੰਨ ਬੱਦਲਾਂ ਓਹਲੇ ਹੋ ਗਿਆ ਸੀ । ਕਿਸੇ ਇਤਿਹਾਸਕਾਰ ਨੇ ਲਿਖਿਆ ਹੈ ਕਿ ' ਸਾਮਰਾਜਾਂ ਦਾ ਬਣਨਾ ਅਤੇ ਗੁਜਰ ਜਾਣਾ, ਖੰਡ-ਖੰਡ ਮਹਾਰਾਜਿਆਂ ਅਤੇ ਤਾਨਾਸਾਹਾਂ ਦਾ ਗੁਜਰ ਜਾਣਾ, ਪੁਲਾੜ ਉੱਤੇ ਜਿੱਤ, ਐਟਮ ਬੰਬ ਦੀ ਖੋਜ ਅਤੇ ਹੋਰ। ਇਹ ਸਾਰੇ ਜਿਕਰ ਬੀਤੇ ਸਮੇਂ ਦੀ ਬਾਤ ਗਲਾਂ, ਬਣਕ ਮੱਧਮ ਪੈ ਜਾਣਗੇ ਪਰ ਭਾਰਤ ਦੇ ਲਿਤਾੜੇ ਅਤੇ ਪੱਛੜੇ ਵਰਗ ਦੇ ਬੇਖੌਫ ਆਗੂ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੀ ਜਿੰਦਾਦਿਲ ਆਵਾਜ ਦੁਖੀ ਮਾਨਵਤਾ ਦਾ ਸੁਨੇਹਾ ਦਿੰਦੀ ਯੁੱਗਾਂ-ਯੁੱਗਾਂ ਤੱਕ ਗੂੰਜਦੀ ਰਹੇਗੀ।

## ਗੀਤ

ਸੌਂ ਗਿਆ ਖ਼ਿਤੇ ਜਾ ਕੇ, ਕੌਮ ਜਗਾਉਣ ਵਾਲਿਆ,
ਰਾਜ ਭਾਗ ਲੈਣ ਦੀ, ਜਾਂਚ ਸਿਖਾਉਣ ਵਾਲਿਆ,
ਬੇਗਮਪੁਰਾ ਜੋ ਰਿਹਾ ਅਧੂਰਾ , ਕਦੋਂ ਵਸਾਉਣਾ
ਮੈਨੂੰ ਸੁਪਨੇ 'ਚ ਦੱਸ ਜਾ ਕਾਂਸੀ ਰਾਮ ਜੀ ਫੇਰ ਕਦੋਂ ਆਉਣਾ
ਮੈਨੂੰ ਸੁਪਨੇ 'ਚ ----
ਭੀਮ ਰਾਓ ਦੇ ਬਾਅਦ ਰਹਿਬਰ ਖਵਾਸਪੁਰੇ ਵਿਚ ਆਇਆ,
ਬਿਸਨ ਕੌਰ ਦਾ ਜਾਇਆ ਜੱਗ ਤੇ, ਕੌਮੀ ਪਿਤਾ ਕਹਾਇਆ,
ਕਾਂਸੀ ਰਾਮ ਵਧੇਰੇ ਨੇ, ਪਰ ਤੇਰੇ ਜਿਹਾ ਨਹੀਂ ਹੋਣਾ
ਮੈਨੂੰ ਸੁਪਨੇ ' ਚ .....
ਮਾਂ ਪਿਓ ਛੱਡੇ ਘਰ ਵੀ ਛੱਡਿਆ, ਨੌਕਰੀ ਨੂੰ ਠੋਕਰ ਮਾਰੀ
ਮਿਸ਼ਨ ਦੀ ਖਾਤਰ ਸਾਰੀ ਜ਼ਿੰਦਗੀ, ਸੰਘਰਸ ਵਿਚ ਗੁਜਾਰੀ,
ਮਹਾਂ ਤਿਆਗੀ ਸੀ ਤੂੰ ਹੀਰਾ ਮੁੜ ਨਹੀਂ ਥਿਆਉਣਾ
ਮੈਨੂੰ ਸੁਪਨੇ 'ਚ ......
ਤੇਰੀ ਜਗਾਈ ਕੌਮ ਤਾਂ ਅੱਜ ਵੀ ਫਿਰਦੀ ਹੈ ਅਧਵਾਟੇ
ਤੇਰੇ ਜਾਣ ਦੇ ਮਗਰੋਂ ਸਾਹਿਬ ਜੀ ਵਾਰਿਸ ਨਾ ਕੋਈ ਜਾਪੇ
ਹੱਕ ਸੱਚ ਲਈ ਲੜਨਾ ਮਰਨਾ ਕੀਹਨੇ ਸਿਖਾਉਣਾ
ਮੈਨੂੰ ਸੁਪਨੇ 'ਚ .....
ਰਟੈਂਡੇ ਵਾਲਾ ਪਿਆਰਾ ਆਖੇ, ਫੇਰ ਦੁਵਾਰਾ ਆ ਜਾ
ਬੀ.ਐਸ.ਪੀ. ਦੀ ਡੁਬਦੀ ਬੇੜੀ ਕਿਸੇ ਕਿਨਾਰੇ ਲਾ ਜਾ
ਨੀਲਾ ਝੰਡਾ ਦਿੱਲੀ ਉੱਤੇ ਤੁਸਾਂ ਹੀ ਲਹਿਰਾਉਣਾ
ਮੈਨੂੰ ਸੁਪਨੇ 'ਚ......

### ਗੀਤ

ਭਾਰਤ ਵਾਸੀ ਹਰ ਥਾਂ ਰੋਂਦੇ , ਕੋਈ ਅਵਤਾਰ ਵੀ ਆਇਆ ਨਾ ਬਾਵਾ ਸਾਹਿਬ ਦਾ ਮਿਸ਼ਨ ਅਧੂਰਾ ਕਿਸੇ ਨਾ ਤੋੜ ਚੜ੍ਹਾਇਆ, ਫੁੱਟ ਪਾਥਾ ਤੇ ਸੁੱਤਿਆਂ ਨੂੰ ਅੱਜ ਹੋਕਾ ਦੇ ਜਗਾ ਦਿੱਤਾ ਕਾਂਸੀ ਰਾਮ ਨੇ ਜੀਵਨ ਆਪਣਾ ਕੌਮ ਦੇ ਲੇਖੇ ਲਾ ਦਿੱਤਾ। ਵੇਖਿਆ ਮਨੂੰਵਾਦੀਏ ਸਾਨੂੰ ਅੱਗਾਂ ਨਿੱਤ ਲਗਾਉਂਦੇ ਨੇ ਮਾਵਾਂ ਭੈਣਾਂ ਨਾਲ ਵੇਖਿਆ ਕਿਵੇਂ ਉਹ ਕਹਿਰ ਕਮਾਉਂਦੇ ਨੇ ਜਿਸ ਕੁਰਸੀ ਨੂੰ ਲੋਕੀ ਲੱਭਦੇ ਉਸ ਕੁਰਸੀ ਨੂੰ ਠੁਕਰਾ ਦਿੱਤਾ ਕਾਂਸੀ ਰਾਮ ਲੱਖਾਂ ਦੁੱਖਾਂ ਦਾ ਅੱਜ ਦਾਰੂ ਬਣਕੇ ਸਾਡਾ ਆਇਆ ਏ ਫੁੱਲਾਂ ਨੂੰ ਕੰਡਿਆਂ ਨਾਲ ਹੈ ਪਿਆਰ ਜਿਸਨੇ ਪਾਇਆ ਏ ਰੋਪੜ ਜਿਲ੍ਹੇ ਨੂੰ ਭਾਰਤ ਦੇ ਵਿਚ ਥਾਂ ਥਾਂ ਤੇ ਰੁਸਨਾ ਦਿੱਤਾ ਕਾਂਸੀ ਰਾਮ ਉਸ ਰਾਹੀਂ ਨਾਲ ਰਲ ਜਾਊ ਜੇਕਰ ਹੱਕ ਬਰਾਬਰ ਲੈਣੇ ਨੇ ਤੁਰਨ ਤੋਂ ਪਹਿਲਾਂ ਇਹ ਸੋਚੋ ਬੜੇ ਸਿਆਫ਼ੇ ਪੈਣੇ ਨੇ ਕੇਵਲ ਬਾਹੜੋਵਾਲੀਏ ਨੇ ਤਾਂ ਆਪਣਾ ਨਾ ਲਿਖਵਾ ਦਿੱਤਾ ਕਾਂਸੀ ਰਾਮ।

**-ਕੇਵਲ ਸਾਂਵਰਾ, ਬਾਹੜੋਵਾਲੀਆ**

### ਭਵਿੱਖ ਦੇ ਕੰਮ

ਭੂਤਕਾਲ ਦੇ ਤਜਰਬੇ ਦੇ ਅਧਾਰ ਤੇ ਇਹ ਨਤੀਜਾ ਨਿਕਲਦਾ ਹੈ ਕਿ ਭਵਿੱਖ ਦਾ ਕੰਮ ਸਾਡੇ ਸਾਹਮਣੇ ਹੈ, ਜੋ ਬਹੁਤ ਔਖਾ ਹੈ , ਕਿਉਂਕਿ ਜਿਸ ਵਿਵਸਥਾ ਨੂੰ ਅਸੀਂ ਬਦਲਣਾ ਚਾਹੁੰਦੇ ਹਾਂ, ਇਸ ਵਿਵਸਥਾ ਨੂੰ ਬਣਾਈ ਰੱਖਣ ਲਈ , ਇਸ ਵਿਵਸਥਾ ਤੋਂ ਲਾਭ ਲੈਣ ਵਾਲੇ, ਵਿਵਸਥਾ ਨੂੰ ਬਣਾਈ ਰੱਖਣ ਲਈ ਦਿਨ ਰਾਤ ਗੁਪਤ ਢੰਗ ਨਾਲ ਕੰਮ ਕਰਨ ਵਿਚ ਲੱਗੇ ਰਹਿੰਦੇ ਹਨ। ਭਾਵੇਂ ਕੁਝ ਵੀ ਹੋਵੇ, 'ਸੰਪੂਰਨ ਗੈਰ - ਬਰਾਬਰੀ' ਦੀ ਵਿਵਸਥਾ ਨੂੰ 'ਪੂਰਣ - ਸਮਾਨਤਾ' ਦੀ ਵਿਵਸਥਾ ਵਿਚ ਬਦਲਣ ਲਈ, ਅਸੀਂ ਪੂਰੀ ਇਮਾਨਦਾਰੀ ਅਤੇ ਤਨ - ਦੇਹੀ ਨਾਲ ਕੰਮ ਕਰਾਂਗੇ, ਜੋ ਕਿ ਸਾਡੇ ਜੀਵਨ ਦਾ ਇਕ ਮਾਤਰ ਉਦੇਸ਼ ਹੈ। ਗੈਰ - ਬਰਾਬਰੀ ਦੀ ਵਿਵਸਥਾ ਤੇ ਸੰਪੂਰਣ ਨਿਯੰਤਰਣ, ਇਸ ਵਿਵਸਥਾ ਤੋਂ ਲਾਭ ਲੈਣ ਵਾਲਿਆਂ ਦਾ ਹੈ। ਇਸ ਲਈ ਇਹ ਮਹੱਤਵ ਪੂਰਣ ਹੈ ਕਿ ਬਦਲੀ ਹੋਈ ਸੰਪੂਰਣ ਸਮਾਨਤਾ ਦੀ ਵਿਵਸਥਾ ਤੇ ਗੈਰ - ਬਰਾਬਰੀ ਦੀ ਵਿਵਸਥਾ ਤੇ ਵਰਤਮਾਨ ਦੱਬੇ - ਕੁਚਲੇ ਲੋਕਾਂ ਅਤੇ ਪੀੜਤ ਲੋਕਾਂ ਦਾ ਮਜਬੂਤ ਨਿਯੰਤਰਣ ਹੋਣਾ ਚਾਹੀਦਾ ਹੈ। ਕਿਸੇ ਵੀ ਹਾਲ ਵਿਚ, ਇਸ ਦੀ, ਕਿਸੇ ਵੀ ਕਿਸਮ ਦੀ ਚੱਕ - ਥਲ ਜਾਂ ਤਾਰਪੀਡੋ ਨਾ ਹੋਵੇ। ਇਹ ਉਹ ਪਾਠ ਹੈ ਜੋ ਸਾਨੂੰ ਮੌਰੀਆਂ ਵੰਸ ਦੇ ਪਤਨ ਤੋਂ ਲੈਣਾ ਚਾਹੀਦਾ ਹੈ ।

**(ਪੁਸਤਕ ਚਮਚਾ ਯੁੱਗ 'ਚੋਂ)**

ਬਹੁਜਨ ਸਮਾਜ ਪਾਰਟੀ ਦੇ ਤਿੰਨ ਐਮ.ਪੀ. ਅਤੇ 9 ਐਮ.ਐਲ.ਏ. ਪੰਜਾਬ ਵਿਚ ਬਣ ਚੁੱਕੇ ਹਨ।

1. ਸ੍ਰੀ ਸਤਨਾਮ ਸਿੰਘ ਕੈਂਥ 1992 ਵਿਚ ਐਮ.ਐਲ.ਏ. ਬਣਿਆ। 2. ਸ੍ਰੀ ਸਿੰਗਾਰਾ ਰਾਮ ਸਹੂੰਗੜਾ ਗੜ੍ਹਸੰਕਰ ਹਲਕੇ ਤੋਂ ਦੋ ਵਾਰ ਜਿੱਤ ਚੁੱਕੇ ਹਨ। 3. ਸ : ਹਰਗੋਪਾਲ ਸਿੰਘ ਬਲਾਚੌਰ ਹਲਕੇ ਤੋਂ ਐਮ.ਐਲ.ਏ. ਬਣੇ ਸਨ ਅਤੇ ਹੁਣ ਜਨਰਲ ਸਕੱਤਰ ਪੰਜਾਬ ਹਨ। 4. ਹਰਗੋਪਾਲ ਰਾਮ ਜੀ ਸਾਮ ਚੁਰਾਸੀ ਤੋਂ ਐਮ.ਐਲ.ਏ. ਬਣੇ ਸਨ। 5. ਰਜਿੰਦਰ ਕੁਮਾਰ ਜੀ ਆਦਮਪੁਰ ਤੋਂ ਐਮ.ਐਲ.ਏ. ਬਣੇ ਸਨ। 6 ਬਲਦੇਵ ਸਿੰਘ ਭੱਟੀ ਧਰਮਕੋਟ ਤੋਂ ਐਮ.ਐਲ.ਏ. ਬਣੇ ਸਨ। 7 ਸਨਿਰਮਲ ਸਿੰਘ ਭਦੌੜ ਹਲਕੇ ਤੋਂ ਐਮ.ਐਲ.ਏ. ਬਣੇ ਸਨ। 8. ਸ : ਰਾਜ ਸਿੰਘ ਖੇੜੀ ਸੇਰਪੁਰ ਤੋਂ ਐਮ.ਐਲ.ਏ. ਬਣੇ ਸਨ। 9. ਸ : ਅਵਤਾਰ ਸਿੰਘ ਕਰੀਮਪੁਰੀ ਮਾਹਿਲਪੁਰ ਤੋਂ ਐਮ.ਐਲ.ਏ. ਬਣੇ ਸਨ ਬਾਅਦ ਵਿਚ ਜਨਰਲ ਸਕੱਤਰ ਅਤੇ ਪੰਜਾਬ ਦੇ ਪ੍ਰਧਾਨ ਵੀ ਰਹਿ ਚੁੱਕੇ ਹਨ। 10. ਐਮ.ਪੀ. ਬਣੇ ਪੰਜਾਬ ਵਿਚ ਪਹਿਲਾਂ ਹਰਭਜਨ ਸਿੰਘ ਲਾਖਾ 1989 ਵਿਚ।

11 ਪੰਜਾਬ ਵਿਚ ਅਕਾਲੀ ਦਲ ਬਾਦਲ + ਬਸਪਾ ਨਾਲ ਸਮਝੌਤੇ ਵਿਚ ਤਿੰਨ ਐਮ.ਪੀ. ਬਸਪਾ ਦੇ ਜਿੱਤੇ ਸਨ । ਜਿਨ੍ਹਾਂ ਵਿਚ ਸਾਹਿਬ ਸ੍ਰੀ ਕਾਂਸੀ ਰਾਮ 10,000 ਵੋਟ ਲੈ ਕੇ ਜਿਤੇ ਸਨ। ਦੂਸਰਾ ਮੋਹਣ ਸਿੰਘ ਫਲੀਆਂਵਾਲਾ ਅਤੇ ਤੀਸਰਾ ਐਮ.ਪੀ. ਹਰਭਜਨ ਲਾਖਾ ਜੀ ਸਨ।

****

# .ਗ਼ਦਰ ਪਾਰਟੀ ਦਾ ਅਰੰਭ ਅਤੇ ਲਹੌਰ ਸਾਜ਼ਿਸ਼ ਕੇਸ



ਮਨਮੋਹਨ ਪੂਨੀ
(ਨਿਊਯਾਰਕ)

ਹਿੰਦੋਸਤਾਨ ਨੂੰ ਅੰਗਰੇਜ਼ ਸਾਮਰਾਜ ਤੋਂ ਅਜ਼ਾਦ ਕਰਾਉਣ ਲਈ ਵੱਖ ਵੱਖ ਸਮੇਂ ਵੱਖ ਵੱਖ ਸੰਸਥਾਵਾਂ, ਲਹਿਰਾਂ ਹੋਂਦ ਵਿੱਚ ਆਈਆਂ । ਲੱਖਾਂ ਆਜ਼ਾਦੀ ਘੁਲਾਟੀਆਂ ਨੇ ਫ਼ਾਂਸੀਆਂ ਦੇ ਰੱਸੇ ਚੁੰਮੇ, ਉਮਰ ਕੈਦਾਂ ਕੱਟੀਆਂ ਅਤੇ ਆਪਣੀਆਂ ਜਾਇਦਾਦਾਂ ਕੁਰਕ ਕਰਵਾਈਆਂ। ਨੌਜਵਾਨ ਹਿੰਦੋਸਤਾਨੀ ਆਪਣੇ ਜੀਵਨ ਅਤੇ ਘਰੇਲੂ ਹਾਲਤਾਂ ਨੂੰ ਬਿਹਤਰ ਬਣਾਉਣ ਲਈ ਦੇਸ਼ ਤੋਂ ਪਰਦੇਸ਼ ਹੋਏ। ਘਰ ਦੀ ਸੁਰੱਗੀ ਲਈ ਬਾਹਰਲੇ ਦੇਸ਼ਾਂ 'ਚ ਆਏ ਨੌਜਵਾਨ ਹਿੰਦੋਸਤਾਨੀਆਂ ਨਾਲ ਰੰਗ ਦੇ ਗੋਰਿਆਂ ਵੱਲੋਂ ਬਦਸਲੂਕੀ ਅਤੇ ਅਣਮਨੁੱਖੀ ਵਿਵਹਾਰ ਨੇ ਦੇਸ਼ ਨੂੰ ਆਜ਼ਾਦ ਕਰਾਉਣ ਦੀ ਉਤਸੁੱਕਤਾ ਪੈਦਾ ਕੀਤੀ। ਉਨ੍ਹਾਂ ਨੇ ਆਜ਼ਾਦੀ ਦੇ ਸੁੱਪਨੇ ਦੇਖਣੇ ਸ਼ੁਰੂ ਕਰ ਦਿੱਤੇ। ਅਮਰੀਕਾ ਅਤੇ ਕੈਨੇਡਾ ਵਿੱਚ ਰਹਿੰਦੇ ਹਿੰਦੀ ਕਾਮੇ ਦੇਸ਼ ਨੂੰ ਆਜ਼ਾਦ ਕਰਾਉਣ ਦੀ ਵਿਚਾਰ ਚਰਚਾ ਲਈ ਅਮਰੀਕਾ ਦੇ ਸੂਬੇ ਕੈਲਾਫੋਰਨੀਆਂ ਦੇ ਸ਼ਹਿਰ ਸਟੌਕਟਨ ਦੇ ਹੋਲਟ ਫ਼ਾਰਮ ਵਿੱਚ ਇਕੱਤਰ ਹੋਏ। ਜਿਨ੍ਹਾਂ ਵਿੱਚ ਬਾਬਾ ਸੋਹਨ ਸਿੰਘ ਭੱਕਨਾ, ਬਾਬਾ ਜਵਾਲਾ ਸਿੰਘ ਠੱਠੀਆਂ (ਆਲੂਆਂ ਦੇ ਬਾਦਸ਼ਾਹ), ਪ੍ਰੋਫੈਸਰ ਤੇਜਾ ਸਿੰਘ (ਮਸਤੂਆਣਾ), ਭਾਈ ਪਰਮਾਨੰਦ, ਭਾਈ ਵਿਸਾਖਾ ਸਿੰਘ, ਭਾਈ ਸੰਤੋਖ ਸਿੰਘ, ਭਾਈ ਹਜ਼ਾਰਾ ਸਿੰਘ ਅਤੇ ਭਾਈ ਨੌਧ ਸਿੰਘ ਆਦਿ ਨੇ ਇਕੱਠੇ ਹੋ ਕੇ "ਪੈਸਫਿਕ ਕੋਸਟ ਖ਼ਾਲਸਾ ਦੀਵਾਨ ਸੁਸਾਇਟੀ" ਬਣਾਈ।

1912 ਵਿੱਚ ਬਾਬੂ ਹਰਨਾਮ ਸਿੰਘ ਸਾਹਰੀ (ਹੁਸ਼ਿਆਰਪੁਰ) ਵੈਨਕੂਵਰ ਤੋਂ ਛੱਪਦੇ ' ਸੁਦੇਸ ਸੇਵਕ' ਦੇ ਸੰਪਾਦਕ ਅਤੇ ਸਾਥੀ ਜੇ.ਡੀ. ਕੁਮਾਰ (ਬੰਗਾਲ) ਜੋ ਸਿਆਟਲ ਤੋਂ ਪੋਰਟਲੈਂਡ ਹਿੰਦੀ ਮਜ਼ਦੂਰਾਂ ਨੂੰ ਮਿਲਣ ਆਏ ਤਾਂ ਕਿ ਹਿੰਦੋਸਤਾਨ ਦੀ ਆਜ਼ਾਦੀ ਦਾ ਮੁੱਢ ਬੰਨਿਆ ਜਾਵੇ ਅਤੇ ਲਹਿਰ ਚਲਾਈ ਜਾਵੇ। ਹਿੰਦੀ ਮਜ਼ਦੂਰ, ਸੁਧਾਰਵਾਦੀ ਲਹਿਰ ਦੀ ਥਾਂ ਕੋਈ ਕ੍ਰਾਂਤੀਕਾਰੀ ਲਹਿਰ ਦੇ ਹੱਕ 'ਚ ਸਨ। ਪੋਰਟਲੈਂਡ ਵਿੱਚ ਇਕੱਠ ਹੋਇਆ ਵਿਚਾਰ-ਵਟਾਂਦਰਿਆਂ ਤੋਂ ਬਾਅਦ "ਹਿੰਦੋਸਤਾਨ ਐਸੋਸੀਏਸ਼ਨ ਆਫ਼ ਪੈਸਫਿਕ ਕੋਸਟ " ਬਣਾਈ ਗਈ। ਬਾਬਾ ਸੋਹਨ ਸਿੰਘ ਭੱਕਨਾ (ਪ੍ਰਧਾਨ), ਜੀ.ਡੀ. ਕੁਮਾਰ (ਮੁੱਖ ਸਕੱਤਰ) ਅਤੇ ਕਾਸ਼ੀ ਰਾਮ (ਖ਼ਜ਼ਾਨਚੀ) ਬਣਾਏ ਗਏ । ਐਸੋਸੀਏਸ਼ਨ (Assoicaiton) ਨੂੰ ਚਲਾਉਣ ਲਈ ਕਮੇਟੀ ਵਿੱਚ ਹਰਨਾਮ ਸਿੰਘ ਟੁੰਡੀਲਾਟ, ਊਧਮ ਸਿੰਘ ਕਸੇਲ ਅਤੇ ਸਾਥੀ ਰਾਮ ਰੱਖਾ ਦੀ ਸ਼ਮੂਲੀਅਤ ਹੋਈ । ਉਸ ਸਮੇਂ ਔਰਗਨ ਸੂਬੇ ਦੇ ਸ਼ਹਿਰ ਅਸਟੋਰੀਆ ਦੀ ਮਿਲ ਵਿੱਚ ਐਸੋਸੀਏਸ਼ਨ ਦੀ ਸ਼ਾਖ ਖੋਲੀ ਜਿੱਥੇ 120 ਦੇ ਕਰੀਬ ਹਿੰਦੋਸਤਾਨੀ ਕਾਮੇ ਕੰਮ ਕਰਦੇ ਸਨ। ਇੱਥੋਂ ਦੀ ਕਮੇਟੀ ਵਿੱਚ ਪ੍ਰਧਾਨ ਕੇਸਰ ਸਿੰਘ ਠੱਠਗੜ੍ਹ, ਸਕੱਤਰ ਮੁਨਸ਼ੀ ਕਰੀਮ ਬਖ਼ਸ਼ ਅਤੇ ਖ਼ਜ਼ਾਨਚੀ ਮੁਨਸ਼ੀ ਰਾਮ ਬਣਾਏ ਗਏ।

"ਆਹੁਦਿਆਂ ਤੋਂ ਭਾਵ ਜ਼ੁੰਮੇਵਾਰੀ ਹੁੰਦਾ ਹੈ।" ਇਹ ਅਲੂਣੀ ਸਿੱਲ ਵਾਂਗ ਹੁੰਦੇ ਹਨ । ਔਰੇਗਨ ਸਟੇਟ ਦੇ ਸ਼ਹਿਰ ਸੇਂਟ-ਜੌਨ੍ਹ ਦੀ ਮਿਲ ਵਿੱਚ ਵੀ ਕਾਫ਼ੀ ਹਿੰਦੀ ਮਜ਼ਦੂਰ ਕੰਮ ਕਰਦੇ ਸਨ ਜਿੰਨਾ ਵਿੱਚ ਪੰਡਿਤ ਕਾਂਸ਼ੀ ਰਾਮ ਅਤੇ ਲਾਲਾ ਠਾਕਰ ਦਾਸ ਧੂਰੀ ਵੀ ਸਨ। ਅਸਟੋਰੀਆ ਵਿੱਚ ਹੀ ਕਰਤਾਰ ਸਿੰਘ ਸਰਾਭਾ ਵੀ ਆਪਣੇ ਪੇਂਡੂ ਰੁਲੀਆ ਰਾਮ ਨੂੰ ਮਿਲਣ ਆਇਆ ਤੇ ਇੱਥੇ ਮਿੱਲ 'ਚ ਕੰਮ ਕਰਨ ਲੱਗ ਗਿਆ ਸੀ।

ਪੋਰਟਲੈਂਡ ਦੇ ਇਕੱਠ ਵਿੱਚ ਲਏ ਫੈਸਲਿਆਂ ਨੂੰ ਅਮਲ ਵਿੱਚ ਲਿਆਉਣ ਲਈ ਮੀਟਿੰਗਾਂ ਸ਼ੁਰੂ ਹੋਈਆਂ। ਜੀ.ਡੀ. ਕੁਮਾਰ ਦੇ ਬੀਮਾਰ ਹੋ ਜਾਣ ਕਾਰਨ ਅਖਬਾਰ ਕੱਢਣ ਦਾ ਕੰਮ ਪੂਰਾ ਨਾ ਹੋਇਆ ਅਤੇ ਨਾ ਹੀ ਦਫ਼ਤਰ ਬਣ ਸਕਿਆ। ਠਾਕਰ ਦਾਸ ਧੂਰੀ ਵਾਲਿਆਂ ਨੇ ਲਾਲਾ ਹਰਦਿਆਲ ਵਾਰੇ ਦੱਸਿਆ ਕਿ ਉਹ ਸਾਨਫਰਾਂਸਿਸਕੋ ਵਿੱਚ ਹਿੰਦੀ ਵਿਦਿਆਰਥੀ ਸੰਗਠਨ ਤਿਆਰ ਕਰ ਰਿਹਾ ਹੈ ਅਤੇ ਉਸ ਕੋਲ ਦੂਸਰਾ ਰੁਝੇਵਾਂ ਵੀ ਨਹੀਂ ਹੈ। ਕਮੇਟੀ ਵੱਲੋਂ ਰਾਬਤਾ ਕਰਨ ਉਪਰੰਤ ਉਹ ਭਾਈ ਪਰਮਾਨੰਦ ਨਾਲ ਮਾਰਚ 1913 ਨੂੰ ਔਰਗਨ ਆ ਗਿਆ। ਭਾਈ ਕਾਂਸ਼ੀ ਰਾਮ ਨੇ ਦੂਰ-ਨੇੜੇ ਦੇ ਹਿੰਦੀ ਮਜ਼ਦੂਰ ਕਾਮਿਆਂ ਨੂੰ ਲਾਲਾ ਹਰਦਿਆਲ ਦੇ ਵਿਚਾਰ ਸੁਨਣ ਲਈ ਸੇਂਟਜੌਨ੍ਹ 'ਚ ਮੀਟਿੰਗ ਬੁਲਾਈ। ਮੀਟਿੰਗ ਵਿੱਚ ਲਾਲਾ ਹਰਦਿਆਲ ਦੇ ਵਿਚਾਰ ਸੁਨਣ ਬਾਅਦ ਜੋ ਹੇਠ ਲਿਖੇ ਫੈਸਲੇ ਲਏ ਉਨ੍ਹਾਂ ਨੂੰ ਗ਼ਦਰ ਲਹਿਰ ਦਾ ਮੈਨੀਫੈਸਟੋ ਵੀ ਕਿਹਾ ਜਾ ਸਕਦਾ ਹੈ।

1. ਹਿੰਦੋਸਤਾਨ ਐਸੋਸੀਏਸ਼ਨ ਆਫ ਪੈਸਿਫਿਕ ਕੋਸਟ ਦਾ ਨਾਂਅ " ਹਿੰਦੀ ਐਸੋਸੀਏਸ਼ਨ ਆਫ ਪੈਸਿਫਿਕ ਕੋਸਟ ਹੋਵੇ"।
2. ਹਿੰਦੋਸਤਾਨ ਨੂੰ ਹੱਥਿਆਰਬੰਦ ਇਨਕਲਾਬ ਰਾਹੀਂ ਅੰਗਰੇਜ਼ ਸਾਮਰਾਜ ਤੋਂ ਆਜ਼ਾਦ ਕਰਾਉਣਾ ਅਤੇ ਇੱਕ ਅਜਿਹਾ ਲੋਕ-ਰਾਜ ਸਥਾਪਿਤ ਕਰਨਾ ਜਿਸ ਵਿੱਚ ਹਰੇਕ ਨੂੰ ਬਰਾਬਰੀ ਦਾ ਹੱਕ ਹੋਵੇ ।
3. ਪਾਰਟੀ ਦਾ ਹਫ਼ਤਾਵਾਰ ਅਖਬਾਰ ਹੋਵੇ ਜੋ ਪੰਜਾਬੀ , ਹਿੰਦੀ ਅਤੇ ਉਰਦੂ ਵਿੱਚ ਛਾਪਿਆ ਜਾਵੇ । ਜਿਸ ਦਾ ਨਾਮ 1857 ਦੇ ਗ਼ਦਰ ਦੀ ਯਾਦ ਵਿੱਚ "ਗ਼ਦਰ" ਰੱਖਿਆ ਜਾਵੇ ।
4. ਪਾਰਟੀ ਦਫਤਰ ਸਾਨਫ੍ਰਾਂਸਿਸਕੋ ਹੋਵੇ ਕਿਉਂਕਿ ਇੱਥੇ ਹਿੰਦੋਸਤਾਨ ਦੇ ਹਮਦਰਦ ਦੇਸ਼ਾਂ ਦੇ ਆਫ਼ਿਸ ਹਨ ਅਤੇ ਬੰਦਰਗਾਹ ਹੈ ।
5. ਜਥੇਬੰਦੀ ਦੀ ਚੋਣ ਹਰ ਸਾਲ ਕੀਤੀ ਜਾਵੇ।
6. ਵੱਖ-ਵੱਖ ਥਾਂਵਾਂ ਉੱਤੇ ਕੰਮ ਕਰਨ ਵਾਲੇ ਮਜ਼ਦੂਰਾਂ ਦੇ ਸੰਗਠਨ ਬਣਾਏ ਜਾਣ। ਜੋ ਪਾਰਟੀ ਦੀ ਇੰਤਜ਼ਾਮ ਕਮੇਟੀ ਨਾਲ ਜੁੜੇ ਹੋਣ।
7. ਇੰਤਜ਼ਾਮੀਆ ਕਮੇਟੀ ਆਪਣੇ ਵਿੱਚੋਂ ਤਿੰਨ ਮੈਂਬਰ ਦਾ ਕਮਿਸ਼ਨ ਚੁਣੇ ਜੋ ਪਾਰਟੀ ਦਾ ਖੁਫੀਆ ਕੰਮ ਅਤੇ ਜ਼ਰੂਰੀ ਜ਼ਿੰਮੇਵਾਰੀ ਸੰਭਾਲ਼ੇਗਾ।
8. ਸਥਾਨਕ ਕਮੇਟੀਆਂ ਦੇ ਚੁਣੇ ਹੋਏ ਮੈਂਬਰ ਇੱਕ ਕੇਂਦਰੀ ਕਮੇਟੀ ਬਣਾਵੇ ਜੋ ਅਖਬਾਰ ਦਾ ਕੰਮ ਸੰਭਾਲੇ।
9. ਹਰ ਮੈਂਬਰ ਮਹੀਨੇ ਦਾ ਇੱਕ ਡਾਲਰ ਚੰਦਾ ਦੇਵੇਗਾ।
10. ਪਾਰਟੀ ਵਿੱਚ ਮਜ਼ਬੀ (ਧਾਰਮਿਕ) ਵਾਦ-ਵਿਵਾਦ ਦਾ ਕੋਈ ਥਾਂ ਨਾਂ ਹੋਵੇ , ਮਜ਼੍ਹਬ (ਧਰਮ) ਹਰ ਇੱਕ ਦਾ ਨਿੱਜੀ ਮਾਮਲਾ (ਵਿਚਾਰ) ਹੈ ।
11. ਪਾਰਟੀ ਦੇ ਦਫ਼ਤਰ, ਪ੍ਰੈੱਸ, ਅਖਬਾਰ ਅਤੇ ਬਾਹਰ ਇਲਾਕਿਆਂ ਵਿੱਚ ਕੰਮ ਕਰਨ ਵਾਲਿਆਂ ਲਈ ਕੋਈ ਤਨਖਾਹ ਨਹੀਂ ਹੋਵੇਗੀ । ਬਰਾਬਰੀ ਦੇ ਅਧਾਰ ਤੇ ਰੋਟੀ, ਕੱਪੜਾ ਅਤੇ ਰਿਹਾਇਸ਼ ਦਾ ਪ੍ਰਬੰਧ ਹੋਵੇਗਾ।
12. ਅਖਬਾਰ ਦਾ ਕੋਈ ਚੰਦਾ ਨਹੀਂ ਹੋਵੇਗਾ। ਹਮਦਰਦੀਆਂ ਨੂੰ ਹਰ ਜਗ੍ਹਾ ਪਰਚਾ ਮੁਫ਼ਤ ਭੇਜਿਆ ਜਾਵੇਗਾ।
13. ਪਾਰਟੀ ਦਾ ਨਾਅਰਾ "ਬੰਦੇ ਮਾਤਰਮ" ਹੋਵੇਗਾ ਕਿਉਂਕਿ ਇਹ ਅੰਗਰੇਜ਼ ਸਾਮਰਾਜ ਨੂੰ ਚੁੱਭਦਾ ਹੈ।
14. ਪਾਰਟੀ ਦਾ ਹਰ ਮੈਂਬਰ ਅਤੇ ਹਮਦਰਦ ਦੁਨੀਆਂ ਭਰ ਵਿੱਚ ਆਜ਼ਾਦੀ ਲਈ ਚੱਲ ਰਹੀਆਂ ਲਹਿਰਾਂ ਦਾ ਸਾਥ ਦੇਵੇ ਅਤੇ ਹਿੱਸਾ ਪਾਉਣ ਦਾ ਫ਼ਰਜ਼ ਸਮਝੇ ।

ਮੀਟਿੰਗ ਉਪਰੰਤ ਸਰਵ ਸੰਮਤੀ ਨਾਲ ਆਹੁਦੇਦਾਰ ਚੁਣੇ ਗਏ :-

ਪ੍ਰਧਾਨ : ਸੋਹਨ ਸਿੰਘ ਭੱਕਨਾ
ਮੀਤ ਪ੍ਰਧਾਨ : ਭਾਈ ਕੇਸਰ ਸਿੰਘ ਠੱਠਗੜ੍ਹ
ਜਨਰਲ ਸਕੱਤਰ : ਲਾਲਾ ਹਰਦਿਆਲ
ਸਕੱਤਰ : ਠਾਕਰ ਦਾਸ
ਮੀਤ ਸਕੱਤਰ : ਹਰਨਾਮ ਸਿੰਘ ਟੁੰਡੀਲਾਟ
ਜੱਥੇਬੰਦਕ ਸਕੱਤਰ : ਕਰੀਮ ਬਖ਼ਸ਼ ਅਤੇ ਮੁਨਸ਼ੀ ਰਾਮ
ਖ਼ਜ਼ਾਨਚੀ : ਪੰਡਤ ਕਾਂਸ਼ੀ ਰਾਮ ।

ਇੰਤਜ਼ਾਮੀਆ ਕਮੇਟੀ ਵਿੱਚ ਬੜੀ ਹੀ ਉਸਾਰੀ ਦਿੱਖ ਨਾਲ ਵੱਖ-ਵੱਖ ਫ਼ੈਕਟਰੀ ਵਿੱਚੋਂ "ਆਜ਼ਾਦੀ ਦੀ ਸੋਚ ਨੂੰ ਬੂਰ ਪਵੇ" ਦੀ ਭਾਵਨਾ ਰੱਖਣ ਵਾਲੇ ਨੁਮਾਇੰਦੇ ਲਏ ਗਏ। ਜਿਨਾ ਵਿੱਚ ਭਾਈ ਕੇਸਰ ਸਿੰਘ , ਮੁਨਸ਼ੀ ਕਰੀਮ ਬਖ਼ਸ਼ ਅਤੇ ਮੁਨਸ਼ੀ ਰਾਮ ( ਅਸਟੋਰੀਆ ) , ਊਧਮ ਸਿੰਘ ਕਸੇਲ , ਈਸ਼ਰ ਸਿੰਘ ਮਰਹਾਨਾ, ਅਤੇ ਸੋਹਨ ਸਿੰਘ ਭੱਕਨਾ (ਮਨਰਾਕ), ਹਰਨਾਮ ਸਿੰਘ ਟੁੰਡੀਲਾਟ ਅਤੇ ਅਮਰ ਸਿੰਘ ਕੋਟਲ਼ਾ ਨੌਧ ਸਿੰਘ (ਬਰੈਡਵਿਲ), ਪੰਡਿਤ ਕਾਂਸ਼ੀ ਰਾਮ , ਰਾਮ ਰੱਖਾ ਅਤੇ ਠਾਕਰ ਦਾਸ (ਸੈਂਟ ਜੌਨ੍ਹ) , ਕਿਸ਼ਨ ਸਿੰਘ (ਵਿਆਨਾ) , ਅਮਰ ਸਿੰਘ (ਪੋਰਟਲੈਂਡ) ਅਤੇ (ਲਿੰਕਨ) ਮਿਲ 'ਚੋਂ ਸਾਥੀ ਸਨ।

ਪੋਰਟਲੈਂਡ ਮੀਟਿੰਗ 'ਚ ਲਏ ਫੈਸਲਿਆਂ ਨੂੰ ਕਾਮਯਾਬ ਕਰਨ ਲਈ ਦਫ਼ਤਰ ਅਤੇ ਅਖਬਾਰ ਵਾਸਤੇ ਪੰਡਿਤ ਕਾਂਸ਼ੀ ਰਾਮ ਨੇ $10,000 ਅਤੇ ਦਫ਼ਤਰ ਲਈ ਥਾਂ ਦਿੱਤੀ। $2,000 "ਇੰਡੀਅਨ ਵਰਕਰਜ਼ ਐਸੋਸੀਏਸ਼ਨ" ਵੱਲੋਂ ਇਕੱਠੇ ਕਰਕੇ ਦਿੱਤੇ । ਸਾਨਫ੍ਰਾਂਸਿਸਕੋ ਵਿੱਚ ਤਿੰਨ ਮੰਜ਼ਲਾਂ ਘਰ ਕਿਰਾਏ 'ਤੇ ਲੈ ਕੇ ਦਫ਼ਤਰ ਬਣਾਇਆ ਜਿਸ ਦਾ ਨਾਮ "ਯੁਗਾਂਤਰ ਆਸ਼ਰਮ" ਰੱਖਿਆ।

"ਯੁਗਾਂਤਰ ਆਸ਼ਰਮ" ਤੋਂ ਅੰਗਰੇਜ਼ ਸਾਮਰਾਜ ਨੂੰ ਹਿੰਦੋਸਤਾਨ ਚੋਂ ਕੱਢਣ ਲਈ ਅਮਰੀਕਾ ਵਿੱਚ ਪੜ੍ਹਾਈ ਕਰਨ ਆਏ ਬਰਕਲੇ ਯੂਨੀਵਰਸਿਟੀ ਦੇ ਵਿਦਿਆਰਥੀ ਨੰਦ ਸਿੰਘ ਸੀਹਰਾ, ਐਸ ਸ਼ਰਮਾ, ਕਰਤਾਰ ਸਿੰਘ ਸਰਾਭਾ, ਗਿਆਨ ਸਿੰਘ ਅਤੇ ਗੋਬਿੰਦ ਬਿਹਾਰੀ ਨੇ ਡੱਟਕੇ ਸਾਥ ਦਿੱਤਾ। ਇਹ ਵਿੱਦਿਆ ਲੈ ਕੇ ਵਾਪਿਸ ਦੇਸ਼ ਪਰਤ ਕੇ ਅੰਗਰੇਜ਼ ਸਾਮਰਾਜ ਵਿਰੁੱਧ ਲੜਨ ਲਈ ਆਏ ਸਨ। ਕੈਲੇਫੋਰਨੀਆਂ ਵਿੱਚ ਮੌਜੂਦ ਬਾਬਾ ਜਵਾਲਾ ਸਿੰਘ ਠੱਠੀਆਂ, ਹਰਨਾਮ ਸਿੰਘ ਟੁੰਡੀਲਾਟ, ਬਾਬਾ ਵਿਸਾਖਾ ਸਿੰਘ ਦਦੇਹਰ, ਸੰਤੋਖ ਸਿੰਘ, ਕਰਮ ਸਿੰਘ ਚੀਮਾ, ਸੰਤਾ ਸਿੰਘ ਗੰਡਵੰਡੀ, ਨਿਧਾਨ ਸਿੰਘ, ਈਸ਼ਰ ਸਿੰਘ ਮਰਹਾਣਾ ਅਤੇ ਅਰੂੜ ਸਿੰਘ ਦੇਸ਼ ਭਗਤਾਂ ਦੇ ਸੁਹਿਰਦ ਕੰਮ ਕਰਕੇ ਕੁਝ ਮਹੀਨਿਆਂ ਵਿੱਚ 72 ਇਕਾਈਆਂ ਖੜ੍ਹੀਆਂ ਹੋ ਗਈਆਂ ਅਤੇ ਮੈਂਬਰਾਂ ਦੀ ਗਿਣਤੀ ਹਜ਼ਾਰਾਂ ਤੱਕ ਪਹੁੰਚ ਗਈ । ਜਿਸ ਦੀ ਪੁਸ਼ਟੀ ਅੰਗਰੇਜ਼ ਰਾਜ ਦੀ ਗੁੱਪਤ ਸਕਿਉਰਟੀ ਵੀ ਦੱਸਦੀ ਸੀ।

"ਸ਼ੰਘਾਏ" ਵਿੱਚ ਬਾਬਾ ਗੁੱਜ਼ਰ ਸਿੰਘ, "ਸ਼ੰਘਾਈ" ਦੇ ਆਸ-ਪਾਸ ਬਾਬਾ ਮੱਥਰਾ ਸਿੰਘ, "ਹੌਂਗਕੌਂਗ" ਵਿੱਚ ਭਾਈ ਭਗਵਾਨ ਸਿੰਘ , "ਜਪਾਨ" ਵਿੱਚ ਪ੍ਰੋਫੈਸਰ ਮੌਲਵੀ ਬਰਕਤ ਉਲ੍ਹਾ, "ਮਨੀਲਾ" ( ਥਾਈਲੈਂਡ) ਵਿੱਚ ਮੁਜਤਬਾ ਹੁਸੈਨ ਜੌਨ-ਪੁਰੀ, ਭਾਈ ਭਗਵਾਨ ਸਿੰਘ, ਭਾਈ ਬੁੱਢਾ ਸਿੰਘ, ਅਤੇ ਜੀਵਨ ਸਿੰਘ , ਬਰਮਾ ਵਿੱਚ ਬਾਬੂ ਹਰਨਾਮ ਸਿੰਘ ਸਾਹਰੀ ਅਤੇ ਪੰਡਿਤ ਸੋਹਨ ਲਾਲ , "ਪੀਨਾਂਗ" ਵਿੱਚ ਵਿਸਾਖਾ ਸਿੰਘ ਗ੍ਰੰਥੀ, "ਸਿੰਘਾਪੁਰ" ਵਿੱਚ ਨੰਦ ਗੋਪਾਲ ਆਦਿ ਸਭ ਨੇ ਦੇਸ਼ ਦੀ ਆਜ਼ਾਦੀ ਵਾਸਤੇ ਕ੍ਰਾਂਤੀਕਾਰੀ ਬਣਾਉਣ ਲਈ ਸਿਰਤੋੜ ਯਤਨ ਕੀਤੇ ਅਤੇ ਗ਼ਦਰ ਪਾਰਟੀ ਨੂੰ ਮਜ਼ਬੂਤ ਕਰਨ ਲਈ ਮਹੌਲ ਤਿਆਰ ਕੀਤੇ। "ਸਵਿਟਜ਼ਰਲੈਂਡ" ਵਿੱਚ ਸ.ਅਜੀਤ ਸਿੰਘ ਅਤੇ "ਫਰਾਂਸ" ਵਿੱਚ ਮੈਡਮ ਕਾਮਾ ਨੇ ਹਿੰਦੋਸਤਾਨ ਨੂੰ ਆਜ਼ਾਦ ਕਰਾਉਣ ਦਾ ਹੋਕਾ ਦਿੱਤਾ। ਗ਼ਦਰ ਅਖਬਾਰ ਜੋ ਸਾਨਫਰਾਂਸਿਸਕੋ ਵਿੱਚ ਛੱਪਦੀ ਸੀ ਜਿਸ ਨੇ ਕ੍ਰਾਂਤੀਕਾਰੀਆਂ ਨੂੰ ਜੁੜੇ ਰਹਿਣ ਅਤੇ ਕਦੋਂ ਕੀ ਕਰਨ ਵਾਰੇ ਅਤੇ ਦੱਸਣ ਦਾ ਕੰਮ ਕੀਤਾ ਅਤੇ ਗ਼ਦਰ ਪਾਰਟੀ ਦੇ ਜਰਨੈਲਾਂ ਦੀ ਵਿਉਂਤਬੰਦੀ ਮੈਂਬਰਾਂ ਤੱਕ ਪਹੁੰਚਾਉਣ ਦਾ ਕੰਮ ਕੀਤਾ।

1914 ਵਿੱਚ ਜਵਾਲਾ ਸਿੰਘ ਠੱਠੀਆਂ ਦੀ ਪ੍ਰਧਾਨਗੀ ਹੇਠ ਸੈਕਰਾਮਿੰਟੋ ਭਰਵੀਂ ਕਾਨਫਰੰਸ ਤੋਂ ਬਾਅਦ ਦੇਸ਼ ਭਗਤਾਂ ਦੀ ਦੇਸ਼ ਆਜ਼ਾਦ ਕਰਾਉਣ ਲਈ ਵਾਪਿਸ ਹਿੰਦੋਸਤਾਨ ਜਾਣ ਦੀ ਸ਼ੁਰੂਆਤ ਹੋਈ। ਜਦੋਂ ਮਨੁੱਖਤਾ ਦਾ ਘਾਣ ਹੁੰਦਾ ਦੇਖਕੇ ਮਨੁੱਖ ਨੂੰ ਆਪਣੇ ਮਾਣ ਤਾਣ ਦੀ ਸੁਰਤ ਆਉਂਦੀ ਹੈ ਫਿਰ ਹਰ ਜੋਖ਼ਮ ਨੂੰ ਮੁੱਲ ਲੈਣ ਲਈ ਕਦਮ ਵਧਾਉਂਦਾ ਹੈ। ਗ਼ਦਰ ਪਾਰਟੀ ਵੀ ਇਨਾਂ ਕਾਰਨਾਂ ਕਰਕੇ ਹੀ ਹੋਂਦ 'ਚ ਆਈ ਸੀ । ਹਿੰਦੋਸਤਾਨੀਆਂ ਨੂੰ ਕੁਲੀ, ਸਲੇਵ, ਕੁੱਤੇ ਆਦਿ ਸ਼ਬਦ ਸੁਣਨੇ ਪੈਂਦੇ ਸਨ। ਅੰਤ ਜਦੋਂ ਸਹਿਨਸ਼ੀਲਤਾ ਦੇ ਹੱਦ-ਬੰਨ੍ਹੇ ਟੁੱਟ ਗਏ ਫਿਰ ਕਰਤਾਰ ਸਰਾਭਾ ਅਤੇ ਵਿਸ਼ਨੂੰ ਗਣੇਸ਼ ਵਰਗੇ ਨੌਜਵਾਨ ਇਕੱਠੇ ਹੋਏ। ਕਿਹਾ ਜਾ ਸਕਦਾ ਹੈ ਕਿ ਮਨੁੱਖੀ ਮਾਣ-ਇੱਜ਼ਤ ਲਈ 'ਕਾਇਨਾਤ' ਨੇ "ਪੂਰਬ , ਪੱਛਮ , ਉੱਤਰ ਅਤੇ ਦੱਖਣ ਦਾ ਮੇਲ ਕਰਾ ਦਿੱਤਾ ਹੋਵੇ।" ਸੈਂਕੜੇ ਦੇਸ਼ ਭਗਤ ਅਮਰੀਕਾ, ਕੈਨੇਡਾ, ਸੰਘਾਈ , ਜਪਾਨ ਅਤੇ ਥਾਈਲੈਂਡ ਆਦਿ ਦੇਸ਼ਾਂ ਤੋਂ "ਧੰਨ ਫਿਰ ਕਮਾਵਾਂਗੇ ਪਹਿਲਾਂ ਦੇਸ਼ ਆਜ਼ਾਦ ਕਰਾਈਏ" ਗ਼ਦਰ ਕਰਨ ਦੀ ਧਾਰਨਾ ਬਣਾਕੇ ਗ਼ਦਰੀ ਵਾਪਿਸ ਹਿੰਦੋਸਤਾਨ ਪਰਤੇ।" ਅੰਗਰੇਜ਼ ਸਾਮਰਾਜ ਦੀ ਹਕੂਮਤ ਨੂੰ ਇੰਗਲੈਂਡ ਦਾ ਰੱਸਤਾ ਦਿਖਾਉਣ ਲਈ ਸਾਰੇ ਦੇਸ਼ ਵਿੱਚ ਦੇਸ਼ ਭਗਤ ਆਜ਼ਾਦੀ ਲਈ ਥਾਂ -ਥਾਂ ਉੱਤੇ ਸੰਘਰਸ਼ ਹੋਣ ਲੱਗ ਪਏ। ਕ੍ਰਾਂਤੀਕਾਰੀ ਸੂਰਮਿਆਂ ਨੇ ਅੰਗਰੇਜ਼ ਸਾਮਰਾਜ ਦੀ ਨੀਂਦ ਹਰਾਮ ਕਰ ਦਿੱਤੀ।

ਹਿੰਦੋਸਤਨੀਆਂ ਦਾ ਅੰਗਰੇਜ਼ ਸਾਮਰਾਜ ਵਿਰੁੱਧ ਰੋਹ ਅਤੇ ਸੁਹਿਰਦਤਾ ਦੇਖਕੇ ਬੱਸਤੀਵਾਦੀਆਂ ਨੇ ਸਾਰੇ ਦੇਸ਼ ਵਿੱਚ ਕ੍ਰਾਂਤੀਕਾਰੀਆਂ ਦੀਆਂ ਗ੍ਰਿਫ਼ਤਾਰੀਆਂ ਸ਼ੁਰੂ ਕਰ ਦਿੱਤੀਆਂ। ਆਜ਼ਾਦੀ ਪਸੰਦੀਦਾ ਯੋਧਿਆਂ ਨੂੰ ਵੱਖ-ਵੱਖ ਥਾਂਵਾਂ ਤੋਂ ਗ੍ਰਿਫਤਾਰ ਕਰਕੇ ਸਖ਼ਤ ਕਾਨੂੰਨ ਬਣਾਕੇ ਲਹੌਰ ਜੇਲ੍ਹ 'ਚ ਸਜ਼ਾਵਾਂ ਦਿੱਤੀਆਂ। ਪਹਿਲਾਂ ਬਣਾਏ ਹੋਏ ਕਾਨੂੰਨਾਂ ਵਿੱਚ ਸੋਧ ਕਰਕੇ ਅਤੇ ਅਪਰਾਧੀ ਧਾਰਾਵਾਂ ਜੋੜਕੇ ਡਿਫੈਂਸ ਆਫ ਇੰਡੀਆ ਐਕਟ (ਡੀ.ਆਈ.ਆਰ) ਵਰਗੇ ਕਾਨੂੰਨ ਬਣਾਏ । ਆਜ਼ਾਦੀ ਪਸੰਦੀਦਾ ਕ੍ਰਾਂਤੀਕਾਰੀਆਂ ਦੇ ਸੰਵਿਧਾਨਿਕ ਹੱਕ ਖੋਹਕੇ ਅੰਗਰੇਜ਼ ਸਾਮਰਾਜ ਦੇ ਅੰਨ੍ਹੇ-ਬੋਲ਼ੇ ਕਾਨੂੰਨ ਨੇ ਫ਼ਾਂਸੀ ਉਮਰ ਕੈਦ, ਜਾਇਦਾਦ-ਕੁਰਕੀ ਅਤੇ ਜਲਾਵਤਨੀਆਂ ਵਰਗੀਆਂ ਸਜ਼ਾਵਾਂ ਦਿੱਤੀਆਂ। ਸੋਧ ਕੀਤੇ ਕਨੂੰਨ ਅਨੁਸਾਰ ਗ਼ਦਰੀਆਂ ਨੂੰ ਵਕੀਲ, ਦਲੀਲ ਅਤੇ ਅਪੀਲ ਕਰਨ ਦੀ ਇਜਾਜ਼ਤ ਨਹੀਂ ਸੀ।

## "ਪਹਿਲਾ ਲਹੌਰ ਸਾਜ਼ਿਸ਼ ਕੇਸ"
## (26 ਅਪ੍ਰੈਲ 1915 ਤੋਂ 13 ਸਤੰਬਰ 1915)

ਬ੍ਰਿਟਿਸ਼ ਸਲਤਨਤ ਦੇ ਬਾਦਸ਼ਾਹ ਜਾਰਜ ਪੰਚਮ, ਅਨੰਦ ਕਿਸ਼ੋਰ ਅਤੇ ਗ਼ਦਰੀਆਂ ਵਿਚਕਾਰ ਲੜਿਆ ਗਿਆ। ਮੁਕੱਦਮੇ ਦੀ ਸੁਣਵਾਈ ਲਹੌਰ ਸੈਂਟਰਲ ਜੇਲ੍ਹ ਵਿੱਚ ਹੋਈ। ਮੁਕੱਦਮਾ ਸੁਨਣ ਲਈ ਤਿੰਨ ਮੈਂਬਰੀ ਟ੍ਰਿਬਿਊਨਲ ਬਣਾਇਆ ਜਿਸ ਦੇ ਮੈਂਬਰ ਜੱਜ ਏ.ਏ. ਇਰਵਨ , ਜੱਜ ਟੀ.ਪੀ ਐਲਿਸ ਅਤੇ ਲਹੌਰ ਹਾਈਕੋਟ ਦੇ ਵਕੀਲ ਸ਼ਿਓ ਨਰਾਇਣ ਸਨ। ਮਿਸਟਰ ਬੇਵਨ ਅਤੇ ਤਾਜ਼ਦੀਨ ਕੁਰੈਸ਼ੀ ਸਰਕਾਰੀ ਵਕੀਲ ਸਨ। ਜਿਵੇਂ ਉੱਪਰ ਦੱਸਿਆ ਜਾ ਚੁੱਕਿਆ ਹੈ ਕਿ ਗ਼ਦਰੀਆਂ ਲਈ ਨਾ ਵਕੀਲ, ਨਾ ਦਲੀਲ ਅਤੇ ਨਾ ਅਪੀਲ ਸੀ ਜੋ ਅੰਗਰੇਜ਼ ਸਾਮਰਾਜ ਦੀ ਬੁੱਚੜ ਸੋਚ ਨੂੰ ਜੱਗ-ਜ਼ਾਹਿਰ ਕਰਦੀ ਸੀ। ਅਸਲ ਇਹ ਕੇਸ ਵਿਦੇਸ਼ਾਂ ਤੋਂ ਮੁੜੇ ਦੇਸ਼ ਦੀ ਆਜ਼ਾਦੀ ਦੇ ਪਰਵਾਨਿਆਂ ਲਈ ਸੀ।

ਪਹਿਲੇ ਲਹੌਰ ਕੇਸ ਵਿੱਚ ਸੱਤ ਹਿੰਦੋਸਤਾਨ ਹਿਤੈਸ਼ੀ ਸ. ਕਰਤਾਰ ਸਿੰਘ ਸਰਾਭਾ ਪੁੱਤਰ ਸ. ਮੰਗਲ ਸਿੰਘ ਪਿੰਡ ਸਰਾਭਾ (ਲੁਧਿਆਣਾ), ਸਾ. ਵਿਸ਼ਨੂੰ ਗਣੇਸ਼ ਪਿੰਗਲੇ ਪੁੱਤਰ ਸ਼੍ਰੀ ਗਣੇਸ਼ ਪਿੰਗਲੇ ਪਿੰਡ ਟੱਲੇਗੁਆਲ ਧਮਧੇਰਾ (ਪੂਨਾ), ਸ. ਸੁਰੈਣ ਸਿੰਘ (1) ਪੁੱਤਰ ਸ. ਬੂੜ ਸਿੰਘ ਪਿੰਡ ਗਿੱਲਵਾਲੀ (ਅੰਮ੍ਰਿਤਸਰ) ਸ. ਸੁਰੈਣ ਸਿੰਘ (2) ਪੁੱਤਰ ਸ. ਈਸ਼ਰ ਸਿੰਘ ਪਿੰਡ ਗਿੱਲਵਲੀ (ਅੰਮ੍ਰਿਤਸਰ), ਸ.ਬਖ਼ਸ਼ੀਸ਼ ਸਿੰਘ ਪੁੱਤਰ ਸ. ਸੰਤਾ ਸਿੰਘ ਪਿੰਡ ਗਿੱਲਵਾਲੀ (ਅੰਮ੍ਰਿਤਸਰ) , ਸ. ਹਰਨਾਮ ਸਿੰਘ ਪੁੱਤਰ ਸ. ਅਰੂੜਾ ਪਿੰਡ ਭੱਟੀ ਗੁਰਾਇਆ (ਸਿਆਲ ਕੋਟ) ਅਤੇ ਸ. ਜਗਤ ਸਿੰਘ ਪੁੱਤਰ ਸ. ਅਰੂੜਾ ਸਿੰਘ ਪਿੰਡ ਸੁਰਸਿੰਘ (ਲਹੌਰ) ਨੂੰ ਫਾਂਸੀ ਦਿੱਤੀ ਗਈ ਜੋ ਅੰਗਰੇਜ਼ ਸਾਮਰਾਜ ਦੀ ਅਰਥੀ 'ਚ ਕਿੱਲ ਸੀ।

17 ਆਜ਼ਾਦੀ ਦੇ ਗ਼ਦਰੀ ਪਰਵਾਨਿਆਂ ਨੂੰ ਪਹਿਲੇ ਲਹੌਰ ਸਾਜ਼ਿਸ਼ ਕੇਸ ਵਿੱਚ ਮੌਤ ਦੀ ਸਜ਼ਾ ਬਦਲ ਕੇ ਕਾਲੇ ਪਾਣੀ (ਜਲਾਵਤਨ) ਕੈਦ ਕੀਤਾ। ਉਹ ਸਨ:- ਬਾਬਾ ਸੋਹਨ ਸਿੰਘ ਭੱਕਨਾ ਪੁੱਤਰ ਸ. ਕਰਮ ਸਿੰਘ ਪਿੰਡ ਭੱਕਨਾ ਜ਼ਿਲ੍ਹਾ ਅੰਮ੍ਰਿਤਸਰ, ਬਾਬਾ ਸਾਵਨ ਸਿੰਘ ਪੁੱਤਰ ਸ. ਖੁਸ਼ਹਾਲ ਸਿੰਘ ਪਿੰਡ ਚੱਬਾ ਜ਼ਿਲ੍ਹਾ ਅੰਮ੍ਰਿਤਸਰ , ਬਾਬਾ ਹਿਰਦੇ ਰਾਮ ਪੁੱਤਰ ਗੱਜਨ ਸਿੰਘ ਪਿੰਡ ਮੰਡੀ (ਰਿਆਸਤ ਮੰਡੀ) , ਬਾਬਾ ਹਰਨਾਮ ਸਿੰਘ (ਟੁੰਡੀਲਾਟ) ਪੁੱਤਰ ਸ. ਗੁਰਦਿੱਤ ਸਿੰਘ ਪਿੰਡ ਕੋਟਲ਼ਾ ਨੌਧ ਸਿੰਘ ਜ਼ਿਲ੍ਹਾ ਹੁਸ਼ਿਆਰਪੁਰ, ਬਾਬਾ ਕਾਲਾ ਸਿੰਘ ਪੁੱਤਰ ਸ. ਗੁਲਾਬ ਸਿੰਘ ਸ਼ਹਿਰ ਅੰਮ੍ਰਿਤਸਰ ਜ਼ਿਲ੍ਹਾ ਅੰਮ੍ਰਿਤਸਰ, ਬਾਬਾ ਕੇਸਰ ਸਿੰਘ ਪੁੱਤਰ ਸ. ਭੂਪ ਸਿੰਘ ਪਿੰਡ ਠੱਠਗੜ੍ਹ ਜ਼ਿਲ੍ਹਾ ਅੰਮ੍ਰਿਤਸਰ, ਬਾਬਾ ਖੁਸ਼ਹਾਲ ਸਿੰਘ ਪੁੱਤਰ ਸ. ਸੁਚੇਤ ਸਿੰਘ ਪਿੰਡ ਪੱਧਰੀ ਜ਼ਿਲ੍ਹਾ ਅੰਮ੍ਰਿਤਸਰ, ਬਾਬਾ ਜਗਤ ਰਾਮ ਪੁੱਤਰ ਦਿੱਤਾ ਰਾਮ ਪਿੰਡ ਹਰਿਆਣਾ ਜ਼ਿਲ੍ਹਾ ਹੁਸ਼ਿਆਰਪੁਰ, ਬਾਬਾ ਨੰਦ ਸਿੰਘ ਪੁੱਤਰ ਸ. ਰਾਮ ਸਿੰਘ ਪਿੰਡ ਕੈਲਾ ਜ਼ਿਲ੍ਹਾ ਲੁਧਿਆਣਾ, ਬਾਬਾ ਨਿਧਾਨ ਸਿੰਘ ਪੁੱਤਰ ਸ. ਸੁੰਦਰ ਸਿੰਘ ਪਿੰਡ ਚੁੱਘਾ ਜ਼ਿਲ੍ਹਾ ਫ਼ਿਰੋਜ਼ਪੁਰ, ਬਾਬਾ ਪਰਮਾ ਨੰਦ ਪੁੱਤਰ ਸ਼੍ਰੀ ਤਾਰਾ ਚੰਦ ਪਿੰਡ ਕੜਯਾਲਾ ਜ਼ਿਲ੍ਹਾ ਜੇਹਲਮ, ਬਾਬਾ ਪ੍ਰਿਥਵੀ ਸਿੰਘ ਪੁੱਤਰ ਸ਼੍ਰੀ ਸ਼ਾਦੀ ਰਾਮ ਪਿੰਡ ਲਾਲੜੂ ਜ਼ਿਲ੍ਹਾ ਪਟਿਆ਼ਲਾ ਰਿਆਸਤੀ, ਬਾਬਾ ਪਰਮਾ ਨੰਦ ਪੁੱਤਰ ਸ਼੍ਰੀ ਗਯਾ ਪ੍ਰਸ਼ਾਦ ਪਿੰਡ ਸੁਕਰਾਦਾ ਖਰਕਾ ਜ਼ਿਲ੍ਹਾ ਹਮੀਰਪੁਰ ( ਯੂ.ਪੀ.), ਬਾਬਾ ਬਲਵੰਤ ਸਿੰਘ ਪੁੱਤਰ ਸ. ਮੀਰ ਸਿੰਘ ਪਿੰਡ ਸਠਿਆਲਾ ਜ਼ਿਲ੍ਹਾ ਅੰਮ੍ਰਿਤਸਰ, ਬਾਬਾ ਰਾਮ ਸ਼ਰਨ ਦਾਸ ਪੁੱਤਰ ਸ਼੍ਰੀ ਸੰਤ ਰਾਮ ਕਪੂਰਥਲਾ ਜ਼ਿਲ੍ਹਾ ਕਪੂਰਥਲਾ ਰਿਆਸਤੀ, ਬਾਬਾ ਰੁਲੀਆ ਸਿੰਘ ਪੁੱਤਰ ਸ. ਜਗਤ ਸਿੰਘ ਪਿੰਡ ਸਰਾਭਾ ਜ਼ਿਲ੍ਹਾ ਲੁਧਿਆਣਾ ਅਤੇ ਬਾਬਾ ਵਿਸਾਵਾ ਸਿੰਘ ਪੁੱਤਰ ਸ. ਮੀਹਾਂ ਸਿੰਘ ਪਿੰਡ ਗਿੱਲਵਾਲੀ ਜ਼ਿਲ੍ਹਾ ਅੰਮ੍ਰਿਤਸਰ।

ਪਹਿਲੇ ਲਹੌਰ ਸਾਜ਼ਿਸ਼ ਕੇਸ ਅਧੀਨ ਕਾਲੇ ਪਾਣੀ ਵਿੱਚ ਕੈਦ ਕੀਤੇ ਗ਼ਦਰੀ ਅਤੇ ਆਜ਼ਾਦੀ ਦੇ 27 ਮੁਜੱਸਮਿਆਂ ਨੂੰ ਉਮਰ ਕੈਦ ਹੋਈ । ਉਹ ਸਨ :- ਬਾਬਾ ਊਧਮ ਸਿੰਘ ਪੁੱਤਰ ਸ. ਮੇਵਾ ਸਿੰਘ ਪਿੰਡ ਕਸੇਲ ਜ਼ਿਲ੍ਹਾ ਅੰਮ੍ਰਿਤਸਰ, ਬਾਬਾ ਇੰਦਰ ਸਿੰਘ ਪੁੱਤਰ ਸ. ਆਲਾ ਸਿੰਘ ਪਿੰਡ ਮੱਲਾ ਜ਼ਿਲ੍ਹਾ ਲੁਧਿਆਣਾ, ਬਾਬਾ ਇੰਦਰ ਸਿੰਘ ਪੁੱਤਰ ਸ. ਗੰਡਾ ਸਿੰਘ ਪਿੰਡ ਭਸੀਨ ਜ਼ਿਲ੍ਹਾ ਲਹੌਰ, ਬਾਬਾ ਇੰਦਰ ਸਿੰਘ ਪੁੱਤਰ ਸ. ਮੂਲਾ ਸਿੰਘ ਪਿੰਡ ਸੁਰਸਿੰਘ ਜ਼ਿਲ੍ਹਾ ਲਹੌਰ , ਬਾਬਾ ਸ਼ਿਵ ਸਿੰਘ ਪੁੱਤਰ ਸ. ਮੁਨਸ਼ੀ ਪਿੰਡ ਕੋਟਲ਼ਾ ਨੌਧ ਸਿੰਘ ਜ਼ਿਲ੍ਹਾ ਹੁਸ਼ਿਆਰਪੁਰ , ਬਾਬਾ ਸ਼ੇਰ ਸਿੰਘ ਪੁੱਤਰ ਸ. ਕੇਸਰ ਸਿੰਘ ਪਿੰਡ ਵੇਂਈਂਪੁਈਂ ਜ਼ਿਲ੍ਹਾ ਅੰਮ੍ਰਿਤਸਰ , ਬਾਬਾ ਹਜ਼ਾਰਾ ਸਿੰਘ ਪੁੱਤਰ ਸ. ਬੇਲਾ ਸਿੰਘ ਪਿੰਡ ਦਦੇਹਰ ਜ਼ਿਲ੍ਹਾ ਅੰਮ੍ਰਿਤਸਰ , ਬਾਬਾ ਕਾਲਾ ਸਿੰਘ ਪੁੱਤਰ ਸ. ਘਸੀਟਾ ਸਿੰਘ ਪਿੰਡ ਸੁਰਸਿੰਘ ਜ਼ਿਲ੍ਹਾ ਲਹੌਰ, ਬਾਬਾ ਕਿਰਪਾਲ ਸਿੰਘ ਪੁੱਤਰ ਸ. ਨਰੈਣ ਸਿੰਘ ਪਿੰਡ ਬੋਪਾਰਾਏ ਜ਼ਿਲ੍ਹਾ ਲੁਧਿਆਣਾ, ਬਾਬਾ ਕੇਹਰ ਸਿੰਘ ਪੁੱਤਰ ਸ. ਨਿਹਾਲ ਸਿੰਘ ਪਿੰਡ ਮਰਹਾਣਾ ਜ਼ਿਲ੍ਹਾ ਅੰਮ੍ਰਿਤਸਰ, ਬਾਬਾ ਖੜਕ ਸਿੰਘ ਪੁੱਤਰ ਸ. ਗੰਡਾ ਸਿੰਘ ਪਿੰਡ ਬੋਪਾਰਾਏ ਜ਼ਿਲ੍ਹਾ ਲੁਧਿਆਣਾ, ਬਾਬਾ ਗੁਰਦਿੱਤ ਸਿੰਘ ਪੁੱਤਰ ਸ. ਗੁਰਮੁੱਖ ਸਿੰਘ ਪਿੰਡ ਸੁਰਸਿੰਘ ਜ਼ਿਲ੍ਹਾ ਲਹੌਰ , ਬਾਬਾ ਗੁਰਮੁੱਖ ਸਿੰਘ ਪੁੱਤਰ ਸ. ਹੁਸ਼ਨਾਕ ਸਿੰਘ ਪਿੰਡ ਲਲਤੋਂ ਜ਼ਿਲ੍ਹਾ ਲੁਧਿਆਣਾ, ਬਾਬਾ ਚੂਹੜ ਸਿੰਘ ਪੁੱਤਰ ਸ. ਬੂਟਾ ਸਿੰਘ ਪਿੰਡ ਲੀਲਾਂ ਜ਼ਿਲ੍ਹਾ ਲੁਧਿਆਣਾ, ਬਾਬਾ ਜਵੰਦ ਸਿੰਘ ਪੁੱਤਰ ਸ. ਉੱਤਮ ਸਿੰਘ ਪਿੰਡ ਸੁਰਸਿੰਘ ਜ਼ਿਲ੍ਹਾ ਲਹੌਰ, ਬਾਬਾ ਜਵਾਲਾ ਸਿੰਘ ਪੁੱਤਰ ਸ. ਘਣੱਈਆ ਸਿੰਘ ਪਿੰਡ ਠੱਠੀਆਂ ਜ਼ਿਲ੍ਹਾ ਅੰਮ੍ਰਿਤਸਰ, ਬਾਬਾ ਪਿਆਰਾ ਸਿੰਘ ਪੁੱਤਰ ਸ. ਲੱਖਾ ਸਿੰਘ ਪਿੰਡ ਲੰਗੇਰੀ ਜ਼ਿਲ੍ਹਾ ਹੁਸ਼ਿਆਰਪੁਰ, ਬਾਬਾ ਪੂਰਨ ਸਿੰਘ ਪੁੱਤਰ ਸ. ਹੁਸਿਆਰ ਸਿੰਘ ਪਿੰਡ ਈਸਾਵਾਲ ਜ਼ਿਲ੍ਹਾ ਲੁਧਿਆਣਾ, ਬਾਬਾ ਬਿਸ਼ਨ ਸਿੰਘ ਪੁੱਤਰ ਸ. ਜਵਾਲਾ ਸਿੰਘ ਪਿੰਡ ਦਦੇਹਰ ਜ਼ਿਲ੍ਹਾ ਅੰਮ੍ਰਿਤਸਰ, ਬਾਬਾ ਬਿਸ਼ਨ ਸਿੰਘ ਪੁੱਤਰ ਸ. ਕੇਸਰ ਸਿੰਘ ਪਿੰਡ ਦਦੇਹਰ ਜ਼ਿਲ੍ਹਾ ਅੰਮ੍ਰਿਤਸਰ, ਬਾਬਾ ਭਾਨ ਸਿੰਘ ਪੁੱਤਰ ਸ. ਸਾਵਨ ਸਿੰਘ ਪਿੰਡ ਸੁਨੇਤ ਜ਼ਿਲ੍ਹਾ ਲੁਧਿਆਣਾ, ਬਾਬਾ ਮਦਨ ਸਿੰਘ ਪੁੱਤਰ ਸ. ਮੱਲ ਸਿੰਘ ਪਿੰਡ ਗਾਗਾ ਜ਼ਿਲ੍ਹਾ ਅੰਮ੍ਰਿਤਸਰ, ਬਾਬਾ ਮੰਗਲ ਸਿੰਘ ਪੁੱਤਰ ਸ. ਸਰਮੁੱਖ ਸਿੰਘ ਪਿੰਡ ਲਾਲਪੁਰ ਜ਼ਿਲ੍ਹਾ ਅੰਮ੍ਰਿਤਸਰ, ਬਾਬਾ ਰੋਡਾ ਸਿੰਘ ਪੁੱਤਰ ਸ. ਵਿਸਾਖਾ ਸਿੰਘ ਪਿੰਡ ਰੋਡਾ ਜ਼ਿਲ੍ਹਾ ਫ਼ਿਰੋਜ਼ਪੁਰ , ਬਾਬਾ ਰੂੜ ਸਿੰਘ ਪੁੱਤਰ ਅਤਰ ਸਿੰਘ ਪਿੰਡ ਚੂਹੜ ਚੱਕ ਜ਼ਿਲ੍ਹਾ ਫ਼ਿਰੋਜ਼ਪੁਰ, ਬਾਬਾ ਲਾਲ ਸਿੰਘ ਪੁੱਤਰ ਸ. ਮੀਹਾਂ ਸਿੰਘ ਪਿੰਡ ਭੂਰੇ ਜ਼ਿਲ੍ਹਾ ਅੰਮ੍ਰਿਤਸਰ, ਬਾਬਾ ਵਿਸਾਖਾ ਸਿੰਘ ( ਸੰਤ ) ਪੁੱਤਰ ਸ. ਦਿਆਲ ਸਿੰਘ ਪਿੰਡ ਦਦੇਹਰ ਜ਼ਿਲ੍ਹਾ ਅੰਮ੍ਰਿਤਸਰ।

### ਦਸ ਤੋਂ ਤਿੰਨ ਸਾਲ ਤੱਕ ਜਾਂ ਉਮਰ ਕੈਦ ਤੋਂ ਘੱਟ ਸਜ਼ਾ ਵਾਲੇ ਪਹਿਲੇ ਲਹੌਰ ਸਾਜ਼ਿਸ਼ ਕੇਸ ਦੇ ਸੰਗਰਾਮੀ:-

ਬਾਬਾ ਹਰੀ ਸਿੰਘ ਪੁੱਤਰ ਸ. ਗੁਰਮੁੱਖ ਸਿੰਘ ਪਿੰਡ ਨਥਾਨਾ ਜ਼ਿਲ੍ਹਾ ਫ਼ਿਰੋਜ਼ਪੁਰ, ਬਾਬਾ ਕਿਸ਼ਨ ਸਿੰਘ ਪੁੱਤਰ ਸ. ਖਜ਼ਾਨ ਸਿੰਘ ਪਿੰਡ ਬਾਬਰਪੁਰ ਜ਼ਿਲ੍ਹਾ ਲੁਧਿਆਣਾ, ਬਾਬਾ ਜਮਨਾ ਦਾਸ ਪੁੱਤਰ ਸ਼੍ਰੀ ਹਰੀ ਰਾਮ ਪਿੰਡ ਬੜਾ ਗਾਓਂ (ਯੂ.ਪੀ.), ਬਾਬਾ ਦਲੀਪ ਸਿੰਘ ਪੁੱਤਰ ਸ. ਕੇਸਰ ਸਿੰਘ ਪਿੰਡ ਘਨੌਰੀ ਜ਼ਿਲ੍ਹਾ ਪਟਿਆ਼ਲਾ, ਬਾਬਾ ਬਾਜ ਸਿੰਘ ਪੁੱਤਰ ਸ. ਚਤਰ ਸਿੰਘ ਪਿੰਡ ਰਈਆ ਜ਼ਿਲ੍ਹਾ ਅੰਮ੍ਰਿਤਸਰ ਅਤੇ ਬਾਬਾ ਦੇਵਾ ਸਿੰਘ ਪੁੱਤਰ ਸਾਹਿਬ ਸਿੰਘ ਪਿੰਡ ਨੰਦਪੁਰ ਜ਼ਿਲ੍ਹਾ ਲੁਧਿਆਣਾ।

## "ਦੂਜਾ ਲਹੌਰ ਸਾਜ਼ਿਸ਼ ਕੇਸ"
## (29 ਅਕਤੂਬਰ , 1915 ਤੋਂ 30 ਮਾਰਚ 1916)

ਇਸ ਸਾਜ਼ਿਸ਼ ਕੇਸ ਦੇ ਜੱਜ ਪਹਿਲੇ ਲਹੌਰ ਸਾਜ਼ਿਸ਼ ਕੇਸ ਵਾਲੇ ਹੀ ਸਨ ਅਤੇ ਇਸ ਕੇਸ ਦੀ ਸੁਣਵਾਈ ਵੀ ਲਹੌਰ ਜੇਲ੍ਹ ਵਿੱਚ ਹੋਣ ਕਰਕੇ ਇਸ ਨੂੰ ਪਹਿਲਾ ਲਹੌਰ ਸਪਲੀਮੈਂਟਰੀ ਮੁਕੱਦਮਾ ਕਿਹਾ ਜਾਂਦਾ ਹੈ। ਜੱਜਾਂ ਨੇ ਇਸ ਕੇਸ ਬਾਰੇ ਸਜ਼ਾਵਾਂ ਵਿੱਚ ਲਿਖਿਆ ਕਿ ਅਮਰੀਕਾ- ਕੈਨੇਡਾ ਤੋਂ ਆਉਂਦੇ ਗ਼ਦਰੀਆਂ ਨੇ ਹਾਂਗਕਾਂਗ ਦੇ ਗੁਰੂ ਘਰ ਨੂੰ ਅੰਗਰੇਜ਼ ਵਿਰੁੱਧ ਕਾਰਵਾਈ ਲਈ ਅੱਡਾ ਬਣਾਇਆ ਅਤੇ ਹਿੰਦੋਸਤਾਨ ਨੂੰ ਅੰਗਰੇਜ਼ ਸਾਮਰਾਜ ਤੋਂ ਛੁੱਟਕਾਰਾ ਪਾਉਣ ਲਈ ਬਾਦਸ਼ਾਹ ਵਿਰੁੱਧ ਬਗਾਵਤ ਕਰਨਾ ਆਪਣੇ ਆਪ ਵਿੱਚ ਸਜ਼ਾ ਲਈ ਵੱਡੇ ਸਬੂਤ ਹਨ। ਅੰਗਰੇਜ਼ ਸਾਮਰਾਜੀ ਬਸਤੀਵਾਦੀਆਂ ਦੇ ਜੱਜਾਂ ਵੱਲੋਂ ਦਿੱਤੀਆਂ ਸਜ਼ਾਵਾਂ ਅਧੀਨ ਕ੍ਰਾਂਤੀਕਾਰੀਆਂ ਨੂੰ ਅਸਹਿ ਤਸੀਹੇ ਦਿੱਤੇ , ਜਾਇਦਾਦਾਂ ਦੀਆਂ ਕੁਰਕੀਆਂ ਕੀਤੀਆਂ ਅਤੇ ਜਲਾਵਤਨੀ ਦੌਰਾਨ ਦਿੱਤੀਆਂ ਜੇਲ੍ਹ ਸਜ਼ਾਵਾਂ ਨਾਲ "ਪਾਪ ਵੀ ਕੰਬਦੇ" ਸਨ ਕਹਿਣਾ ਅੱਤ-ਕੱਥਨੀ ਨਹੀਂ ਹੋਵੇਗੀ । ਜਿਵੇਂ ਕੋਹਲੂ ਪੀੜਨਾ ਅਤੇ ਸਰੋਂ ਦਾ ਤੇਲ ਕੱਢਣਾ ਆਦਿ ਜੇ ਤੇਲ ਦਿੱਤੇ ਹੋਏ ਹੁਕਮ ਮੁਤਾਬਕ ਪੂਰਾ ਨਾ ਹੋਇਆ ਕੋੜੇ ਮਾਰੇ ਜਾਂਦੇ ਸਨ ਅਤੇ ਮੁੜ ਫਿਰ ਕੋਹਲੂ ਪੀੜਨਾ ਪੈਂਦਾ ਸੀ। ਬੜਾ ਕਠਨ ਸਮਾਂ ਸੀ।

**ਇਸ ਕੇਸ ਦੇ ਆਜ਼ਾਦੀ ਪਸੰਦੀਦੀਆਂ ਦੇ ਨਾਮ ਸਨ :-**

(ੳ) ਮੌਤ ਦੀ ਸਜ਼ਾ ਪਾਉਣ ਵਾਲੇ :- ਬਾਬਾ ਉੱਤਮ ਸਿੰਘ ਪੁੱਤਰ ਸ. ਜੀਤਾ ਸਿੰਘ ਪਿੰਡ ਹਾਂਸ ਜ਼ਿਲ੍ਹਾ ਲੁਧਿਆਣਾ , ਬਾਬਾ ਈਸ਼ਰ ਸਿੰਘ ਪੁੱਤਰ ਸ. ਸੱਜਣ ਸਿੰਘ ਪਿੰਡ ਢੁੱਡੀਕੇ ਜ਼ਿਲ੍ਹਾ ਫ਼ਿਰੋਜ਼ਪੁਰ, ਬਾਬਾ ਬੀਰ ਸਿੰਘ ਪੁੱਤਰ ਸ. ਬੂਟਾ ਸਿੰਘ ਪਿੰਡ ਬਾਹੋਵਾਲ ਜ਼ਿਲ੍ਹਾ ਹੁਸ਼ਿਆਰਪੁਰ, ਬਾਬਾ ਰੰਗਾ /ਰੋਡਾ ਸਿੰਘ ਪੁੱਤਰ ਸ. ਗੁਰਦਿੱਤ ਸਿੰਘ ਪਿੰਡ ਖੁਰਦਪੁਰ ਜ਼ਿਲ੍ਹਾ ਜਲੰਧਰ, ਬਾਬਾ ਰੂੜ ਸਿੰਘ ਪੁੱਤਰ

(ਬਾਕੀ ਅਗਲੇ ਸਫੇ 'ਤੇ)

# ਜਿੰਦਗੀ ਜਿਉਣ ਦਾ ਢੰਗ



ਜਗਮੀਤ ਸਿੰਘ ਚੁੰਬਰ
(ਬਰੜਵਾਲ)
91-96536-39891

ਜਿੰਦਗੀ ਦੀ ਉਣਾਤਾਈ ਵਿੱਚ ਉਲੱਝਿਆ ਆਦਮੀ ਆਪਣੀ ਅਸਲੀ ਜਿੰਦਗੀ ਜਿਉਣ ਦੇ ਢੰਗ ਨੂੰ ਭੁੱਲ ਕੇ ਸਮਾਜਿਕ ਆਵਾਗੋਣ ਵਿੱਚ ਉਲਝਿਆਂ ਰਹਿੰਦਾ ਹੈ। ਉਹ ਇੱਥੋ ਤੱਕ ਉਲਝਕੇ ਰਹਿ ਜਾਂਦਾ ਹੈ ਕਿ ਇੱਕ ਸਮੇ ਉਸ ਨੂੰ ਆਪਣੇ ਚੰਗੇ ਮਾੜੇ ਦਾ ਫਰਕ ਵੀ ਭੁੱਲ ਜਾਂਦਾ ਹੈ ਵਿਅਕਤੀ ਸੰਸਾਰ ਦੇ ਇਸ ਚੱਕਰਵਿਊ ਵਿੱਚ ਇੰਨਾਂ ਫਸ ਜਾਂਦਾ ਹੈ ਕਿ ਉਹ ਸਿਰਫ ਪੈਸੇ ਨੂੰ ਹੀ ਸਭ ਕੁਝ ਮੰਨਣ ਲੱਗ ਜਾਂਦਾ ਹੈ ਉਸਨੂੰ ਇਹ ਭੁੱਲ ਜਾਂਦਾ ਹੈ ਕਿ ਪੈਸਾ ਸਾਡੇ ਲਈ ਬਣਿਆਂ ਹੈ ਨਾਂ ਕਿ ਅਸੀ ਪੈਸੇ ਲਈ। ਪਰ ਹੁੰਦਾ ਕਿ ਹੈ ਵਿਅਕਤੀ ਇਸ ਮੋਹ-ਮਾਇਆਂ ਦੇ ਚੱਕਰ ਵਿੱਚ ਫਸਕੇ ਆਪਣੇ ਸਕੇ ਭੈਣ-ਭਰਾਵਾਂ ਨੂੰ ਵੀ ਭੁੱਲ ਜਾਂਦਾ ਹੈ। ਉਸਨੂੰ ਸਿਰਫ ਪੈਸਾ ਅਤੇ ਪੈਸਾ ਹੀ ਨਜ਼ਰ ਆਉਦਾ ਹੈ ਉਹ ਆਪ ਤੋ ਗਰੀਬ ਵਿਅਕਤੀ ਨਾਲ ਰਿਸਤਾ ਨਿਭਾਉਣਾ ਤਾਂ ਦੂਰ ਦੀ ਗੱਲ ਸਗੋਂ ਉਸਨੂੰ ਬੁਲਾਉਣ ਤੋ ਵੀ ਗੁਰੇਜ਼ ਕਰਦਾ ਹੈ। ਕਿ ਕਿਤੇ ਮੇਰੇ ਕੋਲੋ ਕੁਝ ਉਧਾਰ ਹੀ ਨਾ ਮੰਗ ਲਵੇ। ਅਤੇ ਉਹ ਸਿਰਫ ਆਪਣੇ ਜਵਾਕਾਂ ਅਤੇ ਘਰਵਾਲੀ ਤੱਕ ਸੀਮਿਤ ਰਹਿ ਜਾਂਦਾ ਹੈ ਪਰ ਇਕ ਦਿਨ ਅਜਿਹਾ ਵੀ ਆਉਂਦਾ ਜਾ ਵਾਪਰਦਾ ਹੈ ਜਿਸ ਸਮੇਂ ਉਸਦਾ ਚਾਅ ਲਾਡਾਂ ਨਾਲ ਪਾਲੇ ਪੁੱਤ ਅਤੇ ਪਿਆਰੀ ਘਰਵਾਲੀ ਵੀ ਉਸਨੂੰ ਇਸ ਰੁਪਇਆਂ ਦੀ ਖਾਤਿਰ ਘਰੋਂ ਬਾਹਰ ਕਰ ਦਿੰਦੇ ਹਨ ਕਿ ਹੁਣ ਅਸੀ ਸਿਆਣੇ ਹੋ ਗਏ ਹਾਂ। ਤੁਸੀ ਬੁੱਢੇ ਸਾਡੀ ਬੇਇਜਤੀ ਕਰਾਉਂਦੇ ਹੋ ਜਾ ਫਿਰ ਤੁਹਾਨੋ ਇਸ ਨਵੇ ਜਮਾਨੇ ਦੇ ਹਿਸਾਬ ਨਾਲ ਜਿਉਣਾ ਨਹੀ ਆਉਦਾ ਉਸ ਸਮੇ ਉਸਨੂੰ ਉਹ ਸਭ ਕੁਝ ਯਾਦ ਆਉਦਾ ਹੈ ਕਿ ਕਿਸ ਤਰ੍ਹਾ ਉਹ ਲੋਕਾਂ ਨੂੰ ਲੁੱਟ-ਖਸੁੱਟ ਕਰਕੇ ਆਪਣੇ ਸਕੇ ਭਰਾਵਾਂ ਦਾ ਹੱਕ ਮਾਰਕੇ ਅਤੇ ਘਰਵਾਲੀ ਦੇ ਪਿੱਛੇ ਲੱਗਿਆਂ ਆਪਣੇ ਸਕੇ ਭੈਣ ਭਰਾਵਾਂ ਨੂੰ ਭੁੱਲਕੇ ਨਕਲੀ ਰਿਸਤੇ ਪਿੰਡੋ ਨਿਕਲ ਸ਼ਹਿਰਾਂ ਵਿੱਚ ਬਣਾਉਦਾ ਹੈ ਇਥੋ ਤੱਕ ਕਿ ਆਪਣੇ ਬਿਰਧ ਮਾਂ ਪਿਉ ਨੂੰ ਵੀ ਪਿੱਛੇ ਤੜਫਨ ਲਈ ਛੱਡ ਜਾਂਦਾ ਹੈ। ਇਸ ਤਰ੍ਹਾ ਜਿੰਦਗੀ ਦਾ ਇਹ ਚੱਕਰ ਘੁੰਮਦਾ ਹੋਇਆ ਮੁੜ ਉਸ ਸਮੇਂ ਤੇ ਹੀ ਆ ਖੜਦਾ ਹੈ।

ਜਦੋਂ ਸਮੇ ਦੀ ਤਾਣੀ ਉਲੱਝ ਜਾਂਦੀ ਹੈ ਅਤੇ ਵਿਅਕਤੀ ਦਾ ਅਖੀਰਲਾ ਪੜਾਅ ਸ਼ੁਰੂ ਹੋ ਜਾਂਦਾ ਹੈ। ਜਿਸ ਵਿੱਚ ਉਹ ਬਿਰਧ ਆਯੂ ਵਿੱਚ ਪਹੁੰਚ ਕੇ ਆਪਣੇ ਧੀਆਂ ਪੁੱਤਰਾਂ ਉੱਪਰ ਨਿਰਭਰ ਹੋ ਜਾਂਦਾ ਹੈ ਇਹ ਸਮਾਂ ਇਹੋ ਜਿਹਾ ਹੁੰਦਾ ਹੈ ਕਿ ਇਸ ਬਿਰਧ ਆਯੂ ਵਿੱਚ ਭਾਵੇਂ ਕੋਈ ਗਰੀਬ ਜਾਂ ਅਮੀਰ ਹੋਵੇ ਫਿਰ ਵੀ ਤੰਗੀ ਮਹਿਸੂਸ ਹੁੰਦੀ ਹੈ। ਭਾਵੇ ਪੁੱਤਰ ਧੀਆਂ ਅਤੇ ਨੂੰਹਾਂ ਕਿਨੇ ਵੀ ਨੇਕ ਹੋਣ ਤਾਂ ਵੀ ਘਰ ਵਿੱਚ ਬੁੱਢੇ ਦੀ ਘੱਟ ਹੀ ਸੱਦ ਪੁੱਛ ਹੁੰਦੀ ਹੈ। ਨਾ ਹੀ ਉਸਦੀ ਕੋਈ ਗੱਲ ਮੰਨੀ ਜਾਂਦੀ ਹੈ। ਇਸ ਉਮਰ ਵਿਚ ਬੁੱਢੇ ਨੂੰ ਮੰਜਾਂ ਘਟੀਆ ਦੇਣਗੇ ਅਤੇ ਨਾ ਹੀ ਬਿਸਤਰਾਂ ਸਾਫ਼ ਸੁੱਥਰਾ ਹੁੰਦਾ ਹੈ। ਰੋਟੀ ਵੀ ਇੱਕੋ ਵਾਰ ਪਰਸਨਗੇ ਫਿਰ ਕਿਸੇ ਨੇ ਪੁੱਛਣਾ ਨਹੀਂ। ਜਿਵੇ ਕਿ ਇਸ ਕਹਾਣੀ ਵਿੱਚ ਵਾਪਰਦਾ ਹੈ।

ਇੱਕ ਵਾਰ ਬੁੱਢੇ ਕੋਲ ਉਸਦੇ ਪੁੱਤਰ ਨੇ ਟੱਲੀ ਰੱਖ ਦਿੱਤੀ ਕਿ ਜਦੋ ਤੈਨੂੰ ਕਿਸੇ ਚੀਜ ਦਾ ਲੋੜ ਹੋਵੇ ਤਾਂ ਇਹ ਟੱਲੀ ਖੜਕਾ ਦੇਵੀ ਕਿਉਕਿ ਕੰਮ ਧੰਦੇ ਵਿੱਚ ਕਈ ਵਾਰ ਅਵਾਜ਼ ਨਹੀਂ ਸੁਣਦੀ, ਇੱਕ ਦਿਨ ਸੁੱਤੇ ਪਏ ਬਾਬੇ ਦੀ ਟੱਲੀ ਉਸਦਾ ਪੋਤਾ ਚੁੱਕ ਕੇ ਲੈ ਗਿਆ। ਲੋੜ ਪੈਣ ਤੇ ਬਾਬੇ ਨੂੰ ਕਿਸੇ ਨੇ ਵੀ ਰੋਟੀ ਪਾਣੀ ਨਾ ਦਿੱਤਾ। ਜਦੋਂ ਬਾਹਰੋ ਆਇਆ ਪੁੱਤਰ ਕੋਲ ਦੀ ਲੰਘਣ ਲੱਗਿਆ ਤਾਂ ਪੁੱਤਰ ਨੇ ਕਿਹਾ ਬਾਪੂ ਕੀ ਗੱਲ ਹੈ...? "ਭਾਈ ਕਿਸੇ ਨੇ ਮੈਨੂੰ ਰੋਟੀ ਪਾਣੀ ਨਹੀ ਦਿੱਤਾ" ਉਸਨੇ ਆਪਣੀ ਘਰਵਾਲੀ ਨੂੰ ਪੁੱਛਿਆ। "ਕੀ ਗੱਲ ਹੈ ਅੱਜ ਬਾਪੂ ਨੂੰ ਰੋਟੀ ਪਾਣੀ ਨਹੀਂ ਦਿੱਤਾ।" ਕਹਿਣ ਲੱਗੀ ਬਾਬੇ ਨੇ ਅੱਜ ਟੱਲੀ ਨਹੀਂ ਖੜਕਾਈ ਮੈਂ ਸਮਝਿਆਂ ਕਿ ਬਾਪੂ ਨੂੰ ਕਿਸੇ ਵੀ ਚੀਜ ਦੀ ਲੋੜ ਨਹੀਂ। ਪੁੱਤਰ ਬਾਪੂ ਨੂੰ ਕਹਿਣ ਲੱਗਾ ਬਾਪੂ ਤੂੰ ਟੱਲੀ ਨਹੀਂ ਵਜਾਈ। ਭਾਈ ਮੈਨੂੰ ਤਾਂ ਟੱਲੀ ਕਿਤੇ ਮਿਲੀ ਨਹੀਂ, ਪਤਾ ਨਹੀਂ ਕੌਣ ਲੈ ਗਿਆ? ਜਦੋਂ ਬੁੱਢੇ ਦੇ ਪੁੱਤਰ ਨੇ ਆਪਣੇ ਮੁੰਡੇ ਤੋ ਪਤਾ ਕੀਤਾ, ਮੁੰਡੇ ਨੇ ਦੱਸਿਆ ਕਿ ਟੱਲੀ ਮੈਂ ਲਕੋ ਕੇ ਰੱਖ ਦਿੱਤੀ ਹੈ ਜਦ ਤੂੰ ਬੁੱਢਾ ਹੋ ਗਿਆ ਤਾਂ ਇਹ ਟੱਲੀ ਮੈਂ ਤੈਨੂੰ ਦਿਆਗਾਂ।

ਕਿਉਕਿ ਅਜੋਕੇ ਸਮੇ ਵਿੱਚ ਜਿੱਥੇ ਤਕਨੀਕ ਦਾ ਵਿਕਾਸ ਹੋਇਆ ਉਥੇ ਰਿਸ਼ਤਿਆਂ ਵਿੱਚ ਖੋਖਲਾਪਣ ਵੇਖਣ ਨੂੰ ਆਇਆ ਹੈ ਅੱਜ ਹਰ ਉਮਰ ਦਾ ਵਿਅਕਤੀ ਸਿਰਫ ਮੋਬਾਇਲ ਤੱਕ ਸਿਮਿਤ ਹੋਕੇ ਰਹਿ ਗਿਆ ਹੈ ਅੱਜ ਹਰ ਰਿਸਤਾਂ ਲੋਕ ਮੋਬਾਇਲਾਂ ਦੇ ਜਰੀਏ ਹੀ ਨਿਭਾਉਣ ਲੱਗ ਪਏ ਹਨ ਅੱਜ ਆਪਸੀ ਰਿਸ਼ਤਿਆਂ ਵਿੱਚ ਫਿੱਕਾਪਣ ਵੱਧਦਾ ਦਿਖਾਈ ਦਿੰਦਾ ਹੈ ਲੋਕ ਸਿਰਫ ਹਾਲ-ਚਾਲ ਪੁੱਛਣ ਤੱਕ ਹੀ ਸੀਮਿਤ ਰਹਿ ਗਏ ਹਨ ਜਿੰਦਗੀ ਜੋ ਕਿ ਸਿਰਫ ਵਿਖਾਵਾ ਬਣਕੇ ਰਹਿ ਗਈ ਹੈ ਅੱਜ ਲੋਕ ਸਿਰਫ ਵਿਖਾਵੇ ਦੀ ਜਿੰਦਗੀ ਨੂੰ ਹੀ ਜਿਉਣ ਦਾ ਢੰਗ ਸਮਝਕੇ ਬੈਠ ਗਏ ਹਨ ਪਹਿਲਾਂ ਵਾਲਾ ਪਿਆਰ ਅਤੇ ਸਨੇਹ ਵੇਖਣ ਨੂੰ ਨਹੀ ਮਿਲਦਾ ਜਿੰਦਗੀ ਤੇਜੀ ਨਾਲ ਲੰਘ ਰਹੀ ਹੈ ਇੰਨੀ ਤਕਨੋਲਜੀ ਅਤੇ 4 ਜੀ ਨੈਟਵਰਕ ਦੇ ਬਾਵਜੂਦ ਵੀ ਵਿਅਕਤੀ ਅੱਜ ਆਪਣੀ ਜਿੰਦਗੀ ਦੀ ਜੰਗ ਹਾਰਦਾ ਹੋਇਆ ਵਿਖਾਈ ਦਿੰਦਾ ਹੈ ਅੱਜ ਉਹ ਇਨ੍ਹੇ ਤੇਜ ਨੈਂਟਵਰਕ ਦੇ ਹੁੰਦੀਆ ਵੀ ਆਪਣੇਬਜੁਰਗਾਂ ਦੀ ਕੀਤੀ ਕਮਾਈ ਤੋ ਕਿਤੇ ਪਿੱਛੇ ਰਹਿ ਗਿਆ ਹੈ ਇਨ੍ਹਾਂ ਗਿਆਨ ਅਤੇ ਵਿਗਿਆਨ ਦੇ ਨਾਲ-ਨਾਲ ਅੰਨਾਂ ਜੋਰ ਪੈਸਾ ਹੋਣ ਦੇ ਬਾਵਜੂਦ ਵੀ ਅੱਜ ਦੇ ਲੋਕ ਆਪਣੇ ਬਜੁਰਗਾਂ ਦੀ ਕੀਤੀ ਕਮਾਈ ਦਾ ਇੱਕ ਹਿੱਸਾ ਵੀ ਨਹੀ ਜੋੜ ਸਕਦੇ ਸਗੋਂ ਉਹਨਾਂ ਦੁਆਰਾ ਕੀਤੀ ਕਮਾਈ ਨੂੰ ਵੀ ਵਿੱਚੇ ਹੀ ਰੋਲ ਦਿੰਦੇ ਹਨ। ਇਸ ਤਰ੍ਹਾਂ ਕਿਸੇ ਸਿਆਣੇ ਨੇ ਸਹੀ ਕਿਹਾ ਹੈ ਕਿ ਜਦੋ ਉਲਟੀ ਵਾੜ ਹੀ ਖੇਤ ਨੂੰ ਖਾਣ ਲੱਗ ਜਾਵੇ ਤਾਂ ਉਹ ਖੇਤ ਕਿਸ ਤਰ੍ਹਾਂ ਅਬਾਦ ਹੋਣਗੇ, ਇਸ ਤਰ੍ਹਾਂ ਗੁਰਬਾਣੀ ਵਿਚ ਵੀ ਜਿਕਰ ਆਉਂਦਾ ਹੈ ਕਿ ਜਿਹਾ ਬੀਜੇਗਾ, ਵੱਡੇਗਾ ਮਨਾਂ ਮੇਰਿਆ ਫਲ ਤੇਰੇ ਕਰਮਾਂ ਦਾ, ਜੈਸਾ ਕਰੋਗੇ ਵੈਸਾ ਭਰੋਗੇ।ਸੋ ਇਸ ਪ੍ਰਕਾਰ ਵਿਅਕਤੀ ਇਸ ਮੋਹ ਮਾਇਆਵਿੱਚ ਫਸਿਆ ਆਪਣੇ ਸਕੇ ਭੈਣ ਭਰਾਵਾਂ ਨੂੰ ਭੁਲਿਆ ਜਿੰਦਗੀ ਦਾ ਅਸਲ ਮਕਸ਼ਦ ਭੁੱਲਕੇ ਫੋਕਟ ਦੇ ਕੰਮਾਂ ਕਾਰਾਂ ਠੱਗੀਆਂ, ਧੋਖੇ ਧੜੀਆਂ ਕਰਦਾ ਹੋਇਆ ਆਖਿਰ ਨੂੰ ਹਾਰ ਕੇ ਬੈਠ ਜਾਂਦਾ ਹੈ ਅਤੇ ਬੀਤੇ ਸਮੇਂ ਨੂੰ ਯਾਦ ਕਰਦਾ ਹੈ ਕਿ ਨਾ ਹੀ ਉਹ ਰੱਜ ਕੇ ਜਿੰਦਗੀ ਦਾ ਆਨੰਦ ਮਾਣ ਸਕਿਆ ਅਤੇ ਨਾ ਹੀ ਢੰਗ ਨਾਲ ਮਾਤਾ-ਪਿਤਾ ਦਾ ਬਣ ਸਕਿਆ ਆਖੀਰ ਨੂੰ ਹੋਇਆ ਉਹੀ ਜੋ ਉਸਨੇ ਆਪਣੇ ਨਾਲ ਕੀਤਾ ਆਪਣਿਆ ਨੇ ਹੀ ਅੰਤ ਵਿੱਚ ਉਸਨੂੰ ਉਸ ਸਮੇ ਤੇ ਲਿਆਂ ਕੇ ਖੜ੍ਹਾ ਕਰ ਦਿੱਤਾ ਜਿਥੋ ਉਸਨੇ ਸੁਰੂਆਤ ਕੀਤੀ ਸੀ ਇਸ ਲਈ ਜਿੰਦਗੀ ਨੂੰ ਜਿਉਂਣ ਦਾ ਢੰਗ ਸਿੱਖੋ ਵਿਅਰਥ ਦੇ ਵਿਖਾਵੇ ਫੋਕਟ ਪਦਾਰਥਾਂ ਪਿੱਛੇ ਆਪਣੇ ਖੂਨ ਦੇ ਰਿਸ਼ਤਿਆਂ ਨੂੰ ਨਾ ਭੁੱਲੋ ਕਿਉਂਕਿ ਇਹ ਰਿਸ਼ਤੇ ਸਿਰਫ ਇੱਕ ਵਾਰ ਹੀ ਜੁੜਦੇ ਹਨ ਅਤੇ ਮੁੜਕੇ ਕਦੇ ਵੀ ਇੱਕ ਨਹੀਂ ਹੋ ਸਕਦੇ।

## ਕਾਵਿ ਵਿਅੰਗ/ ਹੋਵੇ ਵਿਰਲਾ ਰਵੀਸ਼!

ਫੜਕੇ ਮਾਈਕ ਤੇ ਕੈਮਰੇ ਰੱਖ ਮੋਢੇ
ਫਿਰਦੇ ਲੱਭਦੇ ਪਈ 'ਦੁਫੇੜ' ਦੇਖੋ।

ਬੋਲਾਂ ਵਿੱਚ ਸੰਜੀਦਗੀ ਦਿਸੇ ਕੋਈ ਨਾ
ਕਰੀ ਜਾਂਦੇ ਨੇ 'ਯਾਭਾਂ ਦੇ ਭੇੜ' ਦੇਖੋ।

ਜੁਨਲਿਜ਼ਮ ਦੀ ਸਿੱਖਿਆ ਲਈ ਕਿੱਥੋਂ
ਨਹੀਂ ਦੱਸਣਗੇ ਕਿਸੇ ਨੂੰ 'ਛੇੜ' ਦੇਖੋ।

'ਸੇਵਾਦਾਰ' ਮਾਂ-ਬੋਲੀ ਦੇ ਬਣਨ ਵੱਡੇ
ਕਹਿੰਦੇ ਕਹਿਣ ਦਰਖਤ ਨੂੰ 'ਪੇੜ' ਦੇਖੋ।

ਗੋਦੀ ਕਿਸੇ ਦੀ ਬੈਠ ਜੋ ਲਿਖੀ ਜਾਵੇ
ਕਲਮਕਾਰ ਨਹੀਂ 'ਕਲਮਘੜੀਸ' ਹੁੰਦਾ।

ਪੱਤਰਕਾਰ ਕਹਾਉਂਦੇ ਤਾਂ ਬਹੁਤ ਲੋਕੀ
ਐਪਰ ਵਿਰਲਾ ਹੀ ਕੋਈ 'ਰਵੀਸ਼' ਹੁੰਦਾ!



ਤਰਲੋਚਨ ਸਿੰਘ 'ਦੁਪਾਲ ਪੁਰ'
78146-92724

## ਮਹਿਲਾ ਕਾਵਿ ਮੰਚ ਵੱਲੋਂ ਸ਼ਾਨਦਾਰ ਕਵੀ ਦਰਬਾਰ ਕਰਵਾਇਆ



**ਚੰਡੀਗੜ (ਪ੍ਰੀਤਮ ਲੁਧਿਆਣਵੀ)-** ਮਹਿਲਾ ਕਾਵਿ ਮੰਚ ਜਿਲਾ ਬਰਨਾਲਾ ਵੱਲੋਂ ਮਮਤਾ ਸੇਤੀਆ ਸੇਖਾ (ਪ੍ਰਧਾਨ ਮਹਿਲਾ ਕਾਵਿ ਮੰਚ ਇਕਾਈ ਬਰਨਾਲਾ) ਦੀ ਅਗਵਾਈ ਹੇਠ ਕਰਵਾਏ ਕਵੀ ਦਰਬਾਰ ਵਿੱਚ ਮੁੱਖ ਮਹਿਮਾਨ ਦੇ ਤੌਰ ਤੇ ਗਗਨਦੀਪ ਕੌਰ ਧਾਲੀਵਾਲ (ਜ. ਸਕੱਤਰ ਮਹਿਲਾ ਕਾਵਿ ਮੰਚ ਪੰਜਾਬ) ਅਤੇ ਵਿਸ਼ੇਸ ਮਹਿਮਾਨ ਵਜੋਂ ਪਰਮਜੀਤ ਕੌਰ ਜੈਸਵਾਲ ਜੀ ਸ਼ਾਮਲ ਹੋਏ। ਕਵੀ ਦਰਬਾਰ ਦੀ ਸ਼ੁਰੂਆਤ ਗਗਨ ਪ੍ਰੀਤ ਕੌਰ ਜੀ ਨੇ ਆਪਣੀ ਖੂਬਸੂਰਤ ਰਚਨਾ ਦੇ ਨਾਲ ਕੀਤੀ।

ਉਪਰੰਤ ਸਤਵੰਤ ਕੌਰ ਸੱਤੀ, ਰਵਿੰਦਰ ਕੌਰ ਰਾਵੀ, ਜਸਪਾਲ ਕੌਰ ਜੱਸ, ਗੁਰਵਿੰਦਰ ਕੌਰ, ਪਰਮਜੀਤ ਕੌਰ ਜੈਸਵਾਲ, ਗਗਨਦੀਪ ਕੌਰ ਧਾਲੀਵਾਲ, ਬਲਜੀਤ ਕੌਰ, ਕਿਰਨਪ੍ਰੀਤ ਕੌਰ ਮਾਨਸਾ, ਬਲਵਿੰਦਰ ਕੌਰ, ਜਸਪਿੰਦਰ ਕੌਰ, ਰਜਨੀਸ਼ ਕੌਰ ਬਬਲੀ, ਨਿੰਦਰ ਕੌਰ, ਪਰਮਜੀਤ ਕੌਰ ਸੈਣੀ ਤੇ ਮਮਤਾ ਸੇਤੀਆ ਸੇਖਾ ਆਦਿ ਕਵਿੱਤਰੀਆਂ ਨੇ ਆਪਣੀਆਂ ਬੇਸ਼ਕੀਮਤੀ ਰਚਨਾਵਾਂ ਪੇਸ਼ ਕਰਕੇ ਮਹਿਫਲ ਨੂੰ ਚਾਰ ਚੰਦ ਲਾ ਦਿੱਤੇ। ਪ੍ਰੋਗਰਾਮ ਦੇ ਅੰਤ ਵਿਚ ਗੁਰਵਿੰਦਰ ਕੌਰ ਜੀ ਨੇ ਸਾਰੀਆਂ ਹਾਜਰ ਕਵਿਤਰੀਆਂ ਦਾ ਧੰਨਵਾਦ ਕੀਤਾ। ਮੰਚ ਸੰਚਾਲਕਾਂ ਦੀ ਭੂਮਿਕਾ ਮਮਤਾ ਸੇਤੀਆ ਸੇਖਾ ਨੇ ਬਾਖੂਬੀ ਨਿਭਾਈ।

# ਗ਼ਦਰ ਪਾਰਟੀ ਦਾ ਅਰੰਭ ਅਤੇ ਲਹੌਰ ਸਾਜ਼ਿਸ਼ ਕੇਸ

(ਸਫਾ 30 ਦੀ ਬਾਕੀ)

ਸ. ਸਮੁੰਦ ਸਿੰਘ ਪਿੰਡ ਤਲਵੰਡੀ ਦੁਸਾਂਝ ਜ਼ਿਲ੍ਹਾ ਫ਼ਿਰੋਜ਼ਪੁਰ ਅਤੇ ਬਾਬਾ ਹੀਰਾ ਸਿੰਘ ਪੁੱਤਰ ਸ. ਮੰਨਾ ਸਿੰਘ ਪਿੰਡ ਚਰੜ ਜ਼ਿਲ੍ਹਾ ਲਹੌਰ ( ਆਪ ਦੀ ਫਾਂਸੀ ਨੂੰ ਉਮਰ ਕੈਦ ਵਿੱਚ ਤਬਦੀਲ ਕਰਕੇ ਜਾਇਦਾਦ ਜ਼ਬਤ ਕਰ ਲਈ)

(ਅ) 45 ਆਜ਼ਾਦੀ ਸੰਗਰਾਮੀਆਂ ਨੂੰ ਜਲਾਵਤਨੀ (ਕਾਲਾ ਪਾਣੀ) ਵਿੱਚ ਉਮਰ ਕੈਦ :- ਬਾਬਾ ਉਧਮ ਸਿੰਘ ਪੁੱਤਰ ਸ. ਜੀਵਨ ਸਿੰਘ ਪਿੰਡ ਲਾਡੂਪੁਰਾ ਜ਼ਿਲ੍ਹਾ ਗੁਰਦਾਸਪੁਰ , ਬਾਬਾ ਅਤਰ ਸਿੰਘ ਪੁੱਤਰ ਸ਼੍ਰੀ ਹੀਰਾ ਨੰਦ ਪਿੰਡ ਧੀਕਮਪੁਰ ਜ਼ਿਲ੍ਹਾ ਜੇਹਲਮ, ਬਾਬਾ ਅਰਜਨ ਸਿੰਘ ਪੁੱਤਰ ਸ. ਲਾਲ ਸਿੰਘ ਪਿੰਡ ਜਗਰਾਓਂ ਜ਼ਿਲ੍ਹਾ ਲੁਧਿਆਣਾ, ਬਾਬਾ ਇੰਦਰ ਸਿੰਘ ਪੁੱਤਰ ਸ. ਫੁੰਮਣ ਸਿੰਘ ਪਿੰਡ ਸ਼ੇਖ ਦੌਲਤ ਲੁਧਿਆਣਾ, ਬਾਬਾ ਸੱਜਣ ਸਿੰਘ ਪੁੱਤਰ ਸ. ਮੋਹਨ ਸਿੰਘ ਪਿੰਡ ਨਾਰੰਗਵਾਲ ਜ਼ਿਲ੍ਹਾ ਲੁਧਿਆਣਾ, ਬਾਬਾ ਸੰਤਾ ਸਿੰਘ ਪੁੱਤਰ ਸ. ਚੂਹੜ ਸਿੰਘ ਪਿੰਡ ਨੰਦਪੁਰ ਜ਼ਿਲ੍ਹਾ ਪਟਿਆਲਾ, ਬਾਬਾ ਸੁੱਚਾ ਸਿੰਘ ਪੁੱਤਰ ਸ. ਗੁਰਦਿੱਤ ਸਿੰਘ ਪਿੰਡ ਚੋਹਲਾ ਕਲਾਂ ਜ਼ਿਲ੍ਹਾ ਅੰਮ੍ਰਿਤਸਰ, ਬਾਬਾ ਸੁੰਦਰ ਸਿੰਘ ਪੁੱਤਰ ਸ. ਰਤਨ ਸਿੰਘ ਪਿੰਡ ਦੌਲੇ ਨੰਗਲ ਜ਼ਿਲ੍ਹਾ ਅੰਮ੍ਰਿਤਸਰ, ਬਾਬਾ ਸੁਰਜਨ ਸਿੰਘ ਪੁੱਤਰ ਸ. ਮਹਾਂ ਸਿੰਘ ਪਿੰਡ ਗੁੱਜਰਵਾ.ਲ ਜ਼ਿਲ੍ਹਾ ਲੁਧਿਆਣਾ, ਬਾਬਾ ਸੁਲਤਾਨ ਸ਼ਾਹ ਪੁੱਤਰ ਮਾਘੀ ਸ਼ਾਹ ਪਿੰਡ ਭਿੱਖੀਵਿੰਡ ਜ਼ਿਲ੍ਹਾ ਲਾਹੌਰ, ਬਾਬਾ ਸੂਜਾ ਸਿੰਘ ਪੁੱਤਰ ਸ. ਖੁਸ਼ਹਾਲ ਸਿੰਘ ਪਿੰਡ ਵਲਟੋਹਾ ਜ਼ਿਲ੍ਹਾ ਲਾਹੌਰ , ਬਾਬਾ ਹਰਭਜਨ ਸਿੰਘ ਪੁੱਤਰ ਸ. ਫ਼ਤਿਹ ਸਿੰਘ ਪਿੰਡ ਛੱਜੀਆਂ ਵਾਲਾ ਜ਼ਿਲ੍ਹਾ ਲੁਧਿਆਣਾ, ਬਾਬਾ ਹਰੀ ਸਿੰਘ ਪੁੱਤਰ ਅਮਰ ਸਿੰਘ ਪਿੰਡ ਕੱਕੜ ਜ਼ਿਲ੍ਹਾ ਅੰਮ੍ਰਿਤਸਰ , ਬਾਬਾ ਹਰਨਾਮ ਸਿੰਘ ਪੁੱਤਰ ਸ. ਨਰੈਣ ਸਿੰਘ ਪਿੰਡ ਗੁਜਰਵਾਲ ਜ਼ਿਲ੍ਹਾ ਲੁਧਿਆਣਾ, ਬਾਬਾ ਹਰਨਾਮ ਸਿੰਘ ਪੁੱਤਰ ਸ. ਭੂਪ ਸਿੰਘ ਪਿੰਡ ਰਸੂਲਪੁਰ ਜ਼ਿਲ੍ਹਾ ਅੰਮ੍ਰਿਤਸਰ, ਬਾਬਾ ਹਰਨਾਮ ਸਿੰਘ ਪੁੱਤਰ ਸ. ਸੁੰਦਰ ਸਿੰਘ ਪਿੰਡ ਕਾਲਾ ਸੰਘਾ ਜ਼ਿਲ੍ਹਾ ਕਪੂਰਥਲਾ, ਬਾਬਾ ਕਰਮ ਸਿੰਘ ਪੁੱਤਰ ਸ. ਸੁੰਦਰ ਸਿੰਘ ਪਿੰਡ ਕੋਟ.ਲਾ ਅਜਨੇਰ ਜ਼ਿਲ੍ਹਾ ਪਟਿਆਲਾ, ਬਾਬਾ ਕਰਤਾਰ ਸਿੰਘ ਪੁੱਤਰ ਸ. ਬਿਸ਼ਨ ਸਿੰਘ ਸ਼ਹਿਰ ਪਟਿਆ.ਲਾ ਜ਼ਿਲ੍ਹਾ ਪਟਿਆ.ਲਾ , ਬਾਬਾ ਕਿਰਪਾ ਸਿੰਘ ਪੁੱਤਰ ਸ. ਜਵਾਹਰ ਸਿੰਘ ਪਿੰਡ ਟੌਂਗ ਮਾਜਰੀ ਜ਼ਿਲ੍ਹਾ ਹੁਸ਼ਿਆਰਪੁਰ, ਬਾਬਾ ਕੇਸਰ ਸਿੰਘ ਪੁੱਤਰ ਸ. ਮੰਗਲ ਸਿੰਘ ਪਿੰਡ ਸੁਰਸਿੰਘ ਜ਼ਿਲ੍ਹਾ ਲਾਹੌਰ, ਬਾਬਾ ਗੁੱਜਰ ਸਿੰਘ ਪੁੱਤਰ ਸ. ਸ਼ਾਮ ਸਿੰਘ ਪਿੰਡ ਭੱਕਨਾ ਜ਼ਿਲ੍ਹਾ ਅੰਮ੍ਰਿਤਸਰ, ਬਾਬਾ ਗੰਡਾ ਸਿੰਘ ਪੁੱਤਰ ਸ. ਬਹਾਦਰ ਸਿੰਘ ਪਿੰਡ ਖਾਪੜ ਖੇੜੀ ਜ਼ਿਲ੍ਹਾ ਅੰਮ੍ਰਿਤਸਰ, ਬਾਬਾ ਗੰਡਾ ਸਿੰਘ ਪੁੱਤਰ ਸ. ਜਵਾਲਾ ਸਿੰਘ ਪਿੰਡ ਸੁਰਸਿੰਘ ਜ਼ਿਲ੍ਹਾ ਲਾਹੌਰ, ਬਾਬਾ ਜਗਤ ਸਿੰਘ ਪੁੱਤਰ ਸ. ਦੇਵਾ ਸਿੰਘ ਪਿੰਡ ਗੁਜਰਵਾਲ ਜ਼ਿਲ੍ਹਾ ਲੁ-ਧਿਆਣਾ, ਬਾਬਾ ਜਿੰਦਰ ਸਿੰਘ ਪੁੱਤਰ ਸ. ਮੰਗਲ ਸਿੰਘ ਪਿੰਡ ਚੌਧਰੀ ਵਾਲਾ ਜ਼ਿਲ੍ਹਾ ਅੰਮ੍ਰਿਤਸਰ, ਬਾਬਾ ਠਾਕਰ ਸਿੰਘ ਪੁੱਤਰ ਸ. ਸੂਬਾ ਸਿੰਘ ਪਿੰਡ ਠੱਠੀਆਂ ਜ਼ਿਲ੍ਹਾ ਅੰਮ੍ਰਿਤਸਰ, ਬਾਬਾ ਤੇਜਾ ਸਿੰਘ ਪੁੱਤਰ ਸ. ਦਿਆਲ ਸਿੰਘ ਪਿੰਡ ਭਿੱਖੀਵਿੰਡ ਜ਼ਿਲ੍ਹਾ ਲਾਹੌਰ, ਬਾਬਾ ਦਲੀਪ ਸਿੰਘ ਪੁੱਤਰ ਸ. ਹਮੀਰ ਸਿੰਘ ਪਿੰਡ ਫੂਲੇਵਾਲ ਜ਼ਿਲ੍ਹਾ ਲੁਧਿਆਣਾ, ਬਾਬਾ ਨਾਹਰ ਸਿੰਘ ਪੁੱਤਰ ਸ. ਠਾਕਰ ਸਿੰਘ ਪਿੰਡ ਗੁਜਰਵਾਲ ਜ਼ਿਲ੍ਹਾ ਲੁਧਿਆਣਾ, ਬਾਬਾ ਨੱਥਾ ਸਿੰਘ ਪੁੱਤਰ ਸ. ਮੰਗਲ ਸਿੰਘ ਪਿੰਡ ਧੁਨ ਜ਼ਿਲ੍ਹਾ ਲਾਹੌਰ, ਬਾਬਾ ਪਾਖਰ ਸਿੰਘ ਪੁੱਤਰ ਸ. ਭਾਨ ਸਿੰਘ ਪਿੰਡ ਢੁੱਡੀਕੇ, ਜ਼ਿਲ੍ਹਾ ਫ਼ਿਰੋਜ਼ਪੁਰ, ਬਾਬਾ ਪਾਲਾ ਸਿੰਘ ਪੁੱਤਰ ਸ. ਬੱਗਾ ਸਿੰਘ ਪਿੰਡ ਢੁੱਡੀਕੇ ਜ਼ਿਲ੍ਹਾ ਫ਼ਿਰੋਜ਼ਪੁਰ, ਬਾਬਾ ਬਿਸ਼ਨ ਸਿੰਘ ਪੁੱਤਰ ਸ. ਵਿਸਾਖਾ ਸਿੰਘ ਪਿੰਡ ਵਿਰਪਾਲ ਜ਼ਿਲ੍ਹਾ ਅੰਮ੍ਰਿਤਸਰ, ਬਾਬਾ ਬੁੱਢਾ ਸਿੰਘ ਪੁੱਤਰ ਸ. ਈਸ਼ਰ ਸਿੰਘ ਪਿੰਡ ਸੁਰਸਿੰਘ ਜ਼ਿਲ੍ਹਾ ਲਾਹੌਰ, ਬਾਬਾ ਬੋਘ ਸਿੰਘ ਪੁੱਤਰ ਸ. ਨੱਥਾ ਸਿੰਘ ਪਿੰਡ ਝਾੜ ਸਾਹਿਬ ਜ਼ਿਲ੍ਹਾ ਅੰਮ੍ਰਿਤਸਰ, ਬਾਬਾ ਮਸਤਾਨ ਸਿੰਘ ਪੁੱਤਰ ਸ. ਮਹਿਤਾਬ ਸਿੰਘ ਪਿੰਡ ਨਾਰ-ਗਵਾਲ ਜ਼ਿਲ੍ਹਾ ਲੁਧਿਆਣਾ, ਬਾਬਾ ਮਹਾਰਾਜ ਸਿੰਘ ਪੁੱਤਰ ਸ. ਨਿਹਾਲ ਸਿੰਘ ਪਿੰਡ ਕਸੇਲ ਜ਼ਿਲ੍ਹਾ ਅੰਮ੍ਰਿਤਸਰ, ਬਾਬਾ ਮੰਗਲ ਸਿੰਘ ਪੁੱਤਰ ਸ. ਮੂਲ ਸਿੰਘ ਪਿੰਡ ਵਲਟੋਹਾ ਜ਼ਿਲ੍ਹਾ ਲਾਹੌਰ , ਬਾਬਾ ਮਹਿੰਦਰ ਸਿੰਘ ਪੁੱਤਰ ਸ. ਨਰੈਣ ਸਿੰਘ ਪਿੰਡ ਮਾਜਰੀ ਲੁਧਿਆਣਾ, ਬਾਬਾ ਰਣਧੀਰ ਸਿੰਘ (ਸੰਤ) ਪੁੱਤਰ ਸ. ਨੱਥਾ ਸਿੰਘ ਪਿੰਡ ਨਾਰੰਗਵਾਲ ਜ਼ਿਲ੍ਹਾ ਲੁਧਿਆਣਾ, ਬਾਬਾ ਰਾਮ ਸਿੰਘ ਪੁੱਤਰ ਸ. ਸਾਹਿਬ ਸਿੰਘ ਪਿੰਡ ਫੂਲੇਵਾਲ ਜ਼ਿਲ੍ਹਾ ਲੁਧਿਆਣਾ, ਬਾਬਾ ਲਾਭ ਸਿੰਘ ਪੁੱਤਰ ਸ. ਰਾਮ ਸਿੰਘ ਪਿੰਡ ਚੱਕ ਵਾਲੀਆਂ ਜ਼ਿਲ੍ਹਾ ਲਾਹੌਰ, ਬਾਬਾ ਲਾਭ ਸਿੰਘ ਪੁੱਤਰ ਸ. ਬੂੜਾ ਸਿੰਘ ਪਿੰਡ ਵਲਟੋਹਾ ਜ਼ਿਲ੍ਹਾ ਲਾਹੌਰ , ਬਾਬਾ ਲਾਲ ਸਿੰਘ ਪੁੱਤਰ ਉਧੇ ਸਿੰਘ ਪਿੰਡ ਨਾਰੰਗਵਾਲ ਜ਼ਿਲ੍ਹਾ ਲੁਧਿਆਣਾ ਅਤੇ ਬਾਬਾ ਵਿਸਾਖਾ ਸਿੰਘ ਪੁੱਤਰ ਸ. ਈਸ਼ਰ ਸਿੰਘ ਪਿੰਡ ਦਦੇਹਰ ਜ਼ਿਲ੍ਹਾ ਅੰਮ੍ਰਿਤਸਰ।

(ੲ) ਉਮਰ ਕੈਦ ਤੋਂ ਘੱਟ ਸਜ਼ਾਵਾਂ ( 6 ਮਹੀਨੇ ਤੋਂ 3 ਮਹੀਨੇ)

ਬਾਬਾ ਸ਼ਾਮ ਸਿੰਘ ਪੁੱਤਰ ਸ. ਭੋਲ਼ਾ ਸਿੰਘ ਪਿੰਡ ਢੁੱਡੀਕੇ ਜ਼ਿਲ੍ਹਾ ਫ਼ਿਰੋਜ਼ਪੁਰ (ਤਿੰਨ ਸਾਲ), ਬਾਬਾ ਸ਼ੇਰ ਸਿੰਘ ਪੁੱਤਰ ਸ. ਲਹਿਣਾ ਸਿੰਘ ਪਿੰਡ ਠੀਕਰੀਵਾਲਾ ਜ਼ਿਲ੍ਹਾ ਗੁਰਦਾਸਪੁਰ (ਇੱਕ ਸਾਲ), ਬਾਬਾ ਕਾਹਨ ਸਿੰਘ ਪੁੱਤਰ ਸਰੂਪ ਸਿੰਘ ਪਿੰਡ ਹਸਨਪੁਰ ਜ਼ਿਲ੍ਹਾ ਲੁਧਿਆਣਾ (ਚਾਰ ਸਾਲ), ਬਾਬਾ ਜੱਸਾ ਸਿੰਘ ਪੁੱਤਰ ਨੱਥਾ ਸਿੰਘ ਪਿੰਡ ਝਾੜ ਸਾਹਿਬ ਜ਼ਿਲ੍ਹਾ ਅੰਮ੍ਰਿਤਸਰ (ਛੇ ਮਹੀਨੇ), ਬਾਬਾ ਜੰਮੂ ਪੁੱਤਰ ਵਸਾਊ ਪਿੰਡ ਵਲਟੋਹਾ ਜ਼ਿਲ੍ਹਾ ਲਹੌਰ (ਛੇ ਮਹੀਨੇ), ਬਾਬਾ ਪਾਲਾ ਸਿੰਘ ਪੁੱਤਰ ਸ. ਕਾਲਾ ਸਿੰਘ ਪਿੰਡ ਢੁੱਡੀਕੇ ਜ਼ਿਲ੍ਹਾ ਫ਼ਿਰੋਜ਼ਪੁਰ ( ਤਿੰਨ ਸਾਲ), ਬਾਬਾ ਫੇਰਾ ਸਿੰਘ ਪੁੱਤਰ ਸ. ਲਹਿਣਾ ਸਿੰਘ ਪਿੰਡ ਕੋਟ ਝੰਡਾ ਸਿੰਘ ਜ਼ਿਲ੍ਹਾ ਸਿਆਲਕੋਟ (ਦੋ ਸਾਲ ਬਾਬਾ ਮਹਿੰਦਰ ਸਿੰਘ ਪੁੱਤਰ ਸ. ਨੰਦ ਸਿੰਘ ਪਿੰਡ ਢੁੱਡੀਕੇ ਜ਼ਿਲ੍ਹਾ ਫ਼ਿਰੋਜ਼ਪੁਰ (ਤਿੰਨ ਸਾਲ।

* ਤੀਜਾ ਲਹੌਰ ਸਪਲੀਮੈਂਟਰੀ (ਸਾਜ਼ਿਸ਼) ਮੁਕੱਦਮੇ ਦਾ ਫੈਸਲਾ ਮਾਰਚ 16 , 1917 ਨੂੰ ਸੁਣਾਇਆ :- ਇਸ ਕੇਸ ਦੇ ਜੱਜ ਟੀ.ਪੀ ਐਲਿਸ ਫਰਿਜ਼ਲੇ ਅਤੇ ਗੁਪਾਲ ਦਾਸ ਭੰਡਾਰੀ ਸਨ। ਇਸ ਕੇਸ ਵਿੱਚ ਆਜ਼ਾਦੀ ਸੰਗਰਾਮੀ ਗ਼ਦਰੀਆਂ ਨੂੰ ਕਰੜੀਆਂ ਸਜ਼ਾਵਾਂ ਅਤੇ ਜਾਇਦਾਦਾਂ ਦੀਆਂ ਕੁਰਕੀਆਂ ਵਰਗੀਆਂ ਸਜ਼ਾਵਾਂ ਦਿੱਤੀਆਂ।

**(ੳ) ਮੌਤ ਦੀ ਸਜ਼ਾ:-** ਬਾਬਾ ਹਾਫ਼ਿਜ਼ ਅਬਦੁਲਾ (ਮਨੀਲਾ) ਪੁੱਤਰ ਸ. ਨਿਜ਼ਾਮ ਦੀਨ ਪਿੰਡ ਜਗਰਾਉਂ ਜ਼ਿਲ੍ਹਾ ਲੁ-ਧਿਆਣਾ, ਬਾਬਾ ਨਾਮਾ/ਹਰਨਾਮ ਸਿੰਘ ਪੁੱਤਰ ਸ. ਗੋਪਾਲ ਪਿੰਡ ਫ਼ਤਿਹ ਗੜ੍ਹ ਜ਼ਿਲ੍ਹਾ ਹੁਸ਼ਿਆਰਪੁਰ, ਬਾਬਾ ਬਲਵੰਤ ਸਿੰਘ (ਕੈਨੇਡੀਅਨ) ਪੁੱਤਰ ਸ. ਬੁੱਧ ਸਿੰਘ ਪਿੰਡ ਖੁਰਦਪੁਰ ਜ਼ਿਲ੍ਹਾ ਜਲੰਧਰ, ਬਾਬਾ ਬਾਰੂ ਰਾਮ ਪੁੱਤਰ ਸ਼੍ਰੀ ਗਾਂਧੀ ਪਿੰਡ ਫ਼ਤਿਹ ਗੜ੍ਹ ਜ਼ਿਲ੍ਹਾ ਹੁਸ਼ਿਆਰਪੁਰ, ਬਾਬਾ ਰੂੜ/ਅਰੂੜ ਸਿੰਘ (ਡਾ.) ਪੁੱਤਰ ਸ. ਅਰਜਨ ਸਿੰਘ ਪਿੰਡ ਸੰਘਵਾਲ ਜ਼ਿਲ੍ਹਾ ਜਲੰਧਰ, ਬਾਬਾ ਕਰਤਾਰ ਸਿੰਘ ਪੁੱਤਰ ਸ. ਸੁੰਦਰ ਸਿੰਘ ਪਿੰਡ ਚੰਦ ਨੌ ਜ਼ਿਲ੍ਹਾ ਫ਼ਿਰੋਜ਼ਪੁਰ (ਬਾਬਾ ਕਰਤਾਰ ਸਿੰਘ ਦੀ ਸਜ਼ਾ ਮੌਤ ਨੂੰ ਬਦਲਕੇ ਉਮਰ ਕੈਦ ਕੀਤੀ ਅਤੇ ਜਾਇਦਾਦ ਜ਼ਬਤ ਕਰ ਲਈ।)

**(ਅ) ਕਾਲੇ ਪਾਣੀ ਵਿੱਚ ਉਮਰ ਕੈਦ:-** ਬਾਬਾ ਹਰੀ ਸਿੰਘ ਪੁੱਤਰ ਸ. ਭਿਖਾ ਸਿੰਘ ਪਿੰਡ ਛੋਟੀਆਂ ਸ਼ੋਬਾ ਜ਼ਿਲ੍ਹਾ ਫ਼ਿਰੋਜ਼ਪੁਰ, ਬਾਬਾ ਕੇਹਰ ਸਿੰਘ ਪੁੱਤਰ ਸ. ਬਘੇਲ ਸਿੰਘ ਪਿੰਡ ਸਾਹਨੇਵਾਲ ਜ਼ਿਲ੍ਹਾ ਲੁਧਿਆਣਾ, ਬਾਬਾ ਫ਼ਜਲ ਦੀਨ ਪੁੱਤਰ ਸ. ਮੀਆਂ ਨੂਰਾ ਪਿੰਡ ਫ਼ਤਿਹ ਗੜ੍ਹ ਜ਼ਿਲ੍ਹਾ ਹੁਸ਼ਿਆਰਪੁਰ, ਬਾਬਾ ਬਤਨ ਸਿੰਘ ਪੁੱਤਰ ਸ. ਮਿਹਰ ਸਿੰਘ ਪਿੰਡ ਕਾਹਰੀ ਜ਼ਿਲ੍ਹਾ ਹੁਸ਼ਿਆਰਪੁਰ, ਬਾਬਾ ਮੁਨਸ਼ਾ ਸਿੰਘ ਦੁਖੀ ਪੁੱਤਰ ਸ. ਨਿਹਾਲ ਸਿੰਘ ਪਿੰਡ ਜੰਡਿਆਲਾ ਜ਼ਿਲ੍ਹਾ ਜਲੰਧਰ, ਬਾਬਾ ਅਮਰ ਸਿੰਘ ਪੁੱਤਰ ਸ. ਬੂਟਾ ਸਿੰਘ ਪਿੰਡ ਕੋਟ.ਲਾ ਨੌਧ ਸਿੰਘ ਜ਼ਿਲ੍ਹਾ ਹੁਸ਼ਿਆਰਪੁਰ।

ਬਾਬਾ ਅਮਰ ਸਿੰਘ ਦੀ ਉਮਰ ਕੈਦ ਘਟਾਕੇ ਦੋ ਸਾਲ ਕਰ ਦਿੱਤੀ।

* ਚੌਥਾ ਲਾਹੌਰ ਸਪਲੀਮੈਂਟਰੀ ਮੁਕੱਦਮਾ 19 ਫ਼ਰਵਰੀ 1917 ਨੂੰ ਸ਼ੁਰੂ ਹੋਇਆ। ਇਸ ਮੁਕੱਦਮੇ ਵਿੱਚ ਬਾਬਾ ਮਥਰਾ ਸਿੰਘ (ਡਾ.) ਪੁੱਤਰ ਸ. ਹਰੀ ਸਿੰਘ ਪਿੰਡ ਢੁਡਿਆਲ ਜ਼ਿਲ੍ਹਾ ਜੇਹਲਮ ਨੂੰ ਸਜ਼ਾ -ਏ-ਮੌਤ ਦਿੱਤੀ ।

* ਪੰਜਵਾਂ ਲਾਹੌਰ ਸਪਲੀਮੈਂਟਰੀ ਮੁਕੱਦਮੇ ਮਾਰਚ 27, 1917 ਨੂੰ ਸ਼ੁਰੂ ਹੋਇਆ ਜਿਸ ਵਿੱਚ ਬਾਬਾ ਜਵੰਦ ਸਿੰਘ ਪੁੱਤਰ ਸ. ਨਰੈਣ ਸਿੰਘ ਪਿੰਡ ਨੰਗਲ ਕਲਾਂ ਜ਼ਿਲ੍ਹਾ ਹੁਸ਼ਿਆਰਪੁਰ ਨੂੰ ਸਜ਼ਾ-ਏ-ਮੌਤ ਦਿੱਤੀ ਗਈ।

**ਉੱਪਰ ਲਿਖੇ ਲੇਖ ਵਿੱਚ ਨਾਮ ਵੇਰਵੇ**
**ਤਕਨੀਕੀ ਯੁੱਗ ਦੇ ਨੈਂਟ,**

ਸਵ. ਡਾ.ਗੁਰੂਮੇਲ ਸਿੱਧੂ ਦੀ ਰਚੀ ਕਿਤਾਬ ਹਿੰਦੋਸਤਾਨ ਦਾ ਆਜ਼ਾਦੀ ਸੰਗਰਾਮ ਗ਼ਦਰੀ ਲਹਿਰਾਂ ਦੀ ਹਿੱਸੇਦਾਰੀ, who's who (Punjab Freedom iFghters) ਅਤੇ ਡਾ. ਪ੍ਰਿਥਵੀ ਰਾਜ ਦੀ ਰਚੀ ਕਿਤਾਬ ਗ਼ਦਰ ਲਹਿਰ ਅਤੇ ਹਿੰਦੁਸਤਾਨ ਦੀ ਸਾਮਰਾਜਵਾਦ ਵਿਰੋਧੀ ਜੱਦੋ-ਜਹਿਦ ਕਿਤਾਬ ਚੋਂ ਪ੍ਰਾਪਤ ਕੀਤੇ ਗਏ ਹਨ ।

ਇਸ ਲੇਖ ਵਿੱਚ ਸਾਰੇ ਆਜ਼ਾਦੀ ਸੰਗਰਾਮੀਆਂ/ਕ੍ਰ-ਾਂਤੀਕਾਰੀਆਂ ਨੂੰ ਬਾਬਾ ਕਿਹਾ ਗਿਆ ਹੈ । ਉਨ੍ਹਾਂ ਦੀ ਚੜ੍ਹਦੀ ਉਮਰ ਤੋਂ ਢੱਲਦੀ ਜਵਾਨੀ ਦੇ ਸਮੇਂ ਵੱਲ ਜਦੋਂ ਝਾਤ ਮਾਰਦੇ ਹਾਂ ਤਾਂ ਉਹ ਬਾਬੇ (ਉੱਚੀ ਸੋਚ ਵਾਲੇ ਮਨੁੱਖ) ਬਣ ਗਏ ਸਨ।

ਆਸ ਕਰਦੇ ਹਾਂ ਕਿ ਪਾਠਕ ਇਸ ਲੇਖ ਨੂੰ ਪੜ੍ਹਕੇ ਗ਼ਦਰੀ ਬਾਬਿਆਂ ਨੂੰ ਯਾਦ ਕਰਨਗੇ ਅਤੇ ਉਨ੍ਹਾਂ ਦੇ ਹਿੰਦੋਸਤਾਨ ਪ੍ਰਤੀ ਸੰਪੂਰਨ ਆਜ਼ਾਦੀ ਦੇ ਦ੍ਰਿਸ਼ਟੀਕੋਣ ਵਾਲੀ ਸੋਚ ਨੂੰ ਪੂਰਾ ਕਰਨ ਲਈ ਕਦਮ ਵਧਾਉਣਗੇ।

**Jai Bhim** **Jai Bhim**

# Tribute
## to
# Bharat Ratna Bodhisatva Dr. B.R. Ambedkar



## On his 66th Mahaparinirvan Diwas

**Community meeting and discussions:**

**3 PM – 7 PM; Sunday, December 11th**

**1275 West Winton Ave, Hayward, CA 94545**

**Dinner will be served**

## Organizers:

**Bheem International, Newark, CA**

**Ambedkar International Center, Washington DC**

**Dr. B.R. Ambedkar Educational Aid Society, Fremont, CA**

**For RSVP, please contact;**

**Ram Saroay: 510-368-3983 Vinod Kumar: 510-9539800 Takshak: 408-780-5694**

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੋਫਰਨੀਆ)

ਜਿਵੇਂ ਕਿ ਆਪ ਜਾਣਦੇ ਹੋ ਕਿ ਸ੍ਰੀ ਗੁਰੂ ਰਵਿਦਾਸ ਸਭਾ ਬੇ–ਏਰੀਆ (ਕੈਲੇਫੋਰਨੀਆ) ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਟੈਂਪਲ ਬੇ–ਏਰੀਆ ਦੀ ਉਸਾਰੀ ਦਾ ਕੰਮ ਆਰੰਭ ਹੋ ਚੁੱਕਾ ਹੈ। ਅਸੀਂ ਉਹਨਾਂ ਸਾਰੇ ਦਾਨੀ ਪਰਿਵਾਰਾਂ ਦੇ ਬਹੁਤ ਦਿਲੀ ਧੰਨਵਾਦੀ ਹਾਂ, ਜਿਹਨਾਂ ਨੇ ਗੁਰੂ ਘਰ ਦੀ ਬਿਲਡਿੰਗ ਦੀ ਉਸਾਰੀ ਵਾਸਤੇ ਮਾਇਆ ਦਾ ਸਹਿਯੋਗ ਕੀਤਾ ਅਤੇ ਕਰ ਰਹੇ ਹਨ। ਇੱਥੇ ਅਸੀਂ ਵਿਸ਼ੇਸ਼ ਤੌਰ ਤੇ ਕੁਝ ਪਰਿਵਾਰਾਂ ਦਾ ਜ਼ਿਕਰ ਅਤੇ ਧੰਨਵਾਦ ਕਰਦੇ ਹਾਂ, ਜਿਹਨਾਂ ਨੇ ਬਿਨਾਂ ਕਿਸੇ ਵਿਆਜ ਦੇ ਮਾਇਆ ਦਾ ਸਹਿਯੋਗ ਕੀਤਾ ਹੈ। ਉਹਨਾਂ ਵਿਚ –

| | | | |
|---|---|---|---|
| Sukhraj Singh Chopra | **$ 250,000.00** | Vinod Kumar Chumber | **$ 175,000.00** |
| Sukhdev Singh Chopra | **$ 100,000.00** | Gurmail Singh Maman | **$ 100,000.00** |
| Ram Lubhaya | **$ 50,000.00** | Harmesh Modhara | **$ 50,000.00** |
| Malkit Singh Bangar | **$ 10,000.00.** | | |




ਪ੍ਰਬੰਧਕ ਕਮੇਟੀ, ਗੁਰੂ ਪਿਆਰੀ ਸਾਧ ਸੰਗਤ ਦੀ ਅਤੀ ਧੰਨਵਾਦੀ ਹੈ, ਜਿਹਨਾਂ ਨੇ ਮਾਇਕ ਤੌਰ ਤੇ ਇਸ ਸ਼ੁਭ ਕਾਰਜ ਲਈ ਸੇਵਾ ਕੀਤੀ ਹੈ। ਵਾਹਿਗੁਰੂ ਉਹਨਾਂ ਸਾਰੇ ਪਰਿਵਾਰਾਂ ਨੂੰ ਤੰਦਰੁਸਤੀ ਅਤੇ ਖੁਸ਼ਹਾਲੀ ਬਖਸ਼ਣ, ਜਿਹਨਾਂ ਖਜਾਨਿਆਂ 'ਚੋਂ ਇਹ ਮਾਇਆ ਆਈ ਹੈ, ਵਾਹਿਗੁਰੂ ਉਹਨਾਂ ਨੂੰ ਹੋਰ ਪ੍ਰਫੁੱਲਿਤ ਕਰੇ। ਇਸ ਦੇ ਨਾਲ ਹੀ ਅਸੀਂ ਬਾਕੀ ਸਾਰੀ ਗੁਰੂ ਪਿਆਰੀ ਸਾਧ ਸੰਗਤ ਨੂੰ ਸਨਿਮਰ ਬੇਨਤੀ ਕਰਦੇ ਹਾਂ ਕਿ ਆਪ ਜੀ ਵੀ ਆਪਣੀ ਸ਼ਰਧਾ ਅਤੇ ਵਿੱਤ ਅਨੁਸਾਰ ਇਸ ਸ਼ੁਭ ਕਾਰਜ ਲਈ ਜ਼ਰੂਰ ਯੋਗਦਾਨ ਪਾਓ ਜੀ।

ਧੰਨਵਾਦ ਸਹਿਤ ਸਮੂਹ ਪ੍ਰਬੰਧਕ ਕਮੇਟੀ

**ਸ੍ਰੀ ਗੁਰੂ ਰਵਿਦਾਸ ਸਭਾ ਬੇ–ਏਰੀਆ (ਕੈਲੋਫਰਨੀਆ)**



Vinod Kumar Chumber (Chairman) 510-953-9800



Ram Lubhaya (President) 408-449-1105



Naresh Kumar (Secretary) 510-857-4551



Sohan Singh Dhanda (Treasurer) 510-200-6649


















# ਰਵੀਸ਼ ਕੁਮਾਰ ਦਾ ਅਸਤੀਫ਼ਾ: ਦੂਰਦਰਸ਼ਨ 'ਤੇ ਇੱਕ ਸ਼ੋਅ ਨਾਲ ਸ਼ੁਰੂਆਤ ਕਰਨ ਵਾਲੇ ਐਨਡੀਟੀਵੀ ਦੀ ਤਰੱਕੀ ਦੀ ਕਹਾਣੀ

**ਸੌਤਿਕ ਬਿਸਵਾਸ (ਬੀਬੀਸੀ ਪੱਤਰਕਾਰ)**

ਐਨਡੀਟੀਵੀ ਦੇ ਬਹੁ-ਚਰਚਿਤ ਪੱਤਰਕਾਰ ਰਵੀਸ਼ ਕੁਮਾਰ ਨੇ ਅਸਤੀਫ਼ਾ ਦੇ ਦਿੱਤਾ ਹੈ। ਰਵੀਸ਼ ਕੁਮਾਰ ਨੂੰ ਸਾਲ 2019 ਵਿੱਚ ਵੱਕਾਰੀ ਰੈਮਨ ਮੈਗਸੇਸੇ ਪੁਰਸਕਾਰ ਦਿੱਤਾ ਗਿਆ ਸੀ। ਇਹ ਸਨਮਾਨ ਏਸ਼ੀਆ ਵਿੱਚ ਸਾਹਸ ਭਰਪੂਰ ਅਤੇ ਪਰਿਵਰਤਨਸ਼ੀਲ ਲੀਡਰਸ਼ਿਪ ਲਈ ਦਿੱਤਾ ਜਾਂਦਾ ਹੈ।

ਐਨਡੀਟੀਵੀ ਗਰੁੱਪ ਦੇ ਪ੍ਰੈਜ਼ੀਡੈਂਟ ਸੁਪਰਨਾ ਸਿੰਘ ਵੱਲੋਂ ਉੱਥੇ ਦੇ ਕਰਮਚਾਰੀਆਂ ਨੂੰ ਇੱਕ ਮੇਲ ਭੇਜਿਆ ਗਿਆ, ਜਿਸ ਵਿੱਚ ਲਿਖਿਆ ਹੈ-

"ਰਵੀਸ਼ ਨੇ ਐਨਡੀਟੀਵੀ ਤੋਂ ਅਸਤੀਫ਼ਾ ਦੇ ਦਿੱਤਾ ਹੈ ਅਤੇ ਕੰਪਨੀ ਨੇ ਤੁਰੰਤ ਪ੍ਰਭਾਵ ਨਾਲ ਉਸ ਦੇ ਅਸਤੀਫ਼ੇ ਦੀ ਬੇਨਤੀ ਨੂੰ ਸਵੀਕਾਰ ਕਰ ਲਿਆ ਹੈ।"

ਰਵੀਸ਼ ਕੁਮਾਰ ਦਾ ਅਸਤੀਫਾ ਪ੍ਰਣਯ ਰਾਏ ਅਤੇ ਰਾਧਿਕਾ ਰਾਏ ਵੱਲੋਂ ਆਰਆਰਪੀਆਰ ਹੋਲਡਿੰਗ ਪ੍ਰਾਈਵੇਟ ਲਿਮਟਿਡ ਦੇ ਡਾਇਰੈਕਟਰਾਂ ਵਜੋਂ ਅਸਤੀਫਾ ਦੇਣ ਤੋਂ ਇੱਕ ਦਿਨ ਬਾਅਦ ਆਇਆ ਹੈ। ਇਹ ਕੰਪਨੀ ਐਨਡੀਟੀਵੀ ਦਾ ਪ੍ਰਮੋਟਰ ਗਰੁੱਪ ਵਹੀਕਲ ਹੈ। ਅਡਾਨੀ ਗਰੁੱਪ ਵੱਲੋਂ ਐਨਡੀ-ਟੀਵੀ ਨੂੰ ਟੇਕਓਵਰ ਕਰਨ ਦੀਆਂ ਕੋਸ਼ਿਸ਼ਾਂ ਦਰਮਿਆਨ ਰਵੀਸ਼ ਕੁਮਾਰ ਨੇ ਅਸਤੀਫਾ ਦੇ ਦਿੱਤਾ ਹੈ। ਇਸ ਸਾਲ ਅਗਸਤ 'ਚ ਅਡਾਨੀ ਗਰੁੱਪ ਨੇ ਮੀਡੀਆ ਕੰਪਨੀ ਐਨਡੀਟੀਵੀ 'ਚ ਅਸਿੱਧੇ ਤੌਰ 'ਤੇ 29.18 ਫੀਸਦੀ ਹਿੱਸੇਦਾਰੀ ਖਰੀਦੀ ਅਤੇ ਫਿਰ ਬਾਕੀ ਹਿੱਸੇਦਾਰੀ ਖਰੀਦਣ ਲਈ ਖੁੱਲ੍ਹੀ ਪੇਸ਼ਕਸ਼ ਦਾ ਐਲਾਨ ਕੀਤਾ। ਅਡਾਨੀ ਗਰੁੱਪ ਵੱਲੋਂ ਅਗਸਤ 'ਚ ਐਨਡੀਟੀਵੀ 'ਚ ਹਿੱਸੇਦਾਰੀ ਖਰੀਦਣ ਤੋਂ ਬਾਅਦ ਇਸ ਦੇ ਮੁੱਖ ਚਿਹਰਿਆਂ ਦੇ ਜਾਣ ਦੀਆਂ ਅਟਕਲਾਂ ਲਗਾਈਆਂ ਜਾ ਰਹੀਆਂ ਸਨ।

ਭਾਰਤ ਦੇ ਵੱਡੇ ਨਿਊਜ਼ ਨੈਟਵਰਕ ਐਨਡੀਟੀਵੀ ਦੇ ਸੰਸਥਾਪਕ ਰਾਧਿਕਾ ਅਤੇ ਪ੍ਰਣੌਯ ਰੌਏ ਨੇ ਆਰਆਰਪੀਆਰ ਹੋਲਡਿੰਗ ਪ੍ਰਾਇਵੇਟ ਲਿਮਿਟੇਡ ਦੇ ਆਪਣੇ ਡਾਇਰੈਕਟਰ ਅਹੁਦਿਆਂ ਤੋਂ ਅਸਤੀਫ਼ਾ ਦੇ ਦਿੱਤਾ ਹੈ। ਆਰਆਰਪੀਆਰ ਕੰਪਨੀ ਐਨਡੀਟੀਵੀ ਦੀ ਪ੍ਰਮੋਟਰ ਗਰੁੱਪ ਵੇਹਿਕਲ ਹੈ ਤੇ ਹੁਣ ਇਸ ਕੰਪਨੀ ਨੂੰ ਗੌਤਮ ਅਡਾਨੀ ਸਮੂਹ ਹੇਠ ਲਿਆਂਦਾ ਜਾ ਰਿਹਾ ਹੈ। ਜਿਸ ਦਾ ਮਤਲਬ ਹੈ ਕਿ ਦੁਨੀਆਂ ਦੇ ਸਭ ਤੋਂ ਅਮੀਰ ਲੋਕਾਂ ਵਿੱਚੋਂ ਇੱਕ ਗੌਤਮ ਅਡਾਨੀ ਇਸ ਮੀਡੀਆ ਕੰਪਨੀ 'ਤੇ ਕਾਬਿਜ਼ ਹੋਣ ਦੇ ਬੇਹੱਦ ਕਰੀਬ ਹਨ।

ਭਾਰਤ ਵਿੱਚ ਟੀਵੀ ਪੱਤਰਕਾਰਤਾ ਲਈ ਇਸ ਦੇ ਕੀ ਮਾਅਨੇ ਹਨ, ਬੀਬੀਸੀ ਨੇ ਜਾਨਣ ਦੀ ਕੋਸ਼ਿਸ਼ ਕੀਤੀ ਹੈ। ਰਵੀਸ਼ ਕੁਮਾਰ ਨੇ ਕੀ ਕਿਹਾ-

ਐਨਡੀਟੀਵੀ ਤੋਂ ਅਸਤੀਫ਼ਾ ਦੇਣ ਤੋਂ ਬਾਅਦ ਉੱਘੇ ਪੱਤਰਕਾਰ ਰਵੀਸ਼ ਕੁਮਾਰ ਨੇ ਇੱਕ ਵੀਡੀਓ ਸੰਦੇਸ਼ ਜਾਰੀ ਕੀਤਾ ਹੈ। ਵੀਡੀਓ ਵਿੱਚ ਉਨ੍ਹਾਂ ਨੇ ਕਿਹਾ, "ਭਾਰਤ ਵਿੱਚ ਪੱਤਰਕਾਰਿਤਾ ਦਾ ਸੁਨਿਹਰਾ ਯੁੱਗ ਕਦੀ ਨਹੀਂ ਸੀ ਪਰ ਅੱਜ ਦੇ ਦੌਰ ਦੀ ਤਰ੍ਹਾਂ ਦਾ ਭਸਮ ਯੁੱਗ ਵੀ ਨਹੀਂ ਸੀ, ਜਿਸ ਵਿੱਚ ਪੱਤਰਕਾਰਿਤਾ ਪੇਸ਼ੇ ਦੀ ਹਰ ਚੰਗੀ ਚੀਜ਼ ਭਸਮ ਕੀਤੀ ਜਾ ਰਹੀ ਹੋਵੇ।"

**ਮੀਡੀਆ ਦੀ ਮੌਜੂਦਾ ਸਥਿਤੀ ਦੀ ਆਲੋਚਨਾ ਕਰਦਿਆਂ ਉਨ੍ਹਾਂ ਕਿਹਾ, "ਗੋਦੀ ਮੀਡੀਆ ਅਤੇ ਸਰਕਾਰ ਵੀ ਪੱਤਰਕਾਰੀ ਦੇ ਆਪਣੇ ਅਰਥ ਤੁਹਾਡੇ ਉੱਤੇ ਥੋਪਣਾ ਚਾਹੁੰਦੇ ਹਨ।**

ਇਸ ਸਮੇਂ ਮੈਂ ਆਪਣੀ ਸੰਸਥਾ ਬਾਰੇ ਕੁਝ ਖ਼ਾਸ ਨਹੀਂ ਕਹਾਂਗਾ ਕਿਉਂਕਿ ਭਾਵੁਕਤਾ ਵਿੱਚ ਤੁਸੀਂ ਨਿਰਪੱਖ ਨਹੀਂ ਰਹਿ ਸਕਦੇ। ਐਨਡੀਟੀਵੀ ਵਿੱਚ 26 - 27 ਸਾਲ ਬੀਤਾਏ ਹਨ। ਬਹੁਤ ਸਾਰੀਆਂ ਸ਼ਾਨਦਾਰ ਯਾਦਾਂ ਹਨ, ਜੋ ਹੁਣ ਕਿੱਸੇ ਸੁਣਾਉਣ ਦੇ ਕੰਮ ਆਉਣਗੀਆਂ।

"ਮੈਨੂੰ ਸਾਰਿਆਂ ਤੋਂ ਕੁਝ ਨਾ ਕੁਝ ਮਿਲਿਆ ਹੈ, ਮੈਂ ਸਾਰਿਆਂ ਦਾ ਧੰਨਵਾਦੀ ਹਾਂ। ਇੱਕ ਦਾ ਜ਼ਿਕਰ ਕਰਨਾ ਅਤੇ ਬਾਕੀ ਨੂੰ ਛੱਡਣਾ ਨਿਆਂ ਨਹੀਂ ਹੋਵੇਗਾ। ਜਦੋਂ ਇੱਕ ਧੀ ਵਿਦਾ ਹੁੰਦੀ ਹੈ ਤਾਂ ਉਹ ਆਪਣੇ ਪੇਕਿਆਂ ਨੂੰ ਦੂਰ ਦੂਰ ਤੱਕ ਮੁੜਕੇ ਦੇਖਦੀ ਹੈ। ਮੈਂ ਵੀ ਉਸੇ ਸਥਿਤੀ ਵਿੱਚ ਹਾਂ।"

ਉਨ੍ਹਾਂ ਕਿਹਾ, "ਜਦੋਂ ਮੈਂ ਤੁਹਾਡੇ ਦਰਮਿਆਨ ਆਇਆ ਤਾਂ ਪਰਤਿਆਂ ਹੀ ਨਹੀਂ। ਮੈਂ ਆਪਣੇ ਨਾਲ ਨਹੀਂ ਰਿਹਾ। ਸ਼ਾਇਦ ਹੁਣ ਮੈਨੂੰ ਆਪਣੇ ਨਾਲ ਰਹਿਣ ਲਈ ਕੁਝ ਸਮਾਂ ਮਿਲੇਗਾ। ਅੱਜ ਦੀ ਸ਼ਾਮ ਅਜਿਹੀ ਸ਼ਾਮ ਹੈ ਜਿੱਥੇ ਚਿੜੀ ਨੂੰ ਆਪਣਾ ਆਲ੍ਹਣਾ ਨਹੀਂ ਨਜ਼ਰ ਆ ਰਿਹਾ। ਸ਼ਾਇਦ ਕੋਈ ਹੋਰ ਉਸ ਦਾ ਆਲਣਾ ਲੈ ਗਿਆ ਹੈ। ਪਰ ਉਸ ਨੂੰ ਸਾਹਮਣੇ ਇੱਕ ਖੁੱਲ੍ਹਾ ਅਸਮਾਨ ਜ਼ਰੂਰ ਨਜ਼ਰ ਆ ਰਿਹਾ ਹੈ।

**ਕੌਣ ਹਨ ਰਵੀਸ਼ ਕੁਮਾਰ**

ਰਵੀਸ਼ ਕੁਮਾਰ ਐਨਡੀਟੀਵੀ ਨਿਊਜ਼ ਨੈਟਵਰਕ ਦੇ ਇੱਕ ਹਿੰਦੀ ਨਿਊਜ਼ ਚੈਨਲ, ਐਨਡੀਟੀਵੀ ਇੰਡੀਆ ਵਿੱਚ ਸੰਪਾਦਕ ਸਨ।

ਉਨ੍ਹਾਂ ਨੇ ਚੈਨਲ ਦੇ ਖ਼ਾਸ ਪ੍ਰੋਗਰਾਮਾਂ 'ਹਮ ਲੋਗ' ਅਤੇ 'ਰਵੀਸ਼ ਕੀ ਰਿਪੋਰਟ' ਦਾ ਸੰਚਾਲਨ ਕੀਤਾ।

ਇਨ੍ਹਾਂ ਦੋਵੇਂ ਪ੍ਰੋਗਰਾਮਾਂ ਨੂੰ ਲੋਕਾਂ ਦਾ ਖ਼ਾਸ ਹੁੰਗਾਰਾ ਮਿਲਿਆ। ਰਵੀਸ਼ ਕੁਮਾਰ ਦਾ ਪ੍ਰਾਈਮ ਟਾਈਮ ਸ਼ੋਅ 'ਦੇਸ ਕੀ ਬਾਤ' ਵੀ ਲੋਕਾਂ ਨੇ ਬਹੁਤ ਪਸੰਦ ਕੀਤਾ।



ਉਹ ਐਨਡੀਟੀਵੀ ਇੰਡੀਆ ਦਾ ਇੱਕ ਅਹਿਮ ਹਿੱਸਾ ਸਨ ਤੇ ਸਭ ਤੋਂ ਮਸ਼ਹੂਰ ਚਿਹਰਿਆਂ ਵਿੱਚੋਂ ਇੱਕ ਸੀ।

ਐਨਡੀਟੀਵੀ ਵਿੱਚ, ਰਵੀਸ਼ ਅਕਸਰ ਆਪਣੇ ਸੱਤਾ ਵਿਰੋਧੀ ਸਟੈਂਡ ਪੱਖ ਲਈ ਚਰਚਾ ਵਿੱਚ ਰਹੇ।

ਉਹ ਆਪਣੀਆਂ ਰਿਪੋਰਟਾਂ ਵਿੱਚ ਦੇਸ਼ ਵਿੱਚ ਬੇਰੁਜ਼ਗਾਰੀ, ਸਿੱਖਿਆ ਅਤੇ ਫ਼ਿਰਕਾਪ੍ਰਸਤੀ ਵਰਗੇ ਮਸਲਿਆਂ ਦੀ ਗੱਲ ਕਰਦੇ ਰਹੇ ਹਨ।

'ਦਿ ਇੰਡੀਅਨ ਐਕਸਪ੍ਰੈਸ' ਵਲੋਂ ਰਵੀਸ਼ ਨੂੰ 2016 ਦੇ '100 ਸਭ ਤੋਂ ਪ੍ਰਭਾਵਸ਼ਾਲੀ ਭਾਰਤੀਆਂ' ਦੀ ਸੂਚੀ ਵਿੱਚ ਵੀ ਸ਼ਾਮਲ ਕੀਤਾ ਗਿਆ ਸੀ। ਰਵੀਸ਼ ਕੁਮਾਰ ਨੂੰ ਸਾਲ 2019 ਵਿੱਚ ਵੱਕਾਰੀ ਰੈਮਨ ਮੈਗਸੇਸੇ ਪੁਰਸਕਾਰ ਮਿਲਿਆ। ਇਹ ਸਨਮਾਨ ਏਸ਼ੀਆ ਵਿੱਚ ਦਲੇਰ ਅਤੇ ਬਦਲਾਅ ਪੱਖੀ ਅਗਵਾਈ ਲਈ ਦਿੱਤਾ ਜਾਂਦਾ ਹੈ।

ਐਵਾਰਡ ਦੇਣ ਵਾਲੀ ਸੰਸਥਾ ਦਾ ਕਹਿਣਾ ਸੀ ਕਿ ਰਵੀਸ਼ ਕੁਮਾਰ ਨੇ ਆਪਣੀ ਪੱਤਰਕਾਰੀ ਰਾਹੀਂ ਉਨ੍ਹਾਂ ਦੀ ਆਵਾਜ਼ ਨੂੰ ਮੁੱਖ ਧਾਰਾ ਤੱਕ ਪਹੁੰਚਾਇਆ, ਜਿਨ੍ਹਾਂ ਦੀ ਆਵਾਜ਼ ਨੂੰ ਹਮੇਸ਼ਾ ਅਣਗੌਲਿਆ ਕੀਤਾ ਜਾਂਦਾ ਰਿਹਾ ਹੈ।'

ਰੈਮਨ ਮੈਗਸੇਸੇ ਸੰਸਥਾ ਵਲੋਂ ਕਿਹਾ ਗਿਆ ਸੀ ਕਿ 'ਜੇਕਰ ਤੁਸੀਂ ਲੋਕਾਂ ਦੀ ਆਵਾਜ਼ ਬਣਦੇ ਹੋ, ਤਾਂ ਤੁਸੀਂ ਪੱਤਰਕਾਰ ਹੋ'।

**ਇੱਕ ਸ਼ੋਅ ਨਾਲ ਹੋਈ ਸੀ ਐਨਡੀਟੀਵੀ ਦੀ ਸ਼ੁਰੂਆਤ**

ਆਪਣੇ ਪਤੀ ਪ੍ਰਣੌਯ ਰੌਏ ਨਾਲ ਮਿਲ ਕੇ ਐਨਡੀਟੀਵੀ ਸ਼ੁਰੂ ਕਰਨ ਵਾਲੇ ਰਾਧਿਕਾ ਰੌਏ ਨੇ ਇੱਕ ਵਾਰ ਕਿਹਾ ਸੀ ਕਿ ਐਨਡੀਟੀਵੀ ਇੱਕ 'ਖੁਸ਼ਨੁਮਾ ਘਟਨਾ' ਸੀ।

ਐਨਡੀਟੀਵੀ, ਨਵੰਬਰ 1988 ਵਿੱਚ ਦੂਰਦਰਸ਼ਨ 'ਤੇ ਇੱਕ ਸ਼ੋਅ 'ਦਿ ਵਰਲਡ ਦਿਸ ਵੀਕ'(The World Tihs Week) ਨਾਲ ਸ਼ੁਰੂ ਹੋਇਆ ਸੀ।

ਉਸ ਵੇਲੇ ਇਸ ਦੇ ਵਿਸਤਾਰ ਬਾਰੇ 'ਕੋਈ ਵੱਡੀ ਯੋਜਨਾ' ਨਹੀਂ ਸੀ ਅਤੇ ਨਾ ਹੀ ਇਹ ਅੰਦਾਜ਼ਾ ਸੀ ਕਿ ਇੱਕ ਹਫਤਾਵਾਰ ਪ੍ਰੋਗਰਾਮ ਤੋਂ ਸ਼ੁਰੂ ਹੋ ਕੇ ਇਹ ਭਾਰਤ ਦਾ ਪਹਿਲਾ ਨਿੱਜੀ 24/7 ਨਿਊਜ਼ ਨੈਟਵਰਕ ਅਤੇ ਸੁਤੰਤਰ ਨਿਊਜ਼ ਪ੍ਰਸਾਰਕ ਬਣ ਜਾਏਗਾ।

ਤਿੰਨ ਦਹਾਕਿਆਂ ਤੋਂ ਬਾਅਦ ਇਸ ਚੈਨਲ ਦੇ ਮਾਲਕ ਬਦਲ ਰਹੇ ਹਨ।

**ਗੌਤਮ ਅਡਾਨੀ ਅਤੇ ਐਨਡੀਟੀਵੀ**

ਗੌਤਮ ਅਡਾਨੀ ਐਲਨ ਮਸਕ ਅਤੇ ਜੇਫ ਬੇਜ਼ੋਸ ਤੋਂ ਬਾਅਦ ਦੁਨੀਆਂ ਦੇ ਸਭ ਤੋਂ ਅਮੀਰ ਲੋਕਾਂ ਵਿੱਚ ਤੀਜੇ ਨੰਬਰ 'ਤੇ ਆਉਂਦੇ ਹਨ।

ਇਹੀ ਗੌਤਮ ਅਡਾਨੀ ਐਨਡੀਟੀਵੀ ਨੂੰ ਖਰੀਦਣ ਨੂੰ ਤਿਆਰ ਹਨ।

60 ਸਾਲਾ ਅਰਬਪਤੀ ਅਡਾਨੀ ਬੰਦਰਗਾਹਾਂ ਤੋਂ ਲੈ ਕੇ ਊਰਜਾ ਤੱਕ ਇੱਕ ਵੱਡਾ ਕਾਰੋਬਾਰੀ ਸਮੂਹ ਚਲਾਉਂਦੇ ਹਨ।

ਕਈ ਲੋਕ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਮੋਦੀ ਅਤੇ ਉਨ੍ਹਾਂ ਦੀ ਸਰਕਾਰ ਦੇ ਕਰੀਬੀ ਵਜੋਂ ਵੀ ਦੇਖਦੇ ਹਨ।

ਅਡਾਨੀ ਦੀ ਜੀਵਨੀ ਲਿਖਣ ਵਾਲੇ ਆਰਐਨ ਭਾਸਕਰ ਮੁਤਾਬਕ, "ਅਡਾਨੀ ਦੇ ਹਰ ਤਰ੍ਹਾਂ ਦੀ ਸੋਚ ਵਾਲੀਆਂ ਪਾਰਟੀਆਂ ਦੇ ਸਿਆਸੀ ਅਤੇ ਸਮਾਜਿਕ ਆਗੂਆਂ ਨਾਲ ਰਿਸ਼ਤੇ ਹੋਣ ਕਾਰਨ, ਉਹ ਹਰ ਸਰਕਾਰ ਵਿੱਚ ਸਵੀਕਾਰਯੋਗ ਹਨ।"

ਮਾਰਚ ਵਿੱਚ, ਅਡਾਨੀ ਦੀ ਨਵੀਂ ਕੰਪਨੀ ਏਐਮਜੀ ਮੀਡੀਆ ਨੈਟਵਰਕ ਲਿਮਿਟਿਡ ਨੇ ਡਿਜੀਟਲ ਬਿਜ਼ਨਿਸ ਨਿਊਜ਼ ਕੰਪਨੀ ਕੁਇੰਟਿ-ਲਅਨ ਵਿੱਚ ਛੋਟੀ ਹਿ-ਸੇਦਾਰੀ ਖਰੀਦੀ।

ਭਾਸਕਰ ਆਪਣੀ ਕਿਤਾਬ ਵਿੱਚ ਕਹਿੰਦੇ ਹਨ, "ਕੁਇੰਟਿਲਿਅਨ ਨਿਵੇਸ਼ ਦੇ ਲਈ ਗੌਤਮ ਅਡਾਨੀ ਦਾ ਧਿਆਨ ਖਿੱਚਣ ਲਈ ਮਾਮੂਲੀ ਹੈ। ਤਾਂ ਕੀ ਉਨ੍ਹਾਂ ਦੀ ਕੋਈ ਵੱਡੀ ਯੋਜਨਾ ਹੈ?"

**ਹੁਣ ਅਸੀਂ ਇਸ ਦਾ ਜਵਾਬ ਜਾਣਦੇ ਹਾਂ।**

ਲਗਭਗ 51 ਮਿਲੀਅਨ ਡਾਲਰ ਦੇ ਮਾਲੀਏ ਅਤੇ 10 ਮਿਲੀਅਨ ਡਾਲਰ ਦੇ ਲਾਭ ਨਾਲ, ਅਡਾਨੀ ਲਈ ਐਨਡੀਟੀਵੀ ਸ਼ਾਇਦ ਮੁਨਾਫ਼ੇ ਵਾਲੀ ਖਰੀਦ ਨਾ ਬਣ ਸਕੇ, ਜਿਨ੍ਹਾਂ ਦੇ ਵੱਡੇ ਗਰੁੱਪ ਦਾ ਬਜ਼ਾਰ ਵਿੱਚ ਪੂੰਜੀਕਰਨ 260 ਬਿਲੀਅਨ ਡਾਲਰ ਦਾ ਹੈ।

ਪਰ ਐਨਡੀਟੀਵੀ ਭਾਰਤ ਦਾ ਮੰਨਿਆ ਪ੍ਰਮੰਨਿਆ ਨੈਟਵਰਕ ਹੈ, ਜਿਸ ਨੇ ਅੰਕੜਿਆਂ ਅਧਾਰਿਤ ਚੋਣ ਵਿਸ਼ਲੇਸ਼ਣ, ਸਵੇਰ ਦੇ ਸ਼ੋਅ, ਤਕਨੀਕ ਅਤੇ ਜੀਵਨ ਸ਼ੈਲੀ ਸਬੰਧੀ ਪ੍ਰੋਗਰਾਮਾਂ ਨੂੰ ਪ੍ਰਫੁੱਲਿਤ ਕੀਤਾ ਹੈ।

ਅੱਜ ਇਸ ਦੀ ਆਨਲਾਈਨ ਪਹੁੰਚ ਵੀ ਚੰਗੀ ਹੈ ਅਤੇ ਇਹ ਵੱਖ-ਵੱਖ ਪਲੈਟਫਾਰਮਾਂ 'ਤੇ 35 ਮਿਲੀਅਨ ਫੌਲੋਅਰ ਹੋਣ ਦਾ ਦਾਅਵਾ ਕਰਦਾ ਹੈ।

ਅਡਾਨੀ ਗਰੁੱਪ ਦਾ ਮੰਨਣਾ ਹੈ, "ਐਨਡੀਟੀਵੀ ਸਾਡੇ ਟੀਚਿਆਂ ਦੇ ਪ੍ਰਸਾਰਣ ਲਈ ਸਭ ਤੋਂ ਉਚਿਤ ਪ੍ਰਸਾਰਕ ਅਤੇ ਡਿਜੀਟਲ ਪਲੈਟਫਾਰਮ ਹੈ।"

ਉਨ੍ਹਾਂ ਦਾ ਵਿਜ਼ਨ ਕੀ ਹੈ, ਇਸ ਬਾਰੇ ਅਡਾਨੀ ਨੇ ਕੁਝ ਸੰਕੇਤ ਦਿੱਤੇ ਹਨ।

ਉਨ੍ਹਾਂ ਨੇ ਫਾਇਨੈਂਸ਼ੀਅਲ ਟਾਈਮਜ਼ ਨੂੰ ਕਿਹਾ, "ਤੁਸੀਂ ਇੱਕ ਮੀਡੀਆ ਹਾਊਸ ਨੂੰ ਸੁਤੰਤਰ ਬਣਨ ਅਤੇ ਦੁਨੀਆਂ ਵਿੱਚ ਪਛਾਣ ਬਣਾਉਣ ਲਈ ਸਹਿਯੋਗ ਕਿਉਂ ਨਹੀਂ ਦੇ ਸਕਦੇ? ਭਾਰਤ ਕੋਲ ਫਾਇਨੈਂਸ਼ੀਅਲ ਟਾਈਮਜ਼ ਅਤੇ ਅਲ-ਜਜ਼ੀਰਾ ਦੇ ਮੁਕਾਬਲੇ ਵਾਲਾ ਇੱਕ ਵੀ ਨੈਟਵਰਕ ਨਹੀਂ ਹੈ।"

**ਆਲੋਚਕਾਂ ਦੇ ਮਨ ਵਿੱਚ ਕੀ ਹਨ ਖਦਸ਼ੇ**

ਇਸ ਬਾਰੇ ਅਲੋਚਕਾਂ ਦੇ ਮਨ ਵਿੱਚ ਕਈ ਖ਼ਦਸ਼ੇ ਹਨ। ਕਈ ਲੋਕ ਐਨਡੀਟੀਵੀ ਨੂੰ ਭਾਰਤ ਦੇ ਚੋਣਵੇਂ ਸੁਤੰਤਰ ਨਿਊਜ਼ ਨੈਟਵਰਕਾਂ ਵਿੱਚ ਗਿਣਦੇ ਹਨ, ਜੋ ਕਿ ਬਹੁਤੇ ਨਿਊਜ਼ ਚੈਨਲਾਂ ਦੀ ਨੀਤੀ ਤੋਂ ਵੱਖ ਹੈ।

ਆਕਸਫੋਰਡ ਯੂਨੀਵਰਸਿਟੀ ਅਤੇ ਰਾਇਟਰਜ਼ ਇੰਸਟਿਚਿਊਟ ਫ਼ਾਰ ਦਿ ਸਟੱਡੀ ਆਫ਼ ਜਰਨਲਿਜ਼ਮ ਦੇ ਇੱਕ ਅਧਿਐਨ ਵਿੱਚ ਪਤਾ ਲੱਗਿਆ ਹੈ ਕਿ 76 ਫੀਸਦੀ ਲੋਕ ਐਨਡੀਟੀਵੀ ਦੀ ਦਿੱਤੀ ਜਾਣਕਾਰੀ 'ਤੇ ਭਰੋਸਾ ਕਰਦੇ ਹਨ।

ਅਡਾਨੀ ਵੱਲੋਂ ਖਰੀਦੇ ਜਾਣ ਨਾਲ ਇਸ ਦੀ ਸੰਪਾਦਕੀ ਲਾਈਨ ਨੂੰ ਲੈ ਕੇ ਵੀ ਸੱਟ ਲੱਗਣ ਸਬੰਧੀ ਫ਼ਿਕਰ ਵੀ ਸਾਹਮਣੇ ਆ ਰਹੀ ਹੈ।

ਮੀਡੀਆ ਵਿੱਚ ਕਾਫ਼ੀ ਵਿਭਿੰਨਤਾ ਹੋਣ ਦੇ ਬਾਵਜੂਦ, ਭਾਰਤ ਵਿੱਚ ਸੁਤੰਤਰ ਪੱਤਰਕਾਰਤਾ ਚੰਗੀ ਹਾਲਤ ਵਿੱਚ ਨਹੀਂ ਦਿਸਦੀ।

'ਵਰਲਡ ਪ੍ਰੈੱਸ ਫਰੀਡਮ ਇੰਡੈਕਸ' ਵਿੱਚ ਇਸ ਸਾਲ ਭਾਰਤ 150ਵੇਂ ਤੋਂ 180ਵੇਂ ਸਥਾਨ 'ਤੇ ਆ ਡਿੱਗਿਆ ਹੈ।

ਸੱਤਾਧਾਰੀ ਬੀਜੇਪੀ ਇਨ੍ਹਾਂ ਅੰਕੜਿਆਂ ਨੂੰ ਨਕਾਰਦੀ ਹੈ ਅਤੇ ਕਹਿੰਦੀ ਹੈ ਕਿ ਇਸ ਇੰਡੈਕਸ ਵਿੱਚ ਅਧਿਐਨ ਲਈ ਵਰਤਿਆ ਜਾਂਦਾ ਤਰੀਕਾ 'ਸ਼ੱਕੀ ਅਤੇ ਗੈਰ-ਪਾਰਦਰਸ਼ੀ' ਹੈ।

'ਰਿਪੋਰਟਰਜ਼ ਵਿਦਾਊਟ ਬਾਰਡਰਜ਼' ਮੁਤਾਬਕ, "ਉਦਾਹਰਨ ਵਜੋਂ ਚਾਰ ਰੋਜ਼ਾਨਾ ਅਖ਼ਬਾਰ, ਹਿੰਦੀ ਪਾਠਕਾਂ ਦਾ ਤਿੰਨ ਚੌਥਾਈ ਹਿੱਸਾ ਸਾਂਝਾ ਕਰਦੇ ਹਨ। 220 ਬਿਲੀਅਨ ਡਾਲਰ ਦੇ ਕਾਰੋਬਾਰ ਵਾਲੇ ਅਰਬਪਤੀ ਮੁਕੇਸ਼ ਅੰਬਾਨੀ ਵੀ ਭਾਰਤ ਦੀਆਂ ਸਭ ਤੋਂ ਵੱਡੀਆਂ ਨਿਊਜ਼ ਕੰਪਨੀਆਂ ਵਿੱਚੋਂ ਇੱਕ, ਨੈਟਵਰਕ 18 ਨੂੰ ਚਲਾਉਂਦੇ ਹਨ। ਅਡਾਨੀ ਅਤੇ ਅੰਬਾਨੀ ਦੀਆਂ ਕੰਪਨੀਆਂ ਭਾਰਤ ਦੀ ਜੀਡੀਪੀ ਦੇ 4 ਫੀਸਦੀ ਦੇ ਬਰਾਬਰ ਮਾਲੀਆ ਪੈਦਾ ਕਰਦੀਆਂ ਹਨ।"

ਮੀਡੀਆ ਮਾਹਿਰ ਵਨੀਤਾ ਕੋਹਲੀ ਖਾਂਡੇਕਰ ਨੇ ਕਿਹਾ, "ਐਨਡੀਟੀਵੀ ਦਾ ਖਰੀਦੀਆ ਜਾਣਾ ਭਾਰਤ ਵਿੱਚ ਨਿਊਜ਼ ਬਿਜ਼ਨਸ ਦੀਆਂ ਮੁਸ਼ਕਲਾਂ ਦਾ ਪ੍ਰਤੀਕ ਹੈ।"

"ਭਾਰਤ ਵਿੱਚ 400 ਤੋਂ ਵੱਧ ਨਿਊਜ਼ ਚੈਨਲ ਹਨ ਜੋ ਜ਼ਿਆਦਾਤਾਰ ਨਿੱਜੀ ਹੱਥਾਂ ਵਿੱਚ ਹਨ ਅਤੇ ਖੇਤਰੀ ਭਾਸ਼ਾਵਾਂ ਵਿੱਚ ਹਨ। ਸਾਲ 2021 ਵਿੱਚ 423 ਮਿਲੀਅਨ ਡਾਲਰ ਦੇ ਟੀਵੀ ਵਿਗਿਆਪਨਾਂ ਵਿੱਚੋਂ 8 ਫੀਸਦੀ ਟੀਵੀ ਚੈਨਲਾਂ ਨੂੰ ਮਿਲੇ।"

**'ਨਿਊਜ਼ ਬਿਜ਼ਨਸ ਸਭ ਤੋਂ ਔਖੇ ਕੰਮਾਂ ਵਿੱਚੋਂ ਇੱਕ'**

ਉਨ੍ਹਾਂ ਕਿਹਾ ਕਿ ਨਿਊਜ਼ ਬਿਜ਼ਨਸ ਸਭ ਤੋਂ ਔਖੇ ਕੰਮਾਂ ਵਿੱਚੋਂ ਇੱਕ ਹੈ, ਭਾਵੇਂ ਇਹ ਕਿਤੇ ਵੀ ਹੋਵੇ।

ਉਨ੍ਹਾਂ ਕਿਹਾ, "ਭਾਰਤ ਵਿੱਚ, ਟੀਵੀ ਨਿਊਜ਼ ਸਭ ਤੋਂ ਘੱਟ ਮੁਨਾਫ਼ੇ ਵਾਲਾ, ਸਿਆਸੀ ਖਤਰਿਆਂ ਵਾਲਾ ਅਤੇ ਜੋਖਮ ਭਰਿਆ ਕਾਰੋਬਾਰ ਹੈ। ਸਿਰਫ਼ ਦੋ-ਤਿੰਨ ਕੰਪਨੀਆਂ ਹੀ ਸਮੇਂ-ਸਮੇਂ 'ਤੇ ਪੈਸਾ ਕਮਾਉਂਦੀਆਂ ਹਨ।"

ਕਿਉਂਕਿ ਵਧੇਰੇ ਲੋਕ ਖ਼ਬਰਾਂ ਲਈ ਪੈਸੇ ਅਦਾ ਕਰਨ ਨੂੰ ਰਾਜ਼ੀ ਨਹੀਂ ਹਨ, ਇਸ ਲਈ ਵਿਗਿਆਪਨ ਹੀ ਇਨ੍ਹਾਂ ਦੀ ਕਮਾਈ ਦਾ ਜ਼ਰੀਆ ਹਨ।

ਬਹੁਤਿਆਂ ਦਾ ਮੰਨਣਾ ਹੈ ਕਿ ਨਿਊਜ਼ ਚੈਨਲਾਂ ਦੀ ਭਰੋਸੇਯੋਗਤਾ ਵਿੱਚ ਕਮੀ ਆਈ ਹੈ।

ਬਹੁਤੇ ਚੈਨਲਾਂ 'ਤੇ ਰੇਟਿੰਗਜ਼ ਨਾਲ ਛੇੜ-ਛਾੜ ਕਰਨ ਦੇ ਵੀ ਇਲਜ਼ਾਮ ਲੱਗੇ ਹਨ।

'ਐਨਡੀਟੀਵੀ ਹੁਣ ਲੜਾਈ ਹਾਰਦਾ ਦਿੱਸਦਾ ਹੈ'

ਐਨਡੀਟੀਵੀ ਦੀਆਂ ਆਪਣੀਆਂ ਵਿੱਤੀ ਮੁਸ਼ਕਲਾਂ ਦਹਾਕੇ ਪਹਿਲਾਂ ਦੀ ਆਰਥਿਕ ਮੰਦੀ ਦੌਰਾਨ ਸ਼ੁਰੂ ਹੋ ਗਈਆਂ ਸਨ, ਜਦੋਂ ਇਸ ਨੂੰ ਕਰਜ਼ੇ ਉਤਾਰਨ ਲਈ ਰਿਲਾਇੰਸ ਤੋਂ 44 ਮਿਲੀਅਨ ਡਾਲਰ ਉਧਾਰੇ ਲੈਣੇ ਪਏ।

ਵਨੀਤਾ ਕੋਹਲੀ ਖਾਂਡੇਕਰ ਨੇ ਕਿਹਾ, "ਐਨਡੀਟੀਵੀ ਨੇ ਲੰਬਾ ਅਤੇ ਸਖ਼ਤ ਸੰਘਰਸ਼ ਕੀਤਾ ਹੈ ਅਤੇ ਹੁਣ ਲੜਾਈ ਹਾਰਦਾ ਦਿੱਸਦਾ ਹੈ। ਪੱਤਰਕਾਰੀ ਦੇ ਕਾਰੋਬਾਰ ਵਿੱਚ ਇਹ ਇੱਕ ਹਾਰ ਜਿਹਾ ਜਾਪਦਾ ਹੈ।"

ਸਮਾਂ ਦੱਸੇਗਾ ਕਿ ਸੰਪਾਦਕੀ ਸਮੱਗਰੀ ਅਤੇ ਨੈਟਵਰਕ ਦਾ ਰੂਪ ਨਵੀਂ ਮਾਲਕੀ ਹੇਠ ਕਿਵੇਂ ਬਦਲਦਾ ਹੈ।

ਟੀਵੀ ਨਿਊਜ਼ ਦੇ ਧਰੁਵੀਕਰਨ ਵਾਲੇ ਜ਼ਮਾਨੇ ਵਿੱਚ, ਐਨਡੀਟੀਵੀ ਨੇ ਸੱਤਾ ਦੀ ਅਲੋਚਨਾ ਵਾਲੀਆਂ ਕਾਫ਼ੀ ਖ਼ਬਰਾਂ ਦਿਖਾਈਆਂ ਜੋ ਹੋਰ ਚੈਨਲ ਨਹੀਂ ਦਿਖਾ ਰਹੇ ਸਨ।

ਮੀਡੀਆ ਸਲਾਹਕਾਰ ਕੰਪਨੀ 'ਔਰਮੈਕਸ' ਤੋਂ ਸ਼ੈਲੇਸ਼ ਕਪੂਰ ਨੇ ਕਿਹਾ, "ਕੀ ਹੁਣ ਉਹ ਕੁਝ ਨਰਮ ਹੋਣਗੇ ਅਤੇ ਸੰਪਾਦਕੀ ਪਾਬੰਦੀਆਂ ਕਾਰਨ ਨਿਰਪੱਖ ਰੁਖ ਅਪਨਾਉਣਗੇ?" ਗੌਤਮ ਅਡਾਨੀ ਮੰਨਦੇ ਹਨ ਕਿ ਡਰਨ ਵਾਲੀ ਕੋਈ ਗੱਲ ਨਹੀਂ। ਉਨ੍ਹਾਂ ਨੇ ਫਾਈਨੈਂਸ਼ੀਅਲ ਟਾਈਮਜ਼ ਨੂੰ ਕਿਹਾ, "ਸੁਤੰਤਰਤਾ ਦਾ ਮਤਲਬ ਹੈ ਕਿ ਜੇ ਸਰਕਾਰ ਨੇ ਕੁਝ ਗਲਤ ਕੀਤਾ ਹੈ ਤਾਂ ਤੁਸੀਂ ਉਸ ਨੂੰ ਗਲਤ ਕਹਿੰਦੇ ਹੋ। ਪਰ ਜਦੋਂ ਸਰਕਾਰ ਨੇ ਕੁਝ ਸਹੀ ਕੀਤਾ ਹੋਵੇ ਤਾਂ ਤੁਹਾਡੇ ਵਿੱਚ ਉਸ ਨੂੰ ਸਹੀ ਕਹਿਣ ਦੀ ਵੀ ਹਿੰਮਤ ਹੋਵੇ। ਤੁਹਾਨੂੰ ਉਹ ਵੀ ਕਹਿਣਾ ਚਾਹੀਦਾ ਹੈ।"







# जनता की अदालत में पेश है रवीश कुमार की यू-ट्यूब चैनल पर डाली स्पीच

*रवीश कुमार ने न्यूज चैनल एन.डी.टी.वी. से अस्तीफा देने के बाद यू-ट्यूब पर अपना एक वीडीयो डाला है। अदारा 'अंबेडकर टाईमज' और 'देश दुआबा' ने इसकी हूब-हू स्पीच को हिन्दी भाषा में बदला है। इन शब्दों को हमारे जालन्धर से प्रतिनिधि जे. सिंह 'भडियार' द्वारा किया है। इसमें हो सकता है कुछ त्रुट्यिां रह गई हो, उसके लिए हम आपसे क्षमा याचना चाहेंगे।*

–संपादक : प्रेम कुमार चुंबर 'अंबेदकर टाईमज', 'देश दुआबा'



नमस्कार में रवीश कुमार, आपका अंदाजा सही है कि क्या कहने जा रहा हूं लेकिन गुजारिश है कि जो भी कह रहा हूं उसे धीरज के साथ सुनिएगा। भारत की पत्रकारिता में स्वर्ण युक्त तो कभी था भी ही नहीं लेकिन आज के दौर की तरह भस्म युग भी नहीं था। भस्म युग से मेरा मतलब है जहां इस पेशे की हर अच्छी बात तेज गति से भस्म की जा रही हो यह दिन भी आना ही था। इस देश में अलग अलग नाम वाले अनेक चैनल हो गए हैं मगर सब है तो गोदी मीडिया ही। उसका परिवेश उसका इकोसिस्टम पत्रकारिता का और माहौल सब खत्म कर दिया गया है। मगर पत्रकारिता करने और कराने का दावा भी सब कर रहे हैं, खासकर वो भी कर रहे है जो उसी स्तहा का हिस्सा माने जाते हैं उसी के रूप में देखे जाते हैं जिसकी ताकत से हर दिन पत्रकारिता इस देश में कुचली जा रही है। जब वो कहे की वो ऊंचस्तृय पत्रकारिता करना चाहता है तब ऐसा दावा करने वालों को जरा संदेह की निगाह से देखिए। गोदी मीडिया और सरकार भी पत्रकारिता का अपना मतलब आपके ऊपर थोपना चाहती है, मगर इसका मतलब किसी भी रूप में वही है। तब आप एक बार फिर से झांसे में आने वाले है।

इस वक्त अपने संस्थान को लेकर कुछ खास नहीं कहना चाहता क्योंकि भावुकता में आप तत्स्त नहीं होते, ऑब्जेक्टिव नही हो सकते। एनडीटीवी में 26–27 साल गुजारे है। इतनी लंबी यात्रा के अपने उतार–चढ़ाव भी है, अनेक साथी वरिष्ठ कनिष्ठ सब शामिल है। कितने लोगों ने साथ दिया है और उन लोगों के बारे में कभी भी वस्तुनिष्ठ तरीके से नहीं बोला जा सकता और आज के दिन तो बिलकुल भी नही। क्योंकि कई बार तथ्यों के साथ भावनाएं मिल जाती हैं और भावनाओं के तूफान में बहुत सारे तथ्य छूट जाते हैं। बेहतर है कि इसे संक्षिप्त ही रहने दिया जाए जो आदरणीय शख्स है उन्हें मैं याद कर ही रहा हूं काफी सारी शानदार यादें है। हिंदी टीवी में अब दोस्तों के बीच सुनने सुनाने के काम आएंगी। आज के दिन किसी एक व्यक्ति का नाम लेना मुश्किल हो रहा है तब जब आपके पेशेवर जीवन में अनेक लोगों का हाथ हो। कैसे एक का नाम ले सकते है? मैं जानता हूं कि पूर्व सहयोगी मौजूदा सहयोगी सब मुझमें अपना हिस्सा देखते है और वो सही भी है। मुझे सभी से कुछ ना कुछ सीखने को मिला है। मैं सबका ही आभारी हूं। इसलिए एक का जिक्र कर बाकी को छोड़ कर आप न्याय नहीं कर सकते। खास कर ऐसे दिन वैसे भी इस वक्त तो हर चेहरा ही अच्छा नजर आ रहा है क्योंकि सब ने मेरे अनुभवों को मेरे जीवन को समृद्ध किया है।

जब बेटी विदा होती है तो वो दूर तक पीछे मुड़कर मायके को देखती रहती है। मैं ऐसी स्थिति में हूं अभी मुड़ कर देख लेने दीजिए।

फिर कभी विस्तार से एन.डी.टी.वी. की बात करूंगा। डॉक्टर रॉय राधिका रॉय के बारे में भी में कई लोगों की प्रतिक्रियाएं पढ़ रहा था। बहुत सी बातें तो मुझे आज ही पता चली। हैरानी हुई कि मैं ऐसी स्थिति में हूं कि हर किसी के पास एनडीटीवी का एक अलग ही किस्सा है। वाकई उन 27 वर्षों के बारे में ठहर कर और संभाल कर बात करने की जरूरत है। एनडीटीवी ने एक चीज़ सिखाई की टीवी में और टीवी का एक ही मतलब होता है। टीवी एंकरों के स्टार बनाए जाने के बाद ये धारणा टूट गई। मगर आज भी टीवी की बुनियाद में यही है कि जितनी अच्छी टीम होगी उतना अच्छा काम होगा। अभी इस बात को यहीं रहने देता हूं कभी किसी और वक्त के लिए तब जब आप भावुक ना हो तब जब मैं भावुक ना हूं कि एनडीटीवी छूट रहा है।

अगस्त 1996 में एनडीटीवी से औपचारिक रूप से जुड़ा था। मैं अगस्त 1996 में ट्रांसलेटर के रूप में अनुवादक के रूप में। लेकिन उससे पहले के कई महीनों तक मैं यहां चिट्ठियां छांटता रहा। बोरे में चिट्ठियां आती थी और मेरे पास रख दी जाती थी। तब दर्शक पोस्ट बॉक्स में चिट्ठियां भेजा करते थे। देश भर से दर्शक अपने अपने हाथों से अलग–अलग कार्यक्रमों के एंकरों को लिखा करते थे। इन्हें पढ़ते हुए मैंने टीवी के कार्यक्रमों के आस पास दर्शकों को बनता देख रहा था। मेरा काम था उनकी बारीक नजर से लिखी गई चिट्ठी पर रिपोर्ट बनाना और एंकरों या कार्यक्रम के प्रड्यूसर को सौंप देना। दिहाड़ी का काम था उसी के हिसाब से मजदूरी मिलती थी, पैसे मिलते थे। मेरी जिंदगी में यह काम आज भी जारी है आज भी आप मुझे सैकड़ों की संख्या में मैसेज लिखते हैं हाथ से लिखी चिट्ठियां भी आती है बहुत अच्छी लिखावट में। मैं जयादातर मैसेज पढ़ता भी हूं और सभी के नहीं बहुतो के जवाब देने की कोशिश करता हूं। कई बार तो अपनी निराशा भी आपसे साझा कर देता हूं। मैं आपके बीच आकर अभाव नहीं छीपाता क्योंकि मैं आपके बीच बताने के लिए आता हूं। अगर खुद को ही छिपाने लगा तो वो पुरा बताना नहीं होता है। मुझे तो लगता है कि कई हजार दर्शकों के पास मेरे लिखे हुए जवाब होंगे। उंगलियों में दर्द रहने के कारण इन दिनों जवाब देना कम कर दिया है तो एक तरफ से जिन चिट्ठियों से एनडीटीवी में मेरी शुरुआत होती है उनका आना–जाना आज भी जारी है। आज तक जारी था वो काम आगे भी जारी रहेगा। लेकिन इतने सारे सुझावो जवाबो अपेक्षायो शिकायतों और डांट के बीच सोना जागना और जीना मुझे आप के हवाले करता चला गया मैं खुद के पास तो रहा ही नहीं। जब आपके बीच गया तो घर ही नहीं लौटा। शायद अब कुछ वक्त मिलेगा खुद के साथ रहने का। आज की शाम एक ऐसी शाम है जहां चिड़िया को उसका घोंसला नजर नहीं आ रहा क्योंकि कोई और उसका घोंसला ले गया है। मगर उसके सामने खुला आसमान जरूर नजर आ रहा है। तो खैर उसके बाद अनुवाद अनुवादक बना और कई पत्रकारों की रिपोर्ट का अंग्रेजी से हिंदी में अनुवाद करता रहा इसके बाद मैं रिपोर्टर बन गया और फिर मेरी दैनिक रिपोर्ट की यात्रा शुरू होती है। रिपोर्ट से काफी कुछ सीखने को मिला तो इस तरह से ही ये एनडीटीवी में ही संभव हुआ की चिट्ठी छांटने वाला इसके चैनल का ग्रुप एडिटर समूह संपादक बनता है और आज उसे छोड़ रहा है, अस्तीफा दे रहा है बहुत बड़ी बड़ी शक्तियां पीछे खड़ी है इस एक पत्रकार के पीछे। तो स्वाभाविक है कि ये नौबत आनी थी। इसका अंदाजा मुझे पहले भी था। लेकिन जिस दिन आता है उस दिन अच्छा तो नहीं लगता है। लेकिन मैं आपसे यह भी कहना चाहता हूं कि जब भी मेरे बारे में मूल्यांकन करें इस बात की सहानुभूति मुझसे न रखे की मैं चिट्ठी छांटता था मैं उनकी तरह नहीं हूं। अचानक चाय बेचने की बात करने लग गया उतर रहा हूं जहाज़ से बात कर रहा हूं चाय बेचने की। सहानुभूति के लिए या फिर अपने संघर्ष को महान बताने के लिए मैं ऐसा नहीं करना चाहता। इस देश में हर किसी का संघर्ष ही पहाड़ चढ़ने के जैसा है। आप एम्स के बाहर मरीज जो खड़े हैं उनके परिजन जो खड़े हैं उनसे मिल लीजिए आपको पता चल जाएगा की उनकी चुनौतियां कितनी बड़ी है और आपका दुख कितना कम है छोटा है। लेकिन आज के दिन मैं आप सभी के बीच दर्शकों की बात करना चाहता हूं। इस दौर में कुर्सी पर बैठे किरदारों को टूटते हुए देखा। सब ने देखा संस्थाओं को भस्म होते देखा। आपने देखा नफरती तूफान में लोगों को भटकते देखा मगर मैंने इसी दौर में एक नई संस्था भी बनते देखी है। वह संस्था है जनता की संस्था दर्शकों की संस्था दर्शक ही अपने आप में इंस्टीट्यूशन बन जाते हैं। आप दर्शकों की संख्या भले कम है मगर आप उन्हे मिलकर जर्जर किए जा रहे इस लोकतंत्र में जनता नाम की संस्था का पौधा सूखने से बचा लिया। एनडीटीवी में मुझे जब भी अवसर मिला मैंने जान लगा दी मैंने कभी उन अवसरों को अपने लिए नहीं देखा बल्कि यही सोचा कि यह अवसर मुझे आप दर्शकों के लिए मिला है। इसलिए उन सभी अवसरों को आप दर्शकों की कहानियों से भरता चला गया और मैं आप दर्शकों का होता चला गया। आपका दावा मुझ पर बहुत बड़ा है। मैं जानता हूं आप मुझ पर बहुत दावा रखते है। मेरे आस–पास आप दर्शकों की वजह से एक न्यूज़ रूम बन गया था। पब्लिक न्यूज रूम जो दफ्तरों के भीतर नहीं आपके घरों में था, आपके दिमाग में था। दुनिया भर में फैले कितने दर्शकों ने आगे आकर मेरी मदद की है। आपने मुझसे पैसे भी नही मांगे कभी एहसान तक नहीं जताया। विदेशों में मेरे लिए वीडियो रिकॉर्ड किया रिसर्च किया मेरा हर कार्यक्रम किसी न किसी दर्शक के सहयोग का उधाहरण है आप दर्शकों ने मेरी जानकारियों को दरुस्त किया है, गलती की है तो डाटा भी है और काफी कुछ उसमें जोड़ भी दिया है। कई सारे एक्सपोर्ट कई सारे छात्र कई सारे प्रवासी भारतीय स्थानीय भारतीय दर्शक बनने के साथ–साथ मेरा साथ दे रहे थे और पत्रकार भी बन रहे थे और इस पेशे के एक छोटे से द्वीप को बचा रहे थे। इस प्रक्रिया को बिखरते देखना दर्शकों के बनने की प्रक्रिया को बिखरते देखना और फिर से बनते देखना बहुत सुखद अनुभव रहा। आप दर्शकों में से कइयों ने मेरे लिए अलग–अलग भाषाओं के अनुवाद तक कर दिया। संसाधनों की हमेशा मेरे पास कमी रही मगर आप सभी ने मिलकर पूरी कर दी। सिर्फ इसलिए कि प्राइम टाइम में जो भी जाए ठीक से जाए। वो मेरा नहीं आपका प्राइम टाइम था। कभी खराब शो कर दिया तो आपने अपनी निराशा बताने में कोई संकोच नहीं किया। आप वाकीय में लाजवाब है।

• बाकी अगले पेज पर •

# जनता की अदालत में पेश है रवीश कुमार की यू-ट्यूब चैनल पर डाली स्पीच

• पिछले पेज का बाकी •

दर्शक ही मेरे नियमित संपादक हैं। मैं अक्सर कहता हूं की एक पेड़ में बारिशों का पानी होता है। आपके जैसे दर्शकों के होने में ही किसी रवीश कुमार का होना है। आप हर मौसम में बरसात बनकर आ जाते हैं। सूखे पेड़ों को हरा करने आ जाते हैं। आज आप की बदौलत यूट्यूब पर ट्वीटर पर कितने ही पत्रकार खड़े हो गए है।

आप उन सभी के पीछे खड़े है आज कई वेबसाइट है जिन्हे आप सब्सक्रिप्शन के बहाने आर्थिक मदद देते है। जब लोकतंत्र में एक भी संस्था नज़र नही आ रही थी, अदालते कमजोर नज़र आ रही थी आ रही है, आप दर्शक नजर आ रहे थे। आज के दौर में आप ही पत्रकारिता के सबसे बड़े संस्थान हैं। पत्रकारिता आप संस्थानों में नहीं बची है आप जैसे दर्शकों के बीच बची हुई है, जिनकी मदद से आज पत्रकार सवाल पूछ रहे हैं। यही आपका इस वक्त में सबसे बड़ा योगदान है। हो सकता है कि कोई जनता की आवाज को पूरी तरह कुचल उसकी आवाज पर धार्मिक नफरतों की धूल को भर दे ढक दे, लोकतंत्र को मिटा दें मगर आप दर्शकों का होना हौंसला देता है कि लोकतंत्र भले खत्म हो जाए मगर उसकी चाहत कभी खत्म नहीं होगी। क्योंकि आप जैसे दर्शक अपनी जवाबदेही को जिम्मेदारियों को बहुत खूब समझते हैं। इस मुश्किल वक्त में आपने पत्रकार पर भरोसा किया उसे कितना प्यार दिया कई बुजुर्ग माताओं ने मेरे बाल सहला दिए, गाल छू लिए तो किसी ने मेरे गमले में गुलाब के फूल लगा दिए किसी ने चने का सत्तू भेज दिया कि मेरी सेहत न खराब हो। किसी ने शर्ट भेज दी, किसी ने धूप में खड़े देखा तो सर पर गमछा तान दिया और छाता खोल दिया। किसी ने जेब में महंगी कलम रख दी। आज के दिन में एनडीटीवी से ज्यादा आप दर्शकों को याद करना चाहता हूं। आपके बिना मैं कुछ नहीं कर सका। मुझे आप दर्शकों पर नाज़ है। कई बार लगता है कि मैं संस्था का कम आप दर्शकों का प्रतिनिधि ज्यादा हूं। मुझे काम करने की आजादी मिली संस्थान में निर्बाध आज़ादी और उसी को मैंने हमेशा संभाल कर रखा। क्योंकि आपकी तेज़ नजर मुझ पर थी खुद को काफी संभाला की कुछ गलती ना हो जाए। आजादी को मैंने हमेशा संभाल कर रखा क्योंकि आपकी तेज नजर मुझ पर थी। खुद को काफी संभाला कि कुछ गलती ना आ जाए। कुछ मुझसे चूक न हो, मुझ में अहंकार ना जाए और बदले में आजादी मेरे आगे दुनिया बदलती रहे। मगर टेस्ट मैच के खिलाड़ी की तरह पेज पर टिका रहा। पर अब किसी ने मैच ही खत्म कर दिया है उससे टी 20 में बदल दिया है। जनता को चवन्नी समझने वाले सेठ हर देश में है। इस देश में भी है। अगर वो दावा करें कि आप तक सही सूचनाएं पहुंचाना चाहते है तो इसका मतलब है की डॉलर अपनी जेब में रखकर आपकी जेब में चव्वनी डालना चाहते है। पत्रकार एक खबर लिख दे तो मुकदमा कर देते हैं और फिर सत्संग में आकर प्रवचन भी देते हैं की वे पत्रकारिता का भला चाहते है। आप दर्शक इतना तो अपना भला समझते होंगे। इसलिए आज मैं अपने संस्थान से ज्यादा आप दर्शकों को याद करना चाहता हूं मुझे हमेशा लगता था कि हिंदी का पत्रकार सच क्यूं नहीं छुपाता है। ऐसा क्यों है हिंदी पत्रकारिता के कई श्रेष्ठ संपादको पत्रकारों के कार्यों पर निगाहे रहती थी। उनकी गहराई हैरान करती थी। फिर भी लगता था की उनकी बात जमाने तक ठीक से नहीं पहुंची। पेशे के भीतर उन्हें उनकी जगह नहीं दी गई। पत्रकारिता का मतलब अंग्रेजी का पत्रकार होना हो गया इसके कुछ ठोस कारण भी हैं उनमें विस्तार से जाने का समय नहीं है। लेकिन तब भी हिंदी के जुझारू पत्रकार आसमान क्यों नहीं छू सकते हैं यह बात कचोटती रही। इन सब बातों ने मेरे व्यवहार में काफी बदलाव कर दिए। भाषा को संयमित किया, मर्यादित किया ताकि हिंदी का प्रभाव कम ना हो। बहुत सजगता से अपना काम इस तरह से किया कि लोगों को देश के किसी भी हिस्से के लोगों को मेरी हिंदी से प्यार हो जाए। मेरी मातृभाषा हिंदी नहीं है भोजपुरी है। भोजपुरी गांव है मेरे लिए, मेरे लिए भाषा का वह शहर है पहला शहर जहां में गांव से शहर आया था। लेकिन मुझे भारत के हर राज्य के दर्शकों से प्यार मिला है। हिंदी प्रदेशो की कुंठीत राजनीति ने हिंदी को हथियार बना दिया। इससे हुया कुछ नहीं हिंदी को लेकर कुंठा ही बढ़ती चली गई। किसी का भला नहीं हुआ। मैं उन सभी गैर हिंदी भाषी पत्रकारों सामाजिक कार्यकर्ताओं विद्वानों का शुक्रिया अदा करना चाहता हूं जिन्होंने मेरी हिंदी हो स्मृद्ध किया। जिन्होंने मेरे लिखे हुए का अपनी भाषा में अनुवाद किया और अपनी भाषा में लिखी जानकारी का मेरे लिए अनुवाद कर दिया मुफ्त में। कई बार लगता था कि अलग अलग डिब्बे जुड़ते जा रहे है और रेल बनती जा रही है–उर्दू मलयालम, तमिल, कनाडा, पंजाबी, गुजराती, मारवाड़ी, बंगाली, मराठी भाषा के पत्रकारों ने कितना कुछ जोड़ा है ये बात कही हिंदी बनाम अंग्रेजी की तरफ न मुड़ जाए।



इसलिए कहना जरूरी है की अंग्रेजी भाषा में लिखने वाले विद्वानों और पत्रकारों ने खुलकर मदद की है। मेरे साथ बराबरी का व्यवहार किया जो नहीं कर सके ऐसे उनका क्या हिसाब करना, उनका क्या रोना, मगर जो बराबरी के साथ पेश आते रहे उनका आभार व्यक्त करना चाहिए। उन सभी ने अपना श्रेष्ठ मुझसे साझा किया किताबे भी अवसर बताए मेरे लेख का अनुवाद तक कर दिया ज्यादा लोगों तक पहुंचा दिया। मेरे जीवन में इतिहास के मेरे शिक्षकों का बहुत योगदान है। मेरे शिक्षक मेरी जान है। मैं चाहता हूं कि आप मेरे जरिए मेरे पीछे खड़े अनगिनत लोगों के बारे में जाने, उन्हें भी देखें और दोस्तों को कौन भूल सकता है। बहुत अच्छे अच्छे दोस्त मिले कम मिले लेकिन मिले आप जनता के बीच जाने के तमाम अफसर मेरे लिए बहुत खास है। तमाम आंदोलनों को कवर करने गया आपके बीच जाते ही जो चीज खास नजर आती थी वह एक पत्रकार के प्रति आपका विश्वास आपकी समझ आप लोगों से मैं घिर जाता था। आपके भीतर कितना कुछ बेहने लग जाता था जिसे एक राज्यों को सुनना चाहिए। जिससे सुनाने के लिए एक पत्रकार से अच्छा कोई जरिया नहीं। मुझे आपके बीच आकर हमेशा लगा कि आप सरकार को कैसे देखते हैं और मैं उस नज़र से सरकार को देखने लगा। इसी का भरोसा है कि आप की सक्रियता में ही भारत का लोकतंत्र धड़कता है और शाहीन बाग और किसान आंदोलन की जिद्द में सूरज की रोशनी दिखाई देती है। आपको जनता बनते हुए देखा है। मेरा विश्वास गहरा होता चला है कि तंत्र भले खत्म हो जाए लेकिन जनता के बीच जन बचा हुआ है। एक दिन यही जन आज से बेहतर तंत्र बना लेगा। आज कुछ लोगों को यकीन है हो गया है सारा तंत्र उनके कब्जे में है। अब कोई मोल नहीं मीडिया को खत्म कर विपक्ष और जनता को खत्म किया जा चुका है। ऐसा सही भी है मगर यही शास्वत नही है। एक ना एक दिन जब लोग अपनी नफरतों से जर्जर हो जाएंगे उनकी नफरतें उनके शरीर से दरकने लग जाएंगी तब उन्हें किसी नई ज़मीन की तलाश होगी। किसी पत्रकार की याद आयेगी नफरत की गुलामी से बाहर आने का रास्ता आप ही बनायेगे, आपको ही बनाना है। एनडीटीवी में मैंने लिखना बोलना सीखा, दिखना सीखा, अच्छे कपड़े पहनना सीखा, टाई पहनने सीखी, बस केवल डांस नहीं आया क्योंकि काम से वक्त ही नहीं मिला। आज के दिन मैं अपनी महिला सहयोगीयों को खासतौर से याद करना चाहता हूं। काम के प्रति ईमानदार काम करना और पैसे की नैतिकता की समझ मुझे अपनी महिला सहयोगीयो से मिली है और मैंने उनसे चुरा भी ली है। उनसे मेरी सामाजिक और नैतिक समझ बहुत बेहतर हुई। मेरी इस यात्रा में बहुत ही समझदार औरतें और लड़कियों के अनुभव शामिल है। मेरे जीवन साथी का भी मेरी बेटियों का भी मेरे सास ससुर ने बहुत साथ दिया ताकि मैं बाहर जा कर रिपोर्ट कर सकूं। मेरी मां मेरी भाभी मेरे परिवार के सदस्यों ने भी थथेरे की तरफ सब ने पीट–पीटकर पीतल से बर्तन बना दिया ये मैं इसलिए भी रेखांकित कर रहा हूं कि पत्रकारिता के पेशे में मर्द ही नही मर्द वादियों का कब्जा है। उनकी आक्रामकता के बीच कई बार दम घुटता था। इतनी आक्रमकता के बीच आप रचनात्मक हो ही नहीं सकते। संवेदनशीलता आ ही नहीं सकती। इस पेशे में तमाम महिला सहयोगियों ने मुझे मर्दों की आक्रामकता से बचा लिया। अगर आप इस पेशे में आ रहे हैं, विद्यार्थी हैं तो हमेशा अपनी महिला सहयोगीयों के साथ सलीके से पेश आइए। उनकी काबिलियत को स्वीकार कीजिए, तारीफ कीजिए। प्राइम टाइम के वक्त अक्सर कहा करता था मुझे काम करने दो 9:00 तो 9:00 बजे ही बजते है। सुबह उठते ही मेरे दिमाग में रात के 9:00 बजने लग जाते थे। मैं टाइप करने लग जाता था रोज 5000, 6000, 7000 शब्दों की टाइपिंग अब शायद 9:00 ना बजे प्राइम टाइम न हो। मुझे पता नहीं था पता नहीं है कि अब 9:00 बजे क्या करूं। मुझे टीवी से बहुत प्यार है। इस माध्यम से दिल लग गया था। शायद इसी वजह से दिल टूट रहा है। वो लाल माइक याद आता रहेगा। अब वो लाल माइक नही होगा। मैं जानता हूं कि आप दर्शकों की आदतों में मैं शामिल हो गया हूं। आप काफी तकलीफ में थे कि मेरा क्या होगा, मैं क्या करूंगा ,मैं प्राइम टाइम क्यों नहीं कर रहा हूं। मुझे लगा की चुपचाप किनारे हो जाना चाहिए। धीरे–धीरे मेरे नहीं होने की आदत आपको डाल लेना चाहिए। इसलिए कई दिनों से प्राइम टाइम नहीं कर रहा था ताकि आप मुझे कुछ भूल सके हो मगर आप आप हैं मानते ही नहीं हर रात 9:00 बजे के बाद मैसेज करने लग जाते हैं कहां हो बीमार तो नहीं हो, सब ठीक तो है। एनडीटीवी में क्या चल रहा है। आप अच्छे हैं तो भारत का मिडिया स्पेस बदल चुका है, भारत का मीडिया देश बदल चुका है उन हजारों युवाओं की सोचिए जो पढ़ाई पत्रकारिता की कर रहे हैं लाखों रुपए लगा रहे हैं मगर उन्हें काम दलाली का करना पड़ेगा क्योंकि इसके लिए अब कोई संस्थानिक जगह नहीं बची है इसी के बीच जो आने वाले पत्रकार हैं जो इस वक्त पत्रकार हैं। सभी को जूझना है कोई घूट रहा है तो कोई इस पेशे को छोड़ रहा है। कई लोग कहते हैं कि नौकरी की मजबूरी के अलावा पत्रकार बनने की कोई दूसरी शर्त नजर नहीं आती। कोई उत्साह नहीं है यहां तो जस्टिस तक कह रहे हैं कि जमानत देने पर जजों को टारगेट किए जाने का डर लगता है। जब जज को ही डर लगता है तो फिर इस दौर यह बोलना भी गुनाह है कि मुझे डर नहीं लगता है। एक डरा हुआ पत्रकार मरा हुआ नागरिक पैदा करता है। इसलिए बोला कीजिए कि हमें डर नहीं लगता है। आप उस देश के नागरिक है जिसने नंगे पांव ब्रिटिश साम्राज्य को घुटने पर झुका दिया। कोई कारण नहीं कि मैं आप पर भरोसा ना करूं कि एक दिन आप गोदी मीडिया की गुलामी से बाहर आएंगे। आएंगे आप हमेशा इस गुलामी में नहीं रह सकते। इसकी गुलामी से आपको लड़ना ही पड़ेगा। यह सब की लड़ाई है इस लड़ाई के बिना आप दुनिया में सर उठा कर नहीं चल सकते। आपकी यही पहचान होगी कि आजाद देश के गोदी मीडिया के गुलाम है। इसके खतरे की गंभीरता को समझिए। कानून की आड़ में अब अधिकार कुचले जा रहे हैं। अभी व्यक्तियों को रौंदा जा रहा है ताकि सारे अवैध काम वैध नजर आए। इस समय मेरे रास्ते निश्चित नहीं है, निश्चित है तो सिर्फ हौसला है। उसका भी क्या भरोसा कभी आसमान होता है तो कभी पाताल। मैंने एक यू–ट्यूब चैनल बनाया है– रवीश कुमार ऑफिशियल और फेसबुक पेज भी है। रवीश का पेज इसे सब्सक्राइब कीजिएगा अब मैं यू–ट्यूब पर ही नजर आउंगा, एनडीटीवी इंडिया में नहीं। किसी संस्था के साथ मर्यादाएं बहुत अलग होती है आजाद जीवन की। लेकिन इस बार परिवार के साथ वक्त बिताना चाहता हूं, जीवन बिताना चाहता हूं मैंने अस्तीफा दे दिया है। नमस्कार मैं रवीश कुमार अब आपको उस चैनल पर सुनाई नही देगा नमस्कार मैं रवीश कुमार।

### 7 ਦਸੰਬਰ 2022 ਨੂੰ "ਫਲੈਗ ਡੇ" ਤੇ ਵਿਸ਼ੇਸ਼

# ਆਓ ਜਾਣੀਏ ਕਿਉਂ ਮਨਾਇਆ ਜਾਂਦਾ ਹੈ "ਫਲੈਗ ਡੇ"


ਪ੍ਰਮੋਦ ਧੀਰ (ਜੈਤੋ)
91-98550-31081

ਹਰ ਸਾਲ "ਹਥਿਰਾਬੰਦ ਸੈਨਾ ਝੰਡਾ ਦਿਵਸ" 07 ਦਸੰਬਰ ਨੂੰ ਮਨਾਇਆ ਜਾਂਦਾ ਹੈ। ਇਸ ਦਿਨ ਰਾਸ਼ਟਰ ਆਪਣੇ ਬਹਾਦਰ ਸੈਨਿਕਾਂ ਦੀ ਦੇਸ਼ ਦੀ ਰੱਖਿਆ ਲਈ ਦਿੱਤੀਆਂ ਕੁਰਬਾਨੀਆਂ ਨੂੰ ਯਾਦ ਕਰਦਾ ਹੈ। ਸੇਵਾ ਨਿਭਾ ਰਹੇ ਅਤੇ ਸਾਬਕਾ ਸੈਨਿਕਾਂ ਦੀ ਬਹਾਦਰੀ ਪ੍ਰਤੀ ਸਲੂਟ ਕਰਨ ਦਾ ਇਹ ਇੱਕ ਸੁਨਿਹਰੀ ਮੌਕਾ ਹੁੰਦਾ ਹੈ। ਭਾਰਤ ਵਿੱਚ 1949 ਤੋਂ ਹਰ ਸਾਲ 7 ਦਸੰਬਰ ਨੂੰ "ਹਥਿਰਾਬੰਦ ਸੈਨਾ ਝੰਡਾ ਦਿਵਸ" ਦੇ ਤੌਰ ਤੇ ਮਨਾਇਆ ਜਾਂਦਾ ਹੈ ਜਿਸ ਨੂੰ ਫਲੈਗ ਡੇ ਵਜੋਂ ਵੀ ਜਾਣਿਆ ਜਾਂਦਾ ਹੈ। ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਪੰਜਾਬ ਸਰਕਾਰ ਵੱਲੋਂ ਇਸ ਦਿਨ ਨੂੰ ਮਨਾਉਣ ਸਬੰਧੀ ਪੰਜਾਬ ਦੇ ਸਾਰੇ ਸਰਕਾਰੀ ਵਿਭਾਗਾਂ ਦੇ ਮੁਖੀਆਂ ਨੂੰ ਪੱਤਰ ਜਾਰੀ ਕੀਤਾ ਜਾ ਚੁੱਕਾ ਹੈ। ਅੱਜ ਦੇ ਦਿਨ ਅਤਿ ਮਹੱਤਵਪੂਰਨ ਵਿਅਕਤੀਆਂ ਅਤੇ ਸਮੂਹ ਭਾਰਤੀ ਨਾਗਰਿਕਾਂ ਦੇ ਝੰਡਾਂ ਲਗਾਉਣ ਦੀ ਰਸਮ ਵੀ ਕੀਤੀ ਜਾਂਦੀ ਹੈ। ਸਮੂਹ ਵਿਭਾਗਾਂ ਅਤੇ ਜ਼ਿਲ੍ਹਾ ਪ੍ਰਸਾਸ਼ਨ ਵੱਲੋਂ ਝੰਡੇ ਦੇ ਸਨਮਾਨ ਵਿੱਚ ਕੁਝ ਤਿਲ ਫੁਲ ਵਿੱਤੀ ਅੰਸ਼ਦਾਨ ਵੀ ਇਕੱਠਾ ਕੀਤਾ ਜਾਂਦਾ ਹੈ। ਕਈ ਲੋਕ ਅਤੇ ਵਿਦਿਆਰਥੀ ਇਸ ਦਿਨ ਦੀ ਮਹੱਤਤਾ ਤੋਂ ਅਣਜਾਨ ਹੋਣ ਕਾਰਨ ਇਸ ਦਾਨ ਨੂੰ ਫਜ਼ੂਲ ਖਰਚੀ ਸਮਝਦੇ। ਇਸ ਲਈ ਸਮੂਹ ਅਧਿਆਪਕਾਂ, ਸਮੂਹ ਵਿਭਾਗਾਂ ਦੇ ਮੁਖੀਆਂ ਅਤੇ ਮੀਡੀਆ ਕਰਮੀਆਂ ਦੀ ਜਿੰਮੇਵਾਰੀ ਬਣਦੀ ਹੈ ਕਿ ਉਹ ਇਸ ਦਿਨ ਤੇ ਇਕੱਠੀ ਕੀਤੀ ਜਾਣ ਵਾਲੀ ਦਾਨ ਰਾਸ਼ੀ ਸਬੰਧੀ ਵਿਦਿਆਰਥੀਆਂ ਅਤੇ ਆਮ ਲੋਕਾਂ ਨੂੰ ਵੱਧ ਤੋਂ ਵੱਧ ਜਾਗਰੂਕ ਕਰਨ ਕਿ ਇਹ ਰਾਸ਼ੀ ਕਿਉਂ ਇਕੱਠੀ ਕੀਤੀ ਜਾਂਦੀ ਹੈ ਅਤੇ ਕਿੱਥੇ ਵਰਤੀ ਜਾਵੇਗੀ ਤਾਂ ਕਿ ਲੋਕ ਖੁਸ਼ੀ ਨਾਲ ਇਸ ਸੇਵਾ ਵਿੱਚ ਯੋਗਦਾਨ ਪਾ ਸਕਣ। ਇੱਥੇ ਇਹ ਸਮਝਾਉਣਾ ਜਰੂਰੀ ਹੈ ਕਿ ਇਕੱਤਰ ਕੀਤੀ ਰਾਸ਼ੀ ਕੇਂਦਰ ਅਤੇ ਰਾਜਾਂ ਦੇ ਸੈਨਿਕ ਬੋਰਡਾਂ ਵੱਲੋਂ ਲਾਗੂ ਕੀਤੀਆਂ ਗਈਆਂ ਕਈ ਪ੍ਰਕਾਰ ਦੀਆਂ ਭਲਾਈ ਸਕੀਮਾਂ ਵਿੱਚ ਵਰਤੀ ਜਾਂਦੀ ਹੈ। ਇਸ ਦਾਨ ਰਾਸ਼ੀ ਵਿੱਚੋਂ ਵਿਧਵਾਵਾਂ, ਅਪੰਗ ਸੈਨਿਕਾਂ, ਉਨ੍ਹਾਂ ਦੇ ਆਸ਼ਰਿਤਾਂ ਅਤੇ ਸੇਵਾ ਕਰ ਰਹੇ ਸੈਨਿਕਾਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ। ਤਕਰੀਬਨ ਇੱਕ ਕਰੋੜ ਤੋਂ ਜ਼ਿਆਦਾ ਵਿਅਕਤੀ ਇਸ ਰਾਸ਼ੀ ਤੋਂ ਲਾਭ ਪ੍ਰਾਪਤ ਕਰਦੇ ਹਨ। ਭਾਰਤ ਸਰਕਾਰ ਦੇ ਇਨਕਮ ਟੈਕਸ ਵਿਭਾਗ ਵੱਲੋਂ ਇਸ ਦਿਨ ਸਬੰਧੀ ਇਕੱਤਰ ਕੀਤੀ ਰਾਸ਼ੀ ਟੈਕਸ ਤੋਂ ਵੀ ਮੁਕਤ ਹੈ। ਭਾਰਤ ਦੇ ਸਮੂਹ ਸਕੂਲਾਂ ਦੇ ਵਿਦਿਆਰਥੀਆਂ ਨੂੰ ਵੀ ਵਿਭਾਗ ਵੱਲੋਂ ਝੰਡੇ ਦੇ ਸਟੀਕਰ ਭੇਜ ਕੇ ਥੋੜੀ ਥੋੜੀ ਸੇਵਾ ਇਕੱਤਰ ਕੀਤੀ ਜਾਂਦੀ ਹੈ।

ਹੁਣ ਤੱਕ ਭਾਰਤ ਦੀਆਂ ਪਾਕਿਸਤਾਨ, ਚੀਨ ਆਦਿ ਦੇਸ਼ਾਂ ਨਾਲ ਹੋਈਆਂ ਜੰਗਾਂ ਦੌਰਾਨ ਅਸੀਂ ਆਪਣੇ ਬਹੁਤ ਸਾਰੇ ਫੌਜੀ ਜਵਾਨ, ਯੋਧੇ, ਵੀਰ, ਮਾਂਵਾਂ ਦੇ ਲਾੜਲੇ ਪੁੱਤ, ਪਤਨੀਆਂ ਦੇ ਪਤੀ, ਬੱਚਿਆਂ ਦੇ ਪਿਤਾ, ਭੈਣਾਂ ਦੇ ਵੀਰ ਖੋ ਚੁੱਕੇ ਹਾਂ। ਹਜ਼ਾਰਾ ਸੈਨਿਕ ਜਖਮੀ ਹੋ ਚੁੱਕੇ ਹਨ। ਫਲੈਗ ਦਿਵਸ ਮੌਕੇ ਅਸੀਂ ਉਹਨਾਂ ਦੀ ਕੁਰਬਾਨੀ ਨੂੰ ਯਾਦ ਕਰਦੇ ਹਾਂ ਅਤੇ ਸਲਾਮ ਕਰਦੇ ਹਾਂ ਉਹਨਾਂ ਪਰਿਵਾਰਾਂ ਨੂੰ ਜਿੰਨ੍ਹਾਂ ਦੇ ਲਾਡਲਿਆਂ ਨੇ ਦੇਸ਼ ਲਈ ਕੁਰਬਾਨੀ ਦਿੱਤੀ। ਅੱਜ ਦੇ ਦਿਨ ਫਲੈਗ ਡੇ ਮੌਕੇ ਸਾਡਾ ਫਰਜ ਬਣਦਾ ਹੈ ਕਿ ਅਸੀਂ ਆਪਣੀ ਨੇਕ ਕਮਾਈ ਵਿਚੋਂ ਕੁਝ ਹਿੱਸਾ ਇਹਨਾਂ ਪਰਿਵਾਰਾਂ ਲਈ ਦਾਨ ਕਰੀਏ ਤਾਂ ਕਿ ਸਰਕਾਰ ਵੱਲੋਂ ਇਹਨਾਂ ਜਖਮੀ ਸੈਨਿਕਾਂ ਅਤੇ ਸ਼ਹੀਦਾਂ ਦੇ ਪਰਿਵਾਰਾਂ ਨੂੰ ਵੀ ਸਾਡੇ ਵਾਂਗ ਇਸ ਅਜ਼ਾਦੀ ਦਾ ਨਿੱਘ ਪ੍ਰਾਪਤ ਹੋ ਸਕੇ।



ਕਈ ਲੋਕ ਹੁਣ ਵੀ ਪਾਕਿਸਤਾਨ ਨਾਲ ਜੰਗ ਚਾਹੁੰਦੇ ਹਨ। ਮੰਨਿਆ ਕਿ ਭਾਰਤ ਪਾਕਿਸਤਾਨ ਤੋ ਫੌਜੀ ਤਾਕਤ 'ਚ ਬਹੁਤ ਜਿਆਦਾ ਤਾਕਤਵਰ ਹੈ ਪਰ ਇਹ ਵੀ ਨਹੀਂ ਕਿਹਾ ਜਾ ਸਕਦਾ ਕਿ ਉਹ ਬਿਲਕੁਲ ਨਿਹੱਥੇ ਨੇ । ਦੁਸ਼ਮਨ ਕਿੰਨਾ ਵੀ ਕਮਜੋਰ ਕਿਉਂ ਨਾਂ ਹੋਵੇ ਵਾਰ ਤਾਂ ਕਰਦਾ ਹੀ ਹੈ ਤੇ ਉਸ ਵਾਰ ਨਾਲ ਜੋ ਨੁਕਸਾਨ ਹੋਣਾ ਉਹ ਤਾਂ ਸਾਨੂੰ ਹੀ ਝੱਲਣਾਂ ਪੈਣਾ। ਸਾਡੇ ਸੈਂਕੜੇ ਸੈਨਿਕ ਹੁਣ ਤੱਕ ਸ਼ਹੀਦ ਹੋ ਚੁੱਕੇ ਹਨ ਕਈ ਅਪੰਗ ਹੋ ਚੁੱਕੇ ਹਨ।

ਅਸੀਂ ਬੜੇ ਭਾਵੁਕ ਲੋਕ ਹਾਂ , ਜਦੋਂ ਕਿਸੇ ਤੇ ਦੁੱਖ ਆਉਦਾਂ ਹੈ ਓਦੋਂ ਅਸੀਂ ਸਾਰੇ ਇੱਕ ਜੁਟ ਹੋ ਕੇ ਦੁੱਖ ਨੂੰ ਸਹਿਣ ਵਿੱਚ ਇੱਕ ਦੂਸਰੇ ਦੀ ਮਦਦ ਕਰਦੇ ਹਾਂ ਪਰ ਅਸੀਂ ਅਪਣੀ ਵਿਅਸਤ ਮਾਨਸਿਕਤਾ ਦੇ ਵੀ ਸ਼ਿਕਾਰ ਹਾਂ । ਜੋ ਸਮਾਂ ਪੈ ਜਾਣ ਨਾਲ ਸਭ ਕੁੱਝ ਭੁੱਲਣ 'ਚ ਵੀ ਸਾਡੀ ਇਨਸਾਨੀ ਜਿੰਦਗੀ ਨੂੰ ਅੱਗੇ ਤੋਰਨ 'ਚ ਸਹਾਈ ਹੁੰਦੀ ਹੈ । ਸਾਡੀ ਇਸ ਮਨਬਿਰਤੀ ਦਾ ਜੋ ਅੰਜਾਮ ਹੈ ਉਸ ਦਾ ਇੱਕ ਪਹਿਲੂ ਇਹ ਵੀ ਹੈ ਕਿ ਅੱਜ ਤੱਕ ਜਿੰਨੇ ਵੀ ਸ਼ਹੀਦ ਹੋਏ ਨੇ ਕਿਸੇ ਵੀ ਜੰਗ ਲੜਨ 'ਚ, ਉਹਨਾਂ ਦੇ ਪਰਿਵਾਰਾ ਦੀ ਸਾਰ ਸਾਡੇ 'ਚੋਂ ਕਿੰਨਿਆ ਕੁ ਨੇ ਲਈ ਹੈ । ਜੋ ਰੱਟ ਲਗਾਈ ਬੈਠੇ ਨੇ ਜੰਗ ਦੀ, ਪਾਕਿਸਤਾਂਨ ਨੂੰ ਸਬਕ ਸਿੱਖਾਉਣ ਦੀ, ਉਹ ਕਦੀ ਉਸ ਬੁੱਢੀ ਮਾਂ ਦੀ ਅੱਖਾਂ ਦੀ ਚਮਕ ਨੂੰ ਵੇਖਕੇ ਆਏ ਨੇ ? ਜੋ ਅੱਜ ਦਰਵਾਜੇ ਦੇ ਜਰਾ ਜਿੰਨੇ ਖੜਕਨ ਤੇ ਉਸ ਦੇ ਜਿਗਰ ਦੇ ਟੁਕੜੇ ਨੂੰ ਤਲਾਸ਼ਦੀ ਹੈ ਤੇ ਅਪਣੇ ਪੁੱਤਰ ਨੂੰ ਨਾਂ ਪਾਕੇ ਦਰਵਾਜੇ ਤੇ ਇੱਕ ਕਤਰਾ ਲਹੂ ਦਾ ਬਣ ਅੱਖ ਵਿੱਚੋਂ ਦੀ ਹੁੰਦਾ ਹੋਇਆ ਸਿੱਧਾ ਦਿਲ 'ਚ ਛੇਕ ਕਰਦੈ । ਕੋਈ ਦੇਖ ਕੇ ਆਇਐ ਉਸ ਬਾਪ ਦੇ ਮੋਢਿਆਂ ਨੂੰ ਜੋ ਕਦੋਂ ਦਾ ਅਪਣਾ ਸਾਰਾ ਬੋਝ ਪੁੱਤਰ ਦੇ ਮੋਢਿਆਂ ਤੇ ਪਾਉਣ ਨੂੰ ਉਤਾਵਲੇ ਸਨ ਤੇ ਹੁਣ ਪੁੱਤਰ ਦੀ ਅਰਥੀ ਦੇ ਬੋਝ ਨੇ ਤੇ ਘਰ ਦੇ ਬੋਝ ਨੇ ਮੋਢਿਆਂ ਤੇ ਜਿੰਦਗੀ ਨੂੰ ਢੋਣ ਦਾ ਬੋਝਾ ਪਾ ਦਿੱਤਾ ਗਿਆ ? ਕਿਸੇ ਦੀ ਨਜਰ ਉਸ ਭੈਣ ਦੀ ਬਾਂਹ ਤੇ ਪਈ ਹੈ ਜੋ ਆਪਣੇ ਆਪ ਨੂੰ ਮਹਿਫੂਜ ਹੋਣ ਦੀ ਤੱਸਲੀ ਦੇਣ ਲਈ ਉਹ ਰੱਖੜੀ ਜੋ ਅਪਣੇ ਭਰਾ ਲਈ ਲੈਕੇ ਆਈ ਸੀ ਉਸ ਨੂੰ ਆਪਣੇ ਗੁੱਟ ਤੇ ਬੰਨ੍ਹੀ ਫਿਰਦੀ ਹੈ ? ਉਹ ਵਿਹਾਂਦੜ ਜੋ ਸ਼ਗਨਾਂ ਦਾ ਚੂੜਾ ਪਾ ਅਰਮਾਂਨਾਂ ਦੀ ਸੇਜ ਤੇ ਆ ਬੈਠੀ ਸੀ ਸਜਾ ਕੇ ਸੂਹੇ ਕੂਲੇ ਜਿਹੇ ਸੁਪਨੇ ਜਿੰਨਾ ਨੂੰ ਪੂਰਾ ਕਰਵਾਉਣਾ ਚਾਹੁੰਦੀ ਸੀ ਮਾਹੀ ਤੋਂ, ਤੇ ਉਹਨਾਂ ਅਰਮਾਂਨਾ ਦੀ ਸੇਜ ਦਾ ਬਾਲਣ ਬਣਾ ਕਿਦਾਂ ਪਾਇਆ ਹੋਣਾ ਸੁਰਖ ਕੂਲੇ ਚਾਵਾਂ ਤੇ ? ਕਿਦਾਂ ਆਪਣੇ ਬੱਚੇ ਦੇ ਸੁਆਲਾ ਦਾ ਜੁਆਬ ਲੋਚਦੀ ਹੋਣੀ , ਕਿਦਾਂ ਲੋਕਾਂ ਦੀਆਂ ਗੰਦੀਆਂ ਨਜਰਾਂ ਦਾ ਸਾਹਮਣਾ ਕਰਦੀ ਹੋਣੀ , ਕਿਦਾਂ ਆਪਣੇ ਬੁੱਢੇ ਮਾਂ ਬਾਪ ਨੂੰ ਮਰ ਚੁੱਕੇ ਅਰਮਾਨਾਂ ਦੇ ਬਾਵਜੂਦ ਵੀ ਹੱਸ ਕੇ ਵਿਖਾਉਂਦੀ ਹੋਣੀ ? ਨਹੀਂ ਕਿਸੇ ਨੇ ਕੁੱਝ ਨਹੀਂ ਤੱਕਿਆ ਅਸੀਂ ਤਾਂ ਸਿਰਫ ਅਪਣੀਆਂ ਭਾਵਨਾਂਵਾ ਨੂੰ ਜਾਣਦੇ ਹਾਂ । ਫੇਸਬੁਕ, ਵਟਸਐਪ,ਇੰਸਟਾਗਰਾਮ, ਟਵਿੱਟਰ ਆਦਿ ਸ਼ੋਸ਼ਲ ਮੀਡੀਆ ਤੇ ਅਸੀਂ ਸ਼ਹੀਦਾਂ ਨੂੰ ਸਲਾਮਾਂ ਠੋਕ ਸਕਦੇ ਹਾਂ । ਫੌਜੀ ਵੀਰਾਂ ਨੂੰ ਸ਼ਹੀਦ ਕਰਵਾਉਣ ਲਈ ਜੰਗ ਲਗਵਾਉਣ ਦਾ ਸਰਕਾਰਾਂ ਤੇ ਦਬਾਅ ਪਾ ਸਕਦੇ ਹਾਂ । ਸ਼ਹੀਦਾਂ ਲਈ ਸਰਕਾਰ ਤੋ ਚੰਗੇ ਸਨ-ਮਾਨਾਂ ਚੰਗੀ ਰਾਸ਼ੀ ਦੀ ਮੰਗ ਕਰ ਸਕਦੇ ਹਾਂ ਪਰ ਜੋ ਸਾਡੇ ਲਈ ਸ਼ਹੀਦ ਹੋਏ ਨੇ ਉਹਨਾਂ ਦੇ ਪਰਿਵਾਰਾਂ ਲਈ ਸਮਾਂ ਨਹੀਂ ਹੈ ਸਾਡੇ ਕੋਲ, ਤੇ ਅਸੀਂ ਹੋਰ ਵੀ ਜੰਗ ਚਾਹੁੰਦੇ ਹਾਂ ਹੋਰ ਵੀ ਸ਼ਹਾਦਤਾਂ ਚਾਹੁੰਨੇ ਹਾਂ ।

ਜੰਗ ਕਦੇ ਵੀ ਇਕਤਰਫਾ ਨਹੀਂ ਹੁੰਦੀ ਤੇ ਇਸ ਦਾ ਨੁਕਸਾਨ ਦੋਹਾਂ ਧਿਰਾਂ ਨੂੰ ਹੀ ਹੋਣਾ ਹੈ। ਜਿਵੇਂ ਕਿ ਅਸੀਂ ਦੇਖਿਆ ਕਿ ਪਿਛਲੇ ਲਈ ਮਹੀਨਿਆਂ ਤੋਂ ਰੂਸ ਅਤੇ ਯੂਰਪ ਦੇਸ਼ਾਂ ਦੀ ਜੰਗ ਲੱਗੀ ਹੋਈ ਹੈ ਜਿਸਦਾ ਕਿੰਨਾ ਜਿਆਦਾ ਨੁਕਸਾਨ ਆਮ ਲੋਕਾਂ ਨੂੰ ਭੁਗਤਨਾ ਪੈ ਰਿਹਾ ਹੈ। ਇਸ ਲਈ ਜੰਗ ਦਾ ਖਿਆਲ ਤਿਆਗ ਕੇ ਅਸੀਂ ਉਹਨਾਂ ਕਮੀਆਂ ਵੱਲ ਸਰਕਾਰ ਦਾ ਧਿਆਨ ਦਵਾਈਏ ਜਿੰਨਾ ਕਰਕੇ ਐਸੇ ਹਮਲੇ ਹੋ ਜਾਂਦੇ ਨੇ । ਜੰਗ ਦੀ ਬਜਾਏ ਅਸੀਂ ਸਰਕਾਰ ਤੇ ਇਹ ਦਬਾਅ ਪਾਈਏ ਕਿ ਜੋ ਜੋ ਕਮੀਆਂ ਰਹਿ ਜਾਂਦੀਆ ਨੇ ਜੋ ਵੀ ਘਾਟਾਂ ਨੇ ਸਰਕਾਰ ਉਹਨਾਂ ਵੱਲ ਧਿਆਨ ਦੇਵੇ ਨਾਂ ਕਿ ਜੰਗ ਲੜਨ ਵੱਲ । ਅੱਜ ਅਸੀਂ ਮੈਟਰੋ ਤੇ ਸਫਰ ਕਰ ਰਹੇ ਹਾਂ । ਬੁਲਟ ਟ੍ਰੇਨ ਵਲ ਵੇਖ ਰਹੇ ਹਾਂ । ਹਵਾਈ ਜਹਾਜਾਂ ਤੇ ਸਫ਼ਰ ਕਰ ਰਹੇ ਹਾਂ। 4ਜੀ 5ਜੀ ਇੰਟਰਨੈਟ ਵਰਤ ਰਹੇ ਹਾਂ ਇਹ ਸਭ ਦੇਸ਼ ਚ ਸ਼ਾਂਤੀ ਦੇ ਮਾਹੌਲ ਹੋਣ ਕਰਕੇ ਹੀ ਸੰਭਵ ਹੋਇਆ ਹੈ। ਇਸ ਲਈ ਅਸੀਂ ਭਾਵੁਕ ਹੋਕੇ ਆਪਣੇ ਦਿਮਾਗ ਤੋ ਕੰਮ ਲੈਂਦੇ ਹੋਏ ਸਹੀ ਫੈਸਲਾ ਲੈਣਾ ਹੈ ਕਿ ਜੰਗ ਕਿਸੇ ਸਮੱਸਿਆ ਦਾ ਹੱਲ ਨਹੀ ।

ਅਸੀਂ ਸਿਰਫ ਅਪਣੇ ਦੇਸ਼ ਨੂੰ ਇੱਕ ਸੂਤਰ 'ਚ ਪਿਰੋਣ ਦਾ ਯਤਨ ਕਰੀਏ, ਸਭ ਨੂੰ ਸੁਰੱਖਿਅਤ ਮਾਹੌਲ ਦੇਣ ਦਾ ਯਤਨ ਕਰੀਏ, ਜੰਗ ਦਾ ਖਿਆਲ ਸਾਡੇ ਖਿਆਲ 'ਚ ਵੀ ਨਾਂ ਆਵੇ। ਸਾਨੂੰ ਲੋੜ ਹੈ ਆਪਸੀ ਪਿਆਰ, ਭਾਈਚਾਰੇ ਮਿਲਵਰਤ ਦੀ ਅਤੇ ਸ਼ਹੀਦ ਹੋਏ ਅਤੇ ਜਖਮੀ ਹੋਏ ਸਾਡੇ ਫੌਜੀ ਜਵਾਨਾਂ ਦੇ ਪਰਿਵਾਰਾਂ ਨਾਲ ਹਮਦਰਦੀ ਕਰਦੇ ਹੋਏ ਉਹਨਾਂ ਦੀ ਵੱਧ ਤੋਂ ਵੱਧ ਸਹਾਇਤਾ ਕਰਨ ਦੀ। ਅੱਜ ਦੇ ਦਿਨ ਫਲੈਗ ਡੇ ਮੌਕੇ ਮੈਂ ਸਲਾਮ ਕਰਦਾ ਹਾਂ ਉਹਨਾਂ ਸਾਰੇ ਫੌਜੀਆਂ ਨੂੰ ਅਤੇ ਉਹਨਾਂ ਦੇ ਪਰਿਵਾਰਾਂ ਨੂੰ ਜੋ ਸਾਡੇ ਦੇਸ਼ ਲਈ ਸ਼ਹੀਦ ਹੋਏ ਹਨ ਜਾਂ ਜਖਮੀ ਹੋਏ ਹਨ ਤੇ ਜੋ ਸੈਨਿਕ ਵੀਰ ਅੱਜ ਵੀ ਸਾਡੇ ਸਿਵਲੀਅਨਜ਼ ਲਈ ਰਾਖੀ ਕਰ ਰਹੇ ਹਨ।

ਮੈਂ ਪ੍ਰਮਾਤਮਾ ਦੇ ਚਰਨਾਂ ਵਿੱਚ ਅਰਦਾਸ ਬੇਨਤੀ ਕਰਦਾਂ ਹਾਂ ਕਿ ਸਾਡੇ ਦੇਸ਼ ਦੇ ਸਮੂਹ ਸੈਨਿਕਾਂ, ਸਾਬਕਾ ਸੈਨਿਕਾਂ, ਸ਼ਹੀਦਾਂ ਅਤੇ ਉਹਨਾਂ ਦੇ ਪਰਿਵਾਰਾਂ ਅਤੇ ਦੇਸ਼ਵਾਸੀਆਂ ਨੂੰ ਪ੍ਰਮਾਤਮਾ ਤੰਦਰੁਸਤੀ, ਹਰ ਤਰ੍ਹਾਂ ਦੇ ਸੁੱਖ, ਖੁਸ਼ੀਆਂ ਅਤੇ ਸਹੂਲਤਾਂ ਬਖਸ਼ੇ ਤਾਂ ਕਿ ਉਹ ਅੰਤਿਮ ਸਵਾਸ ਤੱਕ ਦੇਸ਼ ਲਈ ਸੇਵਾਵਾਂ ਨਿਭਾ ਸਕਣ ਅਤੇ ਉਹਨਾਂ ਦੀਆਂ ਕੁਰਬਾਨੀਆਂ ਨੂੰ ਰਹਿੰਦੀ ਦੁਨੀਆਂ ਤੱਕ ਲੋਕ ਸਲਾਮ ਕਰਨ।

# ਅੱਜ ਦਾ ਦਿਨ "ਧੰਨਵਾਦ ਦਿਵਸ" ਦੇ ਨਾਂਅ!


ਮਨਮੋਹਨ ਪੂਨੀ ਨਿਊਯਾਰਕ

ਸਮਾਜ ਵਿੱਚ ਦਿਨ ਜਾਂ ਤਿਉਹਾਰ ਮਨਾਉਣੇ ਮਨੁੱਖੀ ਰਿਸ਼ਤਿਆਂ ਦੀ ਸਾਂਝ ਦਾ ਨਿੱਘ ਵੀ ਕਿਹਾ ਜਾ ਸਕਦਾ ਹੈ। ਦੁਨੀਆਂ ਭਰ ਵਿੱਚ ਵੱਖ -ਵੱਖ ਰਿਸ਼ਤਿਆਂ ਦੇ ਮਾਣ, ਹੋਂਦ ਅਤੇ ਇਤਿਹਾਸ ਨੂੰ ਮੁੱਖ ਰੱਖਕੇ ਦਿਨ ਮਨਾਏ ਜਾਂਦੇ ਹਨ। ਮਾਂ, ਪਿਤਾ, ਭੈਣ, ਭਰਾ, ਬੱਚਿਆਂ, ਦੋਸਤ-ਮਿੱਤਰ, ਆਦਿ ਦਿਨ ਮਨੁੱਖੀ ਰਿਸ਼ਤਿਆਂ ਨਾਲ, ਦੀਵਾਲੀ, ਲੋਹੜੀ, ਵਿਸਾਖੀ, ਦਸਹਿਰਾ, ਮਜ਼ਦੂਰ ਦਿਨ (ਲੇਬਰ ਡੇਅ), ਧੰਨਵਾਦ ਦਿਵਸ (ਥੈਂਕਸ ਗਿਵਿੰਗ) ਆਦਿ ਇਤਿਹਾਸ ਨਾਲ ਅਤੇ ਕਈ ਐਸੇ ਦਿਨ ਜੋ ਹੋਂਦ ਨਾਲ ਸਬੰਧਤ ਹਨ ਜਿਵੇਂ ਵੱਖ-ਵੱਖ ਦਿਨ ਵੱਖ -ਦੇਸ਼ਾਂ ਦੇ ਨਾਵਾਂ ਹੇਠ ਮਨਾਏ ਜਾਂਦੇ ਹਨ ਜਿਵੇਂ ਇੰਡੀਆ ਡੇਅ , ਅਮ-ਰੀਕਾ ਡੇਅ (ਯੂ.ਐਸ.ਏ.) ਆਦਿ।

ਸਾਰੇ ਦਿਨਾਂ ਨੂੰ ਕੁਦਰਤ ਦੇ ਰੂਪ 'ਚ ਦੇਖੀਏ ਤਾਂ ਇੱਕੋ ਜਿਹੇ ਹੁੰਦੇ ਹਨ। ਦਿਨ ਹੁੰਦਾ ਹੈ ਰਾਤ ਪੈਂਦੀ ਹੈ, ਰਾਤ ਤੋਂ ਬਾਅਦ ਦਿਨ। ਇਸ ਚੱਕਰ ਨੂੰ ਹੀ ਕੁੱਦਰਤ ਕਰਕੇ ਜਾਣਿਆ ਜਾਂਦਾ ਹੈ। ਇਕ ਚੱਕਰ ਹੈ ਜਿਸ ਨੂੰ ਸਮਾਜੀ ਚੱਕਰ ਕਿਹਾ ਜਾ ਸਕਦਾ ਹੈ ਜੋ ਸਮਾਜ ਦਾ ਰੂਪਕ ਨਿਰਣਾ ਕਰਦਾ ਹੈ। ਸਮਾਜ 'ਚ ਦੋ ਢੰਗ ਦੇ ਲੋਕ ਰਹਿੰਦੇ ਹਨ ਇੱਕ ਲੁੱਟਣ ਵਾਲੇ ਦੂਸਰੇ ਲੁੱਟ ਹੋ ਰਹੇ। ਇੰਨ੍ਹਾ ਨੂੰ ਇੰਝ ਵੀ ਆਖਿਆ ਜਾ ਸਕਦਾ ਹੈ ਇੱਕ ਉਹ ਲੋਕ ਹਨ ਜੋ ਕਿਰਤ ਸਾਧਨਾਂ ਦੇ ਮਾਲਕ ਹਨ ਦੂਜੇ ਕਿਰਤ ਕਰਨ ਵਾਲੇ। ਧਰਤੀ ਦੇ ਵੱਖ-ਵੱਖ ਹਿੱਸੇ ਉੱਤੇ ਬਹੁਤੇ ਕਿਰਤੀ ਲੋਕ ਦਿਨ ਨੂੰ ਕੰਮ ਕਰਦੇ ਹਨ ਅਤੇ ਰਾਤ ਨੂੰ ਵਾਪਸ ਘਰ ਪਰਿਵਾਰ ਵਿੱਚ ਆ ਜਾਂਦੇ ਹਨ। ਧਰਤੀ ਉੱਤੇ ਪੱਛਮੀ ਸੱਭਿਅਤਾ ਹਿੱਸੇ ਦੇ ਦੇਸ਼ ਸਮੇਤ ਕੈਨੇਡਾ- ਅਮਰੀਕਾ ਵਿੱਚ ਕੰਮ ਦੀ ਘੜੀ 24 ਘੰਟੇ ਘੁੰਮਦੀ ਹੈ। ਕਿਰਤੀ ਜਮਾਤ ਕੋਲ ਪਰਿਵਾਰਾਂ ਨਾਲ ਬੈਠਣ ਲਈ ਸਮੇਂ ਦੀ ਥੁੱੜ ਰਹਿੰਦੀ ਹੈ। ਸਮਾਜ ਦੀ ਬਣਤਰ ਅਨੁਸਾਰ ਪ੍ਰਸ਼ਾਸਨ ਵੱਲੋਂ ਸਮੇਂ ਸਮੇਂ ਜਨਤਾ ਦੀਆਂ ਭਾਵਨਾਵਾਂ ਨੂੰ ਸਮਝਦੇ ਹੋਏ ਨਵੇਂ-ਨਵੇਂ ਦਿਨਾਂ ਦੇ ਨਾਮ ਰੱਖੇ ਜਾਂਦੇ ਹਨ। ਇਸ ਨੂੰ ਸਾਜ਼ਿਸ਼ੀ ਸੋਚ ਦਾ ਨਾਮ ਵੀ ਦਿੱਤਾ ਜਾ ਸਕਦਾ ਹੈ। ਇਸ ਸਮਝ ਪਿੱਛੇ ਧੰਨ-ਕੁਬੇਰ ਜਾਂ ਲੁੱਟ ਕਰ ਰਹੇ ਸਮਾਜ ਦੇ ਮਾਲਕ ਦਾ ਹੱਥ ਹੈ। ਇਹ ਸਭ ਕੁੱਝ ਵਿਉਪਾਰੀ ਜਮਾਤ ਨੂੰ ਬੜੇ ਹੀ ਫ਼ਾਇਦੇਮੰਦ ਹੁੰਦਾ ਹੈ। ਕਾਮੇ ਲੋਕਾਂ ਦੇ ਖੀਸਿਆਂ ਨੂੰ ਸੰਨ੍ਹ ਲੱਗਦੀ ਹੈ, ਤਜੌਰੀਆਂ ਵਾਲਿਆਂ ਦੀ ਬੱਲੇ-ਬੱਲੇ ਹੁੰਦੀ ਹੈ।

ਮਨੁੱਖ ਨੂੰ ਮਿਲਵਰਤਣ ਦੀ ਤਾਂਘ ਵਿੱਚ ਜੀਵਣਾ ਚਾਹੀਦਾ ਹੈ। ਸਮਾਜ ਲੋਕ ਪੱਖੀ ਹੋਵੇ ਇਹ ਸੋਚ ਅਤੇ ਸਮਝ ਦਾ ਹਰ ਸਮੇਂ ਚੇਤਿਆਂ 'ਚ ਰੱਖਣਾ ਜ਼ਰੂਰੀ ਹੈ। ਖੁਸ਼ਹਾਲ ਸਮਾਜ ਲਈ ਨਿਰਣਾਇਕ ਚਰਵਾਵਾਂ ਹੋਣੀਆਂ ਚਾਹੀਦੀਆਂ ਹਨ। ਦੁਨੀਆਂ ਵਿੱਚ ਆਪਸੀ ਵੈਰ-ਵਿਰੋਧ ਮੁੱਕਣੇ ਚਾਹੀਦੇ ਹਨ। ਦੇਸ਼ਾਂ ਦੀਆਂ ਦੇਸ਼ਾਂ ਨਾਲ ਜੰਗਾਂ ਖਤਮ ਹੋਣ ਤਾਂ ਕਿ ਮਨੁੱਖੀ ਜੀਵਨ ਨੂੰ ਅਤੇ ਸਮਾਜ ਨੂੰ ਤਹਿਸ-ਨਹਿਸ ਹੋਣ ਤੋਂ ਬਚਾਇਆ ਜਾ ਸਕੇ।

"ਧੰਨਵਾਦ ਦਿਵਸ" ਨੂੰ ਮਨੁੱਖੀ ਹੋਂਦ ਦੇ ਮਾਣ ਵਜੋਂ ਚਿੱਤਵਿਆ ਜਾਣਾ ਚਾਹੀਦਾ ਹੈ। ਸਮਾਜ ਦੀ ਉਸਾਰੀ ਇੱਕ ਵੱਲੋਂ ਦੂਜੇ ਦੀ ਮਦਦ ਬਿਨਾਂ ਔਖੀ ਹੈ। "ਬੰਦਾ, ਬੰਦੇ ਦਾ ਦਾਰੂ" ਦੀ ਕਹਾਵਤ ਸਦਾ ਯਾਦ ਰਹੇ ਤਾਂ ਅੱਣਖੀ ਇਤਿਹਾਸ , ਅੱਣਖੀ ਵਿਰਸੇ ਦਾ ਮਾਣ ਰਹੇਗਾ।

ਸਭ ਮਿੱਤਰਾਂ ਦੋਸਤਾਂ ਨੂੰ ਯਾਦ ਕਰਕੇ ਸਮੇਂ-ਸਮੇਂ ਮਦਦ ਕਰਨ ਲਈ "ਧੰਨਵਾਦ ਦਿਵਸ" ਉੱਤੇ ਧੰਨਵਾਦ ਕਹਿੰਦੇ ਹਾਂ। ਗ਼ਦਰੀ ਬਾਬਿਆਂ ਦਾ ਧੰਨਵਾਦ ਕਰਦੇ ਹਾਂ ਜਿੰਨਾਂ ਦੀਆਂ ਘਾਲਣਾ ਨਾਲ ਅਮਰੀਕਾ-ਕੈਨੇਡਾ 'ਚ ਵੱਸਦੇ ਹਿੰਦੋਸਤਾਨੀ ਖੁਸ਼ਹਾਲ ਜ਼ਿੰਦਗੀ ਦਾ ਲੁੱਤਫ਼ ਜਾਂ ਨਜ਼ਾਰੇ ਲੈ ਰਹੇ ਹਨ ।

**ਵੱਲੋਂ-**
**ਇੰਡੋ - ਅਮੈਰੀਕਨ ਹੈਰੀਟੇਜ ਫ਼ਾਊਂਡੇਸ਼ਨ ਨਿਊਯਾਰਕ**

# ਅੰਮ੍ਰਿਤਸਰ ਵਿਕਾਸ ਮੰਚ ਵਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੇਵਾ ਮੁਕਤ ਮੀਤ ਸਕੱਤਰ ਸ. ਗੁਰਬਚਨ ਸਿੰਘ ਚਾਂਦ ਦੇ ਅਕਾਲ ਚਲਾਣਾ 'ਤੇ ਦੁੱਖ ਦਾ ਪ੍ਰਗਟਾਵਾ

ਅੰਮ੍ਰਿਤਸਰ- ਅੰਮ੍ਰਿਤਸਰ ਵਿਕਾਸ ਮੰਚ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਮੀਤ ਸਕੱਤਰ ਸ. ਗੁਰਬਚਨ ਸਿੰਘ ਚਾਂਦ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ । ਪ੍ਰੈਸ ਨੂੰ ਜਾਰੀ ਇੱਕ ਸਾਂਝੇ ਬਿਆਨ ਵਿੱਚ ਮੰਚ ਦੇ ਸਰਪ੍ਰਸਤ ਪ੍ਰੋਫ਼ੈਸਰ ਮੋਹਣ ਸਿੰਘ ,ਇੰਜ. ੍ਰਜਾਪ ਸਿੰਘ ਔਜਲਾ,ਸ. ਮਨਮੋਹਨ ਸਿੰਘ ਬਰਾੜ, ਡਾ. ਚਰਨਜੀਤ ਸਿੰਘ ਗੁਮਟਾਲਾ, ਸ. ਕੁਲਵੰਤ ਸਿੰਘ ਅਣਖੀ, ਇੰਜ. ਦਲਜੀਤ ਸਿੰਘ ਕੋਹਲੀ, ਪ੍ਰਧਾਨ ਸ. ਹਰਦੀਪ ਸਿੰਘ ਚਾਹਲ, ਜਨਰਲ ਸਕੱਤਰ ਸ. ਰਾਜਵਿੰਦਰ ਸਿੰਘ ਤੇ ਸਮੂਹ ਕਾਰਜਕਾਰੀ ਮੈਂਬਰਾਨ ਨੇ ਕਿਹਾ ਕਿ ਉਹ ਬਹੁਤ ਹੀ ਮਿਲਾਪੜੇ ਸੁਭਾਅ ਦੇ ਮਾਲਕ ਸਨ। ਉਨ੍ਹਾਂ ਦਾ ਜਨਮ 31 ਅਗਸਤ 1933 ਨੂੰ ਮੰਡੀ ਬਾਹਵਲਦੀਨ ਜ਼ਿਲ੍ਹਾ ਗੁਜਰਾਤ (ਪਾਕਿਸਤਾਨ) ਵਿੱਚ ਸ. ਜੀਵਨ ਸਿੰਘ ਦੇ ਗ੍ਰਹਿ ਵਿਖੇ ਮਾਤਾ ਗੁਰਦੇਈ ਕੌਰ ਦੀ ਕੁਖੋਂ ਹੋਇਆ । ਦੇਸ਼ ਦੀ ਵੰਡ ਸਮੇਂ 1947 ਵਿੱਚ ਇਹ ਪਰਿਵਾਰ ਅੰਮ੍ਰਿਤਸਰ ਸਰਕਾਰੀ ਕੈਂਪ ਵਿੱਚ ਆ ਗਿਆ ਜਿੱਥੇ ਬੀਮਾਰੀ ਫੈਲਣ ਨਾਲ ਮਾਤਾ ਜੀ ਸਵਰਗਵਾਸ ਹੋ ਗਏ । ਪਿਤਾ ਆਪ ਜੀ ਦੇ ਜਨਮ ਤੋਂ ਕੁਝ ਮਹੀਨੇ ਪਹਿਲਾਂ ਹੀ ਅਕਾਲ ਚਲਾਣਾ ਕਰ ਚੁੱਕੇ ਸਨ । ਇਸ ਲਈ ਇਨ੍ਹਾਂ ਦੀ ਪ੍ਰਵਰਿਸ਼ ਅੰਮ੍ਰਿਤਸਰ ਦੇ ਯਤੀਮਖਾਨੇ ਵਿੱਚ ਹੋਈ। ਖਾਲਸਾ ਕਾਲਜ ਅੰਮ੍ਰਿਤਸਰ ਤੋਂ ਮੈਟ੍ਰਿਕ ਕੀਤੀ। ਸਿੱਖ ਮਿਸ਼ਨਰੀ ਕਾਲਜ ਅੰਮਿ-੍ਰਤਸਰ ਤੋਂ ਪ੍ਰਸਿੱਧ ਸਿੱਖ ਵਿਦਵਾਨ ਪ੍ਰਿੰਸੀਪਲ ਪ੍ਰੋ. ਸਾਹਿਬ ਸਿੰਘ ਤੋਂ ਅਗਲੇਰੀ ਪੜ੍ਹਾਈ ਕੀਤੀ । ਕੁਝ ਸਮੇਂ ਪਠਾਨਕੋਟ ਖਾਲਸਾ ਸਕੂਲ ਵਿੱਚ ਪੰਜਾਬੀ ਅਧਿਆਪਕ ਦੀ ਨੌਕਰੀ ਕੀਤੀ। 1959 ਵਿੱਚ ਧਾਰਮਿਕ ਬਿਰਤੀ ਦੇ ਮਾਲਿਕ ਤੇ ਦਰਵੇਸ਼ ਸਿਆਸਤਦਾਨ ਬਾਪੂ ਕੇਸਰ ਸਿੰਘ ਪਠਾਨਕੋਟ ਨਾਲ ਮੇਲ ਹੋਇਆ, ਜਿਨ੍ਹਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਵਿੱਚ ਟੈਸਟ ਦਿਵਾ ਕਿ 22 ਸਤੰਬਰ 1959 ਨੂੰ ਕਲਰਕ ਭਰਤੀ ਕਰਵਾ ਦਿੱਤਾ। 4 ਅਕਤੂਬਰ 1960 ਨੂੰ ਆਪ ਦੀ ਸ਼ਾਦੀ ਬੀਬੀ ਬਲਵੰਤ ਕੌਰ ਨਾਲ ਹੋਈ। ਸ਼੍ਰੋਮਣੀ ਕਮੇਟੀ ਵਿੱਚ ਵੱਖ ਵੱਖ ਅਹੁਦਿਆਂ 'ਤੇ ਰਹਿ ਕੇ 26 ਮਾਰਚ 1993 ਨੂੰ ਬਤੌਰ ਮੀਤ ਸਕੱਤਰ ਸੇਵਾ ਮੁਕਤ ਹੋਏ। ਸੇਵਾ ਮੁਕਤੀ ਤੋਂ ਬਾਅਦ ਆਪ ਨੇ ਗੁਰੂ ਰਾਮਦਾਸ ਹਸਪਤਾਲ ਤੇ ਬਾਦ ਵਿਚ ਬਤੌਰ ਸੁਪਰੀਡੈਂਟ, ਤਖ਼ਤ ਹਜ਼ੂਰ ਸਾਹਿਬ ਨਿਸ਼ਕਾਮ ਸੇਵਾਵਾਂ ਨਿਭਾਈਆਂ। 27 ਨਵੰਬਰ 2022 ਦੀ ਰਾਤ ਨੂੰ ਸਵੇ ਗਿਆਰਾਂ ਵਜ੍ਹੇ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ। ਉਨ੍ਹਾਂ ਦੀ ਮਿੱਠੀ ਯਾਦ ਵਿੱਚ 5 ਦਸੰਬਰ 2022 ਦਿਨ ਸੋਮਵਾਰ



ਬਾਬਾ ਸੇਵਾ ਸਿੰਘ ਹਾਲ ਅਜੀਤ ਨਗਰ ਵਿਖੇ 11 ਵਜ੍ਹੇ ਤੋਂ ਦੁਪਹਿਰ ਬਾਅਦ 1 ਵਜ੍ਹੇ ਤੀਕ ਸਹਿਜ ਪਾਠ ਦੇ ਭੋਗ ਪਾਏ ਜਾਣਗੇ ,ਸ਼ਬਦ ਕੀਰਤਨ ਤੇ ਅੰਤਿਮ ਅਰਦਾਸ ਹੋਵੇਗੀ। ਉਨ੍ਹਾਂ ਦੇ ਛੋਟੇ ਬੇਟੇ ਸ. ਭਪਿੰਦਰ ਸਿੰਘ ਚਾਂਦ ਮੰਚ ਦੇ ਸਰਗਰਮ ਮੈਂਬਰ ਤੇ ਸਕੱਤਰ ਦੀ ਜ਼ੁੰਮੇਵਾਰੀ ਨਿਭਾਅ ਚੁੱਕੇ ਹਨ । ਸਮੂਹ ਮੈਂਬਰਾਂ ਨੂੰ ਅਪੀਲ ਹੈ ਕਿ ਉਹ ਆਪਣਾ ਕੀਮਤੀ ਸਮਾਂ ਕੱਢ ਕੇ ਇਸ ਸਮਾਗਮ ਵਿਚ ਸ਼ਾਮਿਲ ਹੋਣ ਦੀ ਖੇਚਲ ਕਰਨ।

# ਕੰਮੀਆਂ ਦੇ ਵਿਹੜਿਆਂ ਦਾ ਮਘਦਾ ਸੂਰਜ--ਸਾਹਿਬ ਕਾਂਸ਼ੀ ਰਾਮ

ਹਜ਼ਾਰੋਂ ਬਰਸ ਨਰਗਿਸ ਅਪਨੀ ਬੇਨੂਰੀ ਨੇ ਰੋਤੀ ਹੈ,
ਬੜੀ ਮੁਸ਼ਕਲ ਸੇ ਪੈਦਾ ਹੋਤਾ ਹੈ ਚਮਨ ਮੇਂ ਦੀਦਾਵਰ।

ਭਾਰਤ ਦੇ ਕਰੋੜਾਂ ਦਲਿਤ ਸ਼ੋਸ਼ਿਤ ਤੇ ਬਹੁਜਨ ਸਮਾਜ ਦੇ ਲੋਕ ਕਾਂਸ਼ੀ ਰਾਮ ਨੂੰ ਆਪਣਾ ਮਸੀਹਾ ਮੰਨਦੇ ਹਨ। ਮਹਾਤਮਾ ਜੋਤੀ ਬਾ ਫੂਲੇ, ਛਤਰਪਤੀ ਸ਼ਾਹੂ ਜੀ ਮਹਾਰਾਜ, ਪੈਰੀਅਰ ਰਾਮਾਸੁਆਮੀ ਨਾਇਕਰ, ਨਰਾਇਣਾ ਗੁਰੂ ਅਤੇ ਡਾਕਟਰ ਭੀਮ ਰਾਓ ਅੰਬੇਡਕਰ ਵਰਗੇ ਯੁਗ ਪੁਰਸ਼ਾਂ ਦੀ ਲੜੀ ਵਿਚ ਉਹਨਾਂ ਨੂੰ ਅਗਲੀ ਕੜੀ ਵਜੋਂ ਜਾਣਿਆਂ ਜਾਂਦਾ ਹੈ। ਉਹ ਹਿੰਢ ਪੁਗਾਉਣ ਵਾਲੇ, ਮਜ਼ਬੂਤ ਇਰਾਦੇ ਤੇ ਸਖਤ ਮਿਹਨਤ ਦੀ ਇਕ ਜਿੰਦਾ ਉਦਾਹਰਣ ਸਨ। ਉਹ ਵੀਹਵੀਂ ਸਦੀ ਦੇ ਪਿਛਲੇ ਭਾਗ ਚ ਭਾਰਤ ਦੇ ਸਮਾਜਕ ਤੇ ਰਾਜਨੀਤਕ ਬਦਲਾਓ ਦੇ ਅਮਿਟ ਹਸਤਾਖਰ ਬਣ ਕੇ ਉਭਰੇ। ਉਹ ਵਿਲੱਖਣ ਤੇ ਮੌਲਿਕ ਰਾਜਸੀ ਸੋਚ ਵਾਲੇ ਸਵੈ ਅਭਿਮਾਨੀ ਆਗੂ ਵਜੋਂ ਜਾਣੇ ਜਾਂਦੇ ਹਨ। ਉਹਨਾਂ ਨੇ ਅਣਹੋਇਆਂ ਤੇ ਅਣਗੌਲਿਆਂ ਨੂੰ ਨਵੀਂ ਰਾਜਨੀਤਕ ਪਛਾਣ ਦਿਤੀ। ਉਹਨਾਂ ਨੇ ਕੁੱਲੀਆਂ ਅਤੇ ਢਾਰਿਆਂ ਵਿਚ ਅਣਖ ਤੇ ਸਵੈਮਾਣ ਦੀ ਐਸੀ ਚਿਣਗ ਬਾਲੀ ਜੋ ਲੱਟ ਲੱਟ ਬਲਦੀ ਮਸਾਲ ਬਣ ਗਈ। ਬਹੁਜਨ ਸਮਾਜ ਵਿਚ ਜਿਸ ਸਮਾਜਕ ਤੇ ਰਾਜਨੀਤਕ ਚੇਤਨਾ ਦਾ ਬੀਜ਼ ਮਹਾਤਮਾ ਫੂਲੇ ਤੇ ਬਾਬਾ ਸਾਹਿਬ ਅੰਬੇਡਕਰ ਨੇ ਬੀਜਿਆ ਸੀ ਉਸਨੂੰ ਸਿੰਜ ਕੇ, ਪਾਲਕੇ ਸਾਹਿਬ ਕਾਂਸ਼ੀ ਰਾਮ ਨੇ ਮਹਾਨ ਰੁੱਖ ਬਣਾ ਦਿੱਤਾ। ਆਜ਼ਾਦੀ ਤੋਂ ਬਾਅਦ ਆਪਣੇ ਪੈਰਾਂ ਤੇ ਆਪਣੇ ਰਾਜਨੀਤਕ ਸੰਗਠਨ ਨਾਲ ਉਹਨਾਂ ਨੇ ਹਾਸ਼ੀਏ ਤੇ ਧੱਕੇ ਗਏ ਸਮਾਜ ਨੂੰ ਰਾਜ ਭਾਗ ਤਕ ਪੁਚਾਉਣ ਦਾ ਮਹਾਨ ਚਮਤਕਾਰ ਕਰ ਦਿੱਤਾ।

ਪੰਜਾਬ ਦੇ ਰੋਪੜ ਨੰਗਲ ਸੜਕ ਤੇ ਰੋਪੜ ਤੋਂ ਸਿਰਫ ਤਿੰਨ ਕਿਲੋਮੀਟਰ ਦੂਰੀ ਤੇ ਸਤਲੁਜ ਦਰਿਆ ਲੰਘ ਕੇ ਇਕ ਛੋਟਾ ਜਿਹਾ ਪਿੰਡ ਐ, ਖੁਆਸਪੁਰ। ਭਾਰਤ ਦੀ ਤੀਜੇ ਨੰਬਰ ਦੀ ਵੱਡੀ ਤੇ ਮਾਣਤਾ ਪ੍ਰਾਪਤ ਰਾਜਨੀਤਕ ਧਿਰ ਬਹੁਜਨ ਸਮਾਜ ਪਾਰਟੀ ਦੇ ਜਨਮਦਾਤਾ ਤੇ ਮੋਢੀ ਕੌਮੀ ਪ੍ਰਧਾਨ ਸਾਹਿਬ ਦਾ ਪਿਤਰੀ ਪਿੰਡ ਹੈ ਇਹੋ ਖੁਆਸਪੁਰ ਜਿਹੜਾ ਅੱਜ ਪੂਰੀ ਦੁਨੀਆਂ ਵਿਚ ਆਦਰ ਸਤਿਕਾਰ ਨਾਲ ਜਾਣਿਆਂ ਜਾਂਦਾ ਹੈ ਤੇ ਸਾਹਿਬ ਕਾਂਸ਼ੀ ਰਾਮ ਦੇ ਪੈਰੋਕਾਰਾਂ ਲਈ ਇਕ ਤੀਰਥ ਵਾਂਗ ਹੈ ਇਹ ਪਿੰਡ ਖੁਆਸਪੁਰ। ਜਿੱਥੇ ਉਹਨਾਂ ਨੇ ਆਪਣਾ ਬਚਪਨ ਗੁਜ਼ਾਰਿਆ, ਉਮੀਦਾਂ ਉਮੰਗਾਂ ਭਰਿਆ ਵਿਦਿਆਰਥੀ ਜੀਵਨ ਬਿਤਾਇਆ। ਇਥੇ ਰਹਿੰਦਿਆਂ ਹੀ ਉਹਨਾਂ ਨੇ ਸਰਕਾਰੀ ਕਾਲਜ ਰੋਪੜ ਤੋਂ ਭੌਤਿਕ ਤੇ ਰਸਾਇਣ ਵਿਸ਼ੇ ਨਾਲ ਬੀਐੱਸ ਸੀ ਦੀ ਡਿਗਰੀ ਹਾਸਿਲ ਕੀਤੀ। ਸਾਹਿਬ ਕਾਂਸ਼ੀ ਰਾਮ ਜੀ ਦੇ ਜੀਵਨ ਤੇ ਉਹਨਾਂ ਦੇ ਬਹੁਜਨ ਸਮਾਜ ਦੇ ਹਿਤਾਂ ਲਈ ਕੀਤੇ ਗਏ ਕਾਰਜਾਂ ਦੇ ਨਾਲ ਹੀ ਉਹਨਾਂ ਦੇ ਪਿੰਡ ਖੁਆਸਪੁਰ ਨੂੰ ਦੇਸ਼ ਦੁਨੀਆਂ ਵਿਚ ਜਾਣਿਆਂ ਜਾਂਦਾ ਹੈ।

ਸਾਹਿਬ ਕਾਂਸ਼ੀ ਰਾਮ ਜੀ ਦਾ ਜਨਮ ਸਿੱਖ ਗੁਰੂ ਸਾਹਿਬਾਨ ਦੁਆਰਾ ਵਰੋਸਾਏ ਨਗਰ, ਕੀਰਤ ਪੁਰ ਸਾਹਿਬ ਦੇ ਲਾਗੇ ਇਤਿਹਾਸਕ ਸਥਾਨ ਉਹਨਾਂ ਦੇ ਨਾਨਕੇ ਪਿੰਡ "ਬੁੰਗਾ ਸਾਹਿਬ" ਵਿਖੇ 15 ਮਾਰਚ 1934 ਦਿਨ ਬੁਧਵਾਰ ਸਵੇਰੇ 7-00 ਵਜੇ ਅਨੁਸੂਚਿਤ ਜਾਤੀ ਦੇ ਰਵਿਦਾਸੀਆ ਪਰਵਾਰ ਚ ਹੋਇਆ। ਉਹਨਾਂ ਦੀ ਮਾਤਾ ਦਾ ਨਾਮ ਬੀਬੀ ਬਿਸ਼ਨ ਕੌਰ ਤੇ ਪਿਤਾ ਦਾ ਨਾਮ ਸਰਦਾਰ ਹਰੀ ਸਿੰਘ ਪੁੱਤਰ ਸਰਦਾਰ ਤੇਲੂ ਸਿੰਘ ਸੀ। ਉਹਨਾਂ ਦੇ ਨਾਨਾ ਜੀ ਦਾ ਨਾਮ ਸਾਹਿਬ ਦੇਵ ਤੇ ਨਾਨੀ ਦਾ ਨਾਮ ਸੀ ਬੀਬੀ ਪ੍ਰਸਿੰਨੀ। ਜਦੋਂ ਕਾਂਸ਼ੀ ਰਾਮ ਦਾ ਜਨਮ ਹੋਇਆ ਉਸ ਸਮੇਂ ਉਸ ਇਲਾਕੇ ਵਿਚ ਕਾਂਸ਼ੀ ਰਾਮ ਨਾਮ ਦਾ ਇਕ ਬਹੁਤ ਹੀ ਚਰਚਿਤ ਤੇ ਪ੍ਰਸਿੱਧ ਵਿਅਕਤੀ ਸੀ। ਇਲਾਕੇ ਦੇ ਸੱਭ ਲੋਕ ਵਿਆਹ ਸ਼ਾਦੀ, ਘਰ ਗ੍ਰਹਿਸਥੀ ਤੇ ਹਰ ਮਾਮਲੇ ਤੇ ਉਸ ਤੋਂ ਸਲਾਹ ਮਸ਼ਵਰਾ ਲੈਕੇ ਮਾਣ ਮਹਿਸੂਸ ਕਰਦੇ ਸਨ। ਕੋਈ ਵਿਅਕਤੀ ਐਸਾ ਨਹੀਂ ਸੀ ਜਿਹੜਾ ਉਸਨੂੰ ਨਾ ਜਾਣਦਾ ਹੋਵੇ। ਬੀਬੀ ਪ੍ਰਸਿੰਨੀ ਨੇ ਪ੍ਰਸੰਨ ਹੁੰਦਿਆਂ ਆਪਣੇ ਦੋਹਤੇ ਦਾ ਨਾਮ ਇਸ ਉਮੀਦ ਨਾਲ ਉਸ ਪ੍ਰਸਿੱਧ ਵਿਅਕਤੀ ਕਰਕੇ "ਕਾਂਸ਼ੀ ਰਾਮ" ਰੱਖਿਆ ਕਿ ਉਹ ਵੀ ਵੱਡਾ ਹੋਕੇ ਚਰਚਿਤ ਹੋਵੇਗਾ ਤੇ ਖੂਬ ਵੱਡਾ ਨਾਮ ਕਮਾਵੇਗਾ। ਕੌਣ ਜਾਣਦਾ ਸੀ ਕਿ ਨਾਨੀ ਦੀ ਗੱਲ ਸੌ ਫੀਸਦੀ ਸੱਚ ਹੋ ਜਾਵੇਗੀ।

ਕਾਂਸ਼ੀ ਰਾਮ ਬਚਪਨ ਵਿਚ ਬੜੇ ਹੁੰਦੇ ਹੁੰਦੜਹੇਲ, ਸਾਹਸੀ, ਹੱਸਮੁਖ, ਮਿਲਣਸਾਰ,ਮਨਮੌਜੀ, ਜ਼ਿੱਦੀ, ਮਿਹਨਤੀ ਤੇ ਧੁਨ ਦੇ ਪੱਕੇ ਸਨ। ਉਹ ਪੜ੍ਹਾਈ ਵਿਚ ਬਹੁਤ ਹੁਸ਼ਿਆਰ ਵਿਦਿਆਰਥੀ ਵਜੋਂ ਜਾਣੇ ਜਾਂਦੇ ਸਨ। ਉਹਨਾਂ ਨੇ ਚੌਥੀ ਤਕ ਸਰਕਾਰੀ ਪ੍ਰਾਇਮਰੀ ਸਕੂਲ ਮਲਕਪੁਰ (ਖੁਆਸਪੁਰ ਤੋਂ ਦੋ ਕਿਲੋਮੀਟਰ ਦੂਰੀ) ਤੋਂ ਕੀਤੀ। ਉਹਨਾਂ ਨੇ ਸਕੂਲ ਵਿਚੋਂ ਅੱਵਲ ਨੰਬਰ ਹਾਸਲ ਕੀਤਾ ਤੇ ਉਹ ਵਜ਼ੀਫੇ ਲਈ ਚੁਣੇ ਗਏ ਜੋ ਪੂਰੀ ਤਹਿਸੀਲ ਵਿਚੋਂ ਇਕ ਬੱਚੇ ਨੂੰ ਹੀ ਮਿਲਦਾ ਸੀ। ਉਹ ਸਕੂਲ ਚੋਂ ਜੋ ਪੜ੍ਹ ਕੇ ਆਉਂਦੇ ਉਹ ਘਰ ਆਕੇ ਆਪਣੇ ਪਿਤਾ ਨੂੰ ਸੁਣਾਉਂਦੇ। ਪੰਜਵੀਂ ਜਮਾਤ ਤਕ ਉਹ ਸਰਦਾਰ ਸਨ ਭਾਵ ਉਹਨਾਂ ਦੇ ਸਿਰ ਤੇ ਕੇਸ (ਵਾਲ਼) ਰੱਖੇ ਹੋਏ ਸਨ। ਉਹ ਜ਼ਿਦ ਕਰਨ ਲੱਗੇ ਕਿ "ਜਾਂ ਤਾਂ ਮੇਰਾ ਨਾਮ ਸਰਦਾਰਾਂ ਵਾਲਾ ਰੱਖੋ ਜਾਂ ਮੇਰੇ ਕੇਸ ( ਵਾਲ਼) ਕਟਵਾਉ।" ਸਚਮੁੱਚ ਇਕ ਵਾਰ ਛੁੱਟੀਆਂ ਚ ਜਦੋਂ ਉਹ ਨਾਨਕੇ ਘਰ ਗਏ ਸਨ ਉਹਨਾਂ ਨੇ ਆਪਣੇ ਵਾਲ਼ ਕੱਟਵਾ ਦਿੱਤੇ।

ਉਹਨਾਂ ਨੇ ਪੰਜਵੀਂ ਤੋਂ ਅੱਠਵੀਂ ਤੱਕ ਇਸਲਾਮੀਆ ਸਕੂਲ ਰੋਪੜ ਅਤੇ ਨੌਂਵੀਂ ਤੇ ਦਸਵੀਂ ਜਮਾਤ ਡੀ। ਏ। ਵੀ। ਪਬਲਿਕ ਸਕੂਲ ਰੋਪੜ ਤੋਂ ਕੀਤੀ। ਬੀਐਸ ਸੀ ਦੀ ਪੜ੍ਹਾਈ ਉਹਨਾਂ ਨੇ ਸਰਕਾਰੀ ਕਾਲਜ ਰੋਪੜ ਤੋਂ ਕੀਤੀ।ਉਸ ਸਮੇਂ ਦਲਿਤ ਭਾਈਚਾਰੇ ਚੋਂ ਸਾਇੰਸ ਦੀ ਡਿਗਰੀ ਪ੍ਰਾਪਤ ਕਰਨ ਵਾਲੇ ਉਹ ਇਲਾਕੇ ਭਰ ਵਿਚ ਇਕਲੌਤੇ ਵਿਦਿਆਰਥੀ ਸਨ।

ਉਹਨਾਂ ਦੇ ਬਚਪਨ ਦੇ ਦੋਸਤਾਂ ਮੁਤਾਬਿਕ ਉਹ ਵਾਅਦੇ ਅਤੇ ਇਰਾਦੇ ਦੇ ਪੱਕੇ ਸਨ ਉਹਨਾਂ ਦਾ ਨਿਸ਼ਚਾ ਬੜਾ ਦ੍ਰਿੜ ਸੀ। ਉਹ ਆਪਣੇ ਦੋਸਤਾਂ ਨਾਲ ਸਦਾ ਘੁਲਮਿਲ ਕੇ ਰਹਿੰਦੇ ਸਨ। ਸਭ ਚੀਜ਼ਾਂ ਦੋਸਤਾਂ ਨਾਲ ਵੰਡ ਕੇ ਖਾਂਦੇ ਸਨ ਉਹ ਝੂਠ ਤੇ ਫਰੇਬ ਤੇ ਫ਼ਜ਼ੂਲ ਦੇ ਲੜਾਈ ਝਗੜੇ ਦੇ ਸਖ਼ਤ ਵਿਰੋਧੀ ਸਨ। ਪਰ ਇੱਟ ਦਾ ਜੁਆਬ ਪੱਥਰ ਨਾਲ ਦੇਣਾ ਉਹਨਾਂ ਦਾ ਸੁਭਾਅ ਸੀ। ਸਾਹਿਬ ਕਾਂਸ਼ੀ ਰਾਮ ਦੇ ਪਿਤਾ ਸਰਦਾਰ ਹਰੀ ਸਿੰਘ ਬੜੇ ਸਾਊ ਮਿਹਨਤੀ ਤੇ ਸੰਤ ਸੁਭਾਅ ਦੇ ਮਾਲਕ ਸਨ, ਉਹ ਬੜੇ ਨੇਕ ਤੇ ਇਮਾਨਦਾਰ ਵਿਅਕਤੀ ਸਨ। ਉਹ ਆਤਮ ਸਨਮਾਨ ਤੇ ਸਵੈ ਅਭਿਮਾਨ ਦੇ ਪ੍ਰਤੀਕ ਮੰਨੇ ਜਾਂਦੇ ਸਨ। ਇਹ ਸੱਭ ਗੁਣ ਸਾਹਿਬ ਕਾਂਸ਼ੀ ਰਾਮ ਨੂੰ ਆਪਣੇ ਪਿਤਾ ਤੋਂ ਵਿਰਸੇ ਵਿਚ ਪ੍ਰਾਪਤ ਹੋਏ। ਸਰਦਾਰ ਹਰੀ ਸਿੰਘ ਤੋਂ ਇਲਾਵਾ ਉਹਨਾਂ ਦੇ ਦੋ ਭਰਾ ਸਰਦਾਰ ਬਿਸ਼ਨ ਸਿੰਘ ਤੇ ਸਰਦਾਰ ਰਚਨ ਸਿੰਘ ਅਤੇ ਇਕ ਭੈਣ ਬੀਬੀ ਹਰ ਕੌਰ ਸਨ। ਇਕ ਹੋਰ ਛੋਟਾ ਭਰਾ ਬਚਨ ਸਿੰਘ ਸੀ ਜਿਸਦੀ ਬਚਪਨ ਵਿਚ ਹੀ ਮੌਤ ਹੋ ਗਈ ਸੀ।

ਸਰਦਾਰ ਹਰੀ ਸਿੰਘ ਜੀ ਦੇ ਜੇਠੇ ਪੁੱਤਰ ਕਾਂਸ਼ੀ ਰਾਮ ਤੋਂ ਇਲਾਵਾ ਉਹਨਾਂ ਦੇ ਘਰ ਚਾਰ ਧੀਆਂ ਬੀਬੀ ਹਰਬੰਸ ਕੌਰ, ਬੀਬੀ ਸਵਰਨ ਕੌਰ, ਬੀਬੀ ਗੁਰਚਰਨ ਕੌਰ , ਬੀਬੀ ਕੁਲਵੰਤ ਕੌਰ, ਦੋ ਪੁੱਤਰ ਸਰਦਾਰ ਹਰਬੰਸ ਸਿੰਘ ਤੇ ਸਰਦਾਰ ਦਲਬਾਰਾ ਸਿੰਘ ਹੋਏ।



ਸਾਹਿਬ ਕਾਂਸ਼ੀ ਰਾਮ ਦੇ ਬਚਪਨ ਤੋਂ ਜਵਾਨੀ ਤਕ ਜਿਹੜੇ ਗੂੜ੍ਹੇ ਦੋਸਤ ਰਹੇ। ਜਿਹਨਾਂ ਨਾਲ ਇਕੱਠੇ ਪੜ੍ਹ ਕੇ ਬਚਪਨ ਤੋਂ ਜਵਾਨੀ ਤਕ ਉਹ ਹੱਸੇ ਖੇਡੇ,ਦੁੱਖ ਸੁੱਖ ਤੇ ਖੁਸ਼ੀਆਂ ਸਾਂਝੀਆਂ ਕੀਤੀਆਂ ਉਹਨਾਂ ਵਿਚ ਵਰਨਣਯੋਗ ਹਨ ਨਾਮ ਹਨ ਸਰਦਾਰ ਬਲਵੰਤ ਸਿੰਘ ਸੈਣੀ, ਸਰਦਾਰ ਅਜੀਤ ਸਿੰਘ, ਸਰਦਾਰ ਊਧਮ ਸਿੰਘ ( ਅਜੀਤ ਸਿੰਘ ਦਾ ਭਰਾ ਜੋ ਬਾਅਦ ਵਿਚ ਸਰਕਾਰੀ ਪ੍ਰਾਇਮਰੀ ਸਕੂਲ ਮਲਕਪੁਰ ਦਾ ਮੁੱਖ ਅਧਿਆਪਕ ਰਿਹਾ), ਇਕ ਮੁਸਲਮਾਨ ਲੜਕਾ ਦੋ ਭਾਰਤ ਪਾਕ ਵੰਡ ਤੋਂ ਬਾਅਦ ਪਾਕਿਸਤਾਨ ਚਲਾ ਗਿਆ ਅਤੇ ਸਰਦਾਰ ਸੁੱਚਾ ਸਿੰਘ ਜੋ ਵਾਯੂ ਸੈਨਾ ਚ ਫਲਾਇੰਗ ਅਫ਼ਸਰ ਦੇ ਅਹੁਦੇ ਤੋਂ ਸੇਵਾ ਮੁਕਤ ਹੋਏ ਸਨ। ਉਹ ਦੋਸਤਾਂ ਨਾਲ ਕਬੱਡੀ, ਫੁੱਟਬਾਲ, ਤੇ ਕੁਸ਼ਤੀ ਖੇਡਿਆ ਕਰਦੇ ਸਨ। ਇਕ ਅੱਧ ਵਾਰੀ ਨੂੰ ਛੱਡ ਕੇ ਸ਼ਾਇਦ ਹੀ ਉਹਨਾਂ ਨੂੰ ਕੁਸ਼ਤੀ ਵਿਚ ਕਿਸੇ ਨੇ ਹਰਾਇਆ ਹੋਵੇ। ਉਹ ਤੈਰਾਕੀ ਦੇ ਬਹੁਤ ਸ਼ੌਕੀਨ ਸਨ। ਉਹ ਕਿਸ਼ਤੀ ਚਲਾਉਣ ਦੀ ਮੁਹਾਰਤ ਰੱਖਦੇ ਸਨ।

ਸਾਹਿਬ ਕਾਂਸ਼ੀ ਰਾਮ ਕਈ ਵਾਰ ਦੱਸਿਆ ਕਰਦੇ ਸਨ ਕਿ ਉਹਨਾਂ ਦੇ ਦੋਸਤ ਸੁੱਚਾ ਸਿੰਘ, ਜੋ 1960 ਤੋਂ 1970 ਤਕ ਭਾਰਤ ਦਾ ਨੰਬਰ ਇਕ ਸਾਈਕਲਿਸਟ ਰਿਹਾ ਹੈ ਤੇ ਜਿਸਨੇ 1960 ਚ ਸ੍ਰੀ ਲੰਕਾ ਵਿਖੇ ਭਾਰਤ ਦੀ ਪ੍ਰਤੀਨਿਧਤਾ ਕੀਤੀ ਸੀ ਉਹ (ਕਾਂਸ਼ੀ ਰਾਮ) ਅਕਸਰ ਹੀ ਉਹਨੂੰ ਹਰਾਇਆ ਕਰਦੇ ਸਨ।

ਇਕ ਵਾਰ ਉਹਨਾਂ ਨੇ ਦੱਸਿਆ ਕਿ ਕਾਲਜ ਦੀ ਪੜ੍ਹਾਈ ਦੌਰਾਨ ਰੋਪੜ ਲਾਗੇ ਬੰਬਈ ਦੀ ਕਿਸੇ ਫ਼ਿਲਮ ਕੰਪਨੀ ਵਲੋਂ ਇਕ ਫਿਲਮ ਦੀ ਸ਼ੂਟਿੰਗ ਹੋ ਰਹੀ ਸੀ ਉਸਦਾ ਹੀਰੋ ਸ਼ਾਮ ਸਿੰਘ ਨਾਮ ਦਾ ਲੜਕਾ ਸੀ ਘੋੜੇ ਤੋਂ ਡਿੱਗਣ ਸਦਕਾ ਉਸਦੀ ਮੌਤ ਹੋ ਗਈ। ਫਿਲਮ ਬਨਾਉਣ ਵਾਲੇ ਉਹਨਾਂ ਦੇ ਕਾਲਜ ਵਿਚ ਕਿਸੇ ਖੂਬਸੂਰਤ ਤੇ ਜਿਸਮਾਨੀ ਤੌਰ ਤੇ ਰਿਸ਼ਟ ਪੁਸ਼ਟ ਲੜਕੇ ਦੀ ਭਾਲ ਵਿਚ ਆਏ ਜਿਸ ਨੂੰ ਆਪਣੀ ਫਿਲਮ ਵਿਚ ਹੀਰੋ ਦਾ ਰੋਲ ਦਿਤਾ ਜਾ ਸਕੇ। ਸਾਰੇ ਕਾਲਜ ਦੇ ਵਿਦਿਆਰਥੀਆਂ ਚੋਂ ਉਹਨਾਂ ਨੇ ਕਾਂਸ਼ੀ ਰਾਮ ਨੂੰ ਚੁਣ ਲਿਆ, ਪੈਸੇ ਤੇ ਸ਼ੋਹਰਤ ਦਾ ਲਾਲਚ ਦਿਤਾ, ਪ੍ਰਿੰਸੀਪਲ ਪ੍ਰੋਫ਼ੈਸਰਾਂ ਤੇ ਹੋਰਨਾਂ ਨੇ ਵੀ ਚੰਗੇ ਭਵਿੱਖ ਲਈ ਪ੍ਰੇਰਿਤ ਕੀਤਾ ਪਰ ਉਸ ਸਮੇਂ ਉਹਨਾਂ ਨੇ ਫ਼ਿਲਮ ਵਿਚ ਕੰਮ ਕਰਨ ਤੋਂ ਇਹ ਆਖਕੇ ਇਨਕਾਰ ਕਰ ਦਿਤਾ ਕਿ ਉਹ ਅਜੇ ਪੜ੍ਹਨਾ ਚਾਹੁੰਦੇ ਹਨ।

ਉਹ ਮੁੱਢ ਤੋਂ ਹੀ ਨਿਸ਼ਚੇ ਦੇ ਪੱਕੇ ਸਨ, ਜੋ ਸੋਚ ਲਿਆ, ਸੋ ਸੋਚ ਲਿਆ। ਉਹ ਸਖ਼ਤ ਮਿਹਨਤੀ ਤੇ ਜ਼ਿੱਦੀ ਸੁਭਾਅ ਦੇ ਮਨੁੱਖ ਸਨ। ਸਤਲੁਜ ਦਰਿਆ ਦੇ ਕਿਨਾਰੇ ਆਪਣੇ ਪਿਤਾ ਜੀ ਦੇ ਖੇਤ ਵਿਚੋਂ ਸਬਜ਼ੀਆਂ ਅਤੇ ਠੇਕੇ ਤੇ ਲਏ ਅੰਬਾਂ ਦੇ ਬਾਗ ਚੋਂ ਫਲਾਂ ਦੀਆਂ15-15 ਟੋਕਰੀਆਂ ਸਾਈਕਲ ਤੇ ਲੱਦ ਕੇ ਰੋਪੜ ਮੰਡੀ ਵਿਚ ਵੇਚਣ ਲਈ ਲੈ ਜਾਂਦੇ ਸਨ। ਇਕ ਵਾਰ ਉਹਨਾਂ ਨੇ ਦੱਸਿਆ ਕਿ ਉਪਰੋਂ ਪਹਾੜਾਂ ਤੋਂ ਸਤਲੁਜ ਦਰਿਆ ਰਾਹੀਂ ਵਪਾਰੀ ਸ਼ਤੀਰੀਆਂ ਲਿਆਇਆ ਕਰਦੇ ਸਨ ਤੇ ਉਹਨਾਂ ਨੂੰ ਰੋਪੜ ਲਾਗੇ ਦਰਿਆ ਚੋਂ 25 ਪੈਸੇ ਇਕ ਸ਼ਤੀਰੀ ਦੇ ਹਿਸਾਬ ਨਾਲ ਕਢਵਾਇਆ ਕਰਦੇ ਸਨ ਉਹ ਆਪਣੇ ਹਾਣੀ ਗੱਭਰੂਆਂ ਵਿਚੋਂ ਸਾਰਿਆਂ ਤੋਂ ਵਧ ਸ਼ਤੀਰੀਆਂ ਕੱਢ ਲਿਆ ਕਰਦੇ ਸਨ। ਉਹ ਘਰ ਦੇ ਤੇ ਖੇਤੀ ਦੇ ਕੰਮਾਂ ਵਿਚ ਆਪਣੇ ਪਿਤਾ ਦੇ ਪੂਰੇ ਸਹਿਯੋਗੀ ਸਨ।

ਸਾਹਿਬ ਕਾਂਸ਼ੀ ਰਾਮ ਖਾਣ ਪੀਣ ਦੇ ਬਹੁਤ ਸ਼ੁਕੀਨ ਸਨ। ਮਾਤਾ ਬਿਸ਼ਨ ਕੌਰ ਜੀ ਹੱਸਦਿਆਂ ਹੱਸਦਿਆਂ ਦੱਸਿਆ ਕਰਦੇ ਸਨ ਕਿ "ਇਕ ਵਾਰ ਉਹ ਅੱਧੀ ਬਾਲਟੀ ਦੁੱਧ ਡੀਕ ਲਾਕੇ ਪੀ ਗਿਆ। ਇਕੇਰਾਂ ਸ਼ਰਤ ਲਾਕੇ ਸਾਰੇ ਟੱਬਰ ਲਈ ਬਣਾਈ ਖੀਰ ਖਾ ਗਿਆ। ਸ਼ੱਕਰ ਰਲਾਕੇ ਕਿਲੋ ਦੇਸੀ ਘਿਉ ਆਰਾਮ ਨਾਲ ਹੀ ਖਾ ਜਾਇਆ ਕਰਦਾ ਸੀ ਇਹ ਬੰਦਾ।"

ਕਾਂਸ਼ੀ ਰਾਮ ਬੇਸ਼ਕ ਬਹੁਤ ਹਸਮੁੱਖ ਤੇ ਮਿਲਾਪੜੇ ਸੁਭਾਅ ਦੇ ਮਾਲਕ ਸਨ ਪਰ ਉਹਨਾਂ ਨੂੰ ਝੂਠ, ਫਰੇਬ ਤੋਂ ਬਹੁਤ ਚਿੜ੍ਹ ਸੀ। ਕੋਈ ਕਿਸੇ ਦਾ ਬੇਮਤਲਵ ਅਪਮਾਨ ਕਰੇ ਜਾਂ ਕੋਈ ਕਿਸੇ ਤੇ ਅਤਿਆਚਾਰ ਕਰੇ ਉਹ ਇਸ ਨੂੰ ਬਿਲਕੁੱਲ ਸਹਿਣ ਨਹੀਂ ਕਰਦੇ ਸਨ। ਉਹਨਾਂ ਦੇ ਚਾਚਾ ਬਿਸ਼ਨ ਸਿੰਘ ਨੇ ਦੱਸਿਆ ਕਿ ਉਹ ਆਪਣੀਆਂ ਸਬਜ਼ੀਆਂ ਕਈ ਵਾਰ ਵੇਚਣ ਲਈ ਲੁਧਿਆਣਾ ਲਿਜਾਇਆ ਕਰਦੇ ਸਨ ਕਾਂਸ਼ੀ ਰਾਮ ਸਟੇਸ਼ਨ ਤੱਕ ਮਾਲ ਛੱਡਣ ਲਈ ਉਹਨਾਂ ਨਾਲ ਜਾਇਆ ਕਰਦੇ ਸਨ ਇਕ ਵਾਰ ਟਿਕਟ ਲੈਣ ਸਮੇਂ ਜਾਂ ਮਾਲ ਬੁਕਿੰਗ ਕਰਦੇ ਸਮੇਂ ਸਟੇਸ਼ਨ ਮਾਸਟਰ ਕਿਸੇ ਗਲ ਤੇ ਉਸ ਨਾਲ ਉਲਝ ਪਿਆ ਤੇ ਕਹਿਣ ਲੱਗਾ ਕਿ ਕੀ ਮੈਂ ਤੇਰਾ ਨੌਕਰ ਹਾਂ? ਸਟੇਸ਼ਨ ਮਾਸਟਰ ਦੀ ਇਸ ਗੱਲ ਤੇ ਕਾਂਸ਼ੀ ਰਾਮ ਨੂੰ ਬਹੁਤ ਗੁੱਸਾ ਆਇਆ ਤੇ ਕਹਿਣ ਲੱਗਾ "ਹੋਰ ਕੀ ਐਂ? ਤੂੰ ਨੌਕਰ ਹੀ ਤਾਂ ਹੈਂ, ਸਾਡੇ ਕਰਕੇ ਤੈਨੂੰ ਤਨਖਾਹ ਮਿਲਦੀ ਹੈ ਤਾਂ ਹੀ ਏਥੇ ਬੈਠਾ ਹੈਂ,, ਤੂੰ ਨੌਕਰ ਹੈਂ ਲੋਕਾਂ ਦੀ ਸੇਵਾ ਲਈ" ਆਖਰ ਸਟੇਸ਼ਨ ਮਾਸਟਰ ਨੇ ਮਾਫ਼ੀ ਮੰਗ ਕੇ ਹਾਰ ਮੰਨ ਲਈ।

ਏਸੇ ਤਰ੍ਹਾਂ ਇਕ ਹੋਰ ਘਟਨਾ ਦਾ ਜ਼ਿਕਰ ਕਰਦਿਆਂ ਚਾਚਾ ਬਿਸ਼ਨ ਸਿੰਘ ਨੇ ਇਕ ਇੰਟਰਵਿਊ ਦੌਰਾਨ ਦੱਸਿਆ ਕਿ "ਜਦੋਂ ਕਾਂਸ਼ੀ ਰਾਮ ਅਜੇ ਕਾਲਜ ਪੜ੍ਹਦਾ ਸੀ ਉਸ ਸਮੇਂ ਨੇੜਲੇ ਪਿੰਡ ਮੁਕੋਪੁਰ ਦੇ ਕੁੱਝ ਰਵਿਦਾਸੀਆ (ਚੁਮਾਰ) ਭਾਈਚਾਰੇ ਦੇ ਲੋਕਾਂ ਨੇ ਸਰਕਾਰੀ ਜ਼ਮੀਨ ਠੇਕੇ ਤੇ ਲੈਕੇ ਖੇਤੀ ਕਰਨੀ ਸ਼ੁਰੂ ਕਰ ਦਿਤੀ। ਪਿੰਡ ਦੇ ਧਨਾਢ ਜ਼ਿਮੀਂਦਾਰਾਂ ਨੂੰ ਇਹ ਗੱਲ ਚੰਗੀ ਨਾ ਲੱਗੀ ਉਹਨਾਂ ਨੂੰ ਲੱਗਾ ਕਿ ਜੇ ਚੁਮਾਰ ਇਉਂ ਖੇਤੀ ਕਰਨ ਲੱਗ ਪਏ ਤਾਂ ਫਿਰ ਉਹਨਾਂ ਦੇ ਖੇਤਾਂ ਚ ਕੰਮ ਕੌਣ ਕਰੇਗਾ? ਇਸ ਲਈ ਜ਼ਿਮੀਂਦਾਰਾਂ ਨੇ ਉਹਨਾਂ ਦਾ ਮਨੋਬਲ ਡੇਗਣ ਲਈ ਚਾਰ ਰਵਿਦਾਸੀਏ (ਚੁਮਾਰਾਂ) ਦਾ ਕਤਲ ਕਰ ਦਿੱਤਾ। ਇਕ ਦਿਨ ਉਹ ਜ਼ਿਮੀਂਦਾਰ ਰੋਪੜ ਵਿਚ ਕਿਸੇ ਹੋਟਲ 'ਚ ਚਾਹ ਪਾਣੀ ਪੀਂਦਿਆਂ ਹੱਸ ਹੱਸ ਕੇ ਗੱਲਾਂ ਕਰ ਰਹੇ ਸਨ ਤੇ ਦੱਸ ਰਹੇ ਸਨ ਕਿ ਉਹਨਾਂ ਨੇ ਚੁਮਾਰਾਂ ਨੂੰ ਕਿਵੇਂ ਮਾਰਿਆ, ਉਹਨਾਂ ਨੇ ਚੁਮਾਰਾਂ ਨੂੰ ਕਿਵੇਂ ਸਬਕ ਸਿਖਾਇਆ? ਸੰਜੋਗ ਵੱਸ ਕਾਂਸ਼ੀ ਰਾਮ ਵੀ ਉਥੇ ਈ ਚਾਹ ਪੀ ਰਹੇ ਸਨ। ਉਹਨਾਂ ਦੀਆਂ ਗੱਲਾਂ ਸੁਣਕੇ ਉਹਨੂੰ ਗੁੱਸਾ ਆ ਗਿਆ ਤੇ ਕੁਰਸੀ ਚੁੱਕ ਕੇ ਪੂਰੇ ਗੁੱਸੇ ਨਾਲ ਉਹਨਾਂ ਦੇ ਮਾਰੀ। ਉਹਨਾਂ ਦੇ ਮੇਜ਼ ਤੇ ਰੱਖਿਆ ਸਮਾਨ ਖਿਲਰ ਗਿਆ ਤੇ ਪਲੇਟਾਂ ਟੁੱਟ ਗਈਆਂ। ਉਹ ਕਹਿਣ ਲੱਗੇ ਕਿ ਬਾਬੂ ਜੀ ਅਸੀਂ ਤਾਂ ਆਪਣੀਆਂ ਗੱਲਾਂ ਕਰ ਰਹੇ ਹਾਂ ਆਪਨੂੰ ਤਾਂ ਅਸੀਂ ਕੁਝ ਨਹੀਂ ਕਿਹਾ। ਆਪ ਕਿਉਂ ਗੁੱਸੇ ਹੋ ਗਏ ? ਆਪ ਨੂੰ ਕਿਉਂ ਬੁਰਾ ਲੱਗਾ? ਤਾਂ ਕਾਂਸ਼ੀ ਰਾਮ ਕਹਿਣ ਲੱਗੇ ਕਿ ਰਵਿਦਾਸੀਆਂ ਨੇ ਜੇ ਸਰਕਾਰੀ ਜ਼ਮੀਨ ਚ ਖੇਤੀ ਕਰ ਲਈ ਤਾਂ ਕੀ ਹੋਇਆ?



ਲਾਲ ਸਿੰਘ ਸੁਲਹਾਣੀ
91-98721-55120

ਇਕ ਤਾਂ ਤੁਸੀਂ ਉਹਨਾਂ ਨੂੰ ਮਾਰ ਦਿੱਤਾ ਤੇ ਦੂਜਾ ਤੁਸੀਂ ਉਹਨਾਂ ਦਾ ਮਜ਼ਾਕ ਉਡਾ ਰਹੇ ਓ। ਜ਼ਿਮੀਂਦਾਰਾਂ ਨੇ ਉਹਨਾਂ ਦੀ ਡੀਲ ਡੌਲ ਤੇ ਰੰਗ ਰੂਪ ਦੇਖ ਕੇ ਸੋਚਿਆ ਕਿ ਇਹ ਕੋਈ ਬਾਣੀਆਂ ਦਾ ਲੜਕਾ ਹੈ ਉਹਨਾਂ ਨੇ ਉਸ ਨਾਲ ਉਲਝਣਾਂ ਮੁਨਾਸਿਬ ਨਾ ਸਮਝਿਆ ਉਹ ਡਰ ਕੇ ਉਥੋਂ ਚਲੇ ਗਏ।"

ਕਾਲਜ ਚ ਪੜ੍ਹਦਿਆਂ ਹੀ ਕਾਂਸ਼ੀ ਰਾਮ ਦੀ ਮੰਗਣੀ ਬਲਾਚੌਰ ਦੇ ਤਤਕਾਲੀ ਵਿਧਾਇਕ ਸਰਦਾਰ ਮੂਲਾ ਸਿੰਘ ਦੀ ਧੀ ਬੀਬੀ ਜੋਗਿੰਦਰ ਕੌਰ ਨਾਲ ਹੋ ਗਈ ਸੀ।

ਕਾਲਜ ਦੀ ਪੜ੍ਹਾਈ ਪੂਰੀ ਕਰਨ ਉਪਰੰਤ 1956 ਚ ਉਚੇਰੀ ਸਿੱਖਿਆ ਲਈ ਕਾਂਸ਼ੀ ਰਾਮ ਜੀ ਨੇ ਡੇਹਰਾਦੂਨ ਦੇ ਸਟਾਫ ਕਾਲਜ 'ਚ ਦਾਖਲਾ ਲੈ ਲਿਆ। ਜਿੱਥੇ 'ਸੰਘ ਲੋਕ ਸੇਵਾ ਆਯੋਗ' (ਨਿੰਨ ਪੁਬਲਿਚ ਸੲਰਵਿਚੲ ਚੋਮਮਿਸਸਿੋਨ) ਦੀ ਤਿਆਰੀ ਕਰਦਿਆਂ ਉਹਨਾਂ ਨੇ ਕੁਝ ਸਮਾਂ ਡੇਹਰਾਦੂਨ ਵਿਚ ਭਾਰਤੀ ਭੂ ਵਿਗਿਆਨ ਵਿਭਾਗ ਵਿਚ ਵੀ ਨੌਕਰੀ ਕੀਤੀ। ਇਸ ਸਾਲ ਛੇ ਦਸੰਬਰ ਨੂੰ ਬਾਬਾ ਸਾਹਿਬ ਅੰਬੇਡਕਰ ਦਾ ਪ੍ਰੀਨਿਰਵਾਣ ਹੋ ਗਿਆ। ਕਾਂਸ਼ੀ ਰਾਮ ਜੀ ਦਾ ਇਕ ਸਹਿਯੋਗੀ ਮਿੱਤਰ 'ਸ੍ਰੀ ਗੈਨੀ' ਇਸ ਸਦਮੇ ਸਦਕਾ ਤਿੰਨ ਦਿਨ ਗਹਿਰੇ ਸੋਗ 'ਚ ਡੁੱਬਿਆ ਰਿਹਾ। ਇਸ ਘਟਨਾ ਸਦਕਾ ਕਾਂਸ਼ੀ ਰਾਮ ਜੀ ਨੂੰ ਪਹਿਲੀ ਵਾਰ ਬਾਬਾ ਸਾਹਿਬ ਬਾਰੇ ਜਾਨਣ ਦਾ ਮੌਕਾ ਮਿਲਿਆ। ਭਾਵੇਂ ਉਹਨਾਂ ਨੇ ਬਾਬਾ ਸਾਹਿਬ ਦਾ ਨਾਮ ਪਹਿਲਾਂ ਸੁਣਿਆਂ ਸੀ ਪਰ ਉਹਨਾਂ ਦੇ ਵਿਅਕਤੀਤਵ ਬਾਰੇ ਉਹ 22 ਸਾਲ ਦੀ ਉਮਰ ਵਿਚ ਜਾਣੂ ਹੋਏ।

ਡੇਹਰਾਦੂਨ ਚ ਆਪਣੇ ਦੋ ਸਾਲਾਂ ਦੇ ਸਿੱਖਿਆ ਸਮੇਂ ਦੌਰਾਨ ਕਾਂਸ਼ੀ ਰਾਮ ਜੀ ਕਿਸੇ ਚੰਗੀ ਨੌਕਰੀ ਲਈ ਯਤਨ ਕਰਦੇ ਰਹੇ। ਉਹਨਾਂ ਨੇ ਬੰਬਈ ਅਤੇ ਪੂਨਾ 'ਚ ਨੌਕਰੀ ਲਈ ਬਿਨੈ ਪੱਤਰ ਭੇਜੇ ਹੋਏ ਸਨ। 1958 ਚ ਉਹ ਇਕੋ ਸਮੇਂ ਦੋਨਾਂ ਥਾਵਾਂ ਤੋਂ ਚੁਣ ਲਏ ਗਏ ਪਰ ਮਹਾਂਰਾਸ਼ਟਰ ਦੇ ਪੂਨਾ ਸ਼ਹਿਰ ਸਥਿਤ "ਸੈਂਟਰਲ ਇੰਸਟੀਚਿਊਟ ਆਫ ਮਿਲਟਰੀ ਐਕਸਪਲੋਸਿਵ" ਤੋਂ ਪਹਿਲਾਂ ਨਿਯੁਕਤੀ ਪੱਤਰ ਆ ਗਿਆ। ਭਾਵੇਂ ਉਹਨਾਂ ਦੀ ਖਾਹਸ਼ ਬੰਬਈ ਨੌਕਰੀ ਕਰਨ ਦੀ ਸੀ ਤਾਂਕਿ ਉਹ ਫਿਲਮਾਂ ਵਿਚ ਵੀ ਹੱਥ ਅਜ਼ਮਾ ਸਕਣ।

ਪਰ ਪੂਨਾ ਤੋਂ ਯਾਦ ਪੱਤਰ ਆ ਜਾਣ ਕਰਕੇ ਸੰਸ਼ੋਧਨ ਅਧਿਕਾਰੀ (ੲਸੲਅਰਚਹ ਾਾਚਿੲਰ) ਦੇ ਅਹੁਦੇ ਲਈ ਉਹ ਪੂਨਾ ਚਲੇ ਗਏ। ਜਿਹੜਾ ਪੂਨਾ 24 ਸਤੰਬਰ 1932 ਵਿਚ ਕਾਂਸ਼ੀ ਰਾਮ ਦੇ ਜਨਮ ਤੋਂ ਕੇਵਲ ਡੇਢ ਵਰ੍ਹਾ ਪਹਿਲਾਂ ਗਾਂਧੀ ਅੰਬੇਡਕਰ ਸਮਝੌਤੇ (ਪੂਨਾ ਪੈਕਟ) ਦੀ ਸ਼ਾਹਦੀ ਭਰਦਾ ਸੀ, ਜਿਸ ਪੂਨੇ ਵਿਚ ਦਲਿਤਾਂ ਸੋਸ਼ਿਤਾਂ ਦੇ ਮਸੀਹਾ ਬਾਬਾ ਸਾਹਿਬ ਅੰਬੇਡਕਰ ਨਾਲ ਮਕਾਰ ਮੋਹਨ ਦਾਸ ਕਰਮਚੰਦ ਗਾਂਧੀ ਵਲੋਂ ਛ਼ਲ ਕੀਤਾ ਗਿਆ ਸੀ ਉਹ ਹੀ ਪੂਨਾ ਜਿੱਥੇ ਭਾਰਤ ਦੇ ਕਰੋੜਾਂ ਅਛੂਤਾਂ ਦੇ ਰਾਜ ਭਾਗ ਵਿਚ ਉਚਿੱਤ ਨੁਮਾਇੰਦੇ ਅਤੇ ਸਨਮਾਨ ਦੀ ਜ਼ਿੰਦਗੀ ਜਿਉਣ ਦੇ ਅਵਸਰ ਖੋਹੇ ਗਏ ਸਨ ਤੇ ਕੁਝ ਕੁ ਸਹੂਲਤਾਂ ਤੇ ਹੀ ਸਬਰ ਕਰਨਾ ਪਿਆ।

ਜਿੱਥੇ ਬਾਬਾ ਸਾਹਿਬ ਨੂੰ ਭਰੇ ਮਨ ਨਾਲ ਕਹਿਣਾ ਪਿਆ ਸੀ ਕਿ ਮੇਰੇ ਵਲੋਂ ਬਰਤਾਨਵੀ ਹਕੂਮਤ ਪਾਸੋਂ ਪ੍ਰਾਪਤ ਕੀਤੇ ਫਲ ਦਾ ਜੂਸ ਗਾਂਧੀ ਤੇ ਉਹਦਾ ਸਮਾਜ ਪੀ ਗਿਆ ਹੈ ਤੇ ਉਸਦਾ ਛਿੱਲੜ ਮੇਰੇ ਮੂੰਹ ਤੇ ਵਗਾਹ ਮਾਰਿਆ ਹੈ। ਉਸੇ ਪੂਨਾ ਸ਼ਹਿਰ ਚ ਕਾਂਸ਼ੀ ਰਾਮ ਇਕ ਸਾਇੰਸਦਾਨ ਦੀ ਨੌਕਰੀ ਲਈ ਪਧਾਰੇ। ਮਾਨੋ ਜਿਵੇਂ ਕਹਿ ਰਹੇ ਹੋਣ" ਬਾਬਾ ਸਾਹਿਬ ਮੈਂ ਆ ਗਿਆ ਹਾਂ ਤੇਰੇ ਹੋਏ ਅਪਮਾਨ ਦਾ ਬਦਲਾ ਲੈਣ।" ਲੱਗਦਾ ਹੈ ਸ਼ਾਇਦ ਕੁਦਰਤ ਨੇ ਉਹਨਾਂ ਨੂੰ ਇਸ ਮਹੱਤਵ ਪੂਰਨ ਕਾਰਜ ਦੀ ਪੂਰਤੀ ਲਈ ਹੀ ਏਥੇ ਭੇਜਿਆ ਸੀ। 1958 ਈਸਵੀ ਤੋਂ ਲੈਕੇ 1963 ਈਸਵੀ ਤਕ ਪੰਜ ਸਾਲਾਂ ਚ ਉਹ ਇਕ ਵਾਰ ਹੀ ਆਪਣੇ ਪਿਤਰੀ ਪਿੰਡ ਖੁਆਸਪੁਰ ਆਏ। ਉਹ ਸਾਰੇ ਪਰਵਾਰ ਲਈ ਤੋਹਫ਼ੇ ਲੈਕੇ ਆਏ ਸਨ। ਉਹ 15-20 ਦਿਨ ਘਰ ਰਹੇ, ਸੱਭ ਰਿਸ਼ਤੇਦਾਰਾਂ, ਮਿਤਰਾਂ ਦੋਸਤਾਂ ਨੂੰ ਮਿਲਦੇ ਰਹੇ ਪਰ ਉਹਨਾਂ ਦਾ ਮਨ ਕਾਫੀ ਉਚਾਟ ਰਹਿੰਦਾ ਸੀ , ਉਹ ਲਗਾਤਾਰ ਕਿਸੇ ਡੂੰਘੀ ਸੋਚ ਵਿਚ ਡੁੱਬੇ ਰਹਿੰਦੇ ਸਨ , ਫਿਰ ਉਹ ਵਾਪਸ ਪੂਨੇ ਚਲੇ ਗਏ। ਫ਼ੇਰ ਮੁੜ ਕੇ ਘਰ ਨਹੀਂ ਆਏ, ਉਸ ਤੋਂ ਬਾਅਦ ਤਾਂ ਉਹਨਾਂ ਨੇ ਆਪਣੇ ਪੁਰਖਿਆਂ ਦੀ ਭੂਮੀ ਨੂੰ ਤਿਆਗ ਹੀ ਦਿੱਤਾ। 1964-65 ਚ ਉਹਨਾਂ ਦੇ ਜੀਵਨ ਚ ਵਾਪਰੀ ਇਕ ਘਟਨਾ ਸਦਕਾ ਆਈ ਇਨਕਲਾਬੀ ਤਬਦੀਲੀ ਨੇ ਉਹਨਾਂ ਨੂੰ ਨੌਕਰੀ, ਸਭ ਸੁੱਖ ਤੇ ਘਰ ਬਾਰ ਛੱਡ ਕੇ ਬਿਖੜੇ ਰਾਹਾਂ ਦਾ ਪਾਂਧੀ ਬਣਾ ਕੇ ਆਪਣੇ ਰਹਿਬਰਾਂ ਦੇ ਸੁਪਨੇ ਸਾਕਾਰ ਕਰਨ ਦਾ ਮਹਾਨ ਕਾਰਜ ਸੌਂਪ ਦਿੱਤਾ।


HAPPY BAZAAR
HAPPY BAZAAR
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL US
Ph: (209) 478-0285
Fax: (209) 477-3206
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com


Kash
FABRICS
ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook.
Follow us on Twitter
rajasweetsandcatering
rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ
ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE
LARGEST
COLLECTION
FOR INDIAN
FIJIAN & PAKISTANI
GROCERY
MUSIC, FABRIC
ARTIFICIAL
JEWELRY, SWEETS,
FRESH VEGETABLES
& MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੈਂਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**
**WASH, LUBE, BRAKES**

Call:
650-642-0697

**3525 Highway 99, West Corning, CA 96021**
Across the Street from TA Truck Stop



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

**50% OFF WARRANTY**
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

**20% OFF LABOUR**
on your next qualifying service

Car Care You Can Trust